### ਅਧਿਆਇ 5

# ਮਸੀਹੀ ਚਾਲ

## (ਭਾਗ 1)

ਅਧਿਆਇ 5 ਦਾ ਆਰੰਭ ਆਇਤ 1 ਵਿਚ ਹਾਜਰਾ ਅਤੇ ਸਾਰਾਹ ਦੇ ਦ੍ਰਿਸ਼ਟਾਂਤ ਦੀ ਸੰਖੇਪ ਪ੍ਰਾਸੰਗਿਕਤਾ ਨਾਲ ਹੁੰਦਾ ਹੈ। ਇਸ ਪ੍ਰਾਸੰਗਿਕਤਾ ਦੇ ਬਾਅਦ ਇਕ ਨਵਾਂ ਭਾਗ, 5:2–6:10, ਮਸੀਹੀ ਚਲਣ ਦਾ ਵੇਰਵਾ ਦਿੰਦਾ ਹੈ। ਇਹ ਮਸੀਹ ਵਿਚ ਅਜ਼ਾਦੀ (5:2–15) ਅਤੇ ਆਤਮਾ ਦੁਆਰਾ ਚੱਲਣ (5:16–26) ਦਾ ਅਰਥ ਦੱਸਦਾ ਹੈ। 5:19–26 ਵਿਚ ''ਸਰੀਰ ਦੇ ਕੰਮਾਂ'' ਨੂੰ ''ਆਤਮਾ ਦਾ ਫਲ'' ਨਾਲੋਂ ਅੱਡ ਕੀਤਾ ਗਿਆ ਹੈ।

### ਹਾਜਰਾ ਅਤੇ ਸਾਰਾਹ ਦੇ ਦ੍ਰਿਸ਼ਟਾਂਤ ਦੀ ਪ੍ਰਾਸੰਗਿਕਤਾ (5:1)

**1ਅਜ਼ਾਦੀ ਲਈ ਮਸੀਹ ਨੇ ਸਾਨੂੰ ਅਜ਼ਾਦ ਕੀਤਾ, ਇਸ ਲਈ ਦ੍ਰਿੜ੍ਹ ਰਹੋ ਅਤੇ ਗੁਲਾਮੀ ਦੇ ਜੂਲੇ ਹੇਠਾਂ ਮੁੜ ਕੇ ਨਾ ਜੁੱਪੋ।**

**ਆਇਤ 1.** ਬਹੁਤ ਸੰਭਾਵਨਾ ਹੈ ਕਿ ਇਹ ਆਇਤ ਅਧਿਆਇ 4 ਨਾਲ ਸਬੰਧਿਤ ਹੈ। ਕੁਝ ਅੰਗ੍ਰੇਜ਼ੀ ਦੇ ਸੰਸਕਰਣਾ (NEB; REB; NRSV) ਅਤੇ ਮਾਨਕ ਯੂਨਾਨੀ ਨਵੇਂ ਨੇਮ ਦੇ ਕੁਝ ਸਸੰਕਰਣਾਂ ਵਿਚ 4:31 ਦੇ ਬਾਅਦ ਅਤੇ 5:2 ਦੇ ਨਾਲ ਨਵਾਂ ਪੈਰ੍ਹਾ ਸ਼ੁਰੂ ਕਰਕੇ ਆਇਤ ਨੂੰ ਜੋੜਦਿਆਂ ਇਸ ਵਿਚਾਰ ਦਾ ਸਮਰਥਨ ਕੀਤਾ ਗਿਆ ਹੈ।

ਮੁੱਢਲੀ ਯੂਨਾਨੀ ਹੱਥਲਿਖਤਾਂ ਵਿਚ ਆਮ ਤੌਰ ਤੇ ਪੈਰਿਆਂ, ਵਾਕਾ ਨੂੰ ਤੋੜਨ ਅਤੇ ਵਿਰਾਮ ਚਿੰਨਾਂ ਦੀ ਵਰਤੋਂ ਬਾਰ ਬਾਰ ਨਹੀਂ ਕੀਤੀ। ਇਸ ਦੀ ਥਾਂ ਮੂਲ ਲਿਖਤ ਬਿਨਾਂ ਰੁਕੇ ਇਕ ਤੋਂ ਦੂਜੀ ਕਤਾਰ ਵਿਚ ਵੱਡੇ ਅੱਖਰਾਂ ਨਾਲ ਅੱਗੇ ਵੱਧਦੀ ਰਹੀ ਸੀ। ਕਿਸੇ ਸ਼ਬਦ ਨੂੰ ਬਿਨਾਂ ਹਾਇਫ਼ਨ ਦੇ ਜਿਹੜਾ ਆਮ ਤੌਰ ਤੇ ਸਤਰ ਦੇ ਅਖ਼ੀਰ ਵਿਚ ਜੋ ਤੋੜ ਦਿੱਤਾ ਜਾਂਦਾ, ਅਗਲੀ ਸਤਰ ਨਾਲ ਸਤਰ ਦੇ ਸ਼ੁਰੂ ਹੋਣ ਤਕ ਚਲਦਾ ਰਹਿੰਦਾ ਸੀ। ਪਹਿਰੇ ਦੀ ਵੰਡ ਅਤੇ ਵਾਕ ਦੀ ਸਮਾਪਤੀ ਆਧੁਨਿਕ ਸੰਪਾਦਕਾਂ ਅਤੇ ਅਨੁਵਾਦਕਾਂ ਦੀ ਸਮਝ ਉੱਤੇ ਛੱਡ ਦਿੱਤੀ ਜਾਂਦੀ ਹੈ।

ਆਇਤ 1 ਅਧਿਆਇ 4 ਦੇ ਪਿਛਲੇ ਪਹਿਰੇ ਦਾ ਨਾ ਸਿਰਫ਼ ਤਰਕਸੰਗਤ ਅਰਥ ਲਗਦਾ ਹੈ ਬਲਕਿ ਵਿਆਕਰਣ ਵੀ ਇਹੀ ਸੰਕੇਤ ਦਿੰਦੀ ਹੈ ਕਿ ਪੌਲੁਸ ਦੇ ਦ੍ਰਿਸ਼ਟਾਂਤ ਦਾ ਇਹੀ ਸਾਰ ਹੈ। 4:31 ਵਿਚ ਯੂਨਾਨੀ ਸ਼ਬਦ (*dio*, ਡਿਓ) ਦਾ ਅਨੁਵਾਦ ''ਇਸ ਲਈ'' ਜਾਂ ''ਤਾਂ ਫਿਰ'' (NIV) ਕੀਤਾ ਗਿਆ ਹੈ। ਰਸੂਲ ਨੇ ਅੱਗੇ ਆਖਿਆ **ਅਜ਼ਾਦੀ ਲਈ ਮਸੀਹ ਨੇ ਸਾਨੂੰ ਅਜ਼ਾਦ ਕੀਤਾ।** ਯੂਨਾਨੀ ਵਿਚ ਸ਼ਬਦਾਂ ਦੀ ਤਰਤੀਬ ਵਿਚ ''ਅਜ਼ਾਦੀ'' (*eleutheria*, ਇਲੁਥੇਰੀਆ) ਸ਼ਬਦ ਉੱਤੇ ਖ਼ਾਸ ਜੋਰ ਦਿੱਤਾ ਗਿਆ ਹੈ। ਮੂਲ ਲਿਖਤ ਵਿਚ ਯੂਨਾਨੀ ਸ਼ਬਦ *eleutheria* ਸੰਪਰਦਾਨ ਕਾਰਕ ਵਿਚ ਹੈ। ਜਿਸ ਨੂੰ ਅਸੀਂ ਵਾਇਦੇ ਨੂੰ ਜਤਾਉਣ ਲਈ ਲੈਂਦੇ ਹਾਂ। ''*ਅਜ਼ਾਦੀ ਲਈ* ਮਸੀਹ ਨੇ ਸਾਨੂੰ ਅਜ਼ਾਦ ਕੀਤਾ!''

ਪ੍ਰਾਚੀਨ ਜਗਤ ਵਿਚ ਅਜ਼ਾਦੀ ਇਕ ਅਜਿਹੀ ਧਾਰਣਾ ਸੀ ਜਿਸ ਤੋਂ ਯੂਨਾਨੀ ਲੋਕ ਉੱਤੇਜਿਤ ਅਤੇ ਉਤਸਾਹਿਤ ਹੁੰਦੇ ਸਨ। ਉਹ ਆਪਣੀ ਅਜ਼ਾਦੀ ਲਈ ਲੜਨ ਨੂੰ ਝੱਟ ਤਿਆਰ ਹੋ ਜਾਂਦੇ ਸਨ।

ਭਾਵ ਉਹ ਗੁਲਾਮੀ ਸਹਿਣ ਦੀ ਬਜਾਏ ਮਰਨ ਲਈ ਤਿਆਰ ਹੋ ਜਾਂਦੇ ਸਨ। ਦੱਖਣੀ ਗਲਾਤੀਆ ਦੇ ਨਗਰ ਪੂਰੀ ਤਰ੍ਹਾਂ ਨਾਲ ਯੂਨਾਨੀਵਾਦੀ ਸਨ ਭਾਵ ਉਹ ਉਸ ਸਮੇਂ ਦੀ ਯੂਨਾਨੀ ਭਾਸ਼ਾ ਅਤੇ ਸੱਭਿਅਤਾ ਵਿਚ ਰਚੇ ਬਸੇ ਸਨ। ਗਲਾਤੀਆ ਵਾਸੀ ਹੀ ਯੂਨਾਨੀ ਬੋਲਣ ਵਾਲੇ ਨਹੀਂ ਸਨ ਬਲਕਿ ਪੌਲੁਸ ਦਾ ਪਾਲਣ ਪੋਸ਼ਣ ਵੀ ਕਿਲੀਕਿਆ ਦੇ ਨੇੜਲੇ ਵਿਸ਼ਵਵਿਦਿਆਲਾ ਨਗਰ ਤਰਸੁਸ ਵਿਚ ਹੋਇਆ ਸੀ। ਉਹ ਉਨ੍ਹਾਂ ਦੇ ਸਾਹਿਤ ਅਤੇ ਸੋਚ ਤੋਂ ਚੰਗੀ ਤਰ੍ਹਾਂ ਜਾਣੂ ਸੀ ਜਿਹੜੇ ਸਿਕੰਦਰ ਮਹਾਨ ਦੇ ਸਮੇਂ ਤੋਂ, ਸ਼ਕਤੀਸ਼ਾਲੀ, ਊਰਜਾਵਾਨ ਯੂਨਾਨੀਆਂ ਦੇ ਪ੍ਰਭਾਵ ਵਿਚ ਆ ਗਏ ਸਨ।

ਪਰ ਪੌਲੁਸ ਯੂਨਾਨੀ ਪ੍ਰਭਾਵ ਤੋਂ ਕਿਤੇ ਵੱਡੇ ਸੰਸਾਰ ਨੂੰ ਬਦਲਣ ਵਾਲੀ ਸ਼ਕਤੀ ਦੀ ਗੱਲ ਕਰ ਰਿਹਾ ਸੀ। ਉਹ ਪਾਪ ਦੇ ਦੋਸ਼ ਅਤੇ ਸ਼ਕਤੀ ਦੇ ਬੋਝ ਨਾਲ ਮਨ ਅਤੇ ਦਿਲ ਦੀ ਅਜ਼ਾਦੀ ਦੀ ਗੱਲ ਕਰ ਰਿਹਾ ਸੀ। ਰਸੂਲ ਨੇ ਉਸ ਅਜ਼ਾਦੀ ਦੀ ਗੱਲ ਦੱਸੀ ਜਿਹੜੀ ਸਿਰਫ਼ ਉਨ੍ਹਾਂ ਨੂੰ ਹੀ ਪਤਾ ਸੀ ਜਿੰਨਾਂ ਦੀਆਂ ਜ਼ਿੰਦਗੀਆਂ ਵਿਚ ਆਤਮਾ ਦੇ ਵਾਸ ਨਾਲ ਸਮਰੱਥਾ ਮਿਲੀ ਸੀ। ਇਸ ਅਜ਼ਾਦੀ ਨੇ ਸੰਸਾਰ ਨੂੰ ਜਿੱਤਣ (ਸਿਕੰਦਰ ਵਾਂਗ) ਦਾ ਨਹੀਂ ਬਲਕਿ ਆਪਣੇ ਆਪ ਨੂੰ ਜਿੱਤਣ ਦਾ ਦਰਸ਼ਣ ਦਿੱਤਾ ਸੀ। ਪੌਲੁਸ ਨੇ ਪੱਕੇ ਯਕੀਨ ਵਾਲੇ ਜੀਵਨ ਭਾਵ ਸੰਸਾਰ ਨੂੰ ਪਾਰ ਪਾਉਣ ਵਾਲੀ ਨਿਹਚਾ ਅਤੇ ਆਸ ਲਈ ਨਵਾਂ ਜਨਮ ਪਾਉਣ ਦੀ ਗੱਲ ਕੀਤੀ ਸੀ। ਇਸ ਅਜ਼ਾਦੀ ਨੂੰ ਪਾ ਲੈਣ ਵਾਲਾ ਵਿਅਕਤੀ ਨਿਹਚਾ ਦੇ ਰਾਹੀਂ ਜਲਾਲੀ ਪਰ ਅਜੇ ਅਦਿੱਖ ਸੁਰਗੀ ਸੰਸਾਰ ਵਿਚ ਪ੍ਰਵੇਸ਼ ਪਾ ਲੈਂਦਾ ਹੈ।

''ਅਜ਼ਾਦੀ ਲਈ!'' ਇਸ ਨਾਲੋਂ ਵਧਕੇ ਪ੍ਰਾਪਤੀ ਅਤੇ ਲਾਭ ਹੋਰ ਕੀ ਹੋ ਸਕਦਾ ਹੈ। ਮਸੀਹ ਨੇ ਸਾਨੂੰ ਪਰਮੇਸ਼ੁਰ ਦੀ ਸੰਤਾਨ ਹੋਣ ਦਾ ਲਾਭ ਦਿੱਤਾ ਹੈ। ਜਿਸ ਦੀ ਅਕਲ ਟਿਕਾਣੇ ਹੋਵੇ ਉਸ ਦੇ ਸਾਹਮਣੇ ਪਸੰਦ ਰੱਖੇ ਜਾਣ ਤੇ ਉਹ ਪਰਮੇਸ਼ੁਰ ਦੇ ਪੁੱਤਰਾਂ ਦੀ ਜਲਾਲੀ ਅਜ਼ਾਦੀ ਨੂੰ ਛੱਡ ਕੇ ਗੁਲਾਮੀ ਵਾਲੀ ਬੇਕਾਰ ਜ਼ਿੰਦਗੀ ਨੂੰ ਭਲਾ ਕਿਉਂ ਚੁਣੇਗਾ?

ਪੌਲੁਸ ਨੇ ਇਹ ਆਖਦਿਆਂ ਆਪਣੀ ਪ੍ਰਾਸੰਗਿਕਤਾ ਨੂੰ ਪੂਰਾ ਕੀਤਾ: **ਇਸ ਲਈ ਦ੍ਰਿੜ੍ਹ ਰਹੋ ਅਤੇ ਗੁਲਾਮੀ ਦੇ ਜੂਲੇ ਹੇਠਾਂ ਮੁੜ ਕੇ ਨਾ ਜੁੱਪੋ।** ''ਗੁਲਾਮੀ ਦਾ ਜੂਲਾ'' ਸ਼ਰ੍ਹਾ ਸੀ। ਪ੍ਰਤੀਕ ਰੂਪ ਵਿਚ ਕਹੀਏ ਤਾਂ ਹਾਜਰਾ ਆਪਣੇ ਬੱਚਿਆਂ ਭਾਵ ਮੌਜੂਦਾ ਯਰੂਸ਼ਲਮ ਦੇ ਨਾਲ ਗੁਲਾਮੀ ਵਿਚ ਸੀ। ਰਸੂਲ ''ਯਰੂਸ਼ਲਮ ਜੋ ਉਤਾਹਾਂ ਹੈ'' ਦੇ ਉਲਟ ਸਰੀਰ ਦੇ ਅਨੁਸਾਰ ਅਬਰਾਹਾਮ ਦੀ ਸੰਤਾਨ ਭਾਵ ਇਸਰਾਏਲੀਆਂ ਨੂੰ ਦਰਸਾਉਣ ਲਈ ਸੰਸਾਰਕ ਯਰੂਸ਼ਲਮ ਦੀ ਵਰਤੋਂ ਕਰ ਰਿਹਾ ਸੀ (4:24–26)। ਉਸ ਦਾ ਪ੍ਰਭਾਵਸ਼ਾਲੀ ਸੰਦੇਸ਼ ਸੀ ''ਅਜ਼ਾਦ ਹੋ ਜਾਓ!'' ਭਾਵ ''ਅਜ਼ਾਦ ਰਹੋ!''

ਸ਼ਰ੍ਹਾ ਦਾ ''ਜੂਲਾ'' ਸੀਨਾ ਪਹਾੜ ਉੱਤੇ ਇਸਰਾਏਲੀਆਂ ਉੱਤੇ ਮੂਸਾ ਵੱਲੋਂ ਰੱਖਿਆ ਗਿਆ ਸੀ। ਗੈਰਕੌਮਾਂ ਦੇ ਸਬੰਧ ਵਿਚ ਜਿਹੜੇ ਮਸੀਹ ਵਿਚ ਨਿਹਚਾ ਕਰ ਰਹੇ ਸਨ, ਸ਼ਰ੍ਹਾ ਝਗੜੇ ਦਾ ਕਾਰਣ ਸੀ। ਗੈਰਕੌਮਾਂ ਵੱਲੋਂ ਇਸ ਨੂੰ ਮੰਨੇ ਜਾਣ ਦੀ ਲੋੜ ਦੀ ਬਹਿਸ ਦੇ ਕਾਰਣ ਯਰੂਸ਼ਲਮ ਵਿਚ ਰਸੂਲਾਂ ਅਤੇ ਐਲਡਰਾਂ ਦੀ ਸਭਾ ਬੁਲਾਈ ਗਈ ਸੀ। ਪਤਰਸ ਦੇ ਸ਼ਬਦਾਂ ਵਿਚ ਇਹ ਇਕ ਅਜਿਹਾ ''ਜੂਲਾ'' ਸੀ ''ਜਿਹ ਨੂੰ ਨਾ ਸਾਡੇ ਪਿਉ ਦਾਦੇ, ਨਾ ਅਸੀਂ ਚੁੱਕ ਸਕੇ'' (ਰਸੂਲਾਂ ਦੇ ਕਰਤੱਬ 15:10)। ਆਇਤ 1 ਅਤੇ ਰਸੂਲਾਂ ਦੇ ਕਰਤੱਬ 15:10 ਵਿਚ ''ਜੂਲਾ'' ਸ਼ਬਦ ਉਪਮਾ ਵਜੋਂ ਵਰਤਿਆ ਗਿਆ ਹੈ। ਇਹ ਵਰਤੋਂ ਪੁਰਾਣੇ ਨੇਮ ਵਿਚ ਅਤੇ ਬਾਅਦ ਵਿਚ ਯਹੂਦੀ ਮਤ ਵਿਚ ਵੀ ਮਿਲਦੀ ਹੈ।

''ਜੂਲਾ'' ਲਈ ਯੂਨਾਨੀ ਸ਼ਬਦ *zugos* (ਜ਼ੁਗੋਸ) ਫੱਟੇ ਜਾਂ ਤਖ਼ਤੇ ਦੀ ਮੂਲ ਧਾਰਣਾ ਹੈ। ਪਹਿਲਾਂ LXX (ਸਪਤਤੀ ਅਨੁਵਾਦ) ਵਿਚ ਆਮ ਤੌਰ ਤੇ ਭਾਰ ਚੁੱਕਣ ਵਾਲੇ ਜਾਨਵਰਾਂ ਦੇ ਜੂਲੇ (ਬਲਦ ਦਾ ਜੂਲਾ) ਦਾ ਸੰਕੇਤ ਦਿੰਦਾ ਹੈ। ਇਹ ਤੱਕੜੀ ਦਾ ਵੀ ਸੰਕੇਤ ਦਿੰਦਾ ਹੈ ਜਿਸ ਵਿਚ ਕੀਮਤ ਤੈਅ ਕਰਨ ਲਈ ਚੀਜ਼ਾਂ ਤੋਲੀਆਂ ਜਾਂਦੀਆਂ ਸਨ (ਲੇਵੀਆਂ 19:36; ਦਾਨੀਏਲ 5:27)।

ਆਪਣੇ ਪ੍ਰਤੀਰੂਪੀ ਅਰਥ ਵਿਚ *zugos* (ਜ਼ੁਗੋਸ) ਅਧਿਕਾਰੀ ਦੇ ਸਾਹਮਣੇ ਗੁਲਾਮੀ ਜਾਂ ਜ਼ਬਰਦਸਤੀ ਅਧੀਨਤਾ ਦੇ ਲਈ ਬਾਰ ਬਾਰ ਆਉਂਦਾ ਹੈ (ਜਿਵੇਂ ਮਿਸਰ ਵਰਗੀ ਵਿਦੇਸ਼ੀ ਸ਼ਕਤੀ;

ਲੇਵੀਆਂ 26:13)। ਸੁਲੇਮਾਨ ਦੀ ਮੌਤ ਦੇ ਬਾਅਦ ਜਦ ਉਹਦੀ ਗੱਦੀ ਉੱਤੇ ਉਹਦਾ ਪੁੱਤਰ ਰਹਬੁਆਮ ਬੈਠਾ ਤਾਂ ਇਸਰਾਏਲ ਦੇ ਉੱਤਰੀ ਗੋਤਰਾਂ ਨੇ ਨਵੇਂ ਰਾਜੇ ਅੱਗੇ ਬੇਨਤੀ ਕੀਤੀ ਕਿ ''ਤੁਹਾਡੇ ਪਿਤਾ ਨੇ ਸਾਡੇ ਜੂਲੇ ਨੂੰ ਕਰੜਾ ਕੀਤਾ ਹੋਇਆ ਸੀ, ਸੋ ਹੁਣ ਤੁਸੀਂ ਆਪਣੇ ਪਿਤਾ ਦੀ ਉਸ ਕਰੜੀ ਟਹਿਲ ਨੂੰ ਅਤੇ ਉਸ ਭਾਰੀ ਜੂਲੇ ਨੂੰ ਜੋ ਸਾਡੇ ਉੱਤੇ ਦੇ ਰੱਖਿਆ ਹੈ ਹੌਲਾ ਕਰੋ ਤਾਂ ਅਸੀਂ ਤੁਹਾਡੀ ਟਹਿਲ ਕਰਾਂਗੇ'' (1 ਰਾਜਿਆਂ 12:4)। ਇਸ ਬੇਨਤੀ ਦੇ ਪਿੱਛੇ ਬੇਹੱਦ ਟੈਕਸ ਲਾਏ ਜਾਣ ਅਤੇ ਸੁਲੇਮਾਨ ਦੇ ਵੱਡੇ ਭਵਨ ਨਿਰਮਾਣ ਦੇ ਕੰਮਾਂ ਲਈ ਸਖ਼ਤ ਮਿਹਨਤ ਕਰਵਾਏ ਜਾਣਾ ਕਾਰਣ ਸੀ (ਵੇਖੋ 1 ਸਮੂਏਲ 8:10–18)।

ਕਿਸੇ ਵੀ ਤਰ੍ਹਾਂ ਦੇ ਜੂਲੇ ਦੇ ਅਧੀਨ ਹੋਣ ਦਾ ਵਿਚਾਰ ਖ਼ਾਸ ਤੌਰ ਤੇ ਨਕਾਰਾਤਮਕ ਅਰਥ ਵਿਚ ਹੀ ਮੰਨਿਆ ਜਾਂਦਾ ਹੈ। ਆਇਤ 1 ਵਿਚ ਉਸ ਅਜ਼ਾਦੀ ਦੇ ਬਿਲਕੁਲ ਉਲਟ ਦੱਸਿਆ ਗਿਆ ਸੀ ਜਿਸ ਨੂੰ ਪੌਲੁਸ ਗਲਾਤੀਆ ਵਿਚ ਆਪਣੇ ਭਰਾਵਾਂ ਨੂੰ ਪਾਉਣ ਲਈ ਦਲੇਰ ਕਰ ਰਿਹਾ ਸੀ, ਜਿਨ੍ਹਾਂ ਦੀ ਨਿਹਚਾ ਨੂੰ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਨੂੰ ਡਾਵਾਂਡੋਲ ਕਰ ਦਿੱਤਾ ਸੀ। ਜੂਲੇ ਦੀ ਧਾਰਣਾ ਭਾਵੇਂ ਆਮ ਤੌਰ ਤੇ ਗੁਲਾਮੀ ਦੀ ਅਣਚਾਹੀ ਹਾਲਤ ਵਿਚ ਜੁੜੀ ਹੁੰਦੀ ਹੈ ਪਰ ਵਚਨ ਨਾਲ ਜੁੜਨ ਤੇ ਅਜਿਹਾ ਨਹੀਂ ਹੁੰਦਾ। ਉਦਾਹਰਣ ਲਈ ਯਹੋਵਾਹ ਦੀ ਉਡੀਕ ਕਰਣ ਅਤੇ ਆਪਣੀ ਮੁਕਤੀ ਦੀ ਤਲਾਸ਼ ਦੇ ਸੰਦਰਭ ਵਿਚ ਯਿਰਮਿਯਾਹ ਨੇ ਲਿਖਿਆ:

> ਗੱਭਰੂ ਲਈ ਚੰਗਾ ਹੈ ਕਿ ਆਪਣੀ ਜਵਾਨੀ ਵਿਚ ਜੂਲਾ ਚੁੱਕੇ।
> ਉਹ ਇਕੱਲਾ ਬੈਠੇ ਅਤੇ ਚੁੱਪ ਰਹੇ,
> ਕਿਉਂ ਜੋ ਉਹ ਨੇ ਉਸ ਨੂੰ ਉਹਦੇ ਉੱਤੇ ਪਾਇਆ ਹੈ।
> (ਵਿਰਲਾਪ 3:27, 28)।

ਇਸ ਦੇ ਝੱਟ ਬਾਅਦ ਭਾਵੇਂ ਤਕਲੀਫ਼ ਦਾ ਭਾਰ ਸੀ, ਪਰ ਸੰਦਰਭ ਇਹ ਸੰਕੇਤ ਦਿੰਦਾ ਹੈ ਕਿ ਤਕਲੀਫ਼ ਵੀ ਬਰਕਤ ਬਣ ਸਕਦੀ ਹੈ।[1] ਮੱਤੀ 11:28–30 ਵਿਚ ਪ੍ਰਭੂ ਦੇ ਚੇਲੇ ਬਣਨ ਦੇ ਸਬੰਧ ਵਿਚ ਨਕਾਰਾਤਮਕਤਾ ਸਾਫ਼ ਨਜ਼ਰ ਨਹੀਂ ਆਉਂਦੀ।

> ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ। ਮੇਰਾ ਜੂਲਾ ਆਪਣੇ ਉੱਤੇ ਲੈ ਲਵੋ ਅਤੇ ਮੈਥੋਂ ਸਿੱਖੋ ਕਿਉਂ ਜੋ ਮੈਂ ਕੋਮਲ ਅਤੇ ਮਨ ਦਾ ਗ਼ਰੀਬ ਹਾਂ ਅਤੇ ਤੁਸੀਂ ਆਪਣਿਆਂ ਜੀਆਂ ਵਿਚ ਅਰਾਮ ਪਾਓਗੇ। ਕਿਉਂ ਜੋ ਮੇਰਾ ਜੂਲਾ ਹੌਲਾ ਅਤੇ ਮੇਰਾ ਭਾਰ ਹਲਕਾ ਹੈ।

ਜਿਸ ਜੂਲੇ ਨੂੰ ਚੁੱਕਣ ਲਈ ਯਿਸੂ ਲੋਕਾਂ ਨੂੰ ਸੱਦਾ ਦਿੰਦਾ ਹੈ ਉਹ ਇਸ ਨੂੰ ਕਬੂਲ ਕਰਨ ਵਾਲਿਆਂ ਨੂੰ ਆਰਾਮ ਅਤੇ ਸ਼ਾਂਤੀ ਦਿੰਦਾ ਹੈ। ਇਕ ਹੋਰ ਥਾਂ ਤੇ ਯਿਸੂ ਨੇ ਆਪਣੇ ਮੰਨਣ ਵਾਲਿਆਂ ਨੂੰ ਖੁੱਲੀ ਚੁਣੌਤੀ ਦਿੱਤੀ ਕਿ ਉਹਦੇ ਮਗਰ ਚੱਲਣ ਵਿਚ ਦੁੱਖ ਝੱਲਣਾ ਅਤੇ ਸਤਾਅ ਸਹਿਣਾ ਲਾਜ਼ਮੀ ਹੋਣਾ ਸੀ।

ਜੂਲੇ ਦਾ ਰੂਪਕ ਕਿਸੇ ਰੱਬੀ ਦੀ ਸਿੱਖਿਆ ਨਾਲ ਜੁੜਨ ਲਈ ਯਹੂਦੀ ਦਾਇਰਿਆਂ ਵਿਚ ਆਮ ਵਰਤਿਆ ਜਾਂਦਾ ਸੀ। ਯਿਸੂ ਦੀ ਭਾਸ਼ਾ ਅਤੇ ਉਸ ਦੀ ਸਿੱਖਿਆ ਰੱਬੀਆਂ ਨਾਲੋਂ ਉਹਦੇ ਢੰਗ ਦੇ ਫ਼ਰਕ ਹੋਣ ਕਰਕੇ ਸਖ਼ਤ ਰਹੀ ਹੋਵੇਗੀ। ਉਨ੍ਹਾਂ ਦਾ ਢੰਗ ਕਿੰਨਾ ਸਖ਼ਤ ਅਤੇ ਭਾਰਾ ਸੀ। ਉਹਦਾ ਢੰਗ ਅਸਾਨ ਅਤੇ ਹਲਕਾ ਸੀ। 5:1 ਵਿਚ ਪੌਲੁਸ ਇਸੇ ਗੱਲ ਨੂੰ ਆਖ ਰਿਹਾ ਸੀ। *ਇੰਜੀਲ ਵਿਚ ਅਜ਼ਾਦੀ ਮਿਲਦੀ ਹੈ ਪਰ ਸ਼ਰ੍ਹਾ ਨਾਲ ਗੁਲਾਮੀ ਦਾ ਜੂਲਾ ਮਿਲਿਆ।* ਇਹ ਇੰਜੀਲ ਦਾ ਵਿਰੋਧਾਭਾਵ ਨਹੀਂ ਹੈ

ਕਿ ਆਪਣੇ ਆਪ ਨੂੰ ਪਰਮੇਸ਼ੁਰ ਦੀ ਇੱਛਾ ਅਤੇ ਯਿਸੂ ਦੇ ਪ੍ਰਭੂ ਹੋਣ ਨਾਲ ਜੋੜਨਾ ਹੀ ਪੂਰੀ ਅਜ਼ਾਦੀ ਪਾਉਣ ਦਾ ਇੱਕੋ ਇਕ ਢੰਗ ਹੈ। ਇਹ ਗੱਲ ਮੱਤੀ 11:28–30 ਵਿਚ ਮਸੀਹ ਵੱਲੋਂ ਦੱਸੀ ਗਈ ਸਚਿਆਈ ਨਾਲ ਮੇਲ ਖਾਂਦੀ ਹੈ।

ਅਪੋਕ੍ਰਿਫ਼ਾ ਦੀ ਸੀਰਾਚ (ਪਰਵਕਤਾ ਗ੍ਰੰਥ) ਦੀ ਅਪਰਮਾਣਿਕ ਪੁਸਤਕ ਮੱਤੀ 11:28–30 ਵਿਚ ਯਿਸੂ ਦੀ ਗੱਲ ਦੀ ਧਾਰਣਾ ਨਾਲ ਮੇਲ ਖਾਂਦੀ ਹੈ। ਇਸ ਵਿਚ ਬੁੱਧ (ਔਰਤ ਦੇ ਪ੍ਰਤੀਕ ਵਜੋਂ) ਆਪਣੇ ਜੂਲੇ ਨੂੰ ਮੰਨਣ ਅਤੇ ਉਸ ਤੋਂ ਸਿੱਖਣ ਲਈ ਆਉਣ ਲਈ ਅਜਿਹਾ ਹੀ ਇਕ ਸੱਦਾ ਦਿੰਦੀ ਹੈ:

ਤੁਸੀਂ ਜਿਹੜੇ ਅਨਪੜ ਹੋ,
ਮੇਰੇ ਕੋਲ ਆਓ ਅਤੇ ਤਾਲੀਮ ਦੇ ਘਰ ਵਿਚ ਇਕੱਠੇ ਹੋ ਜਾਓ;
ਤੁਸੀਂ ਬੁੱਧ ਦੇ ਭੋਜਨ ਤੋਂ ਕਿੰਨੀ ਕੁ ਦੇਰ ਸੱਖਣੇ ਰਹੋਗੇ,
ਕਿੰਨੀ ਕੁ ਦੇਰ ਅਜਿਹੀ ਕੌੜੀ ਪਿਆਸ ਨੂੰ ਝੱਲੋਗੇ?
ਮੈਂ ਆਪਣਾ ਮੂੰਹ ਖੋਲ੍ਹਿਆ ਅਤੇ ਉਹਦੇ ਲਈ ਬੋਲਿਆ:
ਬਿਨਾਂ ਕਿਸੇ ਮੁੱਲ ਦੇ ਆਪਣੇ ਲਈ ਬੁੱਧ ਪਾ ਲਵੋ।
ਆਪਣੀ ਧੌਣ ਉਸ ਦੇ ਜੂਲੇ ਹੇਠ ਕਰੋ,
ਤਾਂ ਜੋ ਤੁਹਾਡਾ ਦਿਮਾਗ ਉਸ ਦੀ ਸਿੱਖਿਆ ਨੂੰ ਮੰਨ ਲਵੇ।
ਕਿਉਂ ਜੋ ਉਹ ਉਨ੍ਹਾਂ ਦੇ ਨੇੜੇ ਹੈ ਜਿਹੜੀ ਉਹਦੀ ਤਲਾਸ਼ ਕਰਦੇ ਹਨ,
ਅਤੇ ਸਾਫ਼ ਨਿਅਮ ਵਾਲਾ ਉਸ ਨੂੰ ਲਭ ਲੈਂਦਾ ਹੈ।[2]

ਆਮ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਮੱਤੀ 11:28–30 ਵਿਚ ਯਿਸੂ ਦਾ ਸੱਦਾ ਉਹਦੇ ਘਰ ਵਿਚ ਆ ਕੇ ਉਸ ਨੂੰ ਗੁਰੂ ਮੰਨਣ ਲਈ ਰੱਬੀਆਂ ਦੇ ਸੱਦੇ ਦੇ ਸਾਂਚੇ ਵਿਚ ਢਾਲਿਆ ਗਿਆ ਹੈ। ਯਿਸੂ ਨੇ ਆਪਣੇ ਚੇਲਿਆਂ ਨੂੰ ਭਾਵੇਂ ਗ੍ਰੰਥੀਆਂ ਅਤੇ ਫ਼ਰੀਸੀਆਂ ਦੀ ਬੇਕਾਰ ਲਾਲਚ ਅਤੇ ਘੁਮੰਡ ਦੀ ਨਕਲ ਕਰਕੇ ਅਜਿਹੇ ਸਨਮਾਨਤ ਅਹੁਦੇ ਨਾ ਕਬੂਲ ਕਰਨ ਦਾ ਹੁਕਮ ਦਿੱਤਾ (ਮੱਤੀ 23:1–8), ਪਰ ਯਿਸੂ ਨੂੰ ਆਮ ਤੌਰ ਤੇ ''ਰੱਬੀ'' ਆਖ ਕੇ ਹੀ ਸੱਦਿਆ ਜਾਂਦਾ ਸੀ। ਉਸ ਨੂੰ ਪਤਰਸ (ਮਰਕੁਸ 9:5; 11:21), ਅੰਦ੍ਰਿਆਸ ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਇਕ ਹੋਰ ਚੇਲੇ (ਯੂਹੰਨਾ 1:38, 40), ਨਥਾਨੀਏਲ (ਯੂਹੰਨਾ 1:49), ਨਿਕੁਦੇਮੁਸ (ਯੂਹੰਨਾ 3:1, 2), ਅਤੇ ਉਹਦੇ ਚੇਲਿਆਂ ਵੱਲੋਂ (ਯੂਹੰਨਾ 4:31; 9:2; 11:8) ਆਮ ਤੌਰ ਤੇ ''ਹੇ ਸਵਾਮੀ'' ਜਾਂ ''ਹੇ ਰੱਬੀ'' ਆਖ ਕੇ ਹੀ ਬੁਲਾਇਆ ਜਾਂਦਾ ਸੀ। ਯਹੂਦੀਆਂ ਦੀ ਭੀੜ ਵੀ ਜਿਹੜੀ ਉਹਦੇ ਕਰੀਬੀ ਚੇਲਿਆਂ ਵਿੱਚੋਂ ਨਹੀਂ ਸੀ ਉਹ ਨੂੰ ਇਸੇ ਤਰ੍ਹਾਂ ਬੁਲਾਉਂਦੀ ਹੁੰਦੀ ਸੀ (ਯੂਹੰਨਾ 6:24, 25)। ਯਿਸੂ ਦੇ ਸੰਬੋਧਨ ਵਿਚ ਇਸ ਰੂਪ ਨੂੰ ਕਬੂਲਣ ਵਿਚ ਕੋਈ ਬੇਮੇਲ ਹੋਣਾ ਨਹੀਂ ਹੈ (ਯੂਹੰਨਾ 3:25, 26)। ਕਿਉਂ ਜੋ ਉਹ ਨੂੰ ਉਹਦੇ ਮਿਸ਼ਨ ਲਈ ਪਰਮੇਸ਼ੁਰ ਵੱਲੋਂ ਘੱਲਿਆ ਗਿਆ ਸੀ (ਯੂਹੰਨਾ 3:17)। ਉਹ ਸਚਮੁਚ ਵਿਚ ''ਗੁਰੂ'' ਸੀ।

''ਰੱਬੀ'' ਇਬਰਾਨੀ ਸ਼ਬਦ ਤੋਂ ਨਿਕਲਿਆ ਸ਼ਬਦ ਹੈ[3] ਜਿਸ ਦਾ ਸਹੀ ਅਨੁਵਾਦ ''ਮੇਰਾ ਪ੍ਰਭੂ'' ਹੁੰਦਾ ਹੈ। ਅਸੀਂ ਅਸਾਨੀ ਨਾਲ ਸਮਝ ਸਕਦੇ ਹਾਂ ਕਿ ਯਿਸੂ ਆਪਣੇ ਚੇਲਿਆਂ ਨੂੰ ਜਿਨ੍ਹਾਂ ਦੀਆਂ ਰਾਜ ਲਈ ਆਪਣੀਆਂ ਇੱਛਾਵਾਂ ਭਰੀਆਂ ਯੋਜਨਾਵਾਂ ਸਨ, ਸਿਰਫ਼ ਭਾਈਆਂ ਵਜੋਂ ਕੰਮ ਕਰਵਾਉਣਾ ਚਾਹੁੰਦਾ ਸੀ (ਮੱਤੀ 20:20–28; ਯੂਹੰਨਾ 13:12–17)। ਯਿਸੂ ਨੂੰ ''ਰੱਬੀ'' ਦੇ ਇਕ ਤੀਬਰ ਰੂਪ ''ਰਬੋਨੀ'' ਨਾਲ ਵੀ ਬੁਲਾਇਆ ਜਾਂਦਾ ਸੀ। ਜਿਸ ਦਾ ਅਰਥ ਹੈ ''ਮੇਰਾ ਪ੍ਰਭੂ'' ਜਾਂ ''ਮੇਰਾ ਸਵਾਮੀ'' ਦੀ ਵਰਤੋਂ ਕਰਦਾ ਹੈ (ਮਰਕੁਸ 10:51; ਯੂਹੰਨਾ 20:16)। ਯੂਹੰਨਾ 20:16 ''ਰੱਬੋਨੀ'' ਦੀ ਪਰਿਭਾਸ਼ਾ ''ਗੁਰੂ'' ਦੇ ਰੂਪ ਵਿਚ ਕਰਦਾ ਹੈ। ''ਰੱਬੀ'' ਆਮ ਵਰਤੋਂ ਵਿਚ ਸੀ ਪਰ ਇਹ ਉਸ ਸੰਬੋਧਨ ਦਾ

ਰੂਪ ਸੀ ਜਿਸ ਨੂੰ ਆਪਣੇ ਆਪ ਨੂੰ ਦੂਜਿਆਂ ਤੋਂ ਅੱਡ, ਉੱਚਾ ਮੰਨਣ ਦੇ ਲਾਲਚ ਵਿਚ ਲੋਕ ਪੈਂਦੇ ਸਨ।

ਮੱਤੀ 11:28–30 ਵਿਚਲੇ ਯਿਸੂ ਦੇ ''ਰੱਬੀਆਂ ਵਾਲੇ'' ਸੱਦੇ ਦੇ ਸਬੰਧ ਵਿਚ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਵੱਡੇ ਵੱਡੇ ਰੱਬੀ ਆਪਣੇ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਨਾਲੋਂ ਵਧਕੇ ਬਹੁਤ ਕੁਝ ਕਰਦੇ ਸਨ (ਸਿੱਖਿਆ ਭਾਵੇਂ ਅਸਲ ਵਿਚ ਮਹੱਤਵਪੂਰਣ ਅਤੇ ਜ਼ਰੂਰੀ ਸੀ।) ਯਿਸੂ ਦੇ ਸਮੇਂ ਦੇ ਰੱਬੀ ਸਕੂਲ (ਸਿਨਾਗੋਗਾਂ ਜਾਂ ਮੰਦਰਾਂ) ਵਿਚ ਲਾਉਂਦੇ ਹੋਣ ਜਾਂ ਕਿਤੇ ਹੋਰ, ਪਰ ਵੱਡੇ ਰੱਬੀ ਆਪਣੇ ਵਿਦਿਆਰਥੀਆਂ ਨੂੰ ਆਪਣੇ ਘਰਾਂ ਵਿਚ ਵੀ ਸੱਦ ਲੈਂਦੇ ਸਨ। ਇਸ ਤਰ੍ਹਾਂ ਨਾਂਲ ਵਿਦਿਆਰਥੀਆਂ ਨੂੰ ਰੱਬੀਆਂ ਦੀ ਸਿੱਖਿਆ ਨੂੰ ਸੁਣਨ ਦੇ ਨਾਲ ਨਾਲ ਘਰ ਦੇ ਪ੍ਰਮੁੱਖ ਵਜੋਂ ਕੰਮ ਕਰਨ ਵਾਲੇ ਦੀ ਜ਼ਿੰਦਗੀ 'ਚ ਝਾਤ ਮਾਰਨ ਦੀ ਇਜਾਜ਼ਤ ਵੀ ਮਿਲ ਜਾਂਦੀ ਸੀ। ਰੱਬੀ ਲੋਕ ਸਿਖਾਉਣ ਦੀ ਪ੍ਰਕਿਰਿਆ ਲਈ ਨਮੂਨਾ ਬਣਨ ਦੀ ਸਮਰੱਥਾ ਦੀ ਅਹਿਮੀਅਤ ਨੂੰ ਬਖ਼ੂਬੀ ਸਮਝਦੇ ਸਨ। ਇਹ ਹੋ ਸਕਦਾ ਹੈ ਕਿ ਬਜ਼ੁਰਗ ਰੱਬਾਨ ਗਮਲੀਏਲ ਦੇ ਕਦਮਾਂ ਵਿਚ ਅਜਿਹੀ ਸਿੱਖਿਆ ਪਾਉਣ ਵਾਲਾ ਤਰਸੁਸ ਵਾਸੀ ਸੌਲੁਸ ਸੀ (ਰਸੂਲਾਂ ਦੇ ਕਰਤੱਬ 22:3)। (''ਰੱਬਾਨ'' ਲਈ ''ਸਾਡਾ ਗੁਰੂ'' ਲਈ ''ਰੱਬੀ ਗੁਰੂ'' ਨਾਲੋਂ ਵੀ ਉੱਚੇ ਰੁਤਬੇ ਲਈ ਅਰਾਮੀ ਭਾਸ਼ਾ ਦਾ ਸ਼ਬਦ ਸੀ।) ਯਿਸੂ ਆਪਣੇ ਚੇਲਿਆਂ ਨਾਲ ਇਕੱਠਾ ਹੋਣ ਤੇ ਅਜਿਹੇ ਹੀ ਜਾਣੇ ਪਛਾਣੇ ਢੰਗ ਨਾਲ ਕੰਮ ਕਰਦਾ ਸੀ। ਜਿਵੇਂ ਪ੍ਰਭੂ ਭੋਜ ਦੀ ਸਥਾਪਨਾ ਵੇਲੇ ਬੇਸ਼ੱਕ ਭਾਵੇਂ ਉਹ ਰੱਬੀਆਂ ਵਾਲੀ ਰਸਮੀ ਸਿੱਖਿਆ ਨਹੀਂ ਦਿੰਦਾ ਸੀ (ਯੂਹੰਨਾ 7:14, 15), ਪਰ ਇਹ ਸੁਭਾਵਿਕ ਹੈ ਕਿ ਉਹ ਸਿਖਾਉਣ ਦੇ ਉਸ ਢੰਗ ਵਿਚ ਆਪਣੇ ਆਪ ਨੂੰ ਢਾਲ ਲੈਂਦਾ ਸੀ ਜਿਹੜਾ ਉਸ ਸਮੇਂ ਪ੍ਰਚੱਲਿਤ ਸੀ।

ਇਨ੍ਹਾਂ ਵਿਚਾਰਾਂ ਦੇ ਇਲਾਵਾ ਜੂਲੇ ਦੇ ਰੂਪਕ ਦੇ ਉਦੇਸ਼ ਅਤੇ ਇਰਾਦੇ ਦੀ ਵੀ ਗੱਲ ਹੋਣੀ ਚਾਹੀਦੀ ਹੈ। ਸ਼ਬਦੀ ਅਰਥ ਵਿਚ ਜੂਲਾ ਜਿਹੜਾ ਭਾਰ ਢੋਣ ਵਾਲੇ ਜਾਨਵਰ ਦੀ ਧੌਣ ਤੇ ਰੱਖਿਆ ਜਾਂਦਾ ਸੀ ਕਿਸੇ ਕੰਮ ਕਰਨ ਨੂੰ ਤਿਆਰ ਕੀਤਾ ਜਾਂਦਾ ਸੀ। ਬਿਨਾਂ ਜੂਲੇ ਦੇ ਜਾਨਵਰ ਹੱਲ, ਗੱਡੀ ਜਾਂ ਹੋਰ ਕੋਈ ਚੀਜ਼ ਨਹੀਂ ਖਿੱਚ ਸਕਦਾ ਸੀ। ਮੱਤੀ 11:28–30 ਵਿਚ ਜ਼ੋਰ ਗ੍ਰੰਥੀਆਂ ਅਤੇ ਫ਼ਰੀਸੀਆਂ ਦੇ ''ਵੱਡੇ ਭਾਰਾਂ'' ਦੇ ਮੁਕਾਬਲੇ ਯਿਸੂ ਦੇ ਸਹਿਜ ''ਜੂਲੇ'' ਅਤੇ ''ਹਲਕੇ ਭਾਰ'' ਦੇ ਫ਼ਰਕ ਤੇ ਦਿੱਤਾ ਗਿਆ ਲਗਦਾ ਹੈ (ਮੱਤੀ 23:1–4)। ਸ਼ਰ੍ਹਾ ਦੇ ਸਖ਼ਤ ਜੂਲੇ ਦੇ ਉਲਟ ਸਹਿਜ ਜੂਲਾ ਸੁਹਾਵਨਾ ਲਗਦਾ ਹੈ, ਖ਼ਾਸਕਰ ਸਮੇਂ ਦੇ ਵਿਦਵਾਨਾਂ ਜਿਵੇਂ ਇਸ ਦੀ ਵਿਆਖਿਆ ਕੀਤੀ ਜਾਂਦੀ ਹੈ। ਅਸਲ ਜੂਲਾ ਖੁਰਦਰੀ ਜਿਹੀ ਲੱਕੜੀ ਵਿੱਚੋਂ ਕੱਟਿਆ ਗਿਆ ਹੋ ਸਕਦਾ ਹੈ ਜਿਸ ਨਾਲ ਬਲਦ ਦੀ ਧੌਣ ਰਗੜੀ ਜਾ ਸਕਦੀ ਹੈ ਜਾਂ ਇਸ ਨੂੰ ਚਮੜੇ ਦੀ ਗੱਦੀ ਲਾ ਕੇ ਸਜਾਇਆ ਜਾ ਸਕਦਾ ਹੈ ਜਿਸ ਨਾਲ ਖ਼ੁਰਦਰਾਪਣ ਘਟ ਜਾਏ।

ਸ਼ਰ੍ਹਾ ਦੇ ਜੂਲੇ ਦੇ ਸਬੰਧ ਵਿਚ ਕਾਰਲ ਹੈਨਰਿਕ ਰੈਂਗਸਟੋਫ਼ ਨੇ ਲਿਖਿਆ ਹੈ ''ਹੁਕਮਾਂ ਦਾ ਜੂਲਾ'' ਅਤੇ ''ਉਸ ਪਵਿੱਤਰ ਦਾ ਜੂਲਾ'' ''ਪਰਮੇਸ਼ੁਰ ਦੀ ਇੱਛਾ ਦੀ ਅਧੀਨਤਾ ਦੇ ਵਿਚਾਰ ਵਰਗੇ ਇਜ਼ਹਾਰ ਨੂੰ ਦਰਸਾਉਂਦਾ ਹੈ।'' ਉਸ ਨੇ ਆਖਿਆ ਕਿ ਇਸ ਜੂਲੇ ਨੂੰ ''ਬੋਝ ਨਹੀਂ'' ਬਲਕਿ ''ਬਰਕਤ'' ਮੰਨਿਆ ਜਾਂਦਾ ਸੀ।[4] ਪਰ ਇਹ ਵੇਰਵਾ ਮੁੱਖ ਤੌਰ ਤੇ ਰੱਬੀਆਂ ਦੀਆਂ ਗੱਲਾਂ ਨਾਲ ਸਬੰਧਿਤ ਸੀ। ਇਸ ਵਿਚ ਇਹ ਤਾਂ ਨਹੀਂ ਲਗਦਾ ਕਿ ਆਮ ਲੋਕ ਕੀ ਮੰਨਦੇ ਸਨ, ਤੇ ਨਾ ਹੀ ਇਹ ਕਿ ਯਿਸੂ ਦੇ ਕਹਿਣ ਤੋਂ ਕੀ ਭਾਵ ਸੀ। ਯਕੀਨਨ ਹੀ ਇਹ ਗਲਾਤੀਆਂ ਦੇ ਸੰਦਰਭ ਵਿਚ ਪੌਲੁਸ ਵੱਲੋਂ ਵਿਖਾਇਆ ਵਿਹਾਰ ਨਹੀਂ ਸੀ, ਨਾ ਹੀ ਇਹ ਰਸੂਲਾਂ ਦੇ ਕਰਤੱਬ 15:10 ਵਿਚ ਪਤਰਸ ਦਾ ਵਿਚਾਰ ਸੀ।

ਬੇਸ਼ੱਕ ਯਿਸੂ ਨੇ ਜੂਲੇ ਦੇ ਰੂਪਕ ਦੀ ਵਰਤੋਂ ਕਰਨ ਵਾਂਗ ਸੇਵਾ, ਜ਼ਿੰਮੇਵਾਰੀ, ਹੁਕਮਾਂ ਨੂੰ ਮੰਨਣ ਦੀਆਂ ਜਵਾਬਦੇਹੀਆਂ, ਅਤੇ ਉਹਦੀ ਇੱਛਾ ਨੂੰ ਮੰਨਣ ਵਰਗੀ ਧਾਰਣਾ ਨੂੰ ਕੱਢਿਆ ਨਹੀਂ ਜਾ ਸਕਦਾ। ਆਖ਼ਰ ਜੂਲੇ ਦੀ ਧਾਰਣਾ ਵਿਚ ਇਹ ਆਪਣੇ ਆਪ ਹੀ ਮਿਲ ਜਾਂਦੀ ਹੈ। ਅਜਿਹੇ ਵਿਅਕਤੀ ਲਈ ਇਸ ਨੂੰ ਜੂਲੇ ਦਾ ਜਿਸ ਲਈ ਉਸ ਨੂੰ ਸੱਦਿਆ ਜਾ ਰਿਹਾ ਹੈ ਕੋਈ ਤਜ਼ਰਬਾ ਨਹੀਂ ਹੈ, ਵਿਰੋਧਾਭਾਸ ਬਣਿਆ ਰਹਿੰਦਾ ਹੈ। ਯਿਸੂ ਦੇ ਜੂਲੇ ਨੂੰ ਮੰਨਣ ਲਈ ਨਿਹਚਾ ਦਾ ਕਦਮ ਚੁੱਕਣਾ ਜ਼ਰੂਰੀ ਹੈ। ਪਰ

ਜੇ ਉਹ ਆਪਣੀ ਪਹਿਲੀ ਝਿਝਕ ਨੂੰ ਦੂਰ ਕਰਕੇ ਇਹ ਕਦਮ ਚੁੱਕ ਲੈਂਦਾ ਹੈ ਤਾਂ ਪ੍ਰਭੂ ਦੀ ''ਮੈਥੋਂ ਸਿੱਖਣ'' ਦੀ ਚੁਣੌਤੀ ਨੂੰ ਮੰਨ ਲੈਣ ਤੇ (ਮੱਤੀ 11:29) ਉਸ ਨੂੰ ਪਤਾ ਲੱਗੇਗਾ ਕਿ ਯਿਸੂ ਨੇ ਸੱਚ ਬੋਲਿਆ ਹੈ। ਉਹਦਾ ਵਿਸ਼ਵਾਸ ਵਧਣ ਤੇ ਉਹ ਸਚਮੁਚ ਵਿਚ ਆਪਣੇ ਮਨ ਵਿਚ ਅਰਾਮ ਪਾਏਗਾ। ਕਿਉਂ ਜੋ ਸ੍ਰਿਸਟੀ ਦੇ ਸਰਵਸ਼ਕਤੀਮਾਨ ਪ੍ਰਭੂ ਦੇ ਰੂਪ ਵਿਚ ਯਿਸੂ ਵਿਚ ਭਰੋਸੇ ਦੀ ਜ਼ਿੰਦਗੀ ਨੇ ਵਿਸ਼ਵਾਸੀ ਦੀ ਜ਼ਿੰਦਗੀ (ਉਹਦੀ ਮੌਤ ਅਤੇ ਜੀ ਉੱਠਣ ਦੇ ਰਾਹੀਂ) ਦੀ ਗਾਰੰਟੀ ਦਿੱਤੀ। ਇਹਦਾ ਮਤਲਬ ਇਹ ਹੋਇਆ ਕਿ ਇਸ ਅਰਥ ਵਿਚ ਭਰੋਸਾ ਰੱਖਕੇ ਉਹਦੇ ਮਨ ਨੂੰ ਮੌਤ ਅਤੇ ਬਰਬਾਦੀ ਦੇ ਸਾਰੇ ਖ਼ਤਰਿਆਂ ਦੇ ਬਾਵਜੂਦ ਜਿਹੜੇ ਉਹਦੇ ਭਵਿੱਖ ਨੂੰ ਡਰਾਉਂਦੇ ਹੋਏ ਲਗਦੇ ਹਨ ਉਹਦੇ ਮਨ ਨੂੰ ਚੈਨ ਮਿਲੇਗਾ।

ਪ੍ਰਭੂ ਦੇ ਜੂਲੇ ਨੂੰ ''ਸਹਿਜ'' ਬਣਾਉਣ ਦਾ ਕੰਮ ਵਿਸ਼ਵਾਸੀ ਦੀ ਸਵੈ ਇੱਛਾ ਨਾਲ ਸਮਰਪਣ (ਰੋਮੀਆਂ 6:17) ਅਤੇ ਪਵਿੱਤਰ ਆਤਮਾ ਦਾ ਦਾਨ ਬਣਾ ਦਿੰਦਾ ਹੈ, ਜਿਹੜਾ ਉਸ ਨੂੰ ਰੂਹਾਨੀ ਜਹਾਜ਼ ਚੜ੍ਹਨ ਲਈ ਦਲੇਰ ਕਰਦਾ ਹੈ (ਗਲਾਤੀਆਂ 5:16–18)।

## ਮਸੀਹ ਵਿਚ ਅਜ਼ਾਦੀ (5:2-15)

### ਸ਼ਰ੍ਹਾ ਬਨਾਮ ਮਸੀਹ (5:2-6)

**[2]ਵੇਖੋ, ਮੈਂ ਪੌਲੁਸ ਤੁਹਾਨੂੰ ਆਖਦਾ ਹਾਂ ਭਈ ਜੇ ਤੁਸੀਂ ਸੁੰਨਤ ਕਰਾਵੋ ਤਾਂ ਮਸੀਹ ਕੋਲੋਂ ਤੁਹਾਨੂੰ ਕੁਝ ਲਾਭ ਨਾ ਹੋਵੇਗਾ। [3]ਸਗੋਂ ਮੈਂ ਹਰੇਕ ਮਨੁੱਖ ਉੱਤੇ ਜਿਹੜਾ ਸੁੰਨਤ ਕਰਾਉਂਦਾ ਹੈ ਫੇਰ ਸਾਖੀ ਭਰਦਾ ਹਾਂ ਜੋ ਉਹ ਸਾਰੀ ਸ਼ਰਾ ਨੂੰ ਪੂਰਿਆਂ ਕਰਨ ਦਾ ਕਰਜਾਈ ਹੈ। [4]ਤੁਸੀਂ ਜੋ ਸ਼ਰਾ ਨਾਲ ਧਰਮੀ ਬਣਨਾ ਚਾਹੁੰਦੇ ਹੋ ਸੋ ਮਸੀਹ ਤੋਂ ਅੱਡ ਹੋ ਗਏ ਹੋ। ਤੁਸੀਂ ਕਿਰਪਾ ਤੋਂ ਡਿੱਗ ਗਏ ਹੋ। [5]ਅਸੀਂ ਤਾਂ ਆਤਮਾ ਦੇ ਕਾਰਨ ਨਿਹਚਾ ਨਾਲ ਧਰਮ ਦੀ ਆਸਾ ਦੀ ਉਡੀਕ ਕਰਦੇ ਹਾਂ। [6]ਕਿਉਂ ਜੋ ਮਸੀਹ ਯਿਸੂ ਵਿਚ ਨਾ ਤਾਂ ਸੁੰਨਤ, ਨਾ ਹੀ ਅਸੁੰਨਤ ਤੋਂ ਕੁਝ ਬਣਦਾ ਹੈ ਸਗੋਂ ਨਿਹਚਾ ਤੋਂ ਜਿਹੜੀ ਪ੍ਰੇਮ ਦੇ ਰਾਹੀਂ ਗੁਣਕਾਰ ਹੁੰਦੀ ਹੈ।**

ਸੁੰਨਤ ਦਾ ਮੁੱਦਾ ਬੜਾ ਅਹਿਮ ਹੈ, ਇਹਦਾ ਪੁਰਾਣੇ ਅਤੇ ਨਵੇਂ ਨੇਮ ਨਾਲ ਮਸੀਹੀ ਆਦਮੀ ਦੇ ਸਬੰਧ ਉੱਤੇ ਸਿੱਧਾ ਅਸਰ ਸੀ। ਇਸ ਕਰਕੇ ਪੌਲੁਸ ਗੈਰਕੌਮ ਮਸੀਹੀਆਂ ਵੱਲੋਂ ਇਸ ਨੂੰ ਮੰਨੇ ਜਾਣ ਦਾ ਸਖ਼ਤ ਵਿਰੋਧ ਕਰਦਾ ਸੀ।

**ਆਇਤ 2.** ਰਸੂਲ ਨੇ ਮਜ਼ਬੂਤੀ ਨਾਲ ਆਖਿਆ, **ਵੇਖੋ, ਮੈਂ ਪੌਲੁਸ ਤੁਹਾਨੂੰ ਆਖਦਾ ਹਾਂ ਭਈ ਜੇ ਤੁਸੀਂ ਸੁੰਨਤ ਕਰਾਵੋ ਤਾਂ ਮਸੀਹ ਕੋਲੋਂ ਤੁਹਾਨੂੰ ਕੁਝ ਲਾਭ ਨਾ ਹੋਵੇਗਾ।** ਖ਼ਤ ਵਿਚ ''ਸੁੰਨਤ''[5] (*peritomē,* ਪੈਰੀਟੋਮ) ਦਾ ਇਹ ਪਹਿਲਾ ਜ਼ਿਕਰ ਨਹੀਂ ਹੈ; 2:3 ਵਿਚ ਪੌਲਸ ਨੇ ਆਪਣੇ ਗੈਰਕੌਮ ਸਹਿਕਰਮੀ ਤੀਤੁਸ ਦੇ ਸਬੰਧ ਵਿਚ ਇਸ ਵਿਸ਼ੇ ਤੋਂ ਜਾਣੂ ਕਰਵਾਇਆ ਸੀ।

ਗਲਾਤੀਆਂ ਉੱਤੇ ਸੁੰਨਤ ਨੂੰ ਥੋਪੇ ਜਾਣ ਨੂੰ ਪੌਲੁਸ ਸਿਰਫ਼ ਇਸੇ ਲਈ ਅਣਗੌਲਿਆਂ ਨਹੀਂ ਕਰ ਸਕਿਆ ਸੀ ਕਿਉਂ ਜੋ ਇਹ ਪਹਿਲਾਂ ਪਰਮੇਸ਼ੁਰ ਅਤੇ ਅਬਰਾਹਾਮ ਅਤੇ ਉਹਦੀ ਸੰਤਾਨ ਵਿਚਕਾਰ ''ਨੇਮ ਦਾ ਚਿੰਨ'' ਸੀ (ਉਤਪਤ 17:10–13) ਅਤੇ ਬਾਅਦ ਵਿਚ ਇਸ ਨੂੰ ਸੀਨਾ ਪਹਾੜ ਉੱਤੇ ਪੁਰਾਣੇ ਨੇਮ ਵਿਚ ਸ਼ਾਮਿਲ ਕਰ ਲਿਆ ਗਿਆ ਸੀ।[6] ਯਹੂਦੀਆਂ ਲਈ ਇਹ ਐਨਾਂ ਅਹਿਮ ਸੀ ਕਿ ਨਵੇਂ ਨੇਮ ਵਿਚ ਉਨ੍ਹਾਂ ਨੂੰ ਬਾਰ ਬਾਰ ''ਸੁੰਨਤੀ''[7] ਆਖ ਕੇ ਦੁਹਰਾਇਆ ਗਿਆ। ਜੋ ਉਨ੍ਹਾਂ ਨੂੰ ਉਨ੍ਹਾਂ ਗੈਰਕੌਮਾਂ ਨਾਲੋਂ ਜਿਨ੍ਹਾਂ ਨੂੰ ''ਬੇਸੁੰਨਤੇ'' ਆਖਿਆ ਜਾਂਦਾ ਸੀ, ਅੱਡ ਕਰਦਾ ਸੀ[8] (ਗਲਾਤੀਆਂ 2:7–9)।

ਪੌਲੁਸ ਨੇ ਗਲਾਤੀਆਂ ਨੂੰ ਦੱਸਿਆ ਕਿ ਜੇ ਉਹ ਸੁੰਨਤ ਨੂੰ ਮੰਨ ਲੈਂਦੇ ਤਾਂ *[ਉਨ੍ਹਾਂ ਨੂੰ]* ''ਮਸੀਹ ਕੋਲੋਂ ਕੁਝ ਲਾਭ ਨਾ'' ਹੁੰਦਾ। ਉਸ ਨੇ ਸਮਝਾਇਆ ਕਿ ਮਸੀਹੀ ਬਣਨ ਲਈ ਸੁੰਨਤ ਨੂੰ ਜ਼ਰੂਰੀ ਮੰਨਣ

ਵਾਲਾ ਕੋਈ ਵੀ ਆਦਮੀ ਮਸੀਹ ਨਾਲ ਆਪਣਾ ਸਬੰਧ ਅਤੇ ਮਸੀਹ ਵਿਚ ਹੋਣ ਦੇ ਲਾਭਾਂ ਤੋਂ ਆਪਣੇ ਆਪ ਨੂੰ ਵਾਂਝੇ ਕਰ ਰਿਹਾ ਸੀ। ''ਸੁੰਨਤ ਅਤੇ ਪੁਰਾਣੇ ਨੇਮ ਵਿਚਕਾਰ'' ਰਿਸ਼ਤਾ ਐਨਾਂ ਡੂੰਘਾ ਸੀ ਕਿ ਇਸ ਨੂੰ ਮੰਨਣ ਵਾਲੇ ਦਾ ਮਸੀਹ ਨਾਲੋਂ ਰਿਸ਼ਤਾ ਆਪਣੇ ਆਪ ਟੁੱਟ ਜਾਂਦਾ ਸੀ। ਇਹ ਸਿੱਖਿਆ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਦੋਹਾਂ ਨੇਮਾਂ ਨੂੰ ਆਪਸ ਵਿਚ ਰਲਾਇਆ ਜਾਂ ਮਿਲਾਇਆ ਨਹੀਂ ਜਾ ਸਕਦਾ। ਸ਼ਰ੍ਹਾ (ਜਾਂ ਆਪਣੀ ਧਾਰਮਿਕਤਾ ਕਮਾਉਣ ਦਾ ਨਿਯਮ) ਅਤੇ ਯਿਸੂ ਵਿਚ ਕਿਰਪਾ ਦੀ ਖੁਸ਼ਖ਼ਬਰੀ ਵਿੱਚੋਂ ਇਕ ਨੂੰ ਚੁਣਨਾ ਜ਼ਰੂਰੀ ਹੈ।

**ਆਇਤ 3.** ਪੌਲੁਸ ਗਲਤ ਸਮਝੇ ਜਾਣ ਦੀ ਸੰਭਾਵਨਾ ਨੂੰ ਕੱਢ ਦੇਣਾ ਚਾਹੁੰਦਾ ਸੀ ਇਸ ਕਰਕੇ ਉਸ ਨੇ ਆਪ ਬਾਰ ਬਾਰ ਜ਼ੋਰ ਦਿੱਤਾ: **ਸਗੋਂ ਮੈਂ ਹਰੇਕ ਮਨੁੱਖ ਉੱਤੇ ਜਿਹੜਾ ਸੁੰਨਤ ਕਰਾਉਂਦਾ ਹੈ ਫੇਰ ਸਾਖੀ ਭਰਦਾ ਹਾਂ ਜੋ ਉਹ ਸਾਰੀ ਸ਼ਰਾ ਨੂੰ ਪੂਰਿਆਂ ਕਰਨ ਦਾ ਕਰਜਾਈ ਹੈ।** ਅਜਿਹਾ ਹੀ ਦੁਹਰਾਅ 1:9 ਵਿਚ ਮਿਲਦਾ ਹੈ। ਦੋਹਾਂ ਮਾਮਲਿਆਂ ਵਿਚ ਦੁਹਰਾਅ ਇਸ ਗੱਲ ਦਾ ਸੰਕੇਤ ਹੈ ਕਿ ਪੌਲੁਸ ਦਾ ਐਲਾਨ ਕਿਸੇ ਛੋਟੇ ਮੁੱਦੇ ਤੇ ਨਹੀਂ ਸੀ।

ਯਿਸੂ ਨੇ ਆਖਿਆ, ''ਕਿਉਂ ਜੋ ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਜਿੰਨਾ ਚਿਰ ਅਕਾਸ਼ ਅਤੇ ਧਰਤੀ ਟਲ ਨਾ ਜਾਣ ਇਕ ਅੱਖਰ ਯਾ ਇਕ ਬਿੰਦੀ ਵੀ ਤੁਰੇਤ ਦੀ ਨਾ ਟਲੇਗੀ ਜਦ ਤੀਕ ਸਭ ਕੁਝ ਪੂਰਾ ਨਾ ਹੋਵੇ'' (ਮੱਤੀ 5:18)। ਪੁਰਾਣੇ ਨੇਮ ਦੀ ਲਿਖਤ ਮਸੀਹ ਦੀ ਗਵਾਹੀ ਦਿੰਦੀ ਸੀ (ਯੂਹੰਨਾ 5:39)। ਯਿਸੂ ਨੇ ਉਨ੍ਹਾਂ ਨੂੰ ਜਿਹੜੇ ਉਸ ਨੂੰ ਮੰਨਣ ਵਿਚ ਆਨਾਂਕਾਨੀ ਕਰ ਰਹੇ ਸਨ ਪਰ ਮੂਸਾ ਨੂੰ ਮੰਨਣ ਉੱਤੇ ਅੜੇ ਹੋਏ ਸਨ, ਚਿਤਾਵਨੀ ਦਿੱਤੀ, ''ਇਹ ਨਾ ਸਮਝੋ ਭਈ ਮੈਂ ਪਿਤਾ ਦੇ ਕੋਲ ਤੁਹਾਡੇ ਜੁੰਮੇ ਦੋਸ਼ ਲਾਵਾਂਗਾ। ਇਕ ਹੈ ਤੁਹਾਡੇ ਜੁੰਮੇ ਦੋਸ਼ ਲਾਉਣ ਵਾਲਾ ਅਰਥਾਤ ਮੂਸਾ ਜਿਹ ਦੇ ਉੱਤੇ ਤੁਸੀਂ ਆਸ ਰੱਖਦੇ ਹੋ। ਜੇ ਤੁਸੀਂ ਮੂਸਾ ਦੀ ਪਰਤੀਤ ਕਰਦੇ ਤਾਂ ਮੇਰੀ ਵੀ ਪਰਤੀਤ ਕਰਦੇ ਕਿਉਂ ਜੋ ਉਸ ਨੇ ਮੇਰੇ ਹੱਕ ਵਿਚ ਲਿਖਿਆ ਸੀ'' (ਯੂਹੰਨਾ 5:45, 46)।

ਸ਼ਰ੍ਹਾ ਆਪਣੀ ਸਾਰੀ ਗਵਾਹੀ, ਸਿੱਖਿਆ, ਪੇਸ਼ਨਗੋਈ, ਤਸੱਲੀ ਦੇਣ ਵਾਲੀ, ਚਿਤਾਵਨੀ, ਸ਼ਰਤ ਅਤੇ ਦੋਸ਼ ਲਾਉਣ ਵਾਲੀ ਸ਼ਕਤੀ ਨਾਲ ਅੱਜ ਵੀ ਸਾਡੇ ਲਈ ਪੁਰਾਣੇ ਨੇਮ ਦੇ ਹਵਾਲੇ ਅਤੇ ਵਿਆਖਿਆ ਨੂੰ ਸਮਝਾਉਣ ਦਾ ਕੰਮ ਕਰਦੀ ਹੈ। ਪਰ ਪਰਮੇਸ਼ੁਰ ਦੀ ਵਡਿਆਈ ਕਿ ਮਸੀਹੀ ਵਿਅਕਤੀ ਜਿਹੜਾ ਆਤਮਾ ਵਿਚ ਰਹਿੰਦਾ ਹੈ ਹੁਣ ਸ਼ਰ੍ਹਾ ਦੇ ਮਤਹਿਤ ਨਹੀਂ ਹੈ (ਰੋਮੀਆਂ 8:1–4)। ਸਾਨੂੰ ਪੁਰਾਣੇ ''ਨਿਗਾਹਬਾਨ'' (*paidagōgos*, ਪੇਡਾਗੋਗਸ) ਵੱਲੋਂ ਸਿਖਾਏ ਗਏ ਪਾਠ ਅੱਜ ਵੀ ਯਾਦ ਰੱਖਣੇ ਜ਼ਰੂਰੀ ਹਨ; ''ਪਰ ਹੁਣ ਨਿਹਚਾ ਜੋ ਆਈ ਅਸੀਂ ਅਗਾਹਾਂ ਨੂੰ ਨਿਗਾਹਬਾਨ ਦੇ ਮਤਹਿਤ ਨਹੀਂ ਹਾਂ'' (ਗਲਾਤੀਆਂ 3:25)। ਪੌਲੁਸ ਨੇ ਉਨ੍ਹਾਂ ਨੂੰ ਜਿਹੜੇ ਸ਼ਰ੍ਹਾ ਦੇ ਮਤਹਿਤ ਹੋਣਾ ਚਾਹੁੰਦੇ ਸਨ, ਆਖਿਆ ਕਿ ਸੁਣਨ ਸ਼ਰ੍ਹਾ ਦੀ ਆਖਦੀ ਹੈ (4:21)। ਉਸ ਨੇ ਦ੍ਰਿਸ਼ਟਾਂਤ ਦੇ ਕੇ (4:22–30) ਇਹ ਨਿਚੋੜ ਕਢਦਿਆਂ ਕਿ ਮਸੀਹੀ ਆਦਮੀ ਸ਼ਰ੍ਹਾ ਦੀ ਸੰਤਾਨ ਨਹੀਂ ਹੈ (4:31)। ਸ਼ਰ੍ਹਾ ਦੀ ਭੂਮਿਕਾ ਨੂੰ ਸੰਖੇਪ ਵਿਚ ਦੱਸਿਆ ਸੀ: *ਇੱਥੇ ਰਸੂਲ ਨੇ ਇਸ ਨਿਯਮ ਨੂੰ ਲਾਗੂ ਕੀਤਾ ਕਿ ਜੇ ਕੋਈ ਨਿਹਚਾਵਾਨ ਮੁਕਤੀ ਦੀ ਸ਼ਰਤ ਵਜੋਂ ਸੁੰਨਤ ਨੂੰ ਮੰਨ ਕੇ ਸ਼ਰ੍ਹਾ ਦੀ ਸੰਤਾਨ ਵਾਂਗ ਕੰਮ ਕਰਨ ਦੀ ਜ਼ਿਦ ਕਰੇ ਤਾਂ ਉਹ ਉਸ ਮੁਕਤੀ ਨੂੰ ਜਿਹੜੀ ਨਿਹਚਾ ਦੇ ਰਾਹੀਂ ਕਿਰਪਾ ਨਾਲ ਉਸ ਨੂੰ ਮੰਨਣ ਵਾਲੇ ਜਿਸ ਨੂੰ ਮਸੀਹ ਨੇ ਨਿਹਚਾ ਦੇ ਰਾਹੀਂ ਸਭ ਲੋਕਾਂ ਲਈ ਮੁਹੱਈਆ ਕਰਵਾਇਆ, ਗੁਆ ਦੇਣਾ ਸੀ।*

ਪੁਰਾਣਾ ਨੇਮ ਵੀ ਨਵੇਂ ਨੇਮ ਦੇ ਆਉਣ ਦੀ ਗਵਾਹੀ ਦਿੰਦਾ ਸੀ। ਸਭ ਤੋਂ ਮਸ਼ਹੂਰ ਹਵਾਲਾ ਸ਼ਾਇਦ ਯਿਰਮਿਯਾਹ 31:31–34 ਜਿੱਥੇ ਖ਼ੁਦਾ ਨੇ ਵਾਅਦਾ ਕੀਤਾ ਕਿ ''ਨਵਾਂ ਨੇਮ ਉਸ ਨੇਮ ਵਾਂਗੂ ਨਹੀਂ ਹੋਵੇਗਾ ਜਿਹੜਾਂ *[ਮੈਂ]* ਉਨ੍ਹਾਂ ਦੇ ਪਿਉ ਦਾਦਿਆਂ ਨਾਲ ਬੰਨ੍ਹਿਆ ... ਕਿਉਂ ਜੋ ਮੈਂ ਉਨ੍ਹਾਂ ਦੀ ਬਦੀ ਨੂੰ ਮਾਫ਼ ਕਰਾਂਗਾ ਅਤੇ ਉਨ੍ਹਾਂ ਦੇ ਪਾਪ ਫੇਰ ਚੇਤੇ ਨਾ ਕਰਾਂਗਾ।'' ਪੌਲੁਸ ਨੇ ਖ਼ੁਦਾ ਦੇ ਉਸ ਨੂੰ ਅਤੇ ਹੋਰਨਾਂ ਰਸੂਲਾਂ ਨੂੰ ''ਨਵੇਂ ਨੇਮ ਦੇ ਸੇਵਕ ਹੋਣ ਦੇ ਜੋਗ'' ਹੋਣ ਦਾ ਦਾਅਵਾ ਕੀਤਾ। ''ਲਿਖਤ

ਦੇ ਸੇਵਕ ਨਹੀਂ ਸਗੋਂ ਆਤਮਾ ਦੇ ਕਿਉਂ ਜੋ ਲਿਖਤ ਮਾਰ ਸੁੱਟਦੀ ਪਰ ਆਤਮਾ ਜਿਵਾਲਦਾ ਹੈ'' (2 ਕੁਰਿੰਥੀਆਂ 3:6)। ਮੂਸਾ ਨੂੰ ਪੁਰਾਣੇ ਨੇਮ ਦਾ ਸੇਵਕ ਅਤੇ ਵਿਚੋਲਾ ਮੰਨਿਆ ਜਾਂਦਾ ਸੀ ਜੋ ਨਾ ਤਾਂ ਮਾਫ਼ੀ ਅਤੇ ਨਾ ਪਵਿੱਤਰ ਆਤਮਾ ਦੇ ਸਕਦਾ ਸੀ। ਇਸ ਦੇ ਉਲਟ ਇਹ ''ਮੌਤ ਦੀ ਸੇਵਕਾਈ'' ਅਤੇ ''ਦੋਸ਼ੀ ਠਹਿਰਾਉਣ ਦੀ ਸੇਵਕਾਈ'' ਸੀ (2 ਕੁਰਿੰਥੀਆਂ 3:7–9)। ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਲਿਖਿਆ, ''ਅਣਹੋਣਾ ਹੈ ਭਈ ਵਹਿੜਕਿਆਂ ਅਤੇ ਬੱਕਰਿਆਂ ਦਾ ਲਹੂ ਪਾਪਾਂ ਨੂੰ ਲੈ ਜਾਵੇ'' (ਇਬਰਾਨੀਆਂ 10:4)।

ਨਵੇਂ ਨੇਮ ਦੀ ਆਉਣ ਦੀ ਯਿਰਮਿਯਾਹ ਦੀ ਨਬੂਵਤ ਨੂੰ ਦੁਹਰਾਉਣ ਦੇ ਬਾਅਦ ਇਬਰਾਨੀਆਂ ਦੇ ਲੇਖਕ ਨੇ ਕਿਹਾ ਕਿ ਪਰਮੇਸ਼ੁਰ ਨੇ ''ਪਹਿਲੇ ਨੂੰ ਪੁਰਾਣਾ ਠਹਿਰਾਇਆ'' ਅਤੇ ਅੱਗੇ ਆਖਿਆ ਕਿ ''ਜੋ ਕੁਝ ਪੁਰਾਣਾ ਹੋਇਆ ਅਤੇ ਚਿਰ ਕਾਲ ਦਾ ਹੈ ਉਹ ਅਲੋਪ ਹੋਣ ਦੇ ਨੇੜੇ ਹੈ'' (ਇਬਰਾਨੀਆਂ 8:13)। ਪੁਰਾਣੇ ਨੇਮ ਨੇ ਆਪਣੇ ਲੋਕਾਂ ਭਾਵ ਰੂਹਾਨੀ ਇਸਰਾਏਲ ਲਈ ਖ਼ੁਦਾ ਦੀ ਇੱਛਾ ਨਾਲ ਹਟਾਏ ਜਾ ਕੇ ਆਪਣੇ ਹੀ ਹਟਾਏ ਜਾਣ ਦੀ ਗਵਾਹੀ ਦਿੱਤੀ। ਇਹ ਲੋਕ ਯਿਸੂ ਦੇ ਲਹੂ ਦੀ ਖ਼ੂਬੀ ਦੇ ਰਾਹੀਂ ਮਾਫ਼ੀ ਅਤੇ ਕਿਰਪਾ ਦੇ ਨਵੇਂ ਨੇਮ ਦੀ ਸੰਤਾਨ ਛੱਡ ਹੋਰ ਕੁਝ ਨਹੀਂ ਸਨ (ਇਬਰਾਨੀਆਂ 10:9, 10)। ਮਸੀਹੀ ਆਦਮੀ ਲਈ ਮਹੱਤਵ ਰੂਹਾਨੀ ਸੁੰਨਤ ਦਾ ਭਾਵ ਦਿਲ ਦੀ ਸੁੰਨਤ ਦਾ ਹੈ (ਰੋਮੀਆਂ 2:28, 29), ਜੋ ਕਿ ਬਪਤਿਸਮਾ ਲੈਣ ਵੇਲੇ ਹੁੰਦੀ ਹੈ (ਕੁਲੁੱਸੀਆਂ 2:9–13)। ਨਿਹਚਾ ਦੇ ਇਸ ਅਧੀਨ ਹੋਣ ਦੇ ਕੰਮ ਵਿਚ ਮਨਬਦਲੀ ਕਰਨ ਵਾਲਾ ਆਦਮੀ ਉਸ ਕਿਰਪਾ ਨੂੰ ਕਬੂਲ ਕਰਦਾ ਹੈ ਜਿਸ ਨੂੰ ਪਰਮੇਸ਼ੁਰ ਪਾਪਾਂ ਦੀ ਮਾਫੀ ਅਤੇ ਆਤਮਾ ਦੇ ਵਾਸ ਦੇ ਦਾਨ ਦੇ ਰਾਹੀਂ ਦਿੰਦਾ ਹੈ (ਰਸੂਲਾਂ ਦੇ ਕਰਤੱਬ 2:38; 22:16)।

**ਆਇਤ 4.** ਰਸੂਲ ਨੇ ਗਲਾਤੀਆਂ ਨੂੰ ਤੁਸੀਂ **ਜੋ ਸ਼ਰਾ ਨਾਲ ਧਰਮੀ ਬਣਨਾ ਚਾਹੁੰਦੇ** ਸਨ, ਗੰਭੀਰ ਨਤੀਜੇ ਭੁਗਤਨ ਦੀ ਚੇਤਾਵਨੀ ਦਿੱਤੀ। ਪਹਿਲਾਂ ਉਸ ਨੇ ਕਿਹਾ, ਮਸੀਹ ਤੋਂ ਅੱਡ ਹੋ ਗਏ ਹੋ। ਅਨੁਵਾਦਕਾਂ ਨੂੰ ਇਹ ਸਮਝਣ ਵਿਚ ਦਿੱਕਤ ਆਉਂਦੀ ਹੈ ਕਿ ਕਿਰਿਆ ਸ਼ਬਦ (*katargeō*, ਕੇਟਾਰਜੀਓ) ਦਾ ਬੇਹਤਰ ਅਨੁਵਾਦ ਕੀ ਹੋਵੇਗਾ। NASB ਵਿਚ ਜਿੱਥੇ ''ਕੱਟ ਦਿੱਤਾ'' ਸ਼ਬਦ ਹੈ ਉੱਥੇ ਹੀ ਹੋਰਨਾਂ ਅਨੁਵਾਦਾਂ ਵਿਚ ''ਆਪਣੇ ਆਪ ਨੂੰ ਕਟ ਦਿਓ'' (NRSV), ''ਦੂਰ ਕੀਤੇ ਗਏ'' (NIV) ਅਤੇ ''ਹਟਾਏ ਗਏ'' (NKJV)। ਇਨ੍ਹਾਂ ਅਨੁਵਾਦਾਂ ਵਿਚ ਸ਼ਬਦ ਦਾ ਬੁਨਿਆਦੀ ਅਰਥ ਮਿਲਦਾ ਹੈ ਪਰ ਇਹ ਇਸਦੇ ਸ਼ਬਦੀ ਅਰਥਾਂ ਅਤੇ ਵੱਖੋ ਵੱਖ ਸੰਦਰਭਾਂ ਵਿਚ ਇਸ ਦੀ ਵਰਤੋਂ ਦੇ ਤਰੀਕੇ ਤੇ ਵਿਚਾਰ ਕਰਨ ਲਈ ਲਾਭਦਾਇਕ ਹੈ। ਵਾਲਟਰ ਬਾਉਰ ਦੇ ਲੈਕਸਿਕਨ ਵਿਚ ਇਹ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ:

1. ਕਿਸੇ ਚੀਜ਼ ਨੂੰ ਨਿਹਫਲ ਬਣਾਉਣਾ, ਕੰਮ ਵਿਚ ਲਿਆਉਣਾ, ਖ਼ਤਮ ਕਰਨਾ, ਜਿਵੇਂ ਰੁੱਖ ਜ਼ਮੀਨ ਦੇ ਸਾਧਨਾਂ ਨੂੰ ''ਕੰਮ ਵਿਚ ਲਿਆਉਂਦਾ'' ਹੈ (ਲੂਕਾ 13:7);
2. ਕਿਸੇ ਚੀਜ਼ ਦੀ ਸ਼ਕਤੀ ਤੋਂ ਇਸ ਦੀ ਸ਼ਕਤੀ ਜਾਂ ਪ੍ਰਭਾਵ ਖ਼ਤਮ ਕਰਾਉਣਾ ਜਾਂ ਬੇਕਾਰ ਕਰਨਾ, ਜਿਵੇਂ ਸ਼ਰ੍ਹਾ ਅਬਰਾਹਾਮ ਨਾਲ ਕੀਤੇ ਗਏ ਪਰਮੇਸ਼ੁਰ ਦੇ ਵਾਅਦੇ ਨੂੰ ''ਅਕਾਰਥ'' ਨਹੀਂ ਕਰ ਸਕੀ (ਗਲਾਤੀਆਂ 3:17);
3. ਕਿਸੇ ਦਾ ਵਜੂਦ ਮਿਟਾਉਣਾ, ਖ਼ਤਮ ਕਰਨਾ, ਮਿਟਾ ਦੇਣਾ, ਰੱਦ ਕਰਨਾ, ਜਿਵੇਂ ਪੌਲੁਸ ਨੇ ਵੱਡਾ ਹੋਣ ਤੇ ਆਪਣੇ ਬਚਪਨ ਦੀਆਂ ਆਦਤਾਂ ਛੱਡ ਦਿੱਤੀਆਂ (1 ਕੁਰਿੰਥੀਆਂ 13:11);
4. ਕਿਸੇ ਨੂੰ ਉਸ ਦੀ ਜ਼ਿੰਮੇਵਾਰੀ ਤੋਂ ਛੁਡਾਓਣਾ (ਉਸ ਦਾ ਹੁਣ ਉਸ ਨਾਲ ਕੋਈ ਸਬੰਧ ਨਹੀਂ), (ਜਾਂ ਕਰਮਵਾਚ ਵਿਚ) ਮੁਕਤ ਕਰਾਉਣ ਲਈ ਛੁਡਾਵਾਉਣਾ। ਪਤੀ ਦੀ ਮੌਤ ਹੋਣ ਤੇ ਔਰਤ ਉਹਦੇ ਨਾਲ ਵਿਆਹ ਦੇ ਬੰਧਨ ਤੋਂ ਛੁਟ ਜਾਂਦੀ ਹੈ। ਮਸੀਹੀ ਲੋਕ ਸ਼ਰ੍ਹਾ ਤੋਂ ''ਛੁਟ

ਗਏ'' ਹਨ (ਰੋਮੀਆਂ 7:2, 6)।[9]

ਕਿਸੇ ਦੂਜੇ ਨਾਲ ''ਸਬੰਧ'' ਨਾਲ ਛੁਟਣ ਦੇ ਵਿਚਾਰ ਦੇ ਸਬੰਧ ਵਿਚ ਪੌਲੁਸ ਨੇ ਆਖਿਆ, ''ਇਸ ਲਈ ਜੋ ਮੈਂ ਸ਼ਰਾ ਹੀ ਦੇ ਕਾਰਨ ਸ਼ਰਾ ਦੀ ਵੱਲੋਂ ਮੋਇਆ ਭਈ ਪਰਮੇਸ਼ੁਰ ਲਈ ਜੀਉਂਦਾ ਰਹਾਂ'' (2:19)। ਇਸ ਦਾ ਮਤਲਬ ਇਹ ਨਹੀਂ ਹੈ ਕਿ ਪੌਲੁਸ ਮਸੀਹ ਵੱਲ ਮੁੜਨ ਤੇ ਖ਼ਤਮ ਹੋ ਗਿਆ ਸੀ। ਬਲਕਿ ਇਹ ਹੈ ਕਿ ਉਹ ਸ਼ਰ੍ਹਾ ਦੇ ਬੰਧਨ ਤੋਂ, ਭਾਵ ਗੁਲਾਮ ਬਨਾਉਣ ਵਾਲੇ ਸਬੰਧ ਤੋਂ ਜਿਸ ਨੇ ਉਸ ਦੇ ਵਿਹਾਰ ਅਤੇ ਕੰਮਾਂ ਤੋਂ ਬੰਨ੍ਹ ਰੱਖਿਆ ਸੀ, ਮੁਕਤ ਹੋ ਗਿਆ ਸੀ। ਬਾਈਬਲ ਵਿਚ ''ਮੌਤ'' ਦਾ ਮਤਲਬ ਵਜੂਦ ਦਾ ਮਿਟ ਜਾਣਾ ਨਹੀਂ ਬਲਕਿ ਇਹਦਾ ਮਤਲਬ ਸਬੰਧ ਦਾ ਖ਼ਤਮ ਹੋਣਾ ਹੈ।

ਯੂਨਾਨੀ ਵਿਚ ''ਅੱਡ ਹੋ ਗਏ'' ਕਿਰਿਆ ਦਾ ਪੂਰਣਕਾਲ ਅੱਡ ਹੋਣ ਦੀ ਹਾਲਤ ਨੂੰ ਦਰਸਾਉਂਦਾ ਹੈ ਜੋ ਇਕ ਅਜਿਹੀ ਹਾਲਤ ਹੈ ਜਿਸ ਵਿਚ ਕੋਈ ਪੂਰੀ ਤਰ੍ਹਾਂ ਨਾਲ ਗੁਆਚ ਜਾਂਦਾ ਹੈ। NCV ਵਿਚ ਭਾਵੇਂ ਲਿਖਤ ਦਾ ਸ਼ਬਦੀ ਅਨੁਵਾਦ ਨਹੀਂ ਹੈ ਪਰ ਇਨ੍ਹਾਂ ਸ਼ਬਦਾਂ ਵਿਚ ਸੰਦੇਸ਼ ਦਾ ਸਾਰ ਹੈ: ''ਜੇ ਤੁਸੀਂ ਸ਼ਰ੍ਹਾ ਦੇ ਰਾਹੀਂ ਪਰਮੇਸ਼ੁਰ ਨਾਲ ਸਹੀ ਹੋਣ ਦੀ ਕੋਸ਼ਿਸ਼ ਕਰਦੇ ਹੋ ਤਾਂ ਮਸੀਹ ਨਾਲੋਂ ਤੁਹਾਡਾ ਜੀਵਨ ਖ਼ਤਮ ਹੈ।''

ਇਸ ਨਤੀਜੇ ਦੇ ਸਬੰਧ ਵਿਚ ਪੌਲੁਸ ਨੇ ਐਲਾਨ ਕੀਤਾ ਕਿ **ਤੁਸੀਂ ਕਿਰਪਾ ਤੋਂ ਡਿੱਗ ਗਏ ਹੋ।** ''ਡਿੱਗ ਗਏ ਹੋ'' ਯੂਨਾਨੀ ਕਿਰਿਆ ਸ਼ਬਦ (*ekpiptō*, ਐਕਪਿਪਟੋ) ਤੋਂ ਲਿਆ ਗਿਆ ਹੈ ਜਿਸ ਦਾ ਸ਼ਬਦੀ ਅਨੁਵਾਦ ਕਿਸੇ ਥਾਂ ਤੋਂ ''ਡਿੱਗ'' ਜਾਣਾ ਹੈ।[10] ਇਸ ਦੀ ਵਰਤੋਂ ਪਰਤੀਕ ਦੇ ਰੂਪ ਵਿਚ ਚੰਗੀ ਹਾਲਤ ਤੋਂ ਬੁਰੀ ਹਾਲਤ ਵਿਚ ਭਾਵ ''ਗੁਆਚਣ'' ਵਿਚ ਬਦਲਣ ਲਈ ਕੀਤੀ ਜਾਂਦੀ ਹੈ।[11] ਰਸੂਲ ਨੇ ਆਖਿਆ ਕਿ ਜੋ ਕੋਈ ਆਪਣੇ ਆਪ ਨੂੰ ਸ਼ਰ੍ਹਾ ਦੇ ਰਾਹੀਂ ਧਰਮੀ ਠਹਿਰਾਉਣ ਦੀ ਕੋਸ਼ਿਸ਼ ਕਰਦਾ ਹੈ ਉਹ ''ਕਿਰਪਾ ਤੋਂ ਡਿੱਗ ਗਿਆ'' ਗੁਆਚੇ ਹੋਣ ਦੀ ਹਾਲਤ ਵਿਚ ਹੈ। ਆਖ਼ਰ ਮੁਕਤੀ ਤਾਂ ਕਿਰਪਾ ਦੇ ਰਾਹੀਂ ਹੀ ਸੰਭਵ ਹੈ।[12]

ਜੇ ਕੋਈ ''ਇਕ ਵਾਰ ਬਚਾਇਆ ਗਿਆ ਤਾਂ ਹਮੇਸ਼ਾ ਲਈ ਬਚਾਇਆ ਗਿਆ'' (ਜਾਂ ''ਬੇਦੀਨੀ ਨਾ ਹੋ ਸਕਣਾ'') ਝੂਠੀ ਸਿੱਖਿਆ ਦਾ ਸਮਰਥਣ ਕਰਦਾ ਹੈ ਉਹ ਇਹ ਤਰਕ ਦੇ ਸਕਦਾ ਹੈ ਕਿ ਪਹਿਲੀ ਗੱਲ ਕਿ ਅਜਿਹੇ ਲੋਕ ਕਦੇ ਬਚਾਏ ਹੀ ਨਹੀਂ ਗਏ। ਪਰ ਜੇ ਕੋਈ ਕਦੇ ਕਿਰਪਾ ਵਿਚ ਨਹੀਂ ਸੀ ਤਾਂ ਉਹ ਕਿਰਪਾ ਵਿਚ ਡਿੱਗ ਹੀ ਨਹੀਂ ਸਕਦਾ। ਇਹ ਭਾਸ਼ਾ ਇਸ ਗੱਲ ਦਾ ਸੰਕੇਤ ਦਿੰਦੀ ਹੈ ਕਿ ਕੋਈ ਬਚਾਇਆ ਗਿਆ ਹੋ ਸਕਦਾ ਹੈ ਅਤੇ ਹੋ ਸਕਦਾ ਹੈ ਕਿ ਬਾਅਦ ਵਿਚ ਉਹ ਆਪਣੇ ਬਚਾਏ ਹੋਏ ਹੋਣ ਦੀ ਹਾਲਤ ਨੂੰ ਗੁਆ ਬੈਠੇ।

ਅਸਲ ਵਿਚ ਨਵੇਂ ਨੇਮ ਵਿਚ ਮਸੀਹੀ ਲੋਕਾਂ ਨੂੰ ਬੇਦੀਨੀ ਦੇ ਖ਼ਤਰੇ ਦੀਆਂ ਕਈ ਚੇਤਾਵਨੀਆਂ ਦਿੱਤੀਆਂ ਗਈਆਂ ਹਨ। ਪਤਰਸ ਨੇ ਆਪਣੇ ਪਾਠਕਾਂ ਨੂੰ ਸਮਝਾਇਆ ਕਿ ''ਚੌਕਸ ਰਹੋ ਭਈ ਕਿਤੇ ਨਾ ਹੋਵੇ ਜੋ ਦੁਸ਼ਟਾਂ ਦੀ ਭੁੱਲ ਨਾਲ ਭਰਮ ਕੇ ਆਪਣੀ ਦ੍ਰਿੜ੍ਹਤਾ ਤੋਂ ਡਿੱਗ ਪਓ *[ekpiptō]*'' (2 ਪਤਰਸ 3:17)। ਯਹੂਦਾ ਨੇ ਉਨ੍ਹਾਂ ਬਾਰੇ ਲਿਖਿਆ ਜਿਹੜੇ ''ਸਾਡੇ ਪਰਮੇਸ਼ੁਰ ਦੀ ਕਿਰਪਾ ਨੂੰ ਉਲਟਾ ਕਰਕੇ ਲੁਚਪੁਣੇ ਵੱਲ ਲਾ ਲੈਂਦੇ ਹਨ'' ਅਤੇ ਪਾਠਕਾਂ ਨੂੰ ਯਾਦ ਦੁਆਇਆ ਕਿ ''ਪ੍ਰਭੂ ਨੇ ਲੋਕਾਂ ਨੂੰ ਮਿਸਰ ਦੇਸ਼ ਵਿੱਚੋਂ ਬਚਾ ਕੇ ਪਿੱਛੋਂ ਉਨ੍ਹਾਂ ਦਾ ਜਿਨ੍ਹਾਂ ਪ੍ਰਤੀਤ ਨਾ ਕੀਤੀ ਨਾਸ ਕੀਤਾ'' (ਯਹੂਦਾਹ 4, 5)। ਇਹ ਇਕ ਤੱਥ ਹੈ ਕਿ ਕੋਈ ਬਚਾਇਆ ਗਿਆ ਹੋ ਸਕਦਾ ਹੈ ਅਤੇ ਪਵਿੱਤਰ ਆਤਮਾ ਦਾ ਸਾਂਝੀ ਬਣ ਜਾਣ ਦੇ ਬਾਵਜੂਦ, ਉਹ ਪਰਮੇਸ਼ੁਰ ਦੀ ਕਿਰਪਾ ਤੋਂ ਵਾਂਝਾ ਹੋ ਸਕਦਾ ਹੈ ਜਿਸ ਤੋਂ ਉਹ ਨੂੰ ''ਫੇਰ ਨਵੇਂ ਸਿਰਿਉਂ ਤੌਬਾ ਕਰਵਾਉਣੀ ਅਣਹੋਣੀ ਹੈ'' (ਇਬਰਾਨੀਆਂ 6:4–6)।

**ਆਇਤ 5.** ਸ਼ਰ੍ਹਾ, ਸੁੰਨਤ, ਅਜ਼ਾਦੀ ਅਤੇ ਗੁਲਾਮੀ ਦੀ ਚਰਚਾ ਕਰਦਿਆਂ ਪੌਲੁਸ ਨੇ ਪਵਿੱਤਰ ਆਤਮਾ ਦੇ ਵਿਸ਼ੇ ਨੂੰ ਚੁੱਕ ਲਿਆ। ਪਿਛਲੇ ਦੋ ਅਧਿਆਇ ਵਿਚ ਸਾਨੂੰ ਪਵਿੱਤਰ ਆਤਮਾ ਦੇ ਕਈ ਹਵਾਲੇ

ਮਿਲਦੇ ਹਨ।[13] ਉਸ ਨੇ ਆਖਿਆ, **ਅਸੀਂ ਤਾਂ ਆਤਮਾ ਦੇ ਕਾਰਨ ਨਿਹਚਾ ਨਾਲ ਧਰਮ ਦੀ ਆਸਾ ਦੀ ਉਡੀਕ ਕਰਦੇ ਹਾਂ।** ਯੂਨਾਨੀ ਲਿਖਤ ਵਿਚ ਪੜਨਾਉਂ ਸ਼ਬਦ ''ਅਸੀਂ'' (*hēmeis,*) ਬਿਲਕੁਲ ਸਾਫ਼ ਹੈ। ਪੌਲੁਸ ਆਪਣੇ ਆਪ ਨੂੰ ਅਤੇ ਹੋਰਨਾਂ ਵਫ਼ਾਦਾਰ ਮਸੀਹੀਆਂ ਨੂੰ ਉਨ੍ਹਾਂ ਬੇਵਿਸ਼ਵਾਸਿਆਂ ਨਾਲੋਂ ਅੱਡ ਕਰ ਰਿਹਾ ਸੀ ਜਿਹੜੇ ਸ਼ਰ੍ਹਾ ਨੂੰ ਮੰਨ ਕੇ ਧਾਰਮਿਕਤਾ ਨੂੰ ਪਾਉਣ ਦੀ ਉਮੀਦ ਕਰ ਰਹੇ ਸਨ। ਉਹ ਕੁਝ ਇਉਂ ਆਖ ਰਿਹਾ ਸੀ: ''ਕਿਉਂ ਜੋ ਵਿਸ਼ਵਾਸੀ ਚੇਲਿਆਂ ਦੇ ਰੂਪ ਵਿਚ *ਅਸੀਂ* ਉਸ ਧਾਰਕਿਤਾ ਦੀ ਉਡੀਕ ਤਾਂਗ ਨਾਲ ਕਰ ਰਹੇ ਹਾਂ ਜਿਸ ਦੀ ਸਾਨੂੰ ਆਤਮਾ ਦੇ ਰਾਹੀਂ ਨਿਹਚਾ ਦੇ ਅਧਾਰ ਤੇ ਨਿਹਚਾ ਦੇ ਰਾਹੀਂ ਪਾਉਣ ਦੀ ਉਮੀਦ ਹੈ ਨਾ ਕਿ ਸ਼ਰ੍ਹਾ ਦੇ ਅਧਾਰ ਤੇ।''

ਵਾਕ ਵਿਚ ਪਹਿਲਾਂ ਇਨ੍ਹਾਂ ਉੱਤੇ ਜ਼ੋਰ ਦੇਣ ਲਈ ''ਆਤਮਾ ਦੇ ਕਾਰਣ'' ਅਤੇ ''ਨਿਹਚਾ ਨਾਲ'' ਵਾਕ ਅੰਸ਼ ਮਿਲਦੇ ਹਨ। ਇਹ ਇਸ ਗੱਲ ਦਾ ਸੁਝਾਅ ਦਿੰਦਾ ਹੈ ਕਿ ਗਲਾਤੀਆਂ ਦੇ ਨਾਂਅ ਖ਼ਤ ਵਿਚ ਦੋਵੇਂ ਇਜ਼ਹਾਰ ਆਪਣੇ ਉਲਟ ਸ਼ਬਦਾਂ ਤੋਂ ਬਿਲਕੁਲ ਅੱਡ ਹਨ।[14] ''ਆਤਮਾ ਦੇ ਕਾਰਣ'' ਅਤੇ ''ਨਿਹਚਾ ਨਾਲ'' ਅਤੇ ''ਸਰੀਰ ਦੇ ਅਨੁਸਾਰ'' (ਜੋ ਸਰੀਰਕ ਕੋਸ਼ਿਸ਼ ਨਾਲ ਪਾਇਆ ਜਾ ਸਕਦਾ ਹੈ) ਅਤੇ ''ਸ਼ਰ੍ਹਾ ਦੇ ਕੰਮਾਂ ਤੋਂ'' ਵਿਚ ਫ਼ਰਕ ਹੈ।[15]

''ਆਤਮਾ ਦੇ ਕਾਰਣ'' ਵਾਕਅੰਸ਼ ਤੋਂ ਪੌਲੁਸ ਦਾ ਕੀ ਭਾਵ ਸੀ? ਭਲਾ ਉਹ ਆਤਮਾ ਦੇ ਰੂਪ ਵਿਚ ਦਿੱਤੀ ਗਈ ਦਾਨ ਦੀ ਧਾਰਮਿਕਤਾ ਦੀ ਗੱਲ ਕਰ ਰਿਹਾ ਸੀ? ਭਲਾ ਉਹ ਆਤਮਾ ਦੀ ਸਮਰੱਥਾ ਦੇ ਵਾਸ ਦੀ ਗੱਲ ਕਰ ਰਿਹਾ ਸੀ। ਭਲਾ ਮਸੀਹੀ ਸ਼ਕਤੀ ਦੇਣ ਲਈ ਆਤਮਾ ਵੱਲ ਇਸ਼ਾਰਾ ਕਰ ਰਿਹਾ ਸੀ? ਇਸ ਵਾਕਅੰਸ਼ ਵਿਚ ਇਹ ਦੋਵੇਂ ਵਿਚਾਰ ਹੋ ਸਕਦੇ ਹਨ। ਬਲਕਿ ਇਸ ਨਾਲੋਂ ਵੀ ਵਧਕੇ ਹੋ ਸਕਦਾ ਹੈ ਕਿ ਪੌਲੁਸ ਸਿਰਫ਼ ਮਨੁੱਖੀ ਪ੍ਰਾਪਤੀ ਦੇ ਅਧਾਰ ਤੇ ਕਿਸੇ ਵੀ ਤਰ੍ਹਾਂ ਦੀ ਧਾਰਮਿਕਤਾ ਨੂੰ ਖ਼ਾਰਿਜ ਕਰ ਰਿਹਾ ਹੋਵੇ। ਆਖ਼ਰ ਇਕ ਹੋਰ ਥਾਂ ਉਸ ਨੇ ਆਖਿਆ ਹੈ ਕਿ ''ਪਰਮੇਸ਼ੁਰ ਹੀ ਹੈ ਜਿਹੜਾ ਤੁਹਾਡੇ ਵਿਚ ਮਨਸ਼ਾ ਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ'' (ਫ਼ਿਲਿੱਪੀਆਂ 2:13)। ਕਿਉਂ ਜੋ ''ਧਰਮ,'' ''ਪਵਿੱਤਰਤਾਈ'' ਅਤੇ ''ਨਿਸਤਾਰਾ'' ਮਸੀਹ ਦੇ ਰਾਹੀਂ ਪਰਮੇਸ਼ੁਰ ਵੱਲੋਂ ਮਿਲਦਾ ਹੈ, ਇਸ ਕਰਕੇ ਮਸੀਹੀ ਆਦਮੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਵਿਚ ਨਹੀਂ ਬਲਕਿ ਪ੍ਰਭੂ ਵਿਚ ਅਭਿਮਾਨ ਕਰੇ (1 ਕੁਰਿੰਥੀਆਂ 1:30, 31; NKJV)।

ਆਇਤ 5 ਦਾ ਆਖ਼ਰੀ ਭਾਗ ਇਹ ਦੱਸਦਾ ਹੈ ਕਿ ਵਫ਼ਾਦਾਰ ਮਸੀਹੀ ਲੋਕ ''ਧਰਮ ਦੀ ਆਸਾ ਦੀ ਉਡੀਕ ਕਰਦੇ'' ਹੈ। ਯੂਨਾਨੀ ਕਿਰਿਆ ਸ਼ਬਦ *apekdechomai* (ਅਪੇਕਡੇਕੋਮੇ) ਦਾ ਅਰਥ ਹੈ ''ਤਾਂਘ ਨਾਲ ਉਡੀਕ ਕਰਨਾ'' (NIV; REB )। NCV ਵਿਚ ਕਿਹਾ ਗਿਆ ਹੈ ਕਿ ''ਅਸੀਂ ਇਸ ਆਸ ਦੀ ਉਡੀਕ ਤਾਂਘ ਨਾਲ ਕਰਦੇ ਹਾਂ।'' ਪੌਲੁਸ ਨੇ ਜਦ ''ਆਸ'' ਕਿਹਾ ਤਾਂ ਉਸ ਦੇ ਕਹਿਣ ਤੋਂ ਭਾਵ ਅੰਤਰਮੁਖੀ ਅਰਥ ਵਿਚ ਭਾਵ ਸਾਡੀ ਭਾਵਨਾ ਨੂੰ ਜਗਾਉਣ ਵਾਲੀ ਸਾਡੇ ਮਨਾਂ ਦੇ ਅੰਦਰ ਆਸ ਨਹੀਂ ਸੀ। ਇਸ ਤੋਂ ਉਲਟ ਆਸ ਤੋਂ ਉਹਦਾ ਭਾਵ ਬਾਹਰਮੁਖੀ ਪੱਖ ਦੀ ਜਿਸ ਦੀ ਉਮੀਦ ਕੀਤੀ ਜਾਂਦੀ ਹੈ। ਉਹ ਸਾਡੀ ਆਸ ਦੀ ਚੀਜ਼ ਦੀ ਗੱਲ ਕਰ ਰਿਹਾ ਸੀ, ਜੋ ਇੱਥੇ ''ਧਰਮ'' ਹੈ, ਭਾਵ ਨਜ਼ਰ ਆਉਣ ਵਾਲੀ ਧਾਰਮਿਕਤਾ ਹੈ।

ਆਸ ਦੇ ਅੰਤਰਮੁਖੀ ਅਰਥ ਵਿਚ ਸਾਨੂੰ ਇਸ ਦੀ ਉਡੀਕ ਕਰਨ ਦੀ ਲੋੜ ਨਹੀਂ ਹੈ, ਕਿਉਂ ਜੋ ਸਾਨੂੰ ਹੁਣ ਆਸ ਮਿਲੀ ਹੋਈ ਹੈ। ਅਸੀਂ ਹੁਣ ਵੀ ਥੋਪੀ ਗਈ ਧਾਰਮਿਕਤਾ ਦਾ ਦਾਅਵਾ ਕਰ ਸਕਦੇ ਹਾਂ। ਇਸ ਨੂੰ ਅਸੀਂ ਪਰਮੇਸ਼ੁਰ ਦੇ ਵਾਅਦਿਆਂ ਵਿਚ ਯਕੀਨ ਕਰਕੇ ਵਿਸ਼ਵਾਸ ਦੇ ਰਾਹੀਂ ਮੰਨਦੇ ਹਾਂ। ਪੌਲੁਸ ਨੇ ਰੋਮੀਆਂ ਨੂੰ ਲਿਖਿਆ:

> ''ਕਿਉਂਕਿ ਜਿਨ੍ਹਾਂ ਨੂੰ ਉਹ ਨੇ ਪਹਿਲਾਂ ਤੋਂ ਜਾਣਿਆ ਸੀ ਉਸ ਨੇ ਉਨ੍ਹਾਂ ਨੂੰ ਅੱਗਿਓਂ ਠਹਿਰਾਇਆ ਭਈ ਉਹ ਦੇ ਪੁੱਤਰ ਦੇ ਸਰੂਪ ਉੱਤੇ ਬਣਨ ਭਈ ਉਹ ਬਹੁਤੇ ਭਰਾਵਾਂ ਵਿੱਚੋਂ ਜੇਠਾ ਹੋਵੇ। ਅਤੇ

> ਜਿਨ੍ਹਾਂ ਨੂੰ ਉਹ ਨੇ ਅੱਗਿਓਂ ਠਹਿਰਾਇਆ ਉਸ ਨੇ ਉਨ੍ਹਾਂ ਨੂੰ ਸੱਦਿਆ ਵੀ ਅਤੇ ਜਿਨ੍ਹਾਂ ਨੂੰ ਉਸ ਨੇ ਸੱਦਿਆ ਉਨ੍ਹਾਂ ਨੂੰ ਧਰਮੀ ਵੀ ਠਹਿਰਾਇਆ ਅਤੇ ਜਿਨ੍ਹਾਂ ਨੂੰ ਉਸ ਨੇ ਧਰਮੀ ਠਹਿਰਾਇਆ ਉਨ੍ਹਾਂ ਨੂੰ ਵਡਿਆਈ ਵੀ ਦਿੱਤੀ'' (ਰੋਮੀਆਂ 8:29, 30)।

ਬੇਸ਼ੱਕ ਸਾਨੂੰ ਅਜੇ ਡਿਆਈ ਪਾਉਣਾ ਨਜ਼ਰ ਨਹੀਂ ਆ ਸਕਦਾ; ਪਰ ਸਾਡੇ ਅਨਾਦੀ ਪਰਮੇਸ਼ੁਰ ਦੇ ਮਨ ਵਿਚ ਉਹ ਪਹਿਲਾਂ ਤੋਂ ਹੀ ਇਕ ਹਕੀਕਤ ਹੈ। ਜੇ ਅਸੀਂ ਉਸ ਵਿਚ ਭਰੋਸਾ ਰਖਦੇ ਹਾਂ ਤਾਂ ਭਾਵੇਂ ਅਸੀਂ ਇਸ ਨੂੰ ਆਪਣੀਆਂ ਨੰਗੀਆਂ ਅੱਖਾਂ ਨਾਲ ਨਹੀਂ ਵੇਖ ਸਕਦੇ ਪਰ ਫਿਰ ਵੀ ਇਹ ਆਖ਼ਰੀ ਸਚਿਆਈ ਹੈ ਜਿਸ ਦੀ ਉਡੀਕ ਅਸੀਂ ''ਨਿਹਚਾ ਨਾਲ'' ਕਰਦੇ ਹਾਂ। ਸਾਨੂੰ ਭਵਿੱਖ ਵਿਚ ਮਿਲਣ ਵਾਲੀ ਵਡਿਆਈ ਓਨੀ ਹੀ ਸੱਚ ਹੈ ਜਿੰਨੀ ਸਾਡੀ ਪਰਮੇਸ਼ੁਰ ਵੱਲੋਂ ਕਹੀ ਗਈ ਸਾਡੀ ਵਰਤਮਾਨ ਧਾਰਮਿਕਤਾ।

**ਆਇਤ 6.** ਪੌਲੁਸ ਨੇ ਇਸ ਆਇਤ ਦਾ ਆਰੰਭ **ਮਸੀਹ ਯਿਸੂ ਵਿਚ** ਵਾਕਖੰਡ ਨਾਲ ਕੀਤਾ। ਗਲਾਤੀਆਂ ਦੇ ਸੰਦਰਭ ਵਿਚ ਅਤੇ ਪੌਲੁਸ ਦੇ ਹੋਰਨਾਂ ਖ਼ਤਾਂ ਵਿਚ ''ਮਸੀਹ ਵਿਚ'' ਦਾ ਅਰਥ ''ਮਸੀਹ ਦੀ ਹਕੂਮਤ ਵਿਚ'' ਸੀ। ਸ਼ਰ੍ਹਾ ਦੀ ਥਾਂ ਨਿਹਚਾ ਦੇ ਰਾਹੀਂ ਕਿਰਪਾ ਦੀ ਖੁਸ਼ਖ਼ਬਰੀ ਨੇ ਲੈ ਲਈ ਹੈ ਇਸ ਕਰਕੇ ਪਹਿਲੇ ਨੇਮ ਨਾਲ ਸਬੰਧਿਤ ਭਿਨਤਾਵਾਂ ਖ਼ਤਮ ਹੋ ਗਈਆਂ ਹਨ। ਖ਼ੁਦਾ ਦੇ ਸਾਹਮਣੇ ਨਸਲੀ ਅਤੇ ਮਾਲੀ ਹਾਲਤ ਵਿਚ ਫ਼ਰਕ ਦਾ ਕੋਈ ਮਹੱਤਵ ਨਹੀਂ ਹੈ (3:23–29)। ਅਫ਼ਸੀਆਂ 1:3–14 ਵਿਚ ''ਮਸੀਹ ਵਿਚ,'' ''ਉਸ ਵਿਚ'' ਅਤੇ ''ਪਿਆਰੇ ਵਿਚ'' ਸ਼ਬਦ ਵਾਰ ਵਾਰ ਆਉਂਦੇ ਹਨ। ਅਫ਼ਸੀਆਂ 1:3 ਵਿਚ ਕਿਹਾ ਗਿਆ ਹੈ ਕਿ ਪਰਮੇਸ਼ੁਰ ''ਨੇ *ਮਸੀਹ ਵਿਚ* ਸੁਰਗੀ ਥਾਂਵਾਂ ਵਿਚ ਸਭ ਪ੍ਰਕਾਰ ਦੀਆਂ ਆਤਮਿਕ ਬਰਕਤਾਂ ਨਾਲ ਸਾਨੂੰ ਬਰਕਤ ਦਿੱਤੀ''; ਅਤੇ ਅਫ਼ਸੀਆਂ 1:10 ਕਹਿੰਦਾ ਹੈ ਕਿ ਪਰਮੇਸ਼ੁਰ ਨੇ ''ਸਭਨਾਂ ਨੂੰ ਜੋ ਸੁਰਗ ਵਿਚ ਅਤੇ ਜੋ ਧਰਤੀ ਉੱਤੇ ਹਨ *ਮਸੀਹ ਵਿਚ* ਇਕੱਠਾ'' ਕਰ ਦਿੱਤਾ ਹੈ। ਪੌਲੁਸ ਦੇ ਕਹਿਣ ਦਾ ਮਤਲਬ ਸਾਫ਼ ਹੈ। ਸਾਰੀਆਂ ਰੂਹਾਨੀ ਬਰਕਤਾਂ ''ਮਸੀਹ ਵਿਚ'' ਭਾਵ ਉਹਦੀ ਦੇਹ ਵਿਚ ਪਾਈਆਂ ਜਾਂਦੀਆਂ ਹਨ ਜੋ ਕਿ ਉਸ ਦੀ ਕਲੀਸੀਆ ਹੈ (ਅਫ਼ਸੀਆਂ 1:22, 23)।

ਪੌਲੁਸ ਨੇ ਸਮਝਾਇਆ ਕਿ ''ਮਸੀਹ ਯਿਸੂ ਵਿਚ'' **ਨਾ ਤਾਂ ਸੁੰਨਤ, ਨਾ ਹੀ ਅਸੁੰਨਤ ਤੋਂ ਕੁਝ ਬਣਦਾ ਹੈ।** ''ਕੁਝ ਬਣਦਾ ਹੈ'' ਦਾ ਅਨੁਵਾਦ *ischuō* (ਇਸਕੁਓ) ਤੋਂ ਹੋਇਆ ਹੈ ਜੋ ਕਿ ਇਕ ਤਕਨੀਕੀ ਕਾਨੂੰਨੀ ਸ਼ਬਦ ਸੀ ਜਿਸ ਦਾ ਅਰਥ ਹੈ ''ਜਾਇਜ਼ ਹੋਣਾ'' ਜਾਂ ''ਲਾਗੂ ਹੋਣਾ।''[16] NIV ਵਿਚ ਇਸ ਸ਼ਬਦ ਦਾ ਅਨੁਵਾਦ ''ਕੋਈ ਅਹਿਮੀਅਤ ਹੈ'' ਹੈ। ਪੌਲੁਸ ਇਹ ਕਹਿ ਰਿਹਾ ਸੀ ਕਿ ਮਸੀਹ ਵਿਚ ਜ਼ਿੰਦਗੀ ਦੇ ਰੂਹਾਨੀ ਜਹਾਜ਼ ਦੇ ਸਬੰਧ ਵਿਚ ਗਲਾਤੀਆਂ ਲਈ ''ਸੁੰਨਤ'' ਅਤੇ ''ਅਸੁੰਨਤ'' ਦਾ ਕੋਈ ਮਤਲਬ ਨਹੀਂ ਹੈ।

''ਸੁੰਨਤ'' ਅਤੇ ''ਅਸੁੰਨਤ'' ਤੋਂ ਪੌਲੁਸ ਦਾ ਭਾਵ ਆਮ ਤੌਰ ਤੇ ਮਾਸ ਕੱਟੇ ਜਾਣ ਨਾਲੋਂ ਕਿਤੇ ਵਧਕੇ ਹੁੰਦਾ ਸੀ। ਦੋਹਾਂ ਸ਼ਬਦਾਂ ਨੂੰ ਆਮ ਤੌਰ ਤੇ ਦੋ ਤਰ੍ਹਾਂ ਦੇ ਲੋਕਾਂ ਲਈ ਵਰਤਿਆ ਜਾਂਦਾ ਸੀ ਜਿਨ੍ਹਾਂ ਦੀ ਪਛਾਣ ਇਸ ਰਸਮ ਨੂੰ ਮੰਨਣ ਜਾਂ ਨਾ ਮੰਨਣ ਨਾਲ ਹੁੰਦੀ ਸੀ ਭਾਵ ਯਹੂਦੀਆਂ ਅਤੇ ਗੈਰ। ਪਰ ਇਸ ਸੰਦਰਭ ਵਿਚ ਉਹ ਰਸਮ ਦੀ ਹੀ ਗੱਲ ਕਰ ਰਿਹਾ ਸੀ। ਪੌਲੁਸ ਇਸ ਮੁੱਦੇ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ ਸੀ। ਉਸ ਨੇ ਤੀਤੁਸ (ਜੋ ਇਕ ਗੈਰਕੌਮ ਸੀ) ਦੇ ਮਾਮਲੇ ਵਿਚ ਇਸ ਰਸਮ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ, ''ਭਈ ਖੁਸ਼ਖ਼ਬਰੀ ਦੀ ਸਚਿਆਈ *[ਭਾਈਆਂ]* ਕੋਲ ਬਣੀ ਰਹੇ'' (2:5)। ਮਸੀਹੀ ਵਿਅਕਤੀ ਲਈ ਸੁੰਨਤ ਦੀ ਕੋਈ ਕੀਮਤ ਨਹੀਂ ਹੈ। ਜਦ ਪੌਲੁਸ ਨੇ ਤਿਮੋਥਿਉਸ ਨੂੰ (ਜੋ ਕਿ ਇਕ ਯਹੂਦੀ ਸੀ) ਆਪਣੀ ਸੰਗਤੀ ਵਿਚ ਲਿਆਂਦਾ ਤਾਂ ਉਸ ਨੂੰ ਇਹ ਗੱਲ ਮੰਨਣ ਯੋਗ ਲੱਗੀ ਕਿ ਉਸ ਦੀ ਸੁੰਨਤ ਕੀਤੀ ਜਾਵੇ। ਪਰ ਸਿਰਫ਼ ਉਨ੍ਹਾਂ ਯਹੂਦੀਆਂ ਵੱਲੋਂ ਸਵੀਕਾਰੇ ਜਾਣ ਲਈ ਜਿਨ੍ਹਾਂ ਨੂੰ ਉਹ ਮਸੀਹ ਲਈ ਜਿੱਤਣ ਦੀ ਕੋਸ਼ਿਸ਼ ਕਰ ਰਿਹਾ ਸੀ (ਰਸੂਲਾਂ ਦੇ ਕਰਤੱਬ 16:1–3)।

ਇਸ ਕੰਮ ਵਿਚ ਪਿਆਰ ਭਰਿਆ ਵਿਚਾਰ ਇੰਜੀਲ ਦਾ ਸਾਰ ਸੀ। ਉਸ ਦੇ ਬਿਲਕੁਲ ਉਲਟ ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਸਨ। ਜਿਹੜੇ ਸਿਖਾ ਰਹੇ ਸਨ ਕਿ ਬਚਾਏ ਜਾਣ ਲਈ ਸੁੰਨਤ ਦੀ ਸ਼ਰਤ ਨੂੰ ਜ਼ਰੂਰੀ ਮੰਨਿਆ ਜਾਏ। ਪੌਲੁਸ ਦੇ ਗਲਾਤੀਆਂ ਦੇ ਨਾਂਅ ਖ਼ਤ ਲਿਖਣ ਦਾ ਇਹੀ ਕਾਰਣ ਸੀ। ਸ਼ਰ੍ਹਾ ਦੇ ਤਹਿਤ ਬੇਸ਼ੱਕ ਸੁੰਨਤ ਜ਼ਰੂਰੀ ਸੀ, ਪਰ ਹੁਣ ਮੁਕਤੀ ਦੀ ਸ਼ਰਤ ਦੇ ਰੂਪ ਵਿਚ ਇਸ ਨੂੰ ਨਹੀਂ ਵਿਖਾਇਆ ਜਾ ਸਕਦਾ (5:1–4)। ਇਹ ਪਿਛਲੀ ਵਿਵਸਥਾ ਦਾ ਹਿੱਸਾ ਸੀ। ਇੰਜੀਲੀ ਯੁੱਗ ਵਿਚ ਇਹ ਮਸੀਹ ਵਿਚ ਰੂਹਾਨੀ ਜੀਵਨ ਤੋਂ ਬਾਹਰ ਸੀ।[17]

ਸੁੰਨਤ ਦੀ ਥਾਂ ਪਰਮੇਸ਼ੁਰ ਮਸੀਹੀ ਲੋਕਾਂ ਤੋਂ **ਨਿਹਚਾ ਤੋਂ ਜਿਹੜੀ ਪ੍ਰੇਮ ਦੇ ਰਾਹੀਂ ਗੁਣਕਾਰ ਹੁੰਦੀ ਹੈ** ਹੀ ਚਾਹੁੰਦਾ ਹੈ। ''ਨਿਹਚਾ'' (*pistis*, ਪਿਸਟਿਸ) ਸ਼ਬਦ ਦੇ ਕਈ ਅਰਥ ਹਨ, ਜੋ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਉਹਦੀ ਵਰਤੋਂ ਕਿਸ ਸੰਦਰਭ ਵਿਚ ਹੋਈ ਹੈ।

*ਇਹ ਸਹੀ ਜਾਂ ਤੱਥ ਦੇ ਰੂਪ ਵਿਚ ਕਿਸੇ ਚੀਜ਼ ਨੂੰ ਮਨ ਵਿਚ ਕਬੂਲਣਾ ਹੋ ਸਕਦਾ ਹੈ*। ਇਹ ਕਬੂਲੇ ਜਾਣ ਵਾਲੀ ਚੀਜ਼ ਭਾਵੇਂ ਪਸੰਦ ਹੋਵੇ (ਜਿਵੇਂ ਮਸੀਹੀ ਵਿਅਕਤੀ ਦੀ ਆਸ ਭਰੀ ਨਿਹਚਾ; ਇਬਰਾਨੀਆਂ 11:1) ਜਾਂ ਨਾਪਸੰਦ (ਜਿਵੇਂ ਕੰਬਦੀਆਂ ਹੋਈਆਂ ਬਦਰੂਹਾਂ ਦੀ ਡਰੀ ਹੋਈ ਨਿਹਚਾ; ਯਾਕੂਬ 2:19)। ਦੋਵੇਂ ਹੀ ਉਦਾਹਰਣਾਂ ਅੰਤਰਮੁਖੀ ਯਕੀਨ ਨੂੰ ਵਿਖਾਉਂਦੀਆਂ ਹਨ।

*ਨਿਹਚਾ ਅਜਿਹੇ ਵਿਸ਼ਵਾਸ (ਜਾਂ ਬਦਲਵੇਂ ਰੂਪ ਵਿਚ ਵਫ਼ਾਦਾਰੀ) ਨੂੰ ਕਿਹਾ ਜਾ ਸਕਦਾ ਹੈ, ਜਿਵੇਂ ਕਿ (pistis Christou, ਪਿਸਟਿਸ ਕ੍ਰਿਸਟੋਸ) ਵਰਗੇ ਯੂਨਾਨੀ ਇਜ਼ਹਾਰਾਂ ਵਿਚ ਮਿਲਦਾ ਹੈ।* ਸੰਦਰਭ ਤੇ ਨਿਰਭਰ ਕਰਦਾ ਹੈ, ਇਸ ਵਾਕਅੰਸ਼ ਦਾ ਅਰਥ ''ਮਸੀਹ ਦੀ ਵਫ਼ਾਦਾਰੀ'' ਜਾਂ ਵਿਸ਼ਵਾਸੀ ਦੀ ''ਮਸੀਹ ਵਿਚ ਨਿਹਚਾ'' ਕਿਸੇ ਲਈ ਵੀ ਹੋ ਸਦਾ ਹੈ (ਵੇਖੋ 2:16; 3:22; ਰੋਮੀਆਂ 3:26)।

*ਇਸ ਸ਼ਬਦ ਦਾ ਅਰਥ ਕਈ ਵਾਰ ''ਉਸ ਨਿਹਚਾ'' ਲਈ ਭਾਵ ਉਹਦੇ ਲਈ ਹੁੰਦਾ ਹੈ ਜਿਹੜਾ ਮਸੀਹੀ ਲੋਕਾਂ ਦਾ ਵਿਸ਼ਵਾਸ ਹੈ।* ਇਸ ਇਸਤੇਮਾਲ ਵਿਚ ''ਨਿਹਚਾ'' ਉਸ ਸਭ ਦਾ ਪ੍ਰਕਾਸ਼ ਜਾਂ ਮੁਕਾਸ਼ਫ਼ਾ ਹੈ ਜੋ ਇੰਜੀਲ ਦੇ ਮੁਕਤੀ ਦੁਆਉਣ ਵਾਲੇ ਸੰਦੇਸ਼ ਵਿਚ ਮਿਲਦਾ ਹੈ। ਇਸ ਦਾ ਅਰਥ ਇੰਜੀਲ ਵਿਚ ਕੀ ਹੈ, ਜਿਵੇਂ ਕਿ ਯਹੂਦਾ ਦੀ ਤਾੜਨਾ ਵਿਚ ਹੈ ਕਿ ''ਓਸ ਨਿਹਚਾ ਦੇ ਲਈ ਜਿਹੜੀ ਇੱਕੋ ਹੀ ਵਾਰ ਸੰਤਾਂ ਨੂੰ ਸੌਂਪੀ ਗਈ ਸੀ ਜਤਨ ਕਰੋ'' (ਯਹੂਦਾ 3)।[18]

5:6 ਵਿਚ ''ਨਿਹਚਾ'' ਵਿਸ਼ਵਾਸੀ ਦੇ ਪੱਕੇ ਵਿਰਸੇ ਜਾਂ ਯਕੀਨ ਦਾ ਉਹੀ ਅੰਤਰਮੁਖੀ ਗੁਣ ਹੈ। ਭਾਵੇਂ ਇਸ ਵਿਚ ਆਸ ਦਾ ਤੱਤ ਹੈ (ਜਿਵੇਂ ਇਬਰਾਨੀਆਂ 11:1 ਵਿਚ) ਫਿਰ ਵੀ ਜਦ ਤਕ ਇਹ ਅਮਲ ਵਿਚ ਨਹੀਂ ਆਉਂਦਾ ਤਦ ਤਕ ਇਹ ਵਰਤਮਾਨ ਯੁੱਗ ਜਾਂ ਆਉਣ ਵਾਲੇ ਜਗਤ ਲਈ ਕਿਸੇ ਕੰਮ ਦਾ ਨਹੀਂ ਹੋਵੇਗਾ। ਇਹ ਨਿਹਚਾ ''ਕੰਮ ਕਰਨ ਵਾਲੀ'' ਨਿਹਚਾ ਭਾਵ ''ਪ੍ਰੇਮ ਦੇ ਰਾਹੀਂ ਆਪਣੇ ਆਪ ਨੂੰ ਵਿਖਾਉਣ ਵਾਲੀ'' (NIV) ਹੋਣੀ ਜ਼ਰੂਰੀ ਹੈ। ''ਗੁਣਕਾਰੀ ਹੁੰਦੀ ਹੈ'' ਯੂਨਾਨੀ ਸ਼ਬਦ *energeō* ( ਏਨਰਜਿਓ) ਤੋਂ ਲਿਆ ਗਿਆ ਹੈ। ਇਸ ਸ਼ਬਦ ਦਾ ਮਤਲਬ ਇਸ ਗੱਲ ਨਾਲ ਨਹੀਂ ਹੈ ਕਿ ਇਹ ਕਿੱਥੋਂ ਨਿੱਕਲਿਆ ਹੈ ਬਲਕਿ ਇਹ ''ਊਰਜਾ'' ਅਤੇ ''ਊਰਜਾ ਦੇਣਾ'' ਲਈ ਅੰਗ੍ਰੇਜ਼ੀ ਸ਼ਬਦਾਂ (*energy* ਅਤੇ *energize*) ਦੀ ਧਾਰਣਾ ਨਾਲ ਜੁੜਿਆ ਹੈ। ਭਾਸ਼ਾ ਯਾਕੂਬ ਦੀ ਗੱਲ ਨੂੰ ਯਾਦ ਦੁਆਉਂਦੀ ਹੈ ਕਿ ''ਅਮਲਾਂ ਬਾਜੋਂ ਨਿਹਚਾ ਮੁਰਦਾ ਹੈ'' (ਯਾਕੂਬ 2:26)। ਉਸ ਨੇ ਚਿਤਾਵਨੀ ਦਿੱਤੀ, ''ਪਰ ਵਚਨ ਉੱਤੇ ਅਮਲ ਕਰਨ ਵਾਲੇ ਹੋਵੋ ਅਤੇ ਆਪਣੇ ਆਪ ਨੂੰ ਧੋਖਾ ਦੇ ਕੇ ਨਿਰੇ ਸੁਣਨ ਵਾਲੇ ਹੀ ਨਾ ਹੋਵੋ'' (ਯਾਕੂਬ 1:22)। 2 ਪਤਰਸ 1:5–11 ਵਾਲੇ ਗੁਣਾਂ ਨੂੰ ਰੂਹਾਨੀ ਤਰੱਕੀ ਅਤੇ ਵਿਕਾਸ ਦੇ ਸਭ ਤੋਂ ਬੁਨਿਆਦੀ ਤੌਂ ਲੈ ਕੇ ਸਭ ਤੋਂ ਪਰਿਪੱਕ ਚਰਣਾਂ ਵਿਚ ਸਿਲਸਿਲੇਵਾਰ ਢੰਗ ਨਾਲ ਵਿਖਾਇਆ ਗਿਆ ਹੈ।

ਮਸੀਹੀ ਵਿਅਕਤੀ ਦੀ ਨਿਹਚਾ ਸਰਗਰਮ ਬਣੀ ਰਹਿਣੀ ਜ਼ਰੂਰੀ ਹੈ। ਪਰਮੇਸ਼ੁਰ ਦੇ ਸਾਹਮਣੇ ਜਿਸ ਗੱਲ ਦਾ ਮਹੱਤਵ ਹੈ ਉਹ ''ਨਿਹਚਾ ਜਿਹੜੀ ਪ੍ਰੇਮ ਦੇ ਰਾਹੀਂ ਗੁਣਕਾਰ ਹੁੰਦੀ ਹੈ'' ਹੀ ਹੈ।

ਯਿਸੂ ਇਸ ਤੱਥ ਉੱਤੇ ਬਿਲਕੁਲ ਸਪੱਸ਼ਟ ਸੀ ਕਿ ਪ੍ਰੇਮ ਅਤੇ ਉਸ ਦੇ ਹੁਕਮ ਨੂੰ ਮੰਨਣ ਨੂੰ ਅੱਡ ਨਹੀਂ ਕੀਤਾ ਜਾ ਸਕਦਾ (ਯੂਹੰਨਾ 14:15–24; 15:10–17)। ਭਲਿਆਈ ਕਰਨ ਲਈ ਕਈ ਇਰਾਦੇ ਇਹਦੇ ਕਰਨ ਵਾਲੇ ਲਈ ਇਹਦੀ ਅਹਿਮੀਅਤ ਨੂੰ ਨਕਾਰਾ ਬਣਾ ਸਕਦੇ ਹਨ। ਮੁਕਾਬਲਾ ਕਰਨ ਦੀ ਸੋਚ, ਆਪਣੀ ਵਡਿਆਈ ਕਰਵਾਉਣ ਦੀ ਇੱਛਾ, ਆਪਣੇ ਆਪ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਜਾਂ ਕਿਸੇ ਹੋਰ ਨੂੰ ਪਰੇਸ਼ਾਨ ਕਰਨ ਦੀ ਇੱਛਾ (ਫ਼ਿਲਿੱਪੀਆਂ 1:15–18) । ਇਹਦੇ ਕਰਨ ਵਾਲੇ ਲਈ ਕਿਸੇ ਵੀ ਭਲਿਆਈ ਨੂੰ ਨਕਾਰਾ ਕਰ ਦਵੇਗੀ। ਇਸ ਸੱਚਿਆਈ ਨੂੰ ਪੌਲੁਸ ਨੇ ਬੜੀ ਚੰਗੀ ਤਰ੍ਹਾਂ ਸਮਝਾਇਆ ਸੀ, ਜਿਸ ਨੇ ਐਲਾਨ ਕੀਤਾ, ''ਅਤੇ ਭਾਵੇਂ ਮੈਂ ਆਪਣਾ ਸਾਰਾ ਮਾਲ ਖੁਆਉਣ ਲਈ ਪੁੰਨ ਕਰ ਦਿਆਂ ਅਤੇ ਭਾਵੇਂ ਮੈਂ ਆਪਣਾ ਸਰੀਰ ਸੜਨ ਲਈ ਦੇ ਦਿਆਂ ਪਰ ਪ੍ਰੇਮ ਨਾ ਰੱਖਾਂ, ਤਾਂ ਕੁਝ ਲਾਭ ਨਹੀਂ'' (1 ਕੁਰਿੰਥੀਆਂ 13:3)।

''ਨਿਹਚਾ ਜਿਹੜੀ ਪ੍ਰੇਮ ਦੇ ਰਾਹੀਂ ਗੁਣਕਾਰ ਹੁੰਦੀ ਹੈ'' ਵਾਕ ਦਾ ਅਰਥ ਇਹ ਕਹਿਣਾ ਸੀ ਕਿ ਉਹ ਨਿਹਚਾ ਜਿਹੜੀ ਆਦਮੀ ਨੂੰ ਪ੍ਰੇਮ ਨਾਲ ਕੰਮ ਕਰਨ ਲਈ ਉਕਸਾਉਂਦੀ ਜਾਂ ਸ਼ਕਤੀ ਦਿੰਦੀ ਹੈ। ਅਜਿਹੇ ਕੰਮਾਂ ਤੋਂ ਨਿਹਚਾ ਦਾ ਪਤਾ ਲਗਦਾ ਹੈ ਜਿਸ ਕਰਕੇ ਇਹ ਸਪੱਸ਼ਟ ਹੈ ਕਿ ਰਸੂਲ ਅਜਿਹੇ ਹੀ ਪ੍ਰੇਮ ਦੀ ਗੱਲ ਕਰ ਰਿਹਾ ਸੀ ਜਿਸ ਨੂੰ *agapē* (ਅਗਾਪੇ) ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਇਹ ਉਹ ਪ੍ਰੇਰਣਾਦਾਇਕ ਸ਼ਕਤੀ ਹੈ ਜਿਹੜੀ ਮਸੀਹੀ ਆਦਮੀ ਦੀ ਨਿਹਚਾ ਵਿੱਚੋਂ ਨਿਕਲਦੀ ਹੈ ਅਤੇ ਭਗਤੀ ਭਰੀ ਜ਼ਿੰਦਗੀ ਜੀਣ ਦਾ ਕਾਰਣ ਬਣਦੀ ਹੈ। ਅਸੀਂ ਪ੍ਰੇਮ ਕਰਨਾ ਪਰਮੇਸ਼ੁਰ ਤੋਂ ਸਿੱਖਿਆ ਹੈ ਜਿਸ ਨੇ ਮਨੁੱਖ ਜਾਤੀ ਲਈ ਆਪਣੇ ਵੱਡੇ ਪ੍ਰੇਮ ਨੂੰ ਗੁਲਗੁਤਾ ਦੀ ਸਲੀਬ ਉੱਤੇ ਪ੍ਰੇਮ ਦੇ ਸਭ ਤੋਂ ਵੱਡੇ ਮੁਜ਼ਾਹਰੇ ਦੇ ਰਾਹੀਂ ਆਪਣੇ ਪ੍ਰੇਮ ਨੂੰ ਵਿਖਾ ਕੇ ਸਾਡੇ ਦਿਲਾਂ ਨੂੰ ਛੂਹ ਲਿਆ ਹੈ। ਉਸ ਨੇ ਸਾਨੂੰ ਪ੍ਰੇਮ ਕਰਨਾ ਸਿਖਾਇਆ ਹੈ ਅਤੇ ਪ੍ਰੇਮ ਕਰਨ ਦੇ ਯੋਗ ਬਣਾਇਆ ਹੈ। ਯੂਹੰਨਾ ਨੇ ਲਿਖਿਆ, ''ਇਸ ਤੋਂ ਅਸਾਂ ਪ੍ਰੇਮ ਨੂੰ ਜਾਤਾ ਭਈ ਉਹ ਨੇ ਸਾਡੇ ਲਈ ਆਪਣੀ ਜਾਨ ਦੇ ਦਿੱਤੀ ਅਤੇ ਚਾਹੀਦਾ ਹੈ ਜੋ ਅਸੀਂ ਭਰਾਵਾਂ ਲਈ ਆਪਣੀਆਂ ਜਾਨਾਂ ਦੇਈਏ'' (1 ਯੂਹੰਨਾ 3:16; NKJV)। ਉਸ ਨੇ ਇਹ ਸ਼ਬਦ ਵੀ ਲਿਖੇ ਹਨ: ''ਪ੍ਰੇਮ ਇਸ ਗੱਲ ਵਿਚ ਹੈ, ਨਾ ਜੋ ਅਸਾਂ ਪਰਮੇਸ਼ੁਰ ਨਾਲ ਪ੍ਰੇਮ ਕੀਤਾ ਸਗੋਂ ਇਹ ਜੋ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਪੁੱਤਰ ਨੂੰ ਘੱਲਿਆ ਭਈ ਉਹ ਸਾਡੇ ਪਾਪਾਂ ਦਾ ਪਰਾਸਚਿੱਤ ਹੋਵੇ'' (1 ਯੂਹੰਨਾ 4:10); ''ਅਸੀਂ ਪ੍ਰੇਮ ਕਰਦੇ ਹਾਂ ਇਸ ਲਈ ਜੋ ਪਹਿਲਾਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ'' (1 ਯੂਹੰਨਾ 4:19)। ਇਨ੍ਹਾਂ ਸਭ ਹਵਾਲਿਆਂ ਵਿਚ ਨਾਉਂ ਸ਼ਬਦ *agapē* (ਅਗਾਪੇ) ਅਤੇ ਜਾਂ ਉਹਦੇ ਵਰਗਾ ਕਿਰਿਆ ਸ਼ਬਦ *agapaō* (ਅਗਾਪਾਓ) ਵਰਤਿਆ ਗਿਆ ਹੈ। ਇਨ੍ਹਾਂ ਦੋਹਾਂ ਸ਼ਬਦਾਂ ਦੀ ਪੰਜਾਬੀ ਧਾਰਣਾ ਇਕ ਆਦਮੀ ਵੱਲੋਂ ਜਿਸ ਵੱਲ ਇਸ ਨੂੰ ਕੀਤਾ ਗਿਆ ਹੈ, ਪਰੋਪਕਾਰੀ ਕੰਮ ਕਰਨਾ ਹੈ।

### ਗਲਾਤੀਆਂ ਦੀ ਗਲਤੀ (5:7-9)

**7ਤੁਸੀਂ ਤਾਂ ਚੰਗੀ ਤਰਾਂ ਦੌੜਦੇ ਸਾਓ। ਕਿਹ ਨੇ ਤੁਹਾਨੂੰ ਡੱਕ ਦਿੱਤਾ ਭਈ ਤੁਸੀਂ ਸਚਿਆਈ ਨੂੰ ਨਾ ਮੰਨੋ?**
**8ਇਹ ਖਚਰ ਵਿਦਿਆ ਤੁਹਾਡੇ ਸੱਦਣ ਵਾਲੇ ਦੀ ਵੱਲੋਂ ਨਹੀਂ। 9ਥੋੜਾ ਜਿਹਾ ਖਮੀਰ ਸਾਰੀ ਤੌਣ ਨੂੰ**
**ਖਮੀਰਿਆਂ ਕਰ ਦਿੰਦਾ ਹੈ।**

ਯਹੂਦੀ ਮਸੀਹੀਆਂ ਨੂੰ ਪੁਰਾਣੀ ਸ਼ਰ੍ਹਾ ਦੇ ਬੋਝ ਤੋਂ ਛੁਡਾਇਆ ਗਿਆ ਜਿਸ ਕਰਕੇ ਪੌਲੁਸ ਨੇ ਆਪਣੇ ਪਾਠਕਾਂ ਨੂੰ ਬੇਨਤੀ ਕੀਤੀ ਕਿ ਉਹ ਇਸ ਨਾਲ ਆਪਣੇ ਆਪ ਨੂੰ ਨਾ ਮੰਨਣ।

**ਆਇਤ 7. ਤੁਸੀਂ ਤਾਂ ਚੰਗੀ ਤਰ੍ਹਾਂ ਦੌੜਦੇ ਸਾਓ** ਦਾ ਕਥਨ ਗਲਾਤੀਆਂ ਦੀ ਰੂਹਾਨੀ ਦੌੜ ਦੇ ਸ਼ੁਰੂ

ਤੇ ਪੌਲੁਸ ਦੀ ਵਿਆਖਿਆ ਹੈ (ਵੇਖੋ 4:9, 15)। ਉਹ ਆਮ ਤੌਰ ਤੇ ਵਫ਼ਾਦਾਰੀ ਅਤੇ ਮਜ਼ਬੂਤੀ ਲਈ ਮਸੀਹੀ ਲੋਕਾਂ ਨੂੰ ਪ੍ਰੇਰਿਤ ਕਰਨ ਲਈ ਖੇਡਾਂ ਦੀਆਂ ਉਪਮਾਵਾਂ ਦੀ ਵਰਤੋਂ ਕਰਦਾ ਸੀ। ਉਹ ਯੂਨਾਨੀ ਸੱਭਿਆਚਾਰ ਦੀ ਪਛਾਣ ਖੇਡਾਂ ਦੇ ਮੁਕਾਬਲਿਆਂ ਲਈ ਉਨ੍ਹਾਂ ਦੀ ਦਿਲਚਸਪੀ ਤੋਂ ਚੰਗੀ ਤਰ੍ਹਾਂ ਵਾਕਫ਼ ਸੀ। ਚਾਰ ਵੱਡੀਆਂ ਅਖਿਲ ਯੂਨਾਨੀ ਖੇਡਾਂ ਓਲੰਪੀਆ, ਡੈਲਫੀ, ਇਥਮੀਆ ਅਤੇ ਨਿਮੀਆ ਵਿਚ ਲਗਾਤਾਰ ਕਰਵਾਈਆਂ ਜਾਂਦੀਆਂ ਸਨ। ਇਸ ਤੋਂ ਇਲਾਵਾ ਅਥੇਨੇ ਵਿਚ ਮਸ਼ਹੂਰ ਸਾਲਾਨਾ ਅਖਿਲ ਅਥੇਨੇ ਅਤੇ ਯੂਨਾਨ ਦੇ ਆਲੇ ਦੁਆਲੇ ਦੇ ਹੋਰ ਸ਼ਹਿਰਾਂ ਦੀ ਯੂਨਾਨੀ ਸੱਭਿਅਤਾ ਦਾ ਹਿੱਸਾ ਸਨ।

ਅਜਿਹੇ ਮੌਕਿਆਂ ਨਾਲ ਪੌਲੁਸ ਨੂੰ ਮਾਲੀ ਤੌਰ ਤੇ ਆਪਣੀ ਮਦਦ ਜੁਟਾਉਣ ਲਈ ਮੌਕੇ ਲਭ ਜਾਂਦੇ ਹੋਣਗੇ। ਦੂਜੀ ਮਿਸ਼ਨਰੀ ਯਾਤਰਾ ਦੌਰਾਨ ਕੁਰਿੰਥੁਸ ਵਿਚ ਰਹਿਣ ਦੌਰਾਨ ਉਸ ਨੂੰ ਚਮੜੇ ਦਾ ਕੰਮ ਕਰਨ ਵਾਲੇ ਦਾ ਕੰਮ ਮਿਲ ਗਿਆ,[19] ਜੋ ਸ਼ਾਇਦ ਤੰਬੂ ਬਣਾਉਣ ਦਾ ਕੰਮ ਸੀ (*skēnopoios*, ਕੇਨੋਕੋਇਯੋਸ, ਰਸੂਲਾਂ ਦੇ ਕਰਤੱਬ 18:1–3)। ਉਸ ਦਾ ਸਮਾਨ ਉਨ੍ਹਾਂ ਲੋਕਾਂ ਵਿਚ ਵੇਖਿਆ ਜਾਂਦਾ ਹੋਵੇਗਾ ਜਿਹੜੇ ਨੇੜੇ ਦੀਆਂ ਇਸਥਮਿਆਂ ਖੇਡਾਂ ਵਿਚ ਭਾਗ ਲੈਣ ਜਾਂ ਉਨ੍ਹਾਂ ਨੂੰ ਵੇਖਣ ਲਈ ਆਉਂਦੇ ਸਨ, ਜਿਨ੍ਹਾਂ ਦੀ ਪ੍ਰਧਾਨਗੀ ਕੁਰਿੰਥੁਸ ਦੇ ਹੱਥ ਸੀ। ਉੱਥੇ ਕੰਮ ਕਰਦਿਆਂ ਜੋ ਸ਼ਾਇਦ ਬਜ਼ਾਰ ਵਿਚ ਹੋਵੇਗਾ, ਪੌਲੁਸ ਨੂੰ ਉਨ੍ਹਾਂ ਮੁਕਾਬਲਿਆਂ ਬਾਰੇ ਸੁਣਨ ਨੂੰ ਮਿਲਦਾ ਹੋਵੇਗਾ। ਇਹ ਵੀ ਹੋ ਸਕਦਾ ਹੈ ਕਿ ਉਸ ਨੇ ਆਪ ਉਨ੍ਹਾਂ ਵਿਚ ਹਿੱਸਾ ਲਿਆ ਹੋਵੇ। ਜੋ ਵੀ ਹੋਵੇ ਉਸ ਨੇ ਉਨ੍ਹਾਂ ਖੇਡਾਂ ਤੋਂ ਉਪਮਾਵਾਂ ਲੈ ਕੇ ਉਨ੍ਹਾਂ ਨੂੰ ਵਰਤਿਆ, ਜਿਵੇਂ ਕਿ 1 ਕੁਰਿੰਥੀਆਂ 9:24–27 ਵਿਚ ਮਿਲਦਾ ਹੈ: ''ਦੌੜ ਵਿਚ ਦੌੜਦੇ,'' ''ਇਨਾਮ,'' ''ਪਹਿਲਵਾਨ,'' ''*[ਸਿਹਰਾ]*'' ''ਕੌਣ ਨੂੰ ਮਾਰਦਾ,'' ''ਆਪਣੇ ਸਰੀਰ ਨੂੰ ਮਾਰਦਾ ਕੁੱਟਦਾ,'' ''ਅਪਰਵਾਨ ਹੋ ਜਾਵਾਂ।''[20]

ਪੱਤਰੀਆਂ ਵਿਚ ਪੌਲੁਸ ਨੇ ''ਦੌੜਦਾ'' (*trechō*, ਟਰੇਕੋ) ਸ਼ਬਦ ਦੀ ਵਰਤੋਂ ਸੰਕੇਤਕ ਅਰਥਾਂ ਵਿਚ ਦਸ ਵਾਰ ਕੀਤੀ ਜਿਨ੍ਹਾਂ ਵਿੱਚੋਂ ਨੌਂ ਵਾਰ ਮਸੀਹੀ ਵਿਅਕਤੀ ਨੂੰ ਖੇਡਾਂ ਦੇ ਮੁਕਾਬਲੇ ਵਿਚ ਹਿੱਸਾ ਲੈਣ ਦੇ ਰੂਪ ਵਿਚ ਵਿਖਾਇਆ ਗਿਆ।[21] ਇਸ ਖ਼ਤ ਵਿਚ ਇਹ ਸ਼ਬਦ ਪਹਿਲਾਂ ਵੀ ਮਿਲਦਾ ਹੈ ਜਿੱਥੇ ਪੌਲੁਸ ਯਰੂਸ਼ਲਮ ਵਿਚ ਆਪਣੇ ਦੌਰੇ ਨਾਲ ਸਬੰਧਿਤ ਆਪਣਾ ਸੰਖੇਪ ਆਤਮ ਕਥਾ ਚਿੱਤਰਣ ਦੇ ਰਿਹਾ ਹੈ। ਉੱਥੇ ਉਸ ਨੇ ਕਲੀਸੀਆ ਦੇ ਕੁਝ ਆਗੂਆਂ ਨੂੰ ਉਹ ਇੰਜੀਲ ਸੌਂਪੀ ਸੀ ਜਿਸ ਦਾ ਪ੍ਰਚਾਰ ਉਸ ਨੇ ਗੈਰਕੌਮਾਂ ਵਿਚ ਕੀਤਾ ਸੀ। ਉਸ ਨੇ ਲਿਖਿਆ, ''ਉਨ੍ਹਾਂ ਦੇ ਅੱਗੇ ਪੇਸ਼ ਕੀਤਾ ਪਰ ਨਾਮੀ ਗਿਰਾਮੀ ਲੋਕਾਂ ਦੇ ਅੱਗੇ ਨਿਰਾਲੇ ਵਿਚ ਭਈ ਕਿਤੇ ਐਉਂ ਨਾ ਹੋਵੇ ਜੋ ਮੇਰੀ ਹੁਣ ਦੀ ਯਾ ਪਿੱਛਲੀ ਦੌੜ ਭੱਜ ਅਕਾਰਥ ਜਾਵੇ'' (2:2)।

5:7 ਵਿਚ ''ਚੰਗੀ ਤਰ੍ਹਾਂ ਦੌੜਦੇ ਸਾਓ'' ਗਲਾਤੀਆਂ ਦੀਆਂ ਕਲੀਸੀਆਵਾਂ ਦੀ ਹਾਲ ਹੀ ਦੀ ਅਵਸਥਾ ਦੀ ਗੱਲ ਕਰਦਾ ਹੈ। ਪੌਲੁਸ ਗਲਾਤੀਆ ਦੇ ਲੋਕਾਂ ਦੇ ਆਪਣੀ ਮੌਜੂਦਾ ਅਵਸਥਾ ਵਿਚ ਬਣੇ ਰਹਿਣ ਨਾਲੋਂ ਅਤੇ ਉਸ ਦੇ ਹੋਣ ਵਾਲੇ ਵਿਨਾਸ਼ਕਾਰੀ ਨਤੀਜਿਆਂ ਤੋਂ ਅੱਡ ਕਰ ਰਿਹਾ ਸੀ ਜੇ ਗਲਾਤੀਆ ਦੇ ਉਸ ਤੇ ਵਿਨਾਸ਼ਕਾਰੀ ਨਤੀਜਿਆਂ ਨਾਲੋਂ ਫ਼ਰਕ ਕਰ ਰਿਹਾ ਸੀ। ਉਨ੍ਹਾਂ ਨੇ ''ਮਸੀਹ ਤੋਂ ਅੱਡ'' ਹੋ ਜਾਣਾ ਸੀ (5:4)।

ਪੌਲੁਸ ਨੇ ਗਲਾਤੀਆਂ ਤੋਂ ਪੁੱਛਿਆ, **ਕਿਹ ਨੇ ਤੁਹਾਨੂੰ ਡੱਕ ਦਿੱਤਾ ਭਈ ਤੁਸੀਂ ਸਚਿਆਈ ਨੂੰ ਨਾ ਮੰਨੋ?** ਕਿਰਿਆ ਕਾਲਾਂ ਤੇ ਵਿਚਾਰ ਕਰਨ ਤੇ ਇਸ ਸਵਾਲ ਦਾ ਹੋਰ ਸ਼ਬਦੀ ਅਨੁਵਾਦ ਹੋਵੇਗਾ ਕਿ ''ਤੁਹਾਨੂੰ ਸਚਿਆਈ ਨੂੰ ਮੰਨਦੇ ਰਹਿਣ ਤੋਂ ਕਿਸ ਨੇ ਰੋਕਿਆ ਹੈ?'' NIV ਵਿਚ ਖੇਡਾਂ ਦੇ ਦੌੜਾਕ ਦੇ ਰੂਪਕ ਦੇ ਸਬੰਧ ਨੂੰ ਬਣਾਈ ਰੱਖਿਆ ਹੈ। ਕਿਰਿਆ ਸ਼ਬਦ ''ਡੱਕ'' (*enkoptō*, ਐਨਕੋਪਟੋ) ਦੇ ਆਰੰਭ ਦੇ ਵਿਸ਼ੇ ਦੇ ਅਰਥ ਨੂੰ ਵਿਖਾਉਂਦਿਆਂ ਇਸ ਸ਼ਬਦ ਦਾ ਅਨੁਵਾਦ ''ਤੁਹਾਨੂੰ ਸਚਿਆਈ ਨੂੰ ਮੰਨਣ ਤੋਂ ਰੋਕਣ ਲਈ ਕਿਸ ਨੇ ਵਿਚਕਾਰ *ਕੱਟ ਦਿੱਤਾ?*'' ਦੇ ਰੂਪ ਵਿਚ ਹੋਇਆ ਹੈ। ਇਹ ਇਕ ਦੌੜਾਕ ਦੇ ਦੂਜੇ ਦੌੜਾਕ ਦੇ ਐਨਾਂ ਨੇੜੇ ਜਾਣ ਦੇ ਰੂਪਕ ਨੂੰ ਵਿਖਾ ਦਿੰਦਾ ਹੈ ਜਿਸ ਨੂੰ ਉਸ ਨੂੰ ਠੋਕਰ

ਲੱਗੇ ਜਾਂ ਉਹ ਟ੍ਰੈਕ ਤੋਂ ਉੱਤਰ ਜਾਵੇ ਜਿਸ ਨਾਲ ਉਹ ਦੌੜਨਾ ਬੰਦ ਹੋ ਜਾਵੇ।

ਦੌੜਾਕ ਦੇ ਟ੍ਰੈਕ ਤੋਂ ਹਟ ਜਾਣ ਜਾਂ ਲਾਈਨ ਵਿੱਚੋਂ ਨਿੱਕਲ ਜਾਣ ਦਾ ਵਿਚਾਰ ਪ੍ਰਾਚੀਨ ਖੇਡਾਂ ਵਿੱਚੋਂ ਓਨਾ ਹੀ ਢੁਕਵਾਂ ਸੀ ਜਿੰਨਾ ਅੱਜ ਦੇ ਸਮੇਂ ਵਿਚ ਹੈ। ਗਲਾਤੀਆ ਦੇ ਲੋਕ ਜੋ ਕੁਝ ਆਪਣੇ ਨਾਲ ਹੋਣ ਦੇ ਰਹੇ ਸਨ ਉਹਦੇ ਨਾਲ ਰੂਹਾਨੀ ਪ੍ਰਸੰਗਿਕਤਾ ਬਹੁਤ ਹੀ ਢੁਕਦੀ ਹੈ। ਪੌਲੁਸ ਦੇ ਕਹਿਣ ਦਾ ਭਾਵ ਬਿਲਕੁਲ ਸਾਫ਼ ਹੈ ਕਿ ਜਿਸ ਵੀ ਕਿਸੇ ਨੇ ਮਸੀਹ ਵਿਚ ਅਜ਼ਾਦੀ ਦੀ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕਰਕੇ ਆਪਣੇ ਆਪ ਨੂੰ ਮੂਸਾ ਦੀ ਸ਼ਰ੍ਹਾ ਦੀਆਂ ਵਿਧੀਆਂ ਨਾਲ ਡੱਕ ਲਿਆ ਹੈ ਉਹ ਆਪਣੇ ਆਪ ਨੂੰ ਉਸ ਦੌੜ ਦੇ ਅਯੋਗ ਬਣਾ ਰਿਹਾ ਹੈ ਜਿਸ ਵਿਚ ਮਸੀਹੀ ਲੋਕਾਂ ਨੂੰ ਦੌੜਨ ਲਈ ਸੱਦਿਆ ਗਿਆ ਹੈ। ਇਸ ਅਧਿਆਇ ਦੀਆਂ ਸ਼ੁਰੂਆਤੀ ਆਇਤਾਂ ਵਿਚ ਵਰਤੀਆਂ ਗਈਆਂ ਹੋਰ ਉਪਮਾਵਾਂ ਦੀ ਭਾਸ਼ਾ ਵਿਚ ਸ਼ਰ੍ਹਾ ਨੂੰ ਮੰਨਣ ਵਾਲਾ ''ਮੈਂ ਗੁਲਾਮੀ ਦੇ ਜੂਲੇ'' ਵਿਚ ਜੁੱਪ ਗਿਆ ਅਤੇ ਉਹ ਸਾਰੀ ਸ਼ਰ੍ਹਾ ਨੂੰ ਪੂਰਿਆਂ ਕਰਨ ਦਾ ਕਰਜਾਈ ਹੋਇਆ'' (5:1, 3)। ਅਸਲ ਵਿਚ ਉਹ ''ਮਸੀਹ ਤੋਂ ਅੱਡ'' ਹੋ ਗਿਆ ਅਤੇ ''ਕਿਰਪਾ ਤੋਂ ਡਿੱਗ'' ਗਿਆ ਸੀ (5:4)।

ਇਸ ਗੱਲ ਦਾ ਕਿ ਹੁਕਮ ਮੰਨਣ ਦੀ ਉਨ੍ਹਾਂ ਦੀ ਦੌੜ ਵਿੱਚੋਂ ਉਨ੍ਹਾਂ ਨੂੰ ''ਕਿਹ ਨੇ'' ਰੋਕ ਦਿੱਤਾ ਸੀ, ਇਹ ਸਿਰਫ਼ ਅਲੰਕਾਰਿਕ ਸਵਾਲ ਹੈ। ਸੰਦਰਭ ਦੇ ਪ੍ਰਕਾਸ਼ ਵਿਚ ਪੌਲੁਸ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੀ ਗੱਲ ਕਰ ਰਿਹਾ ਹੋਵੇਗਾ। ਉਨ੍ਹਾਂ ਨੇ ਗਲਾਤੀਆਂ ਦੇ ਮਸੀਹੀਆਂ ਨੂੰ ਉਕਸਾਇਆ ਸੀ ਕਿ ਇੰਜੀਲ ਦਾ ਹੁਕਮ ਮੰਨਣਾ ਕਾਫ਼ੀ ਨਹੀਂ ਹੈ ਭਾਵ ਉਨ੍ਹਾਂ ਨੂੰ ਪਰਮੇਸ਼ੁਰ ਦੇ ਸਾਹਮਣੇ ਧਰਮੀ ਠਹਿਰਣ ਲਈ ਮੂਸਾ ਦੀ ਸ਼ਰ੍ਹਾ ਦੀਆਂ ਕੁਝ ਸ਼ਰਤਾਂ ਨੂੰ ਮੰਨਣਾ ਵੀ ਜ਼ਰੂਰੀ ਸੀ।

''ਸਚਿਆਈ'' (*alētheia*, ਅਲੇਥੀਆ) ਦੇ ਸਬੰਧ ਵਿਚ ਪੌਲੁਸ ਦੀਆਂ ਟਿੱਪਣੀਆਂ ਸ਼ਰ੍ਹਾ ਅਤੇ ਮਸੀਹੀ ਆਦਮੀ ਦੀ ਨਿਹਚਾ ਅਤੇ ਵਿਹਾਰ ਦੇ ਅਧਾਰ ਤੇ ਇੰਜੀਲ ਵਿਚਲੇ ਸਪੱਸ਼ਟ ਅੰਤਰ ਦੇ ਸਾਫ਼ ਫ਼ਰਕ ਦਾ ਇਸ਼ਾਰਾ ਹੈ। ਇਸ ਕਰਕੇ ਇਸ ਸੰਦਰਭ ਵਿਚ ''ਸਚਿਆਈ'' ''ਇੰਜੀਲ'' ਦੇ ਸਮਾਨਅਰਥੀ ਸ਼ਬਦ ਦਾ ਵੀ ਕੰਮ ਕਰਦਾ ਹੈ। ਪਰਮੇਸ਼ੁਰ ਵੱਲੋਂ ਜੋ ਕੁਝ ਵੀ ਕਿਹਾ ਗਿਆ ਹੈ ਉਹ ਸੱਚ ਹੈ ਭਾਵ ਭਾਵੇਂ ਉਹ ਕਿਸੇ ਵੀ ਯੁੱਗ ਵਿਚ ਕਿਹਾ ਗਿਆ ਹੋਵੇ, ਉਸਦਾ ਵਚਨ ਸੱਚਾ ਹੀ ਹੈ (ਯੂਹੰਨਾ 17:17)। ਪਰ ਜੇ ਅੱਜ ਦੀ ਸ਼ਰ੍ਹਾ ਦੀ ਸਹੀ ਭੂਮਿਕਾ ਅਤੇ ਉਦੇਸ਼ ਨੂੰ ਸਮਝਣਾ ਚਾਹੁੰਦੇ ਹਾਂ ਤਾਂ ਸਾਡੇ ਲਈ ਨਵੇਂ ਨੇਮ ਤੋਂ ਸਲਾਹ ਲੈਣਾ ਜ਼ਰੂਰੀ ਹੈ (1 ਤਿਮੋਥਿਉਸ 1:6–11), ਅਤੇ ਇੱਥੇ ਸ਼ਰ੍ਹਾ ਅਤੇ ਇੰਜੀਲ (''ਸਚਿਆਈ'') ਵਿਚਲਾ ਫ਼ਰਕ ਹੋਰ ਸਪੱਸ਼ਟ ਨਹੀਂ ਹੋ ਸਕਦਾ ਸੀ।

ਜਿਹਾ ਕਿ ਇੰਜੀਲ ਦੇ ਚੌਥੇ ਵਿਰਤਾਂਤ ਦੇ ਲੇਖਕ ਯੂਹੰਨਾ ਨੇ ਲਿਖਿਆ, ''ਤੁਰੇਤ ਤਾਂ ਮੂਸਾ ਦੇ ਰਾਹੀਂ ਦਿੱਤੀ ਗਈ ਸੀ, ਕਿਰਪਾ ਅਤੇ ਸਚਿਆਈ ਯਿਸੂ ਮਸੀਹ ਤੋਂ ਪਹੁੰਚੀ''[22] (ਯੂਹੰਨਾ 1:17)। ਯੂਹੰਨਾ ਨੇ ਦੋਹਾਂ ਨੇਮਾਂ ਵਿਚਲੇ ਫ਼ਰਕ ਨੂੰ ਸਪੱਸ਼ਟ ਦੱਸਿਆ। ਇਸ ਦਾ ਅਰਥ ਇਹ ਹੋਇਆ ਕਿ ਯਿਸੂ ਮਸੀਹ ਦੇ ਨਾਲ, ਕੋਈ ਨਵੀਂ ਗੱਲ ਜਿਹੜੀ ਧਰਤੀ ਉੱਤੇ ਪਹਿਲਾਂ ਨਹੀਂ ਸੀ, ਸੰਸਾਰ ਵਿਚ ਆਈ ਸੀ। ਯਿਸੂ ਨੇ ਉਸ ਨੂੰ ਲਿਆਂਦਾ ਸੀ ਜਿਸ ਨੂੰ ਯੂਹੰਨਾ ਨੇ ''ਕਿਰਪਾ ਅਤੇ ਸਚਿਆਈ ਦੀ ਭਰਪੂਰੀ'' ਵਜੋਂ ਪਛਾਣਿਆ (ਯੂਹੰਨਾ 1:14)। ਇਹ ਸੀਨਾ ਪਹਾੜ ਉੱਤੇ ਦਿੱਤੀ ਗਈ ਮੂਸਾ ਦੀ ਸ਼ਰ੍ਹਾ ਨਾਲੋਂ ਬਿਲਕੁਲ ਉਲਟ ਸੀ।

ਇਬਰਾਨੀਆਂ ਦੇ ਲੇਖਕ ਦੀ ਕਿਤਾਬ ਨੇ ਸਮਝਾਇਆ ਕਿ ਸ਼ਰ੍ਹਾ ''ਆਉਣ ਵਾਲੀਆਂ ਚੰਗੀਆਂ ਵਸਤਾਂ ਦਾ ਪਰਛਾਵਾ ਹੀ'' ਸੀ (ਇਬਰਾਨੀਆਂ 10:1)। ਸ਼ਰ੍ਹਾ ਦੇ ਵੱਖੋ ਵੱਖ ਪਹਿਲੂਆਂ ਦੇ ਸਬੰਧ ਵਿਚ ਪੌਲੁਸ ਨੇ ਵੀ ਆਖਿਆ ਕਿ ''ਇਹ ਆਉਣ ਵਾਲੀਆਂ ਗੱਲਾਂ ਦਾ ਪਰਛਾਵਾਂ ਹੀ ਹਨ; ਪਰ ਹਕੀਕਤ ਮਸੀਹ ਵਿਚ ਪਾਈ ਜਾਂਦੀ ਹੈ'' (ਕੁਲੁੱਸੀਆਂ 2:17; NIV)। ਇਹ ਰੂਪਕ ਇਹ ਵਿਚਾਰ ਦਿੰਦਾ ਹੈ ਕਿ ਇਕ ਭੌਤਿਕ ਦੇਹ, ਚਮਕਦੀ ਹੋਈ ਰੌਸ਼ਨੀ ਵਿਚ, ਕੰਧ ਉੱਤੇ ਜਾਂ ਜ਼ਮੀਨ ਉੱਤੇ ਆਪਣਾ ਪਰਛਾਵਾਂ ਪਾਉਂਦੀ ਹੈ। ਪਰਛਾਵਾਂ ਕੋਈ ਪੁੰਜ ਜਾਂ ਅਸਲ ਚੀਜ਼ ਨਹੀਂ ਬਲਕਿ ਅਭੌਤਿਕ, ਹਵਾਈ ਹੈ।

ਪਰ ਕਿਉਂ ਜੋ ਇਹ ਸਵਾਲ ਵਿਚਲੀ ਚੀਜ਼ ਦੇ ਰੂਪ ਨੂੰ ਵਿਖਾਉਂਦਾ ਹੈ। ਇਸ ਕਰਕੇ ਇਸ ਤੋਂ ਉਸ ਚੀਜ਼ ਦੇ ਅਕਾਰ ਦਾ ਕੁਝ ਸੰਕੇਤ ਮਿਲ ਸਕਦਾ ਹੈ।

ਇਸੇ ਤਰ੍ਹਾਂ ਨਾਲ ਸ਼ਰ੍ਹਾ ਪਰਛਾਵਾਂ ਸੀ, ਭਾਵੇਂ ਕਈ ਵਾਰ ਅਸਪੱਸ਼ਟ ਤੌਰ ਤੇ, ਰੂਹਾਨੀ ਹਕੀਕਤਾਂ ਦੇ ਕਈ ਅਹਿਮ ਪਹਿਲੂ ਸਨ ਜਿਨ੍ਹਾਂ ਨਾਲ ਮਸੀਹ ਦੀ ਖੁਸ਼ਖ਼ਬਰੀ ਮਿਲਦੀ ਹੈ। ਉਦਾਹਰਣ ਲਈ ਹੈਕਲ, ਕਲੀਸੀਆ ਅਤੇ ਮਸੀਹੀ ਆਦਮੀ ਦੇ ਸਬੰਧ ਵਿਚ ਜਿਸ ਵਿਚ ਪਰਮੇਸ਼ੁਰ ਦਾ ਆਤਮਾ ਵਾਸ ਕਰਦਾ ਹੈ, ਅਸਲ (ਅਸਲੀ) ਹੈਕਲ ਦਾ ਪਰਛਾਵਾਂ ਸੀ (1 ਕੁਰਿੰਥੀਆਂ 3:16, 17; 6:19, 20)। ਹੈਕਲ ਦੇ ਪੱਥਰ ਉਨ੍ਹਾਂ ਜੀਉਂਦੇ ਪੱਥਰਾਂ ਦਾ ਪਰਛਾਵਾਂ ਸਨ ਜਿਨ੍ਹਾਂ ਨਾਲ ਖ਼ੁਦਾ ਦਾ ਰੂਹਾਨੀ ਘਰ ਬਣਦਾ ਹੈ (1 ਪਤਰਸ 2:4, 5)। ਸ਼ਰ੍ਹਾ ਦੇ ਸਮੇਂ ਵਿਚ ਪਿੱਤਲ ਦਾ ਸੱਪ ਉਜਾੜ ਵਿਚ ਘੁੰਮਣ ਦੌਰਾਨ ਸੱਪਾ ਦੇ ਡੰਗਣ ਨੂੰ ਚੰਗਿਆਈ ਦੇਣ (ਨਿਹਚਾ ਦੇ ਰਾਹੀਂ) ਲਈ ਬਣਾਇਆ ਗਿਆ ਸੀ। ਉਹ ਚੀਜ਼ ਸਲੀਬ ਦਿੱਤੇ ਮਸੀਹ ਦਾ ਪਰਛਾਵਾਂ ਸੀ ਜਿਹੜਾ ਨਿਹਚਾ ਕਰਨ ਵਾਲੇ ਨੂੰ (ਇਹ ਵੀ ਨਿਹਚਾ ਦੇ ਰਾਹੀਂ) ਸ਼ੈਤਾਨ ਦੇ ਜ਼ਹਿਰੀਲੇ ਦੰਦਾਂ ਦੇ ਖ਼ਤਰਨਾਕ ਜ਼ਖ਼ਮ ਤੋਂ ਚੰਗਿਆਈ ਦੇ ਕੇ ਉਸ ਨੂੰ ਹਮੇਸ਼ਾ ਦੀ ਜ਼ਿੰਦਗੀ ਦਿੰਦਾ ਹੈ (ਯੂਹੰਨਾ 3:14, 15)। ਕੁਰਬਾਨ ਕੀਤਾ ਜਾਣ ਵਾਲਾ ਲੇਲਾ ਹੈਕਲ (ਅਸਲੀ) ''ਪਰਮੇਸ਼ੁਰ ਦਾ ਲੇਲਾ'' (ਯੂਹੰਨਾ 1:29) ਦਾ ਪਰਛਾਵਾਂ ਹੈ। ਇੰਜੀਲ ਦੀ ਐਨੀਂ ਕੀਮਤੀ ਗਵਾਹੀ ਦੇ ਬਾਵਜੂਦ ਸ਼ਰ੍ਹਾ ਮਨੁੱਖ ਨੂੰ ਕਦੇ ਵੀ ਮੁਕਤੀ ਦਾ ਰਾਹ ਅਤੇ ਪਾਪਾਂ ਦੀ ਪੂਰੀ ਮਾਫ਼ੀ ਦੇਣ ਦੇ ਇਰਾਦੇ ਨਾਲ ਨਹੀਂ ਦਿੱਤੀ ਗਈ ਸੀ (ਯੂਹੰਨਾ 5:39, 40)।

**ਆਇਤ 8.** ਪੌਲੁਸ ਨੇ ਕਿਹਾ ਕਿ **ਇਹ ਖਚਰ ਵਿਦਿਆ ਤੁਹਾਡੇ ਸੱਦਣ ਵਾਲੇ ਦੀ ਵੱਲੋਂ ਨਹੀਂ।** ਇੱਥੇ ''ਖਚਰ ਵਿੱਦਿਆ'' ਉਹ ਘਟ ਨਿਹਚਾ ਲਗਦੀ ਹੈ ਕਿ ਇਨ੍ਹਾਂ ਭਾਈਆਂ ਨੂੰ ਪਰਮੇਸ਼ੁਰ ਨੂੰ ਕਬੂਲੇ ਜਾਣ ਦੇ ਯੋਗ ਹੋਣ ਲਈ ਸੁੰਨਤ ਨੂੰ ਮੰਨ ਕੇ ਸ਼ਰ੍ਹਾ ਦੀਆਂ ਕੁਝ ਸ਼ਰਤਾਂ ਨੂੰ ਮੰਨਣਾ ਜ਼ਰੂਰੀ ਸੀ (ਰਸੂਲਾਂ ਦੇ ਕਰਤੱਬ 15:1, 5)। ਆਖ਼ਰੀ ਇਹ ਤਾਂ ਨਹੀਂ ਸੀ ਕਿ ਉਹ ਮਸੀਹ ਨੂੰ ਨਕਾਰ ਰਹੇ ਹੋਣ ਅਤੇ ਨਾ ਹੀ ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਅਜਿਹਾ ਕਰਦੇ ਸਨ। ਪਰ ਗਲਾਤੀਆ ਦੇ ਲੋਕ ਇਹ ਮੰਨ ਗਏ ਸਨ ਕਿ ਇਹ ਨਵੀਂ ਨਿਹਚਾ ਜਿਹਦੇ ਰਾਹੀਂ ਉਨ੍ਹਾਂ ਮੁਕਤੀ ਮਿਲੀ ਸੀ, ਉਸ ਨੂੰ ਯਹੂਦੀਆਂ ਦੇ ਪੁਰਾਣੇ ਧਰਮ ਦੀ ਥਾਂ ਨਹੀਂ ਦਿੱਤਾ ਗਿਆ ਸੀ।

ਸ਼ਾਇਦ ਗਲਾਤੀਆਂ ਦੇ ਲੋਕ ਅਥੇਨੇ ਦੇ ਲੋਕਾਂ ਵਰਗੇ ਹੀ ਸਨ ਜਿਹੜੇ ਹਰ ਦੇਵੀ ਦੇਵਤੇ ਦਾ ਸਨਮਾਨ ਕਰਕੇ ''ਸੁਰੱਖਿਅਤ'' ਰਹਿਣ ਦੀ ਕੋਸ਼ਿਸ਼ ਕਰ ਹਰੇ ਸਨ। ਉਨ੍ਹਾਂ ਦੇ ਮੂਰਤੀਪੂਜਕ ਸੰਦਰਭ ਵਿਚ ਉਨ੍ਹਾਂ ਨੇ ਬੇਸ਼ੁਮਾਰ ਦੇਵੀ ਦੇਵਤਿਆਂ ਦੀਆਂ ਪੂਜਾ ਵਾਲੀਆਂ ਚੀਜ਼ਾਂ ਅਤੇ ਵੇਦੀਆਂ ਬਣਾ ਲਈਆਂ ਸਨ। ਇਸ ਡਰ ਤੋਂ ਕਿ ਕਿਤੇ ਉਨ੍ਹਾਂ ਵਿੱਚੋਂ ਕੋਈ ਇਕ ਛੁਟ ਨਾ ਜਾਵੇ ਜਿਹੜਾ ਪਲਟ ਕੇ ਉਨ੍ਹਾਂ ਤੋਂ ਬਦਲਾ ਲਵੇ, ਉਨ੍ਹਾਂ ਨੇ ''ਅਣਜਾਤੇ ਦੇਵ ਲਈ'' ਵੀ ਵੇਦੀਆਂ ਬਣਾਈਆਂ ਹੋਈਆਂ ਸਨ। ਸ਼ਹਿਰ ਵਿਚ ਘੁਮਦੇ ਘੁਮਦੇ ਪੌਲੁਸ ਨੂੰ ਇਕ ਅਜੀਹੀ ਹੀ ਵੇਦੀ ਮਿਲੀ ਸੀ (ਰਸੂਲਾਂ ਦੇ ਕਰਤੱਬ 17:23)। ਪਰ ਉਸ ਨੇ ਆਖਿਆ ਕਿ ਇਹ ''ਖਚਰ ਵਿਦਿਆ'' ਕਿ ਇੰਜੀਲ ਦੇ ਨਾਲ ਨਾਲ ਸ਼ਰ੍ਹਾ ਨੂੰ ਮੰਨਣਾ ਵੀ ਜ਼ਰੂਰੀ ਹੈ, ਖ਼ੁਦਾ ਵੱਲੋਂ ਨਹੀਂ ਸੀ। ਅਸਲ ਵਿਚ ਇਹ ਸ਼ੈਤਾਨ ਵੱਲੋਂ ਸੀ। ਸ਼ਰ੍ਹਾ ਨੂੰ ਮੰਨਣ ਵਾਲੇ ਮਸੀਹੀ ਆਪਣੇ ਆਪ ਨੂੰ ''ਸੁਰੱਖੀਅਤ'' ਨਹੀਂ ਕਰ ਰਹੇ ਸਨ ਬਲਕਿ ਉਹ ਆਪਣੇ ਅਬਦੀ ਭਵਿੱਖ ਨੂੰ ਖ਼ਤਰੇ ਵਿਚ ਪਾ ਰਹੇ ਸਨ (ਵੇਖੋ ਗਲਾਤੀਆਂ 1:6–9; 3:10; 5:2–4)।

**ਆਇਤ 9.** ਰਸੂਲ ਨੇ ਚਿਤਾਵਨੀ ਦਿੱਤੀ, **ਥੋੜਾ ਜਿਹਾ ਖਮੀਰ ਸਾਰੀ ਤੌਣ ਨੂੰ ਖਮੀਰਿਆਂ ਕਰ ਦਿੰਦਾ ਹੈ।** ''ਤੌਣ'' ਨੂੰ NASB ਦੇ ਅਨੁਵਾਦਕਾਂ ਨੇ ਆਧੁਨਿਕ ਪਾਠਕ ਦੇ ਲਈ ਇਸ ਕਥਨ ਨੂੰ ਹੋਰ ਸਾਰਥਕ ਬਣਾਉਣ ਲਈ ਜਿਸ ਨੇ ਹੋ ਸਕਦਾ ਹੈ ਕਿ ਕਦੇ ਰੋਟੀ ਨਾ ਬਣਾਈ ਹੋਵੇ ਜਾਂ ਆਟੇ ਵਿਚ ਖਮੀਰ (*zumē*, ਜ਼ੀਯੂਮ) ਨਾਲ ਮਿਲਾਇਆ ਹੋਵੇ, ਜੋੜ ਦਿੱਤਾ ਸੀ। ''ਪਾਉਣ'' (*phurama*, ਫੁਰਾਮਾ) ਲਈ ਯੂਨਾਨੀ ਸ਼ਬਦ ਦਾ ਅਰਥ ਅਸਲ ਵਿਚ ''ਪਾਣੀ ਨਾਲ ਗੁੱਨ੍ਹ ਕੇ ਮਿਲਾਈ ਹੋਈ ਕੋਈ ਚੀਜ਼''

ਹੋ ਸਕਦਾ ਹੈ।[23] ਰੋਮੀਆਂ 9:21 ਵਿਚ ਭਾਵੇਂ ਇਹ ਨੂੰ ਮਿੱਟੀ ਦੇ ''ਪੇੜੇ'' ਲਈ ਵਰਤਿਆ ਗਿਆ ਹੈ, ਪਰ ਨਵੇਂ ਨੇਮ ਵਿਚ ਇਸ ਸ਼ਬਦ ਦੀ ਵਰਤੋਂ ਹੋਰਨਾਂ ਸਭ ਥਾਵਾਂ ਤੇ ਗੁੰਨ੍ਹੇ ਹੋਏ ਆਟੇ ਲਈ ਹੈ।[24]

1 ਕੁਰਿੰਥੀਆਂ 5:6 ਵਿਚ ਪੌਲੁਸ ਨੇ ਇਸੇ ਰੂਪਕ ਦੀ ਵਰਤੋਂ ਕਲੀਸੀਆ ਵੱਲੋਂ ਜਿਣਸੀ ਹਰਾਮਕਾਰੀ (*porneia*, ਪੋਰਨੀਆ, ''ਵਿਭਚਾਰ'') ਦੇ ਬਦਨਾਮ ਮਾਮਲੇ ਵਿਚ ਬੁਰਿਆਈ ਨੂੰ ਬਰਦਾਸ਼ਤ ਕਰਨ ਦੇ ਸਬੰਧ ਵਿਚ ਹੈ। ਅੱਜ ਸਾਡੇ ਸਮੇਂ ਦੇ ਬਹੁਤ ਸਾਰੇ ਬੰਦਰਗਾਹ ਨਗਰਾਂ ਵਾਂਗ ਇਕ ਬੜਾ ਹੀ ਦੁਸ਼ਟ ਸ਼ਹਿਰ ਸੀ। 1 ਕੁਰਿੰਥੀਆਂ 5:1, 2, 6 ਤੋਂ ਸਪੱਸ਼ਟ ਹੈ ਕਿ ਕਲੀਸੀਆ ਨੂੰ ਆਪਣੇ ਵਿਚਕਾਰ ਪਾਏ ਜਾਣ ਵਾਲੇ ਅਜਿਹੇ ਪਾਪ ਤੋਂ ਕੋਈ ਦਿੱਕਤ ਨਹੀਂ ਸੀ ਅਤੇ ਸੱਚ ਤਾਂ ਇਹ ਸੀ ਕਿ ਉਹ ਇਸ ਉੱਤੇ ਮਾਣ ਕਰਦੇ ਅਤੇ ਸ਼ੇਖੀ ਮਾਰਦੇ ਸਨ। ਬਾਅਦ ਵਿਚ ਜ਼ਾਹਿਰ ਤੌਰ ਤੇ ਉਨ੍ਹਾਂ ਦੀ ਦਲੀਲ ਇਹ ਸੀ ਕਿ ਖ਼ੁਦਾ ਐਨਾਂ ਰਹਿਮ ਕਰਨ ਵਾਲਾ ਹੈ ਕਿ ਉਹ ਅਜਿਹੇ ਪਾਪਾਂ ਦੇ ਹੁੰਦੇ ਰਹਿਣ ਨੂੰ ਢੱਕਦਾ ਰਹੇਗਾ। ਰਸੂਲ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ ਪਾਪੀ ਦੀ ਖ਼ਾਤਿਰ ਅਤੇ ਮੰਡਲੀ ਦੀ ਰੂਹਾਨੀ ਵਫ਼ਾਦਾਰੀ ਨੂੰ ਬਣਾਈ ਰੱਖਣ ਦੀ ਖ਼ਾਤਿਰ ''ਇਹੋ ਜਿਹੇ ਮਨੁੱਖ ਨੂੰ ਸਰੀਰ ਦੇ ਨਾਸ ਹੋਣ ਲਈ ਸ਼ੈਤਾਨ ਦੇ ਹਵਾਲੇ ਕਰੋ ਭਈ ਉਹ ਦਾ ਆਤਮਾ ਪ੍ਰਭੂ ਯਿਸੂ ਦੇ ਦਿਨ ਬਚ ਜਾਵੇ'' (1 ਕੁਰਿੰਥੀਆਂ 5:5)। ਇਹ ਕਹਿਣ ਤੋਂ ਉਸ ਦਾ ਭਾਵ ਅਜਿਹੇ ਆਦਮੀ ਨੂੰ ਆਪਣੀ ਸੰਗਤੀ ਨੂੰ ਇਹ ਸੋਚ ਕੇ ਕਢ ਦੇਣਾ ਸੀ ਕਿ ਉਹਦੀ ਤੌਬਾ ਨਾਲ ਅਸਰ ਹੋਵੇਗਾ ਅਤੇ ਮੰਡਲੀ ਇਹ ਨਿਚੋੜ ਕੱਢਣ ਤੋਂ ਰੁਕ ਜਾਵੇਗੀ ਕਿ ਅਜਿਹੇ ਨੈਤਿਕ ਵਿਹਾਰ ਨਾਲ ਕੋਈ ਫ਼ਰਕ ਨਹੀਂ ਪੈਂਦਾ।

ਨਕਾਰਾਤਮਤਮਕ ਜਾਂ ਵਿਨਾਸ਼ਕਾਰੀ ਪ੍ਰਭਾਵ ਦੇ ਰੂਪ ਵਿਚ ਖ਼ਮੀਰ ਦਾ ਰੂਪਕ ਬਾਈਬਲ ਵਿਚ ਸ਼ੁਰੂ ਵਿਚ ਕੂਚ 12:14–20 ਵਿਚ ਵੀ ਮਿਲਦਾ ਹੈ।[25] ਦੁਨਿਆਵੀ ਸਾਹਿਤ ਅਤੇ ਯਹੂਦੀ ਰੱਬੀਆਂ ਵੱਲੋਂ ਇਸ ਦੀ ਵਰਤੋਂ ਕਹਾਵਤ ਵਜੋਂ ਕੀਤੀ ਜਾਂਦੀ ਸੀ। ਗਲਾਤੀਆਂ 5:9 ਵਿਚ ''ਖ਼ਮੀਰ'' ਨੂੰ ਦੂਸ਼ਿਤ ਕਰਨ ਵਾਲੇ ਪ੍ਰਭਾਵ ਦੇ ਰੂਪ ਵਿਚ ਵੀ ਵਿਖਾਇਆ ਗਿਆ ਹੈ। ਇਸ ਵਿਚ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੀ ਗੁਮਰਾਹ ਕਰਨ ਵਾਲਿਆਂ ਦੀ ਸਿੱਖਿਆ ਦੀ ਗੱਲ ਹੈ ਜੋ ਗਲਾਤੀਆਂ ਦੀਆਂ ਕਲੀਸੀਆਵਾਂ ਉੱਤੇ ਸ਼ਰ੍ਹਾ ਦੀਆਂ ਵਿਧੀਆਂ ਨੂੰ ਥੋਪ ਕੇ ਮਸੀਹ ਦੀ ਇੰਜੀਲ ਨੂੰ ਵਿਗਾੜ ਰਹੇ ਸਨ (1:7)। ਇਹ ਸਿਰਫ਼ ਉਨ੍ਹਾਂ ਲਈ ਹੀ ਨਹੀਂ ਸੀ ਬਲਕਿ ਹਰ ਯੁੱਗ ਵਿਚ ਜਾਂ ਕਿਸੇ ਵੀ ਜਗ੍ਹਾ ਵਿਚ ਕਲੀਸੀਆਵਾਂ ਲਈ, ਜਿੱਥੇ ਇਹ ਗਲਤ ਸਿੱਖਿਆ ਦਿੰਦੀ ਜਾਂਦੀ ਹੈ, ਖ਼ਤਰਾ ਹੈ।

**ਰਸੂਲ ਦਾ ਜਵਾਬ** (5: 10-12)

**10ਮੈਨੂੰ ਪ੍ਰਭੂ ਵਿਚ ਤੁਹਾਡੀ ਵੱਲੋਂ ਭਰੋਸਾ ਹੈ ਜੋ ਤੁਸੀਂ ਹੋਰ ਖਿਆਲ ਨਾ ਕਰੋਗੇ, ਪਰ ਜਿਹੜਾ ਤੁਹਾਨੂੰ ਘਬਰਾਉਂਦਾ ਹੈ ਉਹ ਭਾਵੇਂ ਕੋਈ ਹੋਵੇ ਆਪਣੀ ਸਜ਼ਾ ਭੋਗੇਗਾ! 11ਪਰ ਹੇ ਭਰਾਵੋ, ਜੇ ਮੈਂ ਹੁਣ ਤੀਕਰ ਸੁੰਨਤ ਦੀ ਮਨਾਦੀ ਕਰਦਾ ਹਾਂ ਤਾਂ ਹੁਣ ਤੀਕ ਸਤਾਇਆ ਕਿਉਂ ਜਾਂਦਾ? ਤਦ ਸਲੀਬ ਦੀ ਠੋਕਰ ਤਾਂ ਰਹੀ ਨਾ। 12ਕਾਸ਼ ਕਿ ਓਹ ਜਿਹੜੇ ਤੁਹਾਨੂੰ ਭਰਮਾਉਂਦੇ ਹਨ ਆਪਣੇ ਲਿੰਗ ਵੱਢ ਲੈਂਦੇ!**

**ਆਇਤ 10.** ਗਲਾਤੀਆਂ ਲਈ ਆਪਣੇ ਅੜੀਅਲ ਰਵੱਈਏ ਨੂੰ ਨਾ ਛੱਡਣ ਤਕ ਪੌਲੁਸ ਵੱਲੋਂ ਦੱਸੇ ਗਏ ਖ਼ਤਰਨਾਕ ਨਤੀਜੇ ਦੇ ਬਾਅਦ, ਆਇਤ ਦਸ ਇਕ ਤਾਜ਼ਗੀ ਦਿੰਦੀ ਹੈ। ਪੌਲੁਸ ਨੇ ਇਹ ਆਖਦਿਆਂ ਉਨ੍ਹਾਂ ਨੂੰ ਦਲੇਰੀ ਦਿੱਤੀ ਕਿ **ਮੈਨੂੰ ਪ੍ਰਭੂ ਵਿਚ ਤੁਹਾਡੀ ਵੱਲੋਂ ਭਰੋਸਾ ਹੈ ਜੋ ਤੁਸੀਂ ਹੋਰ ਖਿਆਲ ਨਾ ਕਰੋਗੇ।** ਉਸ ਨੇ ਅਜੇ ਉਨ੍ਹਾਂ ਉੱਤੇ ਨਹੀਂ ਛੱਡਿਆ ਸੀ ਪਰ ਫਿਰ ਵੀ ਉਸ ਨੂੰ ਭਰੋਸਾ ਸੀ ਕਿ ਉਹ ਤੌਬਾ ਕਰਨਗੇ ਅਤੇ ਆਪਣੇ ਪਹਿਲੇ ਪਿਆਰ ਵਿਚ ਪਰਤ ਆਉਣਗੇ। ਫਿਰ ਵੀ ਰਸੂਲ ਦਾ ਭਰੋਸਾ ''ਪ੍ਰਭੂ ਵਿਚ'' ਸੀ। ਗਲਾਤੀਆਂ ਦੀ ਮਸ਼ਹੂਰ ਚੰਚਲਤਾ ਨੂੰ ਧਿਆਨ ਵਿਚ ਰੱਖਦਿਆਂ ਇਸ

ਨੂੰ ਸਮਝਿਆ ਜਾ ਸਕਦਾ ਹੈ।

ਪੌਲੁਸ ਨੂੰ ਪਤਾ ਸੀ ਕਿ ਇਹ ਐਨੀ ਵੱਡੀ ਗਲਤੀ ਸਿਰਫ਼ ਉਨ੍ਹਾਂ ਦੇ ਆਪਣੇ ਕਰਕੇ ਨਹੀਂ ਬਲਕਿ ਯਹੂਦੀ ਮੱਤ ਦੀ ਸਿੱਖਿਆ ਦੇਣ ਵਾਲਿਆਂ ਕਰਕੇ ਸੀ। ਇਕ ਪਾਸੇ ਆਪਣੀ ਡੂੰਘੀ ਚਿੰਤਾ ਅਤੇ ਦੂਜੇ ਪਾਸੇ ਆਪਣੇ ਪ੍ਰਭ ਵਿਚ ਆਪਣੇ ਵਿਸ਼ਵਾਸ ਵਿਚ ਵੰਡਿਆ ਹੋਣ ਕਰਕੇ ਜਿੱਤ ਪ੍ਰਭੂ ਵਿਚ ਭਰੋਸੇ ਦੀ ਹੋਈ ਅਤੇ ਉਸ ਨੇ ਉਸ ਨੂੰ ਉਨ੍ਹਾਂ ਵਿਚ ਭਰੋਸਾ ਜਤਾਉਣ ਦੀ ਜ਼ਮੀਨ ਤਿਆਰ ਕੀਤੀ। ਉਸ ਦਾ ਮੰਨਣਾ ਸੀ ਕਿ ਉਨ੍ਹਾਂ ਨੂੰ ਨਾ ਸਿਰਫ਼ ਉਹਦੇ ਲਈ ਆਪਣੇ ਪਹਿਲੇ ਪਿਆਰ ਵਿਚ ਵਾਪਸ ਆਉਣ ਲਈ ਮਨਾਇਆ ਜਾ ਸਕਦਾ ਹੈ ਬਲਕਿ ਇੰਜੀਲ ਦੀ ਸਚਿਆਈ ਦੇ ਸਬੰਧ ਵਿਚ ਵੀ ਉਨ੍ਹਾਂ ਨੂੰ ਉਨ੍ਹਾਂ ਦੇ ਪਹਿਲੇ ਵਿਸ਼ਵਾਸ ਵਿਚ ਮੋੜਿਆ ਜਾ ਸਕਦਾ ਹੈ।

ਪੌਲੁਸ ਦਾ ਇਹ ਭਰੋਸਾ ਜਤਾਉਣਾ ਭਾਵੇਂ ਕੂਟਨੀਤਕ ਅਤੇ ਮਨੋਵਿਗਿਆਨਿਕ ਰੂਪ ਵਿਚ ਸਮਝਦਾਰੀ ਭਰਿਆ ਸੀ, ਪਰ ਇਸ ਵਿਚ ਹੋਰ ਵੀ ਬਹੁਤ ਕੁਝ ਮਿਲਿਆ ਹੋਇਆ ਲਗਦਾ ਹੈ। ਮਨਪਸੰਦ ਟੀਚਾ ਪਾਉਣ ਲਈ ਉਸ ਦਾ ਭਰੋਸਾ ਸਿਰਫ਼ ਸੋਚਿਆ ਸਮਝਿਆ ਹੀ ਨਹੀਂ ਸੀ ਕਿ ਬਲਕਿ ਇਸ ਮਹਾਨ ਰਸੂਲ ਦੀ ਖੂਬੀ ਵਿਖਾਉਂਦਾ ਹੋਇਆ ਡੂੰਘੀ ਰੂਹਾਨੀਅਤ ਅਤੇ ਵਫ਼ਾਦਾਰੀ ਦੀ ਝਲਕ ਦਿੰਦਾ ਹੈ। ਇਹ ਉਸ ਨਿਹਚਾ ਅਤੇ ਪਿਆਰ ਦੀ ਜਿੱਤ ਤੇ ਜਿਸ ਤੋਂ ਰਸੂਲ ਨੂੰ ਪ੍ਰੇਰਣਾ ਮਿਲਦੀ ਅਤੇ ਉਸ ਦੀ ਜ਼ਿੰਦਗੀ ਚਲਦੀ ਸੀ।

ਇੱਥੇ ਪੌਲੁਸ ਨੇ ਇਨ੍ਹਾਂ ਪਿਆਰੇ ਭਾਈਆਂ ਦੇ ਸਾਹਮਣੇ ਜਿਨ੍ਹਾਂ ਨੂੰ ਉਸ ਦੇ ਮਸੀਹ ਵਿਚ ਜਨਮ ਦੁਆਇਆ ਸੀ (4:19) ਅਤੇ ਉਨ੍ਹਾਂ ਵਿਚਕਾਰ ਜਿਹੜੇ ਇਨ੍ਹਾਂ ਨੂੰ ਗੰਭੀਰ ਗਲਤੀ ਵਿਚ ਲੈ ਗਏ ਸਨ, ਕੁੰਡਾ ਕੱਢ ਦਿੱਤਾ। **ਪਰ ਜਿਹੜਾ ਤੁਹਾਨੂੰ ਘਬਰਾਉਂਦਾ ਹੈ ਉਹ ਭਾਵੇਂ ਕੋਈ ਹੋਵੇ ਆਪਣੀ ਸਜ਼ਾ ਭੋਗੇਗਾ !** ਬੜੀ ਸਮਝਦਾਰੀ ਨਾਲ ਪੌਲੁਸ ਨੇ ਇੱਥੇ ਕਿਸੇ ਦਾ ਨਾਂਅ ਨਹੀਂ ਲਿਆ। ਬਲਕਿ ਉਸ ਨੇ ਉਨ੍ਹਾਂ ਨਾਲੋਂ ਜਿਹੜੇ ਉਸ ਦੇ ਇਖ਼ਤਿਆਰ ਨੂੰ ਕਮਜ਼ੋਰ ਕਰਨਾ ਅਤੇ ਉਸ ਦੀ ਰੂਹਾਨੀ ਸੰਤਾਨ ਨੂੰ ਆਪਣੇ ਵੱਲ ਖਿਚ ਲੈਣ ਲਈ ਉਸ ਤੋਂ ਦੂਰ ਕਰਨਾ ਚਾਹੁੰਦੇ ਹਨ, ਬਿਨਾਂ ਨਾਂਅ ਲਏ ਝਾੜ ਪਾਈ। ਉਸ ਦੀ ਨਰਾਜ਼ਗੀ ਨੂੰ ਜਿਹੜੀ ਕਿ ਖ਼ਤ ਦੇ ਪਹਿਲੇ ਅਧਿਆਇਆਂ ਵਿਚ ਵੀ ਨਜ਼ਰ ਆਉਂਦੀ ਹੈ, ਪੂਰੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਅਜਿਹਾ ਕਿਹੜਾ ਪ੍ਰੇਮੀ ਪਿਤਾ ਹੋਵੇਗਾ ਜਿਹੜਾ ਆਪਣੇ ਬੱਚਿਆਂ ਨੂੰ ਨੁਕਸਾਨ ਪਹੁੰਚਾਉਣ ਜਾਂ ਉਨ੍ਹਾਂ ਨੂੰ ਉਸ ਤੋਂ ਦੂਰ ਕਰਨ ਦੀ ਕੋਸ਼ਿਸ਼ ਕਰਨ ਵਾਲੇ ਨੂੰ ਵੇਖ ਕੇ ਗੁੱਸਾ ਵਖਾਉਂਦਿਆਂ ਉਨ੍ਹਾਂ ਦੀ ਰੱਖਿਆ ਕਰਨ ਦੀ ਕੋਸ਼ਿਸ਼ ਨਹੀਂ ਕਰੇਗਾ?

**ਆਇਤ 11.** ਰਸੂਲ ਨੇ ਪੁੱਛਿਆ, **ਪਰ ਹੇ ਭਰਾਵੋ, ਜੇ ਮੈਂ ਹੁਣ ਤੀਕਰ ਸੁੰਨਤ ਦੀ ਮਨਾਦੀ ਕਰਦਾ ਹਾਂ ਤਾਂ ਹੁਣ ਤੀਕ ਸਤਾਇਆ ਕਿਉਂ ਜਾਂਦਾ?** ਉਸ ਨੇ ਐਨਾਂ ਰੁੱਖਾ ਸਵਾਲ ਕਿਉਂ ਕੀਤਾ? ਉਸ ਦੇ ਵਿਰੋਧੀ ਉਸ ਉੱਤੇ ਝੂਠਾ ਇਲਜ਼ਾਮ ਲਾ ਰਹੇ ਹੋ ਸਕਦੇ ਹਨ ਕਿ ਉਹ ਅਜੇ ਵੀ ਸੁੰਨਤ ਦਾ ਪ੍ਰਚਾਰ ਕਰ ਰਿਹਾ ਸੀ। ਜਿਸ ਤੋਂ ਇਹ ਸੰਕੇਤ ਮਿਲੇ ਉਹਦੀ ਸਿੱਖਿਆ ਅਤੇ ਉਸਦਾ ਵਿਹਾਰ ਆਪੋ ਵਿਚ ਮੇਲ ਨਹੀਂ ਖਾਂਦੇ। ਕੈਨਥ ਐਲ. ਬੋਲਸ ਦੇ ਅਨੁਸਾਰ, '' 'ਜੇ' (*ei*) ਸ਼ਬਦ ਦੀ ਵਰਤੋਂ ਬਾਰ ਬਾਰ ਉਦੋਂ ਹੁੰਦੀ ਹੈ ਜਦੋਂ ਬੋਲਣ ਵਾਲਾ ਕਹੀ ਗਈ ਗੱਲ ਨੂੰ ਸਹੀ ਨਹੀਂ ਮੰਨਦਾ ਪਰ ਇਹ ਮੰਨਦਾ ਹੈ ਕਿ ਦੂਜੇ ਲੋਕ ਅਜਿਹਾ ਹੋਣ ਦਾ ਇਲਜ਼ਾਮ ਲਾਉਂਦੇ ਹਨ (ਜਿਵੇਂ ਜਦ ਯਿਸੂ ਨੇ ਆਖਿਆ, 'ਜੇ ਮੈਂ ਬਆਲਜਬੂਲ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ ...')।''[26]

''ਜੇ ਮੈਂ ਹੁਣ ਤੀਕਰ ਸੁੰਨਤ ਦੀ ਮਨਾਦੀ ਕਰਦਾ ਹਾਂ'' ਵਾਕਅੰਸ਼ ਨਾਲ ਪੌਲੁਸ ਨੇ ਇਹ ਮੰਨ ਲਿਆ ਕਿ ਉਹ *ਪਹਿਲਾਂ* ਸੁੰਨਤ ਦਾ ਪ੍ਰਚਾਰ ਕਰਦਾ ਹੁੰਦਾ ਸੀ। ਪਰ ਇਕ ਫਰੀਸੀ ਅਤੇ ਸਾਬਕਾ ਰੱਬੀ ਵਿਦਿਆਰਥੀ ਹੋਣ ਦੇ ਨਾਤੇ (ਰਸੂਲਾਂ ਦੇ ਕਰਤੱਬ 22:3; 23:6; 26:5) ਤੋਂ ਕਿਸੇ ਵੀ ''ਕੁਧਰਮੀ'' ਨੂੰ ਜਿਹੜਾ ਉਹਦੇ ਵਢੇਰਿਆਂ ਦੇ ਰਵਾਇਤੀ ਵਿਸ਼ਵਾਸ ਪ੍ਰਤੀ ਵਫ਼ਾਦਾਰ ਨਹੀਂ ਹੁੰਦਾ ਸੀ, ਫੜ ਕੇ ਮਾਰ ਸੁੱਟੇ ਜਾਣ ਦੀ ਸਹਮਤੀ ਦਿੰਦਾ ਸੀ (ਰਸੂਲਾਂ ਦੇ ਕਰਤੱਬ 9:1, 2; 26:10)। ਜੇ ਉਹ ਇਸ ਰਸਮ

ਦੀ ਲੋੜ ਦਾ ਪ੍ਰਚਾਰ ਹੁਣ ਦੀ ਕਰ ਰਿਹਾ ਹੁੰਦਾ ਤਾਂ ਬੇਪਰਤੀਤੇ ਯਹੂਦੀਆਂ ਨੂੰ ਸਤਾਉਣ ਦਾ ਕੋਈ ਕਾਰਣ ਨਹੀਂ ਹੋਣਾ ਸੀ। ਇਸ ਤੋਂ ਛੁਟ ਪਰਤੀਤ ਕਰਨ ਵਾਲੇ ਯਹੂਦੀਆਂ ਕੋਲ ਉਸ ਦਾ ਵਿਰੋਧ ਕਰਨ ਦਾ ਕੋਈ ਅਧਾਰ ਨਹੀਂ ਹੋਣਾ ਸੀ।[27] ਇਸੇ ਤਰ੍ਹਾਂ ਨਾਲ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਲਈ ਗਲਾਤੀਆ ਅਤੇ ਕਿਤੇ ਹੋਰ ਉਸ ਦੇ ਕੰਮ ਨੂੰ ਕਮਜ਼ੋਰ ਕਰਨ ਦੀ ਕੋਈ ਲੋੜ ਨਹੀਂ ਹੋਣੀ ਸੀ।

ਪੌਲੁਸ ਸੁੰਨਤ ਦਾ ਪ੍ਰਚਾਰ ਨਹੀਂ ਕਰ ਰਿਹਾ ਸੀ। ਅਸਲ ਵਿਚ ਸੁੰਨਤ ਦਾ ਪ੍ਰਚਾਰ ਅਜਿਹੀ ਗੱਲ ਸੀ ਜਿਹੜੀ ਉਹ ਉਹਦੇ ਵੱਲੋਂ ਕਾਇਮ ਕਲੀਸੀਆਵਾਂ ਵਿਚ ਬਿਲਕੁਲ ਨਹੀਂ ਚਾਹੁੰਦਾ ਸੀ ਕਿ ਕੀਤੀ ਜਾਵੇ (ਵੇਖੋ 2:3; ਰਸੂਲਾਂ ਦੇ ਕਰਤੱਬ 15:1, 2)। ਇਸੇ ਮਸਲੇ ਕਰਕੇ ਯਰੂਸ਼ਲਮ ਵਿਚ ਜਦੋਂ ਰਸੂਲਾਂ ਅਤੇ ਬਜ਼ੁਰਗਾਂ ਦੀ ਸਭਾ ਬੁਲਾਈ ਗਈ। ਜੇ ਉਹ ਸਚਮੁਚ ਹੁਣ ਤਕ ਸੁੰਨਤ ਦਾ ਪ੍ਰਚਾਰ ਕਰ ਰਿਹਾ ਹੁੰਦਾ ਤਾਂ ਅਜੇ ਵੀ ਸਤਾਇਆ ਕਿਉਂ ਜਾਂਦਾ? ਇਸ ਸਵਾਲ ਦਾ ਕੋਈ ਤਰਕਸੰਗਤ ਜਵਾਬ ਨਹੀਂ ਹੋ ਸਕਦਾ। ਜੇ ਖ਼ਤ ਯਰੂਸ਼ਲਮ ਦੀ ਸਭਾ ਤੋਂ ਥੋੜ੍ਹਾ ਪਹਿਲਾਂ ਲਿਖਿਆ ਗਿਆ ਸੀ ਤਾਂ ਪੌਲੁਸ ਦੀਆਂ ਮਿਸ਼ਨਰੀ ਯਾਤਰਾਵਾਂ ਵਿੱਚੋਂ ਪਹਿਲੀ ਹੀ ਯਾਤਰਾ ਇਸ ਤੋਂ ਪਹਿਲਾਂ ਹੋਈ ਸੀ। ਇਸ ਦੌਰਾਨ ਉਸ ਨੂੰ ਅਤੇ ਬਰਨਬਾਸ ਨੂੰ ਖ਼ਤਰਨਾਕ ਸਤਾਅ ਝੱਲਣਾ ਪਿਆ ਸੀ (ਰਸੂਲਾਂ ਦੇ ਕਰਤੱਬ 13:50; 14:5, 6); ਇਕ ਵਾਰ ਤਾਂ ਉਸ ਨੂੰ ਪਥਰਾਅ ਕਰਕੇ ਮਰਿਆ ਹੋਇਆ ਸਮਝ ਕੇ ਛੱਡ ਦਿੱਤਾ ਗਿਆ (ਰਸੂਲਾਂ ਦੇ ਕਰਤੱਬ 14:19)। ਹੋਰ ਵੀ ਸਤਾਅ ਅਜੇ ਹੋਣਾ ਸੀ।

ਪੌਲੁਸ ਨੇ ਆਖਿਆ ਕਿ ਜੇ ਉਹ ਅਜੇ ਤਕ ਸੁੰਨਤ ਦਾ ਪ੍ਰਚਾਰ ਕਰ ਰਿਹਾ ਹੁੰਦਾ ਤਾਂ **ਤਦ ਸਲੀਬ ਦੀ ਠੋਕਰ ਤਾਂ ਰਹੀ ਨਾ** *[ਜਾਂਦੀ ਰਹੀ]*।[28] NRSV ਵਿਚ ਇਸ ਦਾ ਅਨੁਵਾਦ ਹੈ, ''ਫਿਰ ਤਾਂ ਸਲੀਬ ਦੀ ਠੋਕਰ ਹਟ ਗਈ।'' ਰਸੂਲ ਸੁੰਨਤ ਦਾ ਸੰਦੇਸ਼ (ਸ਼ਰ੍ਹਾ) ਅਤੇ ਸਲੀਬ ਦਾ ਸੰਦੇਸ਼ (ਇੰਜੀਲ) ਦੇ ਆਪੋ ਵਿਚ ਬਿਲਕੁਲ ਅੱਡ ਅੱਡ ਹੋਣ ਨੂੰ ਵਿਖਾ ਰਿਹਾ ਸੀ। NLT ਵਿਚ ਕਿਹਾ ਗਿਆ ਹੈ, ''ਜੇ ਮੈਂ ਮਸੀਹ ਦੀ ਸਲੀਬ ਦੇ ਰਾਹੀਂ ਮੁਕਤੀ ਦਾ ਪ੍ਰਚਾਰ ਨਾ ਕਰ ਰਿਹਾ ਹੁੰਦਾ ਤਾਂ ਕਿਸੇ ਨੂੰ ਠੋਰਕ ਨਹੀਂ ਲੱਗਣੀ ਸੀ।''

''ਠੋਕਰ'' (''ਠੇਡਾ ਲੱਗਣ ਦਾ ਪੱਥਰ'') ਦੀ ਧਾਰਣਾ ਬਾਈਬਲ ਵਿਚ ਬੜੀ ਗਹਿਰੀ ਹੈ। ਇਹ ਯੂਨਾਨੀ ਨਾਉ ਸ਼ਬਦ (*skandalon*, ਸਕੇਂਡਾਲੋਨ) ਹੈ ਜਿਸ ਤੋਂ ਅੰਗ੍ਰੇਜ਼ੀ ਸ਼ਬਦ *scandal* (ਸਕੈਂਡਲ), *scandalize* (ਸਕੈਂਡਲਾਈਜ਼) ਮਿਲੇ ਹਨ। ਇਨ੍ਹਾਂ ਸ਼ਬਦਾਂ ਵਿਚ ਕਿਸੇ ਨੂੰ ਸੁੱਟਣ ਲਈ ਠੋਕਰ ਦੇਣ ਦਾ ਵਿਚਾਰ ਮਿਲਦਾ ਹੈ। ਸਪਤਤੀ ਅਨੁਵਾਦ (LXX ) (*skandalon*) ਨੂੰ ਕਈ ਵਾਰ ਇਬਰਾਨੀ ਸ਼ਬਦ *mikshol* (ਮਿਕਸੋਲ) ਦੇ ਅਨੁਵਾਦ ਲਈ ਵਰਤਿਆ ਗਿਆ ਹੈ, ਜਿਸ ਦਾ ਅਰਥ ਵੀ ''ਠੋਕਰ ਲੱਗਣ ਵਾਲਾ ਪੱਥਰ'' ਹੈ।[29] ਉਦਾਹਰਣ ਲਈ ਲੇਵੀਆਂ ਦੀ ਪੋਥੀ 19:14 ਵਿਚ ਇਸ ਨੂੰ ਵਰਤਿਆ ਗਿਆ ਹੈ ਜਿੱਥੇ ਖ਼ੁਦਾ ਨੇ ਇਸਰਾਏਲੀਆਂ ਨੂੰ ਹਦਾਇਤ ਕੀਤੀ ਕਿ ''ਨਾ ਅੰਨ੍ਹੇ ਨੂੰ ਠੋਕਰ ਖਿਲਾਵੀਂ'' ਅਤੇ ਜ਼ਬੂਰਾਂ 119:165 ਵਿਚ, ਜਿੱਥੇ ਕਿਹਾ ਗਿਆ ਹੈ ਕਿ ''ਵਿਵਸਥਾ ਦੇ ਪ੍ਰੇਮੀਆਂ ਨੂੰ ਕੋਈ ਠੋਕਰ ਨਹੀਂ ਲਗਦੀ।''

5:11 ਵਿਚਲੀ ''ਠੋਕਰ'' ਮਸੀਹ ਦੀ ''ਸਲੀਬ'' ਹੈ। ਕੁਰਿੰਥੀਆਂ ਦੇ ਨਾਂਅ ਉਸ ਨੇ ਲਿਖਿਆ,

> ਸਲੀਬ ਦੀ ਕਥਾਂ ਤਾਂ ਉਨ੍ਹਾਂ ਦੇ ਭਾਣੇ ਜਿਹੜੇ ਨਾਸ ਹੋ ਰਹੇ ਹਨ ਮੂਰਖਤਾਈ ਹੈ ਪਰੰਤੂ ਸਾਡੇ ਭਾਣੇ ਜਿਹੜੇ ਬਚਾਏ ਜਾਂਦੇ ਹਾਂ ਉਹ ਪਰਮੇਸ਼ੁਰ ਦੀ ਸ਼ਕਤੀ ਹੈ। ... ਯਹੂਦੀ ਤਾਂ ਨਿਸ਼ਾਨੀਆਂ ਮੰਗਦੇ ਅਤੇ ਯੂਨਾਨੀ ਬੁੱਧ ਭਾਲਦੇ ਹਨ। ਪਰ ਅਸੀਂ ਸਲੀਬ ਦਿੱਤੇ ਹੋਏ ਮਸੀਹ ਦਾ ਪ੍ਰਚਾਰ ਕਰਦੇ ਹਾਂ। ਉਹ ਯਹੂਦੀਆਂ ਦੇ ਲੇਖੇ ਠੋਕਰ ਦਾ ਕਾਰਨ ਅਤੇ ਪਰਾਈਆਂ ਕੌਮਾਂ ਦੇ ਲੇਖੇ ਮੂਰਖਤਾਈ ਹੈ (1 ਕੁਰਿੰਥੀਆਂ 1:18–23)।

ਇਸ ਹਵਾਲੇ ਤੋਂ ਸੰਕੇਤ ਮਿਲਦਾ ਹੈ ਕਿ ਨਾ ਤਾਂ ਯਹੂਦੀ ਅਤੇ ਨਾ ਹੀ ਗੈਰਕੌਮ ਇਹ ਸਮਝ ਸਕੇ ਕਿ

ਅਧਕਾਰਿਕ ਤੌਰ ਤੇ ਦੋਸ਼ੀ ਠਹਿਰਾਇਆ ਹੋਇਆ ਅਤੇ ਮਾਰ ਸੁੱਟਿਆ ਗਿਆ ਅਪਰਾਧੀ ਇਸ ਤਰ੍ਹਾਂ ਕਿਸੇ ਨੂੰ ਕਿਵੇਂ ਬਚਾ ਸਕਦਾ ਸੀ। ਜ਼ਿਆਦਾਤਰ ਲੋਕਾਂ ਨੂੰ ਇਹ ਵਿਚਾਰ ਬੇਤੁਕਾ ਲਗਦਾ ਸੀ। ਸਲੀਬ ਦੇ ਸੰਦੇਸ਼ ਵਿਚ ਦੇਹ ਦੇ ਜੀ ਉੱਠਣ ਦੀ ਗੱਲ ਵੀ ਕੀਤੀ, ਜੋ ਕਿ ਖ਼ਾਸ ਤੌਰ ਤੇ ਯੂਨਾਨੀਆਂ ਦੀ ਨਜ਼ਰ ਵਿਚ ਮੂਰਖਤਾ ਦੀ ਗੱਲ ਸੀ। ਇਹ ਅਥੇਨੇ ਦੇ ਦਾਰਸ਼ਨਿਕਾਂ ਦੀ ਪ੍ਰਤੀਕਿਰਿਆ ਤੋਂ ਸਪੱਸ਼ਟ ਹੈ, ਜਿਨ੍ਹਾਂ ਨੇ ਅਰਿਯੁਪਗੁਸ ਵਿਚ ਪੌਲੁਸ ਨੂੰ ਪ੍ਰਚਾਰ ਕਰਦਿਆਂ ਸੁਣਿਆ ਸੀ (ਰਸੂਲਾਂ ਦੇ ਕਰਤੱਬ 17:32)। ਸੰਭਵ ਤੌਰ ਤੇ ਕੋਈ ਵੀ ਪੜ੍ਹਿਆ ਲਿਖਿਆ ਯੂਨਾਨੀ ਇਸੇ ਹੀ ਨਤੀਜੇ ਤੇ ਪਹੁੰਚਦਾ। ਯਹੂਦੀਆਂ ਨੂੰ ਵਿਵਸਥਾਸਾਰ 21:23 ਵਿਚ ਕਹੀ ਮੂਸਾ ਦੀ ਗੱਲ ਦਾ ਪਤਾ ਸੀ ਜਿਸ ਨੂੰ ਪੌਲੁਸ ਨੇ ਗਲਾਤੀਆਂ 3:13 ਵਿਚ ਦੁਹਰਾਇਆ: ''ਸਰਾਪੀ ਹੈ ਹਰੇਕ ਜਿਹੜਾ ਰੁੱਖ ਉੱਤੇ ਟੰਗਿਆ ਹੋਇਆ ਹੈ।''[30] ਕਿੰਨੀ ਵੱਡੀ ''ਠੋਕਰ'' ਹੈ! ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਯਹੂਦੀਆਂ ਨੇ ਸਲੀਬ ਦੇ ਸੰਦੇਸ਼ ਤੋਂ ਠੋਕਰ ਖਾਧੀ।

**ਆਇਤ 12.** ਸਖ਼ਤ ਭਾਸ਼ਾ ਦੀ ਵਰਤੋਂ ਕਰਦਿਆਂ ਪੌਲੁਸ ਨੇ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਨੂੰ ਆਖਿਆ, **ਕਾਸ਼ ਕਿ ਓਹ ਜਿਹੜੇ ਤੁਹਾਨੂੰ ਭਰਮਾਉਂਦੇ ਹਨ ਆਪਣੇ ਲਿੰਗ ਵੱਢ ਲੈਂਦੇ!** ''ਲਿੰਗ ਵੱਢ ਲੈਂਦੇ'' ਲਈ ਯੂਨਾਨੀ ਸ਼ਬਦ *apokoptō* (ਅਪੋਕੋਪਟੋ) ਹੈ ਜਿਸ ਦਾ ਲਫ਼ਜ਼ੀ ਮਾਇਨਾ ਹੈ ''ਕੱਟਣਾ'' ਜਾਂ ''ਕੱਟ ਸੁੱਟਣਾ।'' ਇਸ ਸ਼ਬਦ ਨੂੰ ਕਿਵੇਂ ਸਮਝਿਆ ਜਾਵੇ?

ਪੁਰਾਣੇ ਨੇਮ ਵਿਚ ''ਕੱਟ ਦੇਣਾ'' ਸ਼ਬਦ ਦੀ ਵਰਤੋਂ ਆਮ ਤੌਰ ਤੇ ਆਪਣੇ ਲੋਕਾਂ ਵਿੱਚੋਂ ਜਾਂ ਜੀਉਂਦਿਆਂ ਦੀ ਧਰਤੀ ਤੋਂ ਅੱਡ ਕੀਤੇ ਜਾਣ ਦੇ ਅਰਥ ਵਿਚ ਹੋਈ ਹੈ, ਜੋ ਕਿ ਮੌਤ ਦੀ ਸਜ਼ਾ ਦਾ ਸੰਕੇਤ ਹੈ। ਇਹ ਕਿਸੇ ਸ਼ਹਿਰ ਦੀ ਜਾਂ ਪੂਰੇ ਲੋਕਾਂ ਦੀ ਬਰਬਾਦੀ ਨੂੰ ਵਿਖਾ ਸਕਦਾ ਹੈ। ਪਰ LXX ਵਿਚ ਇਹਦੇ ਲਈ ਬਿਲਕੁਲ ਵੱਖਰਾ ਯੂਨਾਨੀ ਸ਼ਬਦ ਵਰਤਿਆ ਗਿਆ ਹੈ (*apollumi*, ਅਪੌਲੋਮੀ ਜਾਂ *apolluō*, ਅਪੋਲੁਓ)। 5:12 ਵਿਚ ਪੌਲੁਸ ਵੱਲੋਂ ਵਰਤਿਆ ਗਿਆ ਸ਼ਬਦ (*apokoptō*, ਅਪੋਕਿਪਟੋ) LXX ਵਿਚ ਤੁਲਨਾਤਮਕ ਤੌਰ ਤੇ ਘਟ ਮਿਲਦਾ ਹੈ। ਜਦ ਇਹ ਮਿਲਦਾ ਹੈ ਤਾਂ ਆਮ ਤੌਰ ਤੇ ਇਹ ਸਰੀਰ ਦੇ ਕਿਸੇ ਅੰਗ ਦੇ ਕੱਟੇ ਜਾਣ ਦਾ ਸੰਕੇਤ ਦਿੰਦਾ ਹੈ, ਜਿਵੇਂ ਕਿ ਅੰਗੂਠਾ, ਪੈਰ ਦਾ ਅੰਗੂਠਾ ਜਾਂ ਹੱਥ ਦਾ (ਵਿਵਸਥਾਸਾਰ 25:12; ਨਿਆਈਆਂ 1:6, 7)। ਇਕ ਵਾਰ ਇਸ ਦੀ ਵਰਤੋਂ ਲੋਕਾਂ ਨੂੰ ਸ਼ਰਮਿਦਿਆਂ ਕਰਨ ਲਈ ਵਸਤਰ ਕੱਟੇ ਜਾਣ ਤੇ (2 ਸਮੂਏਲ 10:4, 5), ਅਤੇ ਇਕ ਵਾਰ ਇਸ ਨੂੰ ਦਾਖਾਂ ਤੋੜਨ ਵਾਲੇ ਵੱਲੋਂ ਆਪਣੀ ਦਾਖ ਛਾਂਟਣ ਦੇ ਅਰਥ ਵਿਚ ਕੀਤੀ ਗਈ ਹੈ (ਯਸਾਯਾਹ 18:5)। ਇੱਥੇ ਇਸ ਅਰਥ ਨੂੰ ਸਝਣ ਲਈ LXX ਵਿਚ ਇਸ ਸ਼ਬਦ ਦਾ ਸਭ ਤੋਂ ਢੁਕਵਾਂ ਹਵਾਲਾ ਵਿਵਸਥਾ ਸਾਰ 23:1 ਹੈ ਜਿੱਥੇ ਇਸ ਵਿਚ ਉਸ ਆਦਮੀ ਦੀ ਗੱਲ ਹੈ ਜਿਹੜਾ ਖੁਸਰਾ ਹੈ।[31]

ਇਸ ਪਛੋਕੜ ਨੂੰ ਧਿਆਨ ਵਿਚ ਰਖਦਿਆਂ ਇਹ ਸਪੱਸ਼ਟ ਹੈ ਕਿ ਪੌਲੁਸ ਅਲੰਕਾਰਿਕ ਰੂਪ ਵਿਚ ਗੱਲ ਨਹੀਂ ਕਰ ਰਿਹਾ ਸੀ, ਬਲਕਿ ਚਾਹੁੰਦਾ ਸੀ ਕਿ ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਸਚਮੁਚ ''ਆਪਣੇ ਲਿੰਗ ਵੱਢ ਲੈਣ।'' ਇਹ ਭਾਸ਼ਾ ਬਿਲਕੁਲ ਉਹਦੇ ਵਰਗੀ ਹੈ ਜਿਸ ਵਿਚ ਫ਼ਿਲਿੱਪੀਆਂ 3:2, 3 ਵਿਚ ਵਰਤੀ: ''ਕੁੱਤਿਆਂ ਤੋਂ ਸੁਚੇਤ ਰਹੋ। ਕੁਕਰਮੀਆਂ ਤੋਂ ਸੁਚੇਤ ਰਹੋ। *ਲਿੰਗ ਕੱਟਣ* ਵਾਲਿਆਂ (ਨਕਲੀ ਸੁੰਨਤ– NASB) ਤੋਂ ਸੁਚੇਤ ਰਹੋ! ਕਿਉਂ ਜੋ *ਸੁੰਨਤੀ* (ਅਸਲੀ ਸੁੰਨਤ– NASB) ਤਾਂ ਅਸੀਂ ਹਾਂ ਜਿਹੜੇ ਪਰਮੇਸ਼ੁਰ ਦੇ ਆਤਮਾ ਨਾਲ ਭਜਨ ਕਰਦੇ ਹਾਂ ਅਤੇ ਮਸੀਹ ਯਿਸੂ ਦੇ ਉੱਤੇ ਅਭਮਾਨ ਕਰਦੇ ਹਾਂ ਅਤੇ ਸਰੀਰ ਦਾ ਆਸਰਾ ਨਹੀਂ ਰੱਖਦੇ।'' ਮੂਲ ਵਿਚ ਭਾਵੇਂ ''ਅਸਲੀ'' ਸ਼ਬਦ ਨਹੀਂ ਹੈ ਪਰ ਇਹ ਅਨੁਵਾਦ ਯੂਨਾਨੀ ਲਿਖਤ ਦੇ ਸ਼ਬਦਾਂ ਦੇ ਹੇਰਫ਼ੇਰ ਨੂੰ ਬੜੀ ਖ਼ੂਬਸੂਰਤੀ ਨਾਲ ਫੜਦਿਆਂ ਹੋਇਆਂ ਸਨਮਾਨਤ ਅਤੇ ਠੋਕਰ ਤੋਂ ਬਚਾਉਣ ਵਾਲਾ ਹੈ।[32] ਅਨੁਵਾਦ ਹੋਇਆ ਸ਼ਬਦ ''ਲਿੰਗ ਕੱਟਣਾ'' (*katatomē*, ਕੇਟਾਟੋਮ) ਦਾ ਅਨੁਵਾਦ NASB ਵਿਚ ''ਨਕਲੀ ਸੁੰਨਤ'' ਹੋਇਆ ਹੈ, ਜਦ ਕਿ ''ਸੁੰਨਤ'' (ਦੁਆਲਿਓਂ ਕੱਟਣਾ) (*peritomē*, ਪੈਰੀਟੋਮ) ਦਾ ਅਨੁਵਾਦ

''ਅਸਲੀ ਸੁੰਨਤ'' ਹੋਇਆ ਹੈ।

ਆਧੁਨਿਕ ਪਾਠਕਾਂ ਲਈ ਭਾਵੇਂ ਇਹ ਹਵਾਲਾ ਅਣਸੁਖਾਵਾਂ ਲੱਗੇ ਪਰ ਭਾਸ਼ਾ ਸਪੱਸ਼ਟ ਤੌਰ ਤੇ ਉਨ੍ਹਾਂ ਲਈ ਜਿਨ੍ਹਾਂ ਨੇ ਆਪਣੇ ਗੈਰਕੌਮ ਭਾਈਆਂ ਦੀ ਖਲੜੀ ਦੀ ਸੁੰਨਤ ਕਰਨ ਲਈ ਆਖ ਕੇ ਨਾ ਸਿਰਫ਼ ਉਨ੍ਹਾਂ ਦਾ ਲਿੰਗ ਵੱਢਣਾ ਸੀ ਬਲਕਿ ਖਾਲਸ ਇੰਜੀਲ ਨੂੰ ਕੱਟ ਵੱਡ ਕੇ ਇਸ ਨਾਲੋਂ ਵੀ ਬੁਰਾ ਕਰਨਾ ਸੀ, ਪੌਲੁਸ ਦੀ ਡੂੰਘੀ ਨਰਾਜ਼ਗੀ ਨੂੰ ਵਿਖਾਉਂਦਾ ਹੈ (ਵੇਖੋ 1:6, 7)। ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੇ ਗੰਭੀਰ ਨਤੀਜਿਆਂ ਨੂੰ ਵੇਖਦਿਆਂ ਕੋਈ ਸ਼ੱਕ ਨਹੀਂ ਕਿ ਪੌਲੁਸ ਨੇ ਸਚਿਆਈ ਦੇ ਪੂਰੇ ਪ੍ਰਭਾਵ ਨਾਲ ਆਪਣੇ ਪਾਠਕਾਂ ਨੂੰ ਚੰਗਾਂ ਲੱਗਣ ਲਈ ਨਹੀਂ ਬਲਕਿ ਹੈਰਾਨ ਕਰਨ ਵਾਲੀ ਗੱਲ ਹੈ।

**''ਅਜ਼ਾਦੀ ਲਈ ਸੱਦੇ ਗਏ''** (5:13-15)

**[13]ਹੇ ਭਰਾਵੋ, ਤੁਸੀਂ ਤਾਂ ਅਜ਼ਾਦੀ ਲਈ ਸੱਦੇ ਗਏ ਸਾਓ ਪਰ ਆਪਣੀ ਅਜ਼ਾਦੀ ਨੂੰ ਸਰੀਰ ਲਈ ਔਸਰ ਜਾਣ ਕੇ ਨਾ ਵਰਤੋ ਸਗੋਂ ਪ੍ਰੇਮ ਦੇ ਰਾਹੀਂ ਇਕ ਦੂਏ ਦੀ ਟਹਿਲ ਸੇਵਾ ਕਰੋ। [14]ਕਿਉਂ ਜੋ ਸਾਰੀ ਸ਼ਰਾ ਇੱਕੋ ਗੱਲ ਵਿਚ ਸਮਾਪਤ ਹੁੰਦੀ ਹੈ ਅਰਥਾਤ ਇਸ ਵਿਚ ਭਈ ਆਪਣੇ ਗੁਆਂਢੀ ਨਾਲ ਆਪਣੇ ਜਿਹਾ ਪਿਆਰ ਕਰ। [15]ਪਰ ਜੇ ਤੁਸੀਂ ਇਕ ਦੂਏ ਨੂੰ ਚੱਕੀਂ ਚੱਕੀਂ ਪਾੜ ਖਾਓ ਤਾਂ ਵੇਖਣਾ ਭਈ ਤੁਸੀਂ ਇਕ ਦੂਏ ਤੋਂ ਕਿਤੇ ਨਾਸ ਨਾ ਹੋ ਜਾਓ!**

**ਆਇਤ 13.** ਪੌਲੁਸ ਨੇ ਲਿਖਿਆ, **ਹੇ ਭਰਾਵੋ, ਤੁਸੀਂ ਤਾਂ ਅਜ਼ਾਦੀ ਲਈ ਸੱਦੇ ਗਏ ਸਾਓ।** ਯੂਨਾਨੀ ਸ਼ਬਦ ''ਲਈ'' (*gar*, ਗਾਰ) ਯੋਜਕ ਸ਼ਬਦ ਉਸ ਦਾ ਕਾਰਣ ਦੱਸਦਾ ਹੈ ਜੋ ਉਸ ਨੇ ਪਿਛਲੀ ਆਇਤ ਵਿਚ ਕਿਹਾ। ਉੱਥੇ ਉਸ ਨੇ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਲਈ ਜਿਹੜੇ ਗਲਾਤੀਆਂ ਨੂੰ ਮਸੀਹ ਵਿਚ ਉਨ੍ਹਾਂ ਦੀ ਨਵੀਂ ਨਵੀਂ ਮਿਲੀ ਅਜ਼ਾਦੀ ਤੋਂ ਦੂਰ ਕਰਕੇ ਸ਼ਰ੍ਹਾ ਦੀ ਗੁਲਾਮੀ ਵਿਚ ਲਿਜਾਣ ਦੀ ਕੋਸ਼ਿਸ਼ ਕਰ ਰਹੇ ਸਨ, ਫ਼ਟਕਾਰ ਦੇਣੀ ਚਾਹੀ।

''ਅਜ਼ਾਦੀ'' ਦਾ ਥੀਮ ਅਧਿਆਇ ਦੋ ਵਿਚ ਦੋਹਾਂ ਨੇਮਾਂ ਦੇ ਦ੍ਰਿਸ਼ਟਾਂਤ ਨਾਲ ਮੇਲ ਖਾਂਦਾ ਹੈ। ਉਸ ਲਿਖਤ ਵਿਚ ਗੋੱਲੀ ਹਾਜਰਾ ਸੀਨਾ ਪਹਾੜ ਉੱਤੇ ਦਿੱਤੇ ਨੇਮ (ਸ਼ਰ੍ਹਾ) ਨੂੰ ਦਰਸਾਉਂਦੀ ਹੈ, ਜਦ ਕਿ ਸਾਰਾਹ ਸੁਰਗੀ ਨੇਮ (ਇੰਜੀਲ) ਨੂੰ ਦਰਸਉਂਦੀ ਹੈ। ਸੁਰਗੀ ਨੇਮ ਦੀ ਗੱਲ ਕਰਦਿਆਂ ਪੌਲੁਸ ਨੇ ਆਖਿਆ, ''ਯਰੂਸ਼ਲਮ ਜੋ ਉਤਾਹਾਂ ਹੈ ਉਹ ਅਜ਼ਾਦ ਹੈ, ਉਹ ਸਾਡੀ ਮਾਤਾ ਹੈ'' (4:26)। ਉਸ ਨੇ ਨਿਚੋੜ ਕੱਢਿਆ,

> ਇਸ ਲਈ, ਹੇ ਭਰਾਵੋ, ਅਸੀਂ ਗੋੱਲੀ ਦੀ ਨਹੀਂ ਸਗੋਂ ਅਜ਼ਾਦ ਦੀ ਸੰਤਾਨ ਹਾਂ।
> ਅਜ਼ਾਦੀ ਲਈ ਮਸੀਹ ਨੇ ਸਾਨੂੰ ਅਜ਼ਾਦ ਕੀਤਾ, ਇਸ ਲਈ ਦ੍ਰਿੜ੍ਹ ਰਹੋ ਅਤੇ ਗੁਲਾਮੀ ਦੇ ਜੂਲੇ ਹੇਠਾਂ ਮੁੜ ਕੇ ਨਾ ਜੁੱਪੋ (4:31; 5:1)।

ਅਧਿਆਇ 4 ਅਤੇ 5 ਵਿਚ ਇਹ ਸਪੱਸ਼ਟ ਹੈ ਕਿ ਇਹ ਅਜ਼ਾਦੀ ਸ਼ਰ੍ਹਾ ਨਹੀਂ ਹੈ। ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਨੂੰ ਗਲਾਤੀਆ ਦੀਆਂ ਕਲੀਸੀਆਵਾਂ ਉੱਤੇ ਜਾਂ ਪਰਮੇਸ਼ੁਰ ਦੇ ਲੋਕਾਂ ਦੀ ਕਿਸੇ ਵੀ ਹੋਰ ਮੰਡਲੀ ਉੱਤੇ ਸ਼ਰ੍ਹਾ ਨੂੰ ਥੋਪਣ ਦਾ ਕੋਈ ਹੱਕ ਨਹੀਂ ਸੀ।

ਪੌਲੁਸ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਗਲਾਤੀਆ ਦੇ ਲੋਕ ਅਜ਼ਾਦ ਹੋਣ ਲਈ ''ਸੱਦੇ ਗਏ'' ਸਨ। ਇਸ ਕਰਕੇ ਉਨ੍ਹਾਂ ਨੂੰ ਅਜ਼ਾਦ ਰਹਿਣਾ ਚਾਹੀਦਾ ਹੈ। ਕਈ ਵਾਰ ਗੁਲਾਮਾਂ ਕੋਲ ਅਜ਼ਾਦ ਹੋਣ ਦਾ ਬਦਲ ਹੁੰਦਾ ਸੀ (ਕੂਚ 21:1–6; 1 ਕੁਰਿੰਥੀਆਂ 7:21–23)। ਅਗਸਤੁਸ ਦੀ ਹਕੂਮਤ

ਦੌਰਾਨ ਐਨੇ ਗੁਲਾਮਾਂ ਨੂੰ ਅਜ਼ਾਦ ਕੀਤਾ ਜਾ ਰਿਹਾ ਸੀ ਕਿ ਉਸ ਨੂੰ ਲੱਗਾ ਕਿ ਹਕੂਮਤ ਵਿਚ ਇਸ ਰੁਝਾਨ ਨੂੰ ਰੋਕਣ ਲਈ ਕਾਨੂੰਨ ਬਣਾਉਣਾ ਜ਼ਰੂਰੀ ਹੈ।

ਪ੍ਰਾਚੀਨ ਜਗਤ ਦੇ ਲੋਕਾਂ ਨੂੰ ਕਈ ਤਰ੍ਹਾਂ ਨਾਲ ਗੁਲਾਮ ਬਣਾਇਆ ਜਾਂਦਾ ਸੀ। (1) ਜਗ ਵਿਚ ਬੰਦੀ ਬਣਾ ਕੇ; (2) ਅਗਵਾ ਕਰਕੇ ਜਾਂ ਡਕੈਤੀ ਕਰਕੇ; (3) ਖ਼ਰੀਦ ਕੇ, ਖ਼ਾਸਕਰ ਖ਼ਾਸ ਗੁਣਾਂ ਜਾਂ ਯੋਗਤਾਵਾਂ ਲਈ; ਅਤੇ (4) ਬੱਚਿਆਂ ਨੂੰ ਛੱਡ ਦਿੱਤੇ ਜਾਣ ਅਤੇ ਬਾਅਦ ਵਿਚ ਉਨ੍ਹਾਂ ਨੂੰ ਚੁੱਕ ਕੇ ਘਰ ਦੇ ਗੁਲਾਮਾਂ ਵਜੋਂ ਉਨ੍ਹਾਂ ਦਾ ਪਾਲਣ ਪੋਸ਼ਣ ਕਰਨ ਨਾਲ। (5) ਗੋੱਲੀਆਂ ਤੋਂ ਜੰਮੇ ਬੱਚੇ ਆਪਣੇ ਆਪ ਉਨ੍ਹਾਂ ਦੀਆਂ ਮਾਵਾਂ ਦੇ ਮਾਲਕਾਂ ਦੀ ਜਾਇਦਾਦ ਬਣ ਜਾਂਦੇ ਸਨ, ਅਤੇ ਉਹ ''ਘਰ ਜੰਮ'' ਗੁਲਾਮ ਹੁੰਦੇ ਸਨ।[33] (6) ਕਈ ਲੋਕ ਜਿਨ੍ਹਾਂ ਨੂੰ ਜੁਰਮ ਕੀਤੇ ਜਾਣ ਤੇ ਅਦਾਲਤ ਸਜ਼ਾ ਦਿੰਦੀ ਸੀ, ਰਾਜ ਦੇ ਗੁਲਾਮ ਬਣ ਜਾਂਦੇ ਸਨ ਅਤੇ ਉਨ੍ਹਾਂ ਨੂੰ ਵਗਾਰ ਲਈ ਵਰਤਿਆ ਜਾਂਦਾ ਸੀ। (7) ਲੋਕਾਂ ਨੂੰ ਕਈ ਵਾਰ ਆਪਣੇ ਹੀ ਫੈਸਲੇ ਨਾਲ, ਬਹੁਤ ਘਟੀਆ ਜਾਂ ਖ਼ਤਰਨਾਕ ਕੰਮ ਕਰਨ ਲਈ ਦਿੱਤੇ ਜਾਂਦੇ ਸਨ। (ਇੱਥੋਂ ਤਕ ਕਿ ਤਲਵਾਰਬਾਜੀ ਕਰਨ ਲਈ) ਕੀਮਤ ਸਹੀ ਮਿਲ ਜਾਣ ਤੇ।[34]

ਗੁਲਾਮਾਂ ਨੂੰ ਵੱਖੋ ਵੱਖ ਢੰਗਾਂ ਨਾਲ ਵੀ ਛੱਡਿਆ ਜਾ ਸਕਦਾ ਸੀ, ਜਿਹੜੇ *Lex Aelia Sentia* (ਲੈਕਸ ਏਲੀਆ ਸੇਂਟੀਆ) ਨਾਮਕ ਰੋਮੀ ਕਾਨੂੰਨ ਦੀ ਇਕ ਪੇਚੀਦਾ ਸੰਸਥਾ ਵੱਲੋਂ ਦੱਸੇ ਜਾਂਦੇ ਸਨ।[35] ਇਨ੍ਹਾਂ ਵਿੱਚੋਂ ਵਧੇਰੇ ਨਿਯਮ ਗੁਲਾਮ ਮੁਕਤੀ ਦੀਆਂ ਵੱਖੋ ਵੱਖ ਕਿਸਮਾਂ ਤੋਂ ਅਜ਼ਾਦ ਹੁੰਦੇ ਸਨ, ਜੋ ਇਕ ਅਜਿਹੀ ਪ੍ਰਕਿਰਿਆ ਹੈ ਜਿਸਦਾ ਜ਼ਿਕਰ ਥੌਮਸ ਵੀਡਮੈਨ ਨੇ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ:

> ਗੁਲਾਮ ਦੀ, ਗੁਮਾਲ ਮੁਕਤੀ [ਅਜ਼ਾਦ ਕੀਤਾ ਜਾਣਾ] ਉਦੋਂ ਮੰਨੀ ਜਾਂਦੀ ਹੈ ਜਦੋਂ ਉਹਦਾ ਮਾਲਕ ਉਸ ਗੁਲਾਮ ਦੇ ਸਿਰ ਜਾਂ ਸਰੀਰ ਦੇ ਕਿਸੇ ਹਿੱਸੇ ਨੂੰ ਫੜ ਕੇ ਕਹੇ, ''ਮੈਂ ਇਸ ਆਦਮੀ ਨੂੰ ਅਜ਼ਾਦ ਕਰਨਾ ਚਾਹੁੰਦਾ ਹਾਂ'' ਅਤੇ ਉਸ ਤੋਂ ਆਪਣਾ ਹੱਥ ਹਟਾ ਲਵੇ [ਭਾਵ ''ਉਸ ਨੂੰ ਆਪਣੇ ਹੱਥੋਂ ਨਿੱਕਲ ਜਾਣ ਦਵੇ'' ]।[36]

ਪੁਰਾਤਨ ਯੂਨਾਨੀਆਂ ਵਿਚਕਾਰ ਗੁਲਾਮਾਂ ਨੂੰ ਅਜ਼ਾਦ ਕਰਨ ਦਾ ਲੁਭਾਉਣਾ ਢੰਗ ਧਾਰਮਿਕ ਗੁਲਾਮ ਮੁਕਤੀ ਦੀ ਧਾਰਮਿਕ ਰੀਤ ਤੋਂ ਕਿਸੇ ਗੁਲਾਮ ਦਾ ਕਾਫ਼ਰਾਂ ਦੇ ਮੰਦਰ ਵਿਚ ਕਾਲਪਨਿਕ ਤੌਰ ਤੇ ਵੇਖਿਆ ਜਾਣਾ। ਡੈਲਫ਼ੀ ਵਿਚ ਅਪੋਲੋ ਦੇ ਮੰਦਰ ਵਿਚ ਅੱਜ ਵੀ ਉੱਥੇ ਆਉਣ ਵਾਲੇ ਲੋਕ ਅਜਿਹੇ ਗੁਲਾਮਾਂ ਦੀ ਵਿਕਰੀ ਦੇ ਦਸਤਾਵੇਜ਼ ਮੰਦਰ ਦੀ ਬਹੁਭੁਜੀ ਕੰਧ ਉੱਤੇ ਉੱਕਰੇ ਹੋਏ ਵੇਖ ਸਕਦੇ ਹਨ। ਇਹ ਲੋਕ ਅਧਕਾਰਿਕ ਤੌਰ ਤੇ ਗੁਲਾਮ ਬਣ ਜਾਂਦੇ ਸਨ ਪਰ ਵਿਹਾਰਕ ਤੌਰ ਤੇ ਉਨ੍ਹਾਂ ਨੂੰ ਅਜ਼ਾਦ ਮੰਨਿਆ ਜਾਂਦਾ ਸੀ।[37]

ਕਿਸੇ ਨੂੰ ਉਮੀਦ ਹੋ ਸਕਦੀ ਹੈ ਕਿ ਮਸੀਹੀਅਤ ਦੀ ਸਲਾਹ ਨਾਲ ਗੁਲਾਮਾਂ ਨੂੰ ਅਜ਼ਾਦ ਕੀਤਾ ਜਾਂਦਾ ਹੋਵੇਗਾ ਜਿਹੜੇ ਇਸ ਤੱਥ ਪ੍ਰਤੀ ਸੰਵੇਦਨਸ਼ੀਲ ਹੋ ਰਹੇ ਸਨ ਕਿ ਖ਼ੁਦਾ ਦੀ ਨਜ਼ਰ ਵਿਚ ਕੋਈ ''ਨਾ ਗੁਲਾਮ ਨਾ ਅਜ਼ਾਦ'' ਹੈ (3:28)। ਜ਼ਾਹਿਰ ਤੌਰ ਤੇ ਗੁਲਾਮੀ ਨੂੰ ਖ਼ਤਮ ਕਰਨ ਲਈ ਸ਼ੁਰੂਆਤੀ ਮਸੀਹੀ ਸਦੀਆਂ ਵਿਚ ਬਹੁਤਾ ਕੰਮ ਨਹੀਂ ਹੋਇਆ।

ਬਾਈਬਲ ਦਾ ਕੋਈ ਸਬੂਤ ਇਹ ਸੁਝਾਅ ਨਹੀਂ ਦਿੰਦਾ ਕਿ ਮਸੀਹ ਦੇ ਬਾਅਦ ਦੀਆਂ ਸ਼ੁਰੂਆਤੀ ਸਦੀਆਂ ਵਿਚ ਮਸੀਹੀ ਲੋਕਾਂ ਨੇ ਗੁਲਾਮੀ ਨੂੰ ਖ਼ਤਮ ਕਰਨ ਜਾਂ ਸਰਕਾਰੀ ਸੁਧਾਰ ਨੂੰ ਵਧਾਵਾ ਦੇਣ ਵਾਲੇ ਅੰਦੋਲਨਾਂ ਵਿਚ ਹਿੱਸਾ ਲਿਆ ਹੋਵੇ। ਇਸ ਦੇ ਉਲਟ ਗੁਲਾਮਾਂ ਨੂੰ ਆਪਣੇ ਮਾਲਕਾਂ ਦੇ ਅਧੀਨ ਰਹਿਣ ਦਾ ਹੁਕਮ ਦਿੱਤਾ ਜਾਂਦਾ ਸੀ। ਮਸੀਹੀ ਲੋਕਾਂ ਨੂੰ ਆਪਣੇ ਹਾਕਮਾਂ ਦੇ ਅਧੀਨ ਇਵੇਂ ਰਹਿਣ ਦਾ ਹੁਕਮ ਦਿੱਤਾ ਜਾਂਦਾ ਸੀ ਕਿ ਉਹ ਜਿਵੇਂ ਮਸੀਹ ਦੀ ਹੀ ਸੇਵਾ ਕਰ ਰਹੇ ਹੋਣ (ਅਫ਼ਸੀਆਂ 6:5–8; ਕੁਲੁੱਸੀਆਂ 3:22–24)। ਮਾਲਕਾਂ ਨੂੰ ਆਪਣੇ ਗੁਲਾਮਾਂ ਨਾਲ ਨਿਰਪੱਖਤਾ ਅਤੇ ਸੋਚ ਸਮਝ ਕੇ ਵਿਹਾਰ

ਕਰਨ ਦੀ ਸਿੱਖਿਆ ਦਿੱਤੀ ਜਾਂਦੀ ਸੀ (ਅਫ਼ਸੀਆਂ 6:9; ਕੁਲੁੱਸੀਆਂ 4:1)। ਜਿੱਥੇ ਵਿਹਾਰ ਬਦਲ ਜਾਂਦਾ ਹੈ ਉੱਥੇ ਸਮਾਜਿਕ ਤੌਰ ਤੇ ਨਾਬਰਾਬਰੀ ਵਾਲੇ ਲੋਕਾਂ ਵਿਚ ਜਿਹੜੇ ਮਸੀਹ ਵਿਚ ਹਨ, ਸੰਗਤੀ ਅਤੇ ਪ੍ਰੇਮ ਹੋ ਸਕਦਾ ਹੈ। ਪਰਮੇਸ਼ੁਰ ਦੇ ਆਤਮਾ ਨੇ ਇਸੇ ਜ਼ਮੀਨ ਉੱਤੇ ਆਪਣਾ ਅਸਰ ਪਾਉਣਾ ਸੀ (1 ਤਿਮੋਥਿਉਸ 6:1, 2)।[38] ਇਸ ਸੰਦਰਭ ਵਿਚ ਪੌਲੁਸ ਗਲਾਤੀਆ ਦੇ ਮਸੀਹੀਆਂ ਨੂੰ ਮਸੀਹ ਵਿਚ ਆਪਣੀ ਅਜ਼ਾਦੀ ਨੂੰ ਕਾਇਮ ਰੱਖਣ ਅਤੇ ''ਗੁਲਾਮੀ ਦੇ ਜੂਲੇ'' ਵਿਚ ਵਾਪਸ ਨਾ ਜਾਣ ਦੀ ਬੇਨਤੀ ਕਰ ਰਿਹਾ ਸੀ (5:1)। ਉਸ ਨੇ ਉਨ੍ਹਾਂ ਨੂੰ ਖ਼ਬਰਦਾਰ ਕੀਤਾ, **ਪਰ ਆਪਣੀ ਅਜ਼ਾਦੀ ਨੂੰ ਸਰੀਰ ਲਈ ਔਸਰ ਜਾਣ ਕੇ ਨਾ ਵਰਤੋ ਸਗੋਂ ਪ੍ਰੇਮ ਦੇ ਰਾਹੀਂ ਇਕ ਦੂਏ ਦੀ ਟਹਿਲ ਸੇਵਾ ਕਰੋ।** ਉਹ ਇਸ ਗੱਲ ਤੋਂ ਚੰਗੀ ਤਰ੍ਹਾਂ ਨਾਲ ਵਾਕਿਫ਼ ਸੀ ਕਿ ਸਰਗਰਮ ਅਜ਼ਾਦੀ ਕਿਵੇਂ ਖ਼ਤਰਨਾਕ ਹੋ ਸਕਦੀ ਹੈ, ਖ਼ਾਸਕਰ ਪ੍ਰਾਚੀਨ ਯੂਨਾਨੀ ਸੱਭਿਅਤਾ ਵਿਚ। ਉਸ ਨੂੰ ਸੰਸਾਰੀ ਮਨੁੱਖ ਦੇ ਅਜ਼ਾਦੀ ਨੂੰ ਪਾਪ ਕਰਨ ਦੇ ਲਾਇਸੈਂਸ ਦੇ ਰੁਝਾਨ ਦਾ ਪਤਾ ਸੀ। ਇੱਥੇ ਭਾਵਨਾਵਾਂ ਉਹੀ ਹਨ ਜਿਹੜੀਆਂ ਪੌਲੁਸ ਨੇ ਰੋਮ ਦੀ ਕਲੀਸੀਆ ਵਿਚ ਵਿਖਾਈਆਂ ਸਨ। ਪਰਮੇਸ਼ੁਰ ਦੀ ਕਿਰਪਾ ਦੀ ਬਹੁਤਾਇਤ ਹੋਣ ਵਿਚ ਵਡਿਆਈ ਕਰਨ ਦੇ ਝੱਟ ਬਾਅਦ ਉਸ ਨੇ ਪੁੱਛਿਆ ਸੀ, ''ਹੁਣ ਅਸੀਂ ਕੀ ਆਖੀਏ? ਕੀ ਪਾਪ ਕਰਨ ਵਿਚ ਲੱਗੇ ਰਹੀਏ ਭਈ ਕਿਰਪਾ ਬਾਹਲੀ ਹੋਵੇ? ਕਦੇ ਨਹੀਂ!'' (ਰੋਮੀਆਂ 6:1, 2ੳ; ਵੇਖੋ ਯਹੂਦਾਹ 4)। ਇਨ੍ਹਾਂ ਅਲੰਕਾਰਿਕ ਸਵਾਲਾਂ ਦੇ ਰਾਹੀਂ ਉਹ ਇਹ ਸਪੱਸ਼ਟ ਕਰਨਾ ਚਾਹ ਰਿਹਾ ਸੀ ਕਿ ਮਨੁੱਖ ਦੀ ਨਿਹਚਾ ਦੇ ਰਾਹੀਂ ਪਰਮੇਸ਼ੁਰ ਦੀ ਕਿਰਪਾ ਨਾਲ ਮੁਕਤੀ ਮਸੀਹੀ ਆਦਮੀ ਨੂੰ ਅਨੈਤਿਕ ਜੀਵਨ ਜੀਣ ਤੋਂ ਰੋਕਦੀ ਹੈ।

''ਨਿਰੇ ਵਿਸ਼ਵਾਸ'' ਕਿਸਮ ਦੀ ਮਸੀਹੀਅਤ ਪਰਮੇਸ਼ੁਰ ਨੂੰ ਖੁਸ਼ ਨਹੀਂ ਕਰ ਸਕਦੀ (ਵੇਖੋ ਯਾਕੂਬ 2:19)। ਆਪਣੇ ਰਸੂਲਾਂ ਦੇ ਰਾਹੀਂ ਹੁਕਮ ਮੰਨਣ, ਸੇਵਾ ਅਤੇ ਕੁਰਬਾਨੀ ਦੇ ਦਿੱਤੇ ਯਿਸੂ ਦੇ ਬਹੁਤ ਸਾਰੇ ਹੁਕਮਾਂ ਨੂੰ ਮੰਨਣਾ ਜ਼ਰੂਰੀ ਹੈ। ਇਹ ਚਿਤਾਵਨੀਆਂ ਸਾਨੂੰ ਕਿਰਪਾ, ਨਿਹਚਾ ਅਤੇ ਪ੍ਰੇਮ ਦੇ ਅਸਲ ਅਰਥ ਦੇ ਸਾਰਥਕ ਢੰਗ ਨਾਲ ਪਰਿਭਾਸ਼ਾ ਦੱਸਦੀਆਂ ਹਨ। ਇੰਜੀਲ ਦੇ ਨਾਲ ਨਾਲ ਸ਼ਰ੍ਹਾ ਦਾ ਸਾਰ (*agapē*, ਅਗਾਪੇ) ਪ੍ਰੇਮ ਹੈ।[39]

**ਆਇਤ 14.** ਪਰਮੇਸ਼ੁਰ ਦੀ ਸੰਤਾਨ ਵੱਲੋਂ ਅਪਣਾਏ ਜਾਣ ਵਾਲੇ ਉਨ੍ਹਾਂ ਸਾਰੇ ਰੂਹਾਨੀ ਗੁਣਾਂ ਵਿੱਚੋਂ ਸਭ ਤੋਂ ਵੱਡਾ ਗੁਣ ਉਹ ਪ੍ਰੇਮ ਹੈ, ਜਿਸ ਬਾਰੇ ਰਸੂਲ ਨੇ ਲਿਖਿਆ, ਉਸ ਨੇ ਆਖਿਆ, **ਕਿਉਂ ਜੋ ਸਾਰੀ ਸ਼ਰਾ ਇੱਕੋ ਗੱਲ ਵਿਚ ਸਮਾਪਤ ਹੁੰਦੀ ਹੈ ਅਰਥਾਤ ਇਸ ਵਿਚ ਭਈ ਆਪਣੇ ਗੁਆਂਢੀ ਨਾਲ ਆਪਣੇ ਜਿਹਾ ਪਿਆਰ ਕਰ।**[40] 5:13 ਵਾਂਗ, ਇਸ ਆਇਤ ਵਿਚ ਸ਼ੁਰੂ ਵਿਚ ''ਕਿਉ ਜੋ'' (*gar*, ਗਾਰ) ਇਸ ਦੇ ਝੱਟ ਪਹਿਲਾਂ ਹੋਣ ਵਾਲੀ ਗੱਲ ਦਾ ਕਾਰਣ ਦਿੰਦਾ ਹੈ। ਗਲਾਤੀਆਂ ਨੂੰ ਆਪਣੀ ਅਜ਼ਾਦੀ ਦੀ ਵਰਤੋਂ ਸਰੀਰ ਲਈ ਨਹੀਂ ਕਰਨੀ ਸੀ ਬਲਕਿ ਇਸ ਦੇ ਉਲਟ ''ਪ੍ਰੇਮ ਦੇ ਰਾਹੀਂ ਇਕ ਦੂਜੇ ਦੀ ਟਹਿਲ ਸੇਵਾ'' (5:13) ਕਰਨ ਲਈ ਕਰਨੀ ਸੀ। ਇਹ ਸੱਚ ਸੀ ਕਿਉਂ ਜੋ ਪ੍ਰੇਮ ਸ਼ਰ੍ਹਾ ਦਾ ਪੂਰਾ ਹੋਣਾ ਹੀ ਹੈ।

ਜਦ ਸ਼ਰ੍ਹਾ ਦੇ ਇਕ ਸਿਖਲਾਉਣ ਵਾਲੇ ਨੇ ਯਿਸੂ ਤੋਂ ਸ਼ਰ੍ਹਾ ਦੇ ਸਭ ਤੋਂ ਵੱਡੇ ਹੁਕਮ ਬਾਰੇ ਪੁੱਛਿਆ ਤਾਂ ਉਸ ਨੇ ਜਵਾਬ ਦਿੱਤਾ ਸੀ:

> ਅਤੇ ਉਹ ਨੇ ਉਸ ਨੂੰ ਕਿਹਾ, ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਪਿਆਰ ਕਰ। ਵੱਡਾ ਅਤੇ ਪਹਿਲਾ ਹੁਕਮ ਇਹੋ ਹੈ। ਅਤੇ ਦੂਆ ਇਹ ਦੇ ਵਾਂਙੁ ਹੈ ਕਿ ਤੂੰ ਆਪਣੇ ਗਆਂਢੀ ਨੂੰ ਆਪਣੇ ਜਿਹਾ ਪਿਆਰ ਕਰ (ਮੱਤੀ 22:37–39)।

ਪੌਲੁਸ ਨੇ ਭਾਵੇਂ ਇੱਥੇ ਕਿਹਾ ਕਿ ਪੂਰੀ ਸ਼ਰ੍ਹਾ ਹੀ ਇਸ ਦੂਜੇ ਹੁਕਮ ਨੂੰ ਮੰਨਣ ਨਾਲ ਪੂਰੀ ਹੋ ਜਾਂਦੀ

ਹੈ, ਪਰ ਯਕੀਨਨ ਹੀ ਉਹ ਯਿਸੂ ਦੀ ਗੱਲ ਦੇ ਉਲਟ ਨਹੀਂ ਕਹਿ ਰਿਹਾ ਸੀ। ਇਸ ਦੀ ਥਾਂ ਉਹ ਉਸ ਹੁਕਮ ਨੂੰ ਦੁਹਰਾ ਰਿਹਾ ਸੀ ਜਿਹੜਾ ਇਸ ਹਾਲਾਤ ਵਿਚ ਆ ਕੇ ਬਹੁਤਾ ਢੁਕਵਾਂ ਸੀ। ਆਪਣੇ ਗੁਆਂਢੀ ਨਾਲ ਪ੍ਰੇਮ ਕਰਨ ਦੀ ਗਲਾਤੀਆਂ ਦੀ ਇਕ ਹੋਰ ਵੱਡੀ ਮੁਸ਼ਕਿਲ ਭਾਵ ਆਪੋ ਵਿਚਲੇ ਸਬੰਧਾਂ ਵੱਲ ਧਿਆਨ ਦੁਆਉਣਾ ਸੀ (ਗਲਾਤੀਆਂ 5:15)।

ਸ਼ਰ੍ਹਾ ਕਿਸੇ ਜ਼ਿੰਦਗੀ ਨੂੰ ਸੁਧਾਰ ਦੀ ਬਹੁਤ ਘੱਟ ਸ਼ਕਤੀ ਦਿੰਦੀ ਹੈ। ਸ਼ਰ੍ਹਾ ਵਿਚਲੀ ਆਦਰਸ਼ ਗੱਲ ਅਸਲ ਵਿਚ ਯਿਸੂ ਵੱਲੋਂ ਦੱਸੇ ਗਏ ਪ੍ਰੇਮ ਕਰਨ ਦੇ ਦੋ ਵੱਡੇ ਹੁਕਮਾਂ ਵਿਚ ਮਿਲਦੀ ਹੈ (ਲੇਵੀਆਂ 19:18; ਵਿਵਸਥਾਸਾਰ 6:5)। ਪਰ ਇੰਜੀਲ (ਨਵੇਂ ਨੇਮ) ਨੇ ਹੀ ਉਹ ਸ਼ਕਤੀ ਦਿੱਤੀ ਕਿਉਂ ਜੋ ''ਪਰਮੇਸ਼ੁਰ ਦਾ ਪ੍ਰੇਮ ਪਵਿੱਤਰ ਆਤਮਾ ਦੇ ਵਸੀਲੇ ਨਾਲ ਜੋ ਸਾਨੂੰ ਦਿੱਤਾ ਗਿਆ ਸਾਡਿਆਂ ਹਿਰਦਿਆਂ ਵਿਚ ਪਾਇਆ ਹੋਇਆ ਹੈ'' (ਰੋਮੀਆਂ 5:5; ਵੇਖੋ ਤੀਤੁਸ 3:4–6; 1 ਪਤਰਸ 1:22, 23)। ਪੌਲੁਸ ਨੇ ਇਸੇ ਕਰਕੇ ਇੱਥੇ ਪ੍ਰੇਮ ਦੀ ਵੱਡੇ ਹੁਕਮ ਉੱਤੇ ਫੋਕਸ ਕੀਤਾ ਕਿ ਇਸ ਮਸੀਹੀ ਗੁਣ ਵਿਚ ਗਲਾਤੀਆ ਦੇ ਉਸ ਦੇ ਭਾਈ ਘੱਟ ਪੈ ਰਹੇ ਸਨ।

**ਆਇਤ 15.** ਪੌਲੁਸ ਨੇ ਇਹ ਚਿਤਾਵਨੀ ਸੁਣਾਈ: **ਪਰ ਜੇ ਤੁਸੀਂ ਇਕ ਦੂਏ ਨੂੰ ਚੱਕੀਂ ਚੱਕੀਂ ਪਾੜ ਖਾਓ ਤਾਂ ਵੇਖਣਾ ਭਈ ਤੁਸੀਂ ਇਕ ਦੂਏ ਤੋਂ ਕਿਤੇ ਨਾਸ ਨਾ ਹੋ ਜਾਓ!** ਇਹ ਪਹਿਲਾ ਸਪੱਸ਼ਟ ਸੰਕੇਤ ਹੈ ਕਿ ਇਨ੍ਹਾਂ ਕਲੀਸੀਆਵਾਂ ਵਿਚ ਭਾਈਆਂ ਵਿਚ ਗੰਭੀਰ ਮੁਸ਼ਕਿਲਾਂ ਪਾਈਆਂ ਜਾਂਦੀਆਂ ਸਨ। ਇਕ ਦੂਜੇ ਪ੍ਰਤੀ ਉਨ੍ਹਾਂ ਦੇ ਵਿਹਾਰ ਤੇ ਤਬਾਹਕੁਨ ਹੋਣ ਦੇ ਵਰਣਨ ਲਈ ਇੱਥੇ ਵਰਤੀ ਗਈ ਭਾਸ਼ਾ ਤੋਂ ਪਤਾ ਲਗਦਾ ਹੈ ਕਿ ਇਹ ਮੁਸ਼ਕਿਲਾਂ ਬੜੀਆਂ ਹੀ ਗੰਭੀਰ ਸਨ। ਪਾਠਕ ਨੂੰ ਇਹ ਜਾਣ ਕੇ ਹੈਰਾਨੀ ਹੋ ਸਕਦੀ ਹੈ ਕਿ ਖ਼ਤ ਵਿਚ ਐਨੇ ਗੰਭੀਰ ਵਿਸ਼ੇ ਨੂੰ ਐਨੀ ਦੇਰ ਬਾਅਦ ਕਿਉਂ ਚੁੱਕਿਆ ਗਿਆ। ਭਾਸ਼ਾ ਭਾਵੇਂ ਅਲੰਕਾਰਿਕ ਹੈ ਪਰ ਫਿਰ ਵੀ ਇਹ ਬਹੁਤ ਹੀ ਸਖ਼ਤ ਅਤੇ ਹਿਲਾ ਦੇਣ ਵਾਲੀ ਹੈ।

ਅਨੁਵਾਦ ਹੋਏ ਸ਼ਬਦ ''ਚੱਕੀਂ ਚੱਕੀਂ ਪਾੜ'' ਦਾ ਯੂਨਾਨੀ ਸ਼ਬਦ (*daknō*, ਡੈਕਨੋ) ਨਵੇਂ ਨੇਮ ਵਿਚ ਸਿਰਫ਼ ਇੱਕੋ ਵਾਰ ਇੱਥੇ ਹੀ ਮਿਲਦਾ ਹੈ। ਪਰ ਸਪਤਤੀ ਅਨੁਵਾਦ (LXX) ਵਿਚ ਕਈ ਵਾਰ ਮਿਲਦਾ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਸੱਪ ਦੇ ਕੱਟਣ ਦੀ ਗੱਲ ਕਰਦਾ ਹੈ।[41] ਇਕ ਵਾਰ ਇਹ ਸ਼ਬਦ ਭੋਜਨ ਦੇ ਖਾਣ ਲਈ (ਮੀਕਾਹ 3:5) ਅਤੇ ਇਕ ਵਾਰ ਉਨ੍ਹਾਂ ਸ਼ਾਹੂਕਾਰਾਂ ਲਈ ਵੀ ਮਿਲਦਾ ਹੈ ਜਿਹੜਾ ਲਾਖਣਿਕ ਰੂਪ ਵਿਚ ਕਹੀਏ ਤਾਂ ਆਪਣੇ ਕਾਰਜਦਾਰਾਂ ਨੂੰ ''ਚੱਕੀਂ ਵੱਢਦੇ'' ਹਨ (ਹਬੱਕੂਕ 2:7 KJV; ASV)।

''ਪਾੜ ਖਾਓ'' (*katesthiō*, ਕੇਟੇਸਥਿਓ) ਦਾ ਸ਼ਬਦੀ ਮਾਇਨਾਂ ''ਖਾਣਾ'' ਜਾਂ ''ਨਿਗਲ ਜਾਣਾ'' ਹੈ (ਮੱਤੀ 13:4; ਮਰਕੁਸ 4:4; ਲੂਕਾ 8:5)। ਇਸ ਦੀ ਵਰਤੋਂ ਲਾਖਣਿਕ ਰੂਪ ਵਿਚ ਉਪਭੋਗ ਅਤੇ ਵਿਨਾਸ਼ ਲਈ ਕੀਤੀ ਗਈ ਹੈ (ਮਰਕੁਸ 12:40; ਲੂਕਾ 20:47)। ਪ੍ਰਕਾਸ਼ ਦੀ ਪੋਥੀ ਵਿਚ ਇਹ ਰੂਪਕ ਖੂੰਖਾਰ ਹੈ; ਇਸ ਵਿਚ ਕਿਸੇ ਚੀਜ਼ ਨੂੰ ਅੱਗ ਸਾੜ ਕੇ ਜਾਂ ਅਜਗਰ ਵੱਲੋਂ ਨਿਗਲ ਲਿਆ ਜਾਂਦਾ ਹੈ (ਪ੍ਰਕਾਸ਼ 11:5; 12:4; 20:9)।

ਅਨੁਵਾਦ ਹੋਇਆ ''ਖਾਓ'' ਯੂਨਾਨੀ ਸ਼ਬਦ (*analiskō*, ਅਨਾਲਿਸਕੋ) ਪੂਰੀ ਬਰਬਾਦੀ ਨੂੰ ਦਰਸਾਉਂਦਾ ਹੈ। ਇਹ ਸਿਰਫ਼ ਇੱਥੇ (ਲਾਖਣਿਕ ਰੂਪ ਵਿਚ) ਅਤੇ ਲੂਕਾ 9:54 ਵਿਚ ਅਕਾਸ਼ ਤੋਂ ਭਸਮ ਕਰਨ ਵਾਲੀ ਅੱਗ ਦੇ ਸਬੰਧ ਵਿਚ ਮਿਲਦਾ ਹੈ। ਲੂਕਾ ਦੀ ਭਾਸ਼ਾ 2 ਰਾਜਿਆਂ 1:1–12 ਨੂੰ ਯਾਦ ਦੁਆਂਉਂਦੀ ਹੈ ਜਿੱਥੇ ਏਲੀਯਾਹ ਨੇ ਅਕਾਸ਼ ਤੋਂ ਅੱਗ ਸੱਦੀ ਸੀ ਅਤੇ ਦੁਸ਼ਟ ਰਾਜੇ ਅਹੱਜ਼ਯਾ ਵੱਲੋਂ ਘੱਲੇ ਗਏ 102 ਬੰਦੇ ਨਸ਼ਟ ਹੋ ਗਏ ਸਨ।

ਇੱਥੇ ਤਕ ਪੌਲੁਸ ਦੀ ਚਿਤਾਵਨੀ ਵਿਚ ਫ਼ੋਕਸ ਡਾਕਟ੍ਰਿਨ ਵਿਚ ਪਾਈ ਜਾਣ ਵਾਲੀ ਗਲਤੀ, ਇਸ ਨੂੰ ਵਧਾਵਾ ਦੇਣ ਵਾਲੇ (ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ) ਰਹੇ ਸਨ। ਉਨ੍ਹਾਂ ਦੀ ਗਲਤੀ ਅਤੇ ਗਤੀਵਿਧੀ ਲਈ ਆਪਣੀ ਡਾਂਟ ਵਿਚ ਉਸ ਨੇ ਗਲਾਤੀਆਂ ਨੂੰ ਵੀ ''ਮੂਰਖ'' ਆਖਦੇ ਹੋਏ

ਉਨ੍ਹਾਂ ਨੂੰ ਇਸ ਨੂੰ ਮੰਨਣ ਲਈ ਝਾੜ ਪਾਈ (3:1, 3)। ਉਹ ਉਨ੍ਹਾਂ ਚਮਤਕਾਰੀ ਨਿਸ਼ਾਨਾਂ ਨੂੰ ਜਿਹੜੇ ਉਹਦੇ ਪ੍ਰਚਾਰ ਦੇ ਨਾਲ ਹੋਏ ਸਨ (3:5) ਅਤੇ ਉਨ੍ਹਾਂ ਦੇ ਉਸ ਤੋਂ ਜੋ ਉਹ ਕਰ ਰਹੇ ਸਨ ਤੌਬਾ ਨਾ ਕਰਨ ਦੇ ਨਤੀਜਿਆਂ ਨੂੰ ਭੁੱਲ ਗਏ ਸਨ। ਉਸ ਨੇ ਉਨ੍ਹਾਂ ਨੂੰ ਮਸੀਹ ਵਿਚ ਮਿਲੀ ਆਪਣੀ ਨਵੀਂ ਨਵੀਂ ਅਜ਼ਾਦੀ ਦੀ ਦੁਰਵਰਤੋਂ ਕਰਨ ਦੇ ਖਿਲਾਫ਼ ਚਿਤਾਵਨੀ ਵੀ ਦਿੱਤੀ (5:13)। ਇਸ ਤੋਂ ਇਲਾਵਾ ਸ਼ਰ੍ਹਾ ਦੇ ਤਹਿਤ ਗੁਲਾਮੀ ਬਨਾਮ ਮਸੀਹ ਵਿਚ ਅਜ਼ਾਦੀ ਦੇ ਆਪਣੇ ਮੁੱਖ ਵਿਸ਼ੇ ਤੋਂ ਕਦੇ ਹਟਿਆ ਨਹੀਂ ਸੀ।

ਭਲਾ ਇਹ ਤਨਾਹ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦਾ ਬਚਾਅ ਕਰਨ ਵਾਲੇ ਅਤੇ ਉਸ ਉੱਤੇ ਹਮਲਾ ਕਰਨ ਵਾਲੇ ਦੋਹਾਂ ਧਿਰਾਂ ਵਿਚ ਵਧ ਰਹੇ ਸਨ? ਭਲਾ ਉਨ੍ਹਾਂ ਦਾ ਵਿਹਾਰ ਦਯਾ ਅਤੇ ਕਿਰਪਾ ਵਾਲੇ ਮਨ ਦੀ ਥਾਂ ਕਰਮਕਾਂਡ ਵਾਲੇ ਨਿਆਂ ਕਰਨ ਵਿਚ ਬਦਲ ਕੇ ਵਿਗੜ ਗਏ ਸਨ? ਭਲਾ ਇਹ ਸ਼ਾਇਦ ਯੁੱਗਾਂ ਪੁਰਾਣਾਂ ਸ਼ਕਸ਼ੀਅਤ ਦੀ ਸਨਕ ਦਾ ਲੋਭ ਸੀ ਜਿਹੜਾ ਬਾਅਦ ਵਿਚ ਕੁਰਿੰਥੁਸ ਵਿਚ ਵਧਣਾ ਸੀ? ਸਾਨੂੰ ਸ਼ਾਇਦ ਕਦੇ ਪਤਾ ਨਾ ਲੱਗ ਸਕੇ ਪਰ ਇਹ ਸਾਫ਼ ਹੈ ਕਿ ਫੁਟ ਦਾ ਕੋਈ ਤਾਂ ਕਾਰਣ ਹੈ ਜਿਹੜਾ ਇਨ੍ਹਾਂ ਕਲੀਸੀਆਵਾਂ ਵਿਚਲੇ ਪ੍ਰੇਮ ਨੂੰ ਨਸ਼ਟ ਕਰਕੇ ਸੰਗਤੀ ਨੂੰ ਵਿਗਾੜ ਰਿਹਾ ਸੀ। ਜੋ ਵੀ ਹੋਵੇ ਪੌਲੁਸ ਲਈ ਹੁਣ ਇਸ ਤੱਥ ਦੇ ਡਾਕਟ੍ਰਿਨ ਵਾਲੇ ਹਿੱਸੇ ਨੂੰ ਬੰਦ ਕਰਕੇ ਆਪਣੀ ਵਿਹਾਰਕ ਪ੍ਰਾਸੰਗਿਕਤਾ ਨੂੰ ਸ਼ੁਰੂ ਕਰਨ ਦਾ ਸਮਾਂ ਸੀ। ਆਪਣੀ ਹਰ ਲਿਖਤ ਵਿਚ ਉਹ ਇਹੀ ਤਰੀਕਾ ਅਪਣਾਉਂਦਾ ਸੀ।

## ਆਤਮਾ ਦੀ ਅਗਵਾਈ ਨਾਲ ਚੱਲਣਾ (5:16-26)

ਆਪਣੀ ਸਿੱਖਿਆ ਨੂੰ ਲਾਗੂ ਕਰਨ ਲਈ ਪੌਲੁਸ ਨੇ ਸਾਹਿਤ ਦੇ ਮਹਿਤਵਪੂਰਣ ਤਰੀਕੇ ਵਰਤੇ ਜਿਨ੍ਹਾਂ ਨੂੰ ''ਬੁਰਿਆਈ ਦੀਆਂ ਫ਼ਹਿਰਿਸਤਾਂ'' ਅਤੇ ''ਭਲਿਆਈ ਦੀਆਂ ਫ਼ਹਿਰਿਸਤਾਂ'' ਨਾਮ ਦਿੱਤਾ ਜਾਂਦਾ ਹੈ। ਇਨ੍ਹਾਂ ਫ਼ਹਿਰਿਸਤਾਂ ਵਿਚ ਦੁਨਿਆਵੀ ਅਤੇ ਰੂਹਾਨੀ ਵਿਹਾਰਾਂ ਅਤੇ ਕੰਮਾਂ ਵਿਚ ਸਾਫ਼ ਫ਼ਰਕ ਕੀਤਾ ਜਾਂਦਾ ਹੈ। ਪੌਲੁਸ ਦੀ ਨਜ਼ਰ ਵਿਚ ਇਸ ਫ਼ਰਕ ਨਾਲੋਂ ਵੱਡੀ ਹੋਰ ਕੋਈ ਗੱਲ ਨਹੀਂ। ਦੁਨੀਆਂ ਦੀ ਹੰਕਾਰੀ, ਖੁਦਗਰਜ਼ੀ ਅਤੇ ਪ੍ਰੇਮ ਰਹਿਤ ਸੋਚ ਅਤੇ ਆਤਮਾ ਦੀ ਸੋਚ ਵਿਚਕਾਰ ਸਾਫ਼ ਫ਼ਰਕ ਕੀਤਾ ਗਿਆ ਹੈ।

### **ਆਤਮਾ ਬਨਾਮ ਸਰੀਰ** (5:16-18)

**[16]ਪਰ ਮੈਂ ਆਖਦਾ ਹਾਂ, ਤੁਸੀਂ ਆਤਮਾ ਦੁਆਰਾ ਚੱਲੋ ਤਾਂ ਸਰੀਰ ਦੇ ਵਿਸ਼ਿਆਂ ਨੂੰ ਕਦੇ ਪੂਰਿਆਂ ਨਾ ਕਰੋਗੇ। [17]ਕਿਉਂ ਜੋ ਸਰੀਰ ਆਤਮਾ ਦੇ ਵਿਰੁੱਧ, ਅਤੇ ਆਤਮਾ ਸਰੀਰ ਦੇ ਵਿਰੁੱਧ ਲੋਚਦਾ ਹੈ ਕਿਉਂ ਜੋ ਏਹ ਇਕ ਦੂਏ ਦੇ ਵਿਰੁੱਧ ਹਨ ਤਾਂ ਜੋ ਤੁਸੀਂ ਜੋ ਚਾਹੁੰਦੇ ਸੋ ਨਾ ਕਰੋ। [18]ਪਰ ਜੇ ਤੁਸੀਂ ਆਤਮਾ ਦੀ ਅਗਵਾਈ ਨਾਲ ਚੱਲਦੇ ਹੋ ਤਾਂ ਸ਼ਰਾ ਦੇ ਮਤਹਿਤ ਨਹੀਂ ਹੋ।**

**ਆਇਤ 16.** ਪੌਲੁਸ ਨੇ ਗਲਾਤੀਆਂ ਨੂੰ ਪਹਿਲਾਂ ਹੀ ਚਿਤਾਵਨੀ ਦਿੱਤੀ ਸੀ ਕਿ ਇਸ ਅਜ਼ਾਦੀ ਨੂੰ ''ਸਰੀਰ ਲਈ ਅਵਸਰ'' ਨਾ ਬਨਾਉਣ (5:13)। ਹੁਣ ਉਸ ਨੇ ਉਨ੍ਹਾਂ ਨੂੰ ਨਿਰਦੇਸ਼ ਦਿੱਤਾ ਕਿ **ਤੁਸੀਂ ਆਤਮਾ ਦੁਆਰਾ ਚੱਲੋ ਤਾਂ ਸਰੀਰ ਦੇ ਵਿਸ਼ਿਆਂ ਨੂੰ ਕਦੇ ਪੂਰਿਆਂ ਨਾ ਕਰੋਗੇ।** ਪਵਿੱਤਰ ਆਤਮਾ ਦੀ ਇੱਛਾ ਨੂੰ ਮੰਨ ਕੇ ਭਾਈਆਂ ਨੇ ਪਾਪ ਦੀਆਂ ਲਾਲਸਾਵਾਂ ਵਿਚ ਫਸਣ ਤੋਂ ਬਚ ਜਾਣਾ ਸੀ।

ਮਨੁੱਖ ਭਾਵੇਂ ਪਤਤ ਪ੍ਰਾਣੀ ਹੈ ਪਰ ਆਰੰਭ ਵਿਚ ਉਸ ਨੂੰ ਪਰਮੇਸ਼ੁਰ ਦੇ ਸਰੂਪ ਉੱਤੇ ਰਚਿਆ ਗਿਆ ਸੀ, ਜੋ ਆਤਮਾ ਹੈ (ਉਤਪਤ 1:27; ਯੂਹੰਨਾ 4:24)। ਮਨੁੱਖ ਦੇ ਅੰਦਰ ਅੱਜ ਵੀ ਆਪਣੇ ਸਿਰਜਣਹਾਰ ਦਾ ਰੱਬੀ ਸਭਾਅ ਹੈ (ਯਾਕੂਬ 3:9)।[42] ਪਰਮੇਸ਼ੁਰ ਦੇ ਸਰੂਪ ਵਿਚ ਬਣਾਇਆ ਹੋਇਆ

ਹੋਣ ਕਰਕੇ ਮਨੁੱਖ ਬੁਨਿਆਦੀ ਤੌਰ ਤੇ ਆਤਮਿਕ ਪ੍ਰਾਣੀ ਹੈ। ਜਦ ਤਕ ਉਹ ਧਰਤੀ ਉੱਤੇ ਰਹਿੰਦਾ ਹੈ ਤਦ ਤਕ ਉਹ ਸਰੀਰਕ ਅਤੇ ਆਤਮਿਕ ਦੋਵੇਂ ਹੈ। ਪਰਮੇਸ਼ੁਰ ਨੇ ਮਸੀਹੀ ਲੋਕਾਂ ਨੂੰ ਆਪਣਾ ਹੀ ਆਤਮਾ ਦਿੱਤਾ ਹੈ (ਰਸੂਲਾਂ ਦੇ ਕਰਤੱਬ 2:38), ਇਸ ਕਰਕੇ ਅਸੀਂ ਸਰੀਰ ਉੱਤੇ ਫ਼ਤਹਿ ਪਾ ਸਕਦੇ ਹਾਂ। ਪਰਮੇਸ਼ੁਰ ਦੀ ਕਿਰਪਾ ਨਾਲ ਹੀ ਅਸੀਂ, ਸਰੀਰ ਅਤੇ ਆਤਮਾ ਵਿਚਲੀ ਰੋਜ਼ਮੱਰਾ ਦੀ ਲੜਾਈ ਨੂੰ ਜਿੱਤ ਸਕਦੇ ਹਾਂ।

ਇਹ ਮੁਲਾਂਕਣ ਪੌਲੁਸ ਵੱਲੋਂ ਰੋਮ ਦੇ ਸੰਤਾਂ ਦੇ ਨਾਂਅ ਲਿਖੀ ਗੱਲ ਨਾਲ ਮੇਲ ਖਾਂਦਾ ਹੈ:

> ਅਤੇ ਜਿਹੜੇ ਸਰੀਰਕ ਹਨ ਓਹ ਪਰਮੇਸ਼ੁਰ ਨੂੰ ਪਰਸੰਨ ਕਰ ਨਹੀਂ ਸੱਕਦੇ ਹਨ। ਪਰ ਤੁਸੀਂ ਸਰੀਰਕ ਨਹੀਂ ਸਗੋਂ ਆਤਮਕ ਹੋ ਪਰ ਤਦੇ ਜੇ ਪਰਮੇਸ਼ੁਰ ਦਾ ਆਤਮਾ ਤੁਹਾਡੇ ਵਿਚ ਵੱਸਦਾ ਹੋਵੇ ਪਰੰਤੂ ਜਿਹ ਦੇ ਵਿਚ ਮਸੀਹ ਦਾ ਆਤਮਾ ਨਹੀਂ ਹੈ ਸੋ ਉਹ ਓਹ ਦਾ ਨਹੀਂ ਹੈ (ਰੋਮੀਆਂ 8:8, 9)।

ਇਨ੍ਹਾਂ ਆਇਤਾਂ ਵਿਚ ਆਤਮਿਕ ''ਪਰਮੇਸ਼ੁਰ ਦਾ ਆਤਮਾ,'' ਅਤੇ ''ਮਸੀਹ ਦਾ ਆਤਮਾ'' ਇੱਕੋ ਹੀ ਹੈ। ਮਸੀਹੀ ਲੋਕਾਂ ਲਈ ਇਹ ਜਾਨਣਾ ਬੇਹੱਦ ਜ਼ਰੂਰੀ ਹੈ ਕਿ ਸਾਡੇ ਅੰਦਰ ਪਰਮੇਸ਼ੁਰ ਦਾ ਆਤਮਾ ਹੈ ਅਤੇ ਇਸ ਨਾਲੋਂ ਵੀ ਵੱਧ ਜ਼ਰੂਰੀ ਇਹ ਹੈ ਕਿ ਅਸੀਂ ਆਤਮਾ ਦੁਆਰਾ ਚਲਣਾ ਸਿੱਖਦੇ ਹਾਂ। ਮਸੀਹੀ ਆਦਮੀ ਲਈ ਆਪਣੀ ਸੋਚ, ਵਿਹਾਰ ਅਤੇ ਜੀਣ ਦੇ ਪੂਰੇ ਢੰਗ ਨੂੰ ਪਵਿੱਤਰ ਆਤਮਾ ਦੀ ਅਗਵਾਈ ਵਿਚ ਚਲਾਉਣਾ ਜ਼ਰੂਰੀ ਹੈ (ਵੇਖੋ ਗਲਾਤੀਆਂ 5:25)।

''ਆਤਮਾ ਦੁਆਰਾ ਚੱਲੋ'' ਵਾਕਅੰਸ਼ ਵਿਚ ''ਚੱਲੋ'' (*peripateō*, ਪੇਰੀਪੇਟੀਓ) ਦਾ ਸ਼ਬਦੀ ਅਰਥ ਹੈ ''ਟਹਿਲਣਾ।'' ਨਵੇਂ ਨੇਮ ਵਿਚ ਇਸ ਦੀ ਵਰਤੋਂ ਪ੍ਰਤੀਕਾਤਮਿਕ ਅਰਥ ਵਿਚ ਕਈ ਵਾਰ ''ਸਲੂਕ ਕਰਨਾ,'' ''ਆਪਣੇ ਜੀਣ ਦਾ ਆਚਰਣ'' ਜਾਂ ''ਜੀਣਾ'' ਕਈ ਵਾਰ ਹੋਇਆ ਹੈ।[43] ਇਸ ਕਰਕੇ ''ਆਤਮਾ ਦੁਆਰਾ ਚੱਲਣ'' ਤੋਂ ਭਾਵ ਇਵੇਂ ''ਵਿਹਾਰ'' ਕਰਨਾ ਹੈ ਜੋ ''ਆਤਮਾ ਦੀ ਮੰਸ਼ਾ'' ਨਾਲ ਮੇਲ ਖਾਂਦਾ ਹੋਵੇ (ਰੋਮੀਆਂ 8:27)। ਜਿਹੜੇ ਲੋਕ ਆਤਮਾ ਦੇ ਤਰੀਕੇ ਨਾਲ ਚੱਲਦੇ ਹਨ ਉਨ੍ਹਾਂ ਨੂੰ ਪਰੀਖਿਆ ਦਾ ਸਾਮਹਣਾ ਕਰਨ ਅਤੇ ਪਾਪ ਉੱਤੇ ਫ਼ਤਹਿ ਪਾਉਣ ਦਾ ਅਸਰਦਾਰ ਢੰਗ ਦਿੱਤਾ ਜਾਂਦਾ ਹੈ। ਰੋਮੀਆਂ ਦੇ ਨਾਂਅ ਪੌਲੁਸ ਨੇ ਲਿਖਿਆ, ''ਜੇ ਸਰੀਰ ਦੇ ਅਨੁਸਾਰ ਉਮਰ ਕੱਟੋਗੇ ਤਾਂ ਤੁਹਾਨੂੰ ਮਰਨਾ ਪਵੇਗਾ ਪਰ ਜੇ ਆਤਮਾ ਨਾਲ ਦੇਹੀ ਦੇ ਕਾਰਜਾਂ ਨੂੰ ਮਾਰੋ ਤਾਂ ਤੁਸੀਂ ਜੀਵੋਗੇ'' (ਰੋਮੀਆਂ 8:13)।

**ਆਇਤ 17.** ਰਸੂਲ ਨੇ ਜ਼ੋਰ ਤੇਜ਼ ਹੋਣ ਵਾਲੀ ਰੂਹਾਨੀ ਜੰਗ ਨੂੰ ਵਿਸਤਾਰ ਨਾਲ ਦੱਸਿਆ: **ਕਿਉਂ ਜੋ ਸਰੀਰ ਆਤਮਾ ਦੇ ਵਿਰੁੱਧ, ਅਤੇ ਆਤਮਾ ਸਰੀਰ ਦੇ ਵਿਰੁੱਧ ਲੋਚਦਾ ਹੈ ਕਿਉਂ ਜੋ ਏਹ ਇਕ ਦੂਏ ਦੇ ਵਿਰੁੱਧ ਹਨ।** ਇਹ ਸ਼ਬਦ ਉਨ੍ਹਾਂ ਮਸੀਹੀ ਲੋਕਾਂ ਨੂੰ ਲਿਖੇ ਗਏ ਸਨ ਜਿਨ੍ਹਾਂ ਨੂੰ ਪਾਪ ਦੀਆਂ ਲਾਲਸਾਵਾਂ ਨਾਲ ਲੜਦੇ ਰਹਿਣਾ ਜ਼ਰੂਰੀ ਹੈ।

ਵਚਨ ਇਹ ਸਪੱਸ਼ਟ ਕਰ ਦਿੰਦਾ ਹੈ ਕਿ ਭੌਤਿਕ ਸਰਿਸ਼ਟੀ ਥੋੜ੍ਹੀ ਦੇਰ ਦੀ ਹੈ। ਪਤਰਸ ਨੇ ਕਿਹਾ ਕਿ ''ਅਕਾਸ਼ ਅਤੇ ਧਰਤੀ ਜਿਹੜੇ ਹੁਣ ਹਨ ਸਾੜੇ ਜਾਣ ਲਈ ਰੱਖ ਛੱਡੇ ਹੋਏ ਹਨ'' (2 ਪਤਰਸ 3:7)। ਉਸ ਨੇ ਅੱਗੇ ਆਖਿਆ ਕਿ ''ਪ੍ਰਭੂ ਦਾ ਦਿਨ ਚੋਰ ਵਾਂਙੁ ਆਵੇਗੀ ਜਿਹ ਦੇ ਵਿਚ ਅਕਾਸ਼ ਸਰਨਾਟੇ ਨਾਲ ਜਾਂਦੇ ਰਹਿਣਗੇ ਅਤੇ ਮੂਲ ਵਸਤਾਂ ਵੱਡੇ ਤਾਉ ਨਾਲ ਤਪ ਕੇ ਢਲ ਜਾਣਗੀਆਂ ਅਤੇ ਧਰਤੀ ਉਨ੍ਹਾਂ ਕਾਰਾਗਰੀਆਂ ਸਣੇ ਜੋ ਉਸ ਵਿਚ ਹਨ ਜਲ ਬਲ ਜਾਵੇਗੀ'' (2 ਪਤਰਸ 3:10)। ਸਾਡੇ ਸੰਸਾਰ ਦੇ ਆਰਜੀ ਹੋਣ ਨੂੰ ਧਿਆਨ ਵਿਚ ਰਖਦਿਆਂ ਭਲਾ ਸਾਡੀ ਆਸ ਧਰਤੀ ਦੀਆਂ ਚੀਜ਼ਾਂ ਉੱਤੇ ਲਾਉਣਾ ਮੂਰਖਤਾ ਨਹੀਂ ਹੋਵੇਗੀ?

ਬੁਢਾਪੇ ਵਿਚ ਯੂਹੰਨਾ ਨੇ ਲਗਭਗ ਦੋ ਹਜ਼ਾਰ ਸਾਲ ਪਹਿਲਾਂ ਅਫ਼ਸੁਸ ਵਿਚ ਆਪਣੀ ਰੂਹਾਨੀ

ਸੰਤਾਨ ਨੂੰ ਇਹ ਸ਼ਬਦ ਲਿਖੇ ਸਨ:

> ਸੰਸਾਰ ਨਾਲ ਮੋਹ ਨਾ ਰੱਖੋ, ਨਾ ਉਨ੍ਹਾਂ ਵਸਤਾਂ ਨਾਲ ਜੋ ਸੰਸਾਰ ਵਿਚ ਹਨ ਜੇ ਕੋਈ ਸੰਸਾਰ ਨਾਲ ਮੋਹ ਰੱਖਦਾ ਹੋਵੇ ਤਾਂ ਉਹ ਦੇ ਵਿਚ ਪਿਤਾ ਦਾ ਪ੍ਰੇਮ ਨਹੀਂ। ਕਿਉਂਕਿ ਸੱਭੋ ਕੁਝ ਜੋ ਸੰਸਾਰ ਵਿਚ ਹੈ ਅਰਥਾਤ ਸਰੀਰ ਦੀ ਕਾਮਨਾ ਅਤੇ ਨੇਤਰਾਂ ਦੀ ਕਾਮਨਾ ਅਤੇ ਜੀਵਨ ਦਾ ਅਭਮਾਨ ਸੋ ਪਿਤਾ ਤੋ ਨਹੀਂ ਸਗੋਂ ਸੰਸਾਰ ਤੋਂ ਹੈ। ਅਤੇ ਸੰਸਾਰ ਨਾਲੇ ਉਹ ਦੀ ਕਾਮਨਾ ਬੀਤਦੀ ਜਾਂਦੀ ਹੈ ਪਰ ਜਿਹੜਾ ਪਰਮੇਸ਼ੁਰ ਦੀ ਇੱਛਿਆ ਉੱਤੇ ਚੱਲਦਾ ਹੈ ਉਹ ਸਦਾ ਤੀਕ ਕਾਇਮ ਰਹਿੰਦਾ ਹੈ (1 ਯੂਹੰਨਾ 2:15–17; NKJV)।

ਯੂਹੰਨਾ ਭੌਤਿਕ ਵਸਤਾਂ ਤੇ ਹੀ ਨਹੀਂ ਬਲਕਿ ਉਨ੍ਹਾਂ ਪ੍ਰਤੀ ਮਨੁੱਖ ਦੇ ਵਿਹਾਰ ਅਤੇ ਉਨ੍ਹਾਂ ਨਾਲ ਉਸ ਦੇ ਸਬੰਧ ਦੀ ਗੱਲ ਕਰ ਰਿਹਾ ਸੀ। ਜੇ ਅਸੀਂ ਸੰਸਾਰ ਦੀ ਕਿਸੇ ਵੀ ਚੀਜ਼ ਨੂੰ ਐਨੀਂ ਵੱਧ ਅਹਿਮੀਅਤ ਦੇਣ ਲਗੀਏ ਕਿ ਰੂਹਾਨੀ ਗੱਲਾਂ ਨੂੰ ਪਿੱਛੇ ਛੱਡ ਦਈਏ ਤਾਂ ਅਸੀਂ ਸੰਸਾਰ ਨਾਲ ਪ੍ਰੇਮ ਕਰ ਰਹੇ ਹੁੰਦੇ ਹਾਂ। ਜੇ ਅਸੀਂ ਰੂਹਾਨੀ ਕਦਰਾਂ ਨੂੰ ਆਪਣੀ ਸਮਝ ਅਤੇ ਸਲਾਹੁਣਾ ਨੂੰ ਪਿੱਛੇ ਕਰਦਿਆਂ ਆਪਣਾ ਧਿਆਨ ਹਟਾਉਣ ਅਤੇ ਸਾਨੂੰ ਲੁਭਾਉਣ ਵਾਲੀਆਂ ਸੰਸਾਰ ਦੀਆਂ ਵਸਤਾਂ ਅਤੇ ਸੁੱਖਾਂ ਨੂੰ ਆਉਣ ਦਿੰਦੇ ਹਾਂ ਤਾਂ ਅਸੀਂ ਸੰਸਾਰ ਨਾਲ ਪ੍ਰੇਮ ਕਰ ਰਹੇ ਹੁੰਦੇ ਹਾਂ। ਜੇ ਸਾਡੀ ਨਜ਼ਰ ਵਿਚ ਪਰਮੇਸ਼ੁਰ ਦੇ ਸਾਹਮਣੇ ਸਾਡੇ ਖਲੋਣ ਨਾਲੋਂ ਮਨੁੱਖਾਂ ਦੇ ਸਾਹਮਣੇ ਖਲੋਣਾ ਵਧੇਰੇ ਇੱਜ਼ਤ ਦੀ ਗੱਲ ਹੈ (ਸਾਡਾ ਅਸਲ ਖ਼ੁਦਾ) ਜਾਂ ਸ਼ੈਤਾਨ ਸਾਨੂੰ ਗੁਮਰਾਹ ਕਰਨ ਵਿਚ ਕਾਮਯਾਬ ਹੋ ਜਾਵੇਗਾ।

ਆਇਤ 17 ਦੇ ਅਖ਼ੀਰ ਵਿਚ ਪੌਲੁਸ ਨੇ ਇਹ ਸ਼ਬਦ ਜੋੜੇ: **ਤਾਂ ਜੋ ਤੁਸੀਂ ਜੋ ਚਾਹੁੰਦੇ ਸੋ ਨਾ ਕਰੋ।** ਇਸ ਵਾਕਅੰਸ਼ ਨੂੰ ਘੱਟੋ ਘੱਟ ਦੋ ਤਰ੍ਹਾਂ ਨਾਲ ਸਮਝਿਆ ਗਿਆ ਹੈ। ਪਹਿਲਾਂ, ''ਜੋ ਚਾਹੁੰਦੇ ਹੋ'' ਦੀ ਵਿਆਖਿਆ ਉਸ ਭਲਿਆਈ ਦੇ ਰੂਪ ਵਿਚ ਸਕਾਰਾਤਮਕ ਅਰਥ ਵਿਚ ਕੀਤੀ ਜਾ ਸਕਦੀ ਹੈ ਜੋ ਮਸੀਹੀ ਵਿਅਕਤੀ ਕਰਨਾ ਚਾਹੁੰਦਾ ਹੈ। ਪਰ ਜੇ ਉਹ ''ਸਰੀਰ'' ਦੀ ਅੰਦਰ ਵੱਲ ਨੂੰ ਖਿਚ ਕਰਕੇ ਨਹੀਂ ਕਰ ਪਾਉਂਦਾ। ਇੱਥੇ ਇਹ ਭਾਸ਼ਾ ਰੋਮੀਆਂ 7:14–23 ਵਿਚ ਪੌਲੁਸ ਵੱਲੋਂ ਦੱਸੀ ਗਈ ਅੰਦਰੂਨੀ ਕਸਮਕਸ ਵਰਗੀ ਹੋਵੇਗੀ। ਇਸ ਦੇ ਉਲਟ ''ਜੋ ਤੁਸੀਂ ਚਾਹੁੰਦੇ ਹੋ'' ਪਿਛਲੀ ਆਇਤ ਵਾਲੇ ''ਸਰੀਰ ਦੇ ਵਿਸ਼ਿਆਂ'' ਵਰਗਾ ਹੋ ਸਕਦਾ ਹੈ। ਇਹ ਵਾਕਖੰਡ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਬੁਰਿਆਈ ਕਰਨ ਦੀ ਲਾਲਸਾ ਅਤੇ ਮਸੀਹ ਵਿਅਕਤੀ ਦੀ ਫ਼ਤਹਿ ਆਤਮਾ ਦੇ ਵਾਸ ਦੀ ਸਮਰੱਥਾ ਦੇ ਰਾਹੀਂ ਹੁੰਦੀ ਹੈ। ਇਹ ਇਸ ਗੱਲ ਨੂੰ ਯਾਦ ਦੁਆਉਂਦਾ ਹੈ ਕਿ ਜਿਹੜੇ ਲੋਕ ਆਤਮਾ ਵਿਚ ਚਲਣ ਲਈ ਸਮਰਪਤ ਹਨ ਉਨ੍ਹਾਂ ਨੂੰ ਆਤਮਾ ਦੁਆਰਾ ਚੱਲਣ ਲਈ ਆਪਣੀਆਂ ਪਾਪ ਭਰੀਆਂ ਇੱਛਾਵਾਂ ਅੱਗੇ ਝੁਕਣਾ ਨਹੀਂ ਬਲਕਿ ਆਤਮਾ ਦੀ ਅਗਵਾਈ ਵਿਚ ਚੱਲਣਾ ਜ਼ਰੂਰੀ ਹੈ।

**ਆਇਤ 18.** ਆਤਮਾ ਦੁਆਰਾ ਚੱਲਣ ਅਤੇ ਪਰਮੇਸ਼ੁਰ ਦੀ ਸੰਤਾਨ ਵਜੋਂ ਰਹਿਣ ਦੇ ਆਪਣੇ ਵਿਸ਼ੇ ਨੂੰ ਅੱਗੇ ਤੋਰਦਿਆਂ ਪੌਲੁਸ ਨੇ ਲਿਖਿਆ, **ਪਰ ਜੇ ਤੁਸੀਂ ਆਤਮਾ ਦੀ ਅਗਵਾਈ ਨਾਲ ਚੱਲਦੇ ਹੋ ਤਾਂ ਸ਼ਰਾ ਦੇ ਮਤਹਿਤ ਨਹੀਂ ਹੋ।** ਇਕ ਵਾਰ ਫੇਰ ਉਸ ਨੇ ਵਿਸ਼ਵਾਸੀ ਦੇ ਗੁਲਮੀ ਦੇ ਜੂਲੇ ਤੋਂ ਛੁਟਕਾਰੇ ਦੀ ਗੱਲ ਕੀਤੀ (5:1)।

ਇਸਰਾਏਲੀ ਲੋਕ ਸੀਨਾ ਪਹਾੜ ਤੋਂ ''ਸ਼ਰ੍ਹਾ ਦੇ ਮਤਹਿਤ'' ਰਹਿਣ ਲੱਗੇ ਸਨ। ਪਰਮੇਸ਼ੁਰ ਨੂੰ ਪਸੰਦ ਕਰਨ ਦੇ ਉਨ੍ਹਾਂ ਦੇ ਸਾਰੇ ਸੰਘਰਸ਼ਾਂ ਅਤੇ ਵੇਦੀ ਹੇਠ ਹੋਈਆਂ ਕੁਰਬਾਨੀਆਂ ਦੇ ਵਹੇ ਐਨੇ ਲਹੂ ਦੇ ਬਾਵਜੂਦ ਲੋਕ ਅਜੇ ਵੀ ਪਾਪ ਦੀ ਗੁਲਾਮੀ ਵਿਚ ਸਨ। ਵਾਅਦਾ ਕੀਤੇ ਹੋਏ ਛੁਟਕਾਰਾ ਦੁਆਉਣ ਵਾਲੇ ਦੇ ਆਉਣ ਤਕ ਕੋਈ ਅਜ਼ਾਦੀ ਨਹੀਂ ਹੋ ਸਕਦੀ ਸੀ। ਕਿਉਂ ਜੋ ਪਾਪ ਉੱਤੇ ਮਕੱਮਲ ਫ਼ਤਹਿ ਉਸ ਨੇਮ ਤਹਿਤ ਸੰਭਵ ਨਹੀਂ ਸੀ। ਉਹ ਗੁਲਾਮੀ ਦੀ ਸੰਤਾਨ ਸਨ (4:25) ਜੋ ਮਸੀਹਾ ਦੇ ਆਉਣ

ਦੀ ਸਿਰਫ਼ ਉਮੀਦ ਕਰ ਸਕਦੇ ਸਨ। ਹੁਣ ਉਹ ਸਵੇਰ ਹੋ ਚੁਕੀ ਸੀ (4:4)।

ਸ਼ਰ੍ਹਾ ਦੇ ਮਤਹਿਤ ਹੋਣ ਦੀ ਥਾਂ ਮਸੀਹੀ ਲੋਕ ''ਆਤਮਾ ਦੀ ਅਗਵਾਈ ਨਾਲ ਚਲਦੇ'' ਸਨ। ਫਿਰ ਵੀ ਅਸੀਂ ਪੂਰੀ ਤਰ੍ਹਾਂ ਨਾਲ ਹੁਕਮ ਮੰਨਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਾਂ ਕਿਉਂ ਜੋ ਆਪਣੇ ਉੱਤੇ ਜਿੱਤ ਪਾਉਣ ਲਈ ਨਿੱਜੀ ਲੜਾਈ ਜ਼ਰੂਰੀ ਹੈ। ਪਰ ਉਹ ਲੜਾਈ ਮਸੀਹ ਅਤੇ ਸਲੀਬ ਉੱਤੇ ਵਹੇ ਉਸ ਦੇ ਲਹੂ ਦੇ ਰਾਹੀਂ ਜਿੱਤ ਲਈ ਗਈ। ਖ਼ੁਦਾ ਦੀ ਵਡਿਆਈ ਹੋਵੇ ਕਿ ਯਿਸੂ ਨੇ ਆਪਣਾ ਕੀਮਤੀ ਲਹੂ ਵਹਾ ਦਿੱਤਾ ਹੈ, ਮੌਤ ਉੱਤੇ ਫ਼ਤਹਿ ਪਾ ਲਈ, ਸੁਰਗ ਵਿਚ ਉਠਾ ਲਿਆ ਗਿਆ ਅਤੇ ਉਸ ਨੇ ਆਪਣਾ ਪਵਿੱਤਰ ਆਤਮਾ ਵਹਾ ਦਿੱਤਾ! *ਆਤਮਾ ਵਿਚ ਚੱਲ ਕੇ ਅਸੀਂ ਪਰਮੇਸ਼ੁਰ ਦੀ ਕਿਰਪਾ ਨਾਲ ਸ਼ੈਤਾਨ ਅਤੇ ਪਾਪ ਉੱਤੇ ਉਸ ਫ਼ਤਹਿ ਵਿਚ ਸਾਂਝੀ ਹੋ ਸਕਦੇ ਹਾਂ।*

## ''**ਸਰੀਰ ਦੇ ਕੰਮ**'' (5: 19-21)

**[19]ਹੁਣ ਸਰੀਰ ਦੇ ਕੰਮ ਤਾਂ ਪਰਗਟ ਹਨ। ਓਹ ਏਹ ਹਨ- ਹਰਾਮਕਾਰੀ, ਗੰਦ ਮੰਦ, ਲੁੱਚਪੁਣਾ, [20]ਮੂਰਤੀ ਪੂਜਾ, ਜਾਦੂਗਰੀ, ਵੈਰ, ਝਗੜੇ, ਹਸਦ, ਕ੍ਰੋਧ, ਧੜੇਬਾਜ਼ੀਆਂ, ਫੁੱਟਾਂ, ਬਿਦਤਾਂ, [21]ਖਾਰ, ਨਸ਼ੇ, ਬਦਮਸਤੀਆਂ, ਅਤੇ ਹੋਰ ਇਹੋ ਜੇਹੇ ਕੰਮ। ਏਹਨਾਂ ਗੱਲਾਂ ਦੇ ਵਿਖੇ ਮੈਂ ਤੁਹਾਨੂੰ ਸਾਫ਼ ਆਖਦਾ ਹਾਂ ਜਿਵੇਂ ਮੈਂ ਅੱਗੇ ਆਖਿਆ ਸੀ ਭਈ ਜਿਹੜੇ ਇਹੋ ਜਿਹੇ ਕੰਮ ਕਰਦੇ ਹਨ ਓਹ ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ।**

**ਆਇਤ 19.** ਇਸ ਭਾਗ ਵਿਚ ਉਹ ਗੱਲਾਂ ਹਨ ਜਿਨ੍ਹਾਂ ਨੂੰ ਕੁਝ ਲੋਕਾਂ ਨੇ ''ਬੁਰੀ ਸੂਚੀ'' ਜਾਂ ''ਬੁਰੀ ਤਾਲਿਕਾ'' ਨਾਂਅ ਦਿੱਤਾ ਹੈ। ਬਾਈਬਲ ਵਿਚ ਅਜਿਹੀਆਂ ਸੁਚੀਆਂ ਆਮ ਮਿਲਦੀਆਂ ਹਨ। ਇਸ ਸੰਦਰਭ ਵਿਚ ਇਕ ਸੂਚੀ ਦਾ ਅਰੰਭ ਪ੍ਰਸਤਾਵਨਾ ਵਰਗੀ ਗੱਲ **ਹੁਣ ਸਰੀਰ ਦੇ ਕੰਮ ਤਾਂ ਪਰਗਟ ਹਨ** ਨਾਲ ਹੁੰਦਾ ਹੈ। ਪੌਲੁਸ ਨੇ ਲਿਖਿਆ ਕਿ ਉਹ ਵਿਖਾਈ ਦੇ ਸਕਣ ਵਾਲੇ ਕੰਮਾਂ ਦੀ ਗੱਲ ਕਰ ਰਿਹਾ ਹੈ; ਜਿਵੇਂ ''ਕੰਮ'' ਜਾਂ ''ਅਮਲ'' (KJV) ਤਾਂ ''ਪ੍ਰਗਟ'' ਯੂਨਾਨੀ ਸ਼ਬਦ *phaneros* (ਫੇਨਰੋਸ) ਦਾ ਅਨੁਵਾਦ ''ਜ਼ਾਹਰਾ,'' ''ਸਾਫ਼,'' ''ਸਾਫ਼ ਨਜ਼ਰ ਆਉਣ ਵਾਲਾ''[44] ਵੀ ਹੋ ਸਕਦਾ ਹੈ। ''ਸਰੀਰ'' (*sarx*, ਸਾਰਕਸ) ਸ਼ਬਦ ਦੇ ਬਾਈਬਲ ਵਿਚ ਭਾਵੇਂ ਕਈ ਸੰਕੇਤ ਹਨ ਪਰ ਇੱਥੇ ਉਸ ਸੁਭਾਵਕ ''ਢੰਗ ਦਾ ਸੰਕੇਤ ਦਿੰਦਾ ਹੈ ਜਿਸ ਨਾਲ ਪਤਿਤ ਮਨੁੱਖ ਜਾਤੀ ਸੋਚਦੀ ਜਾਂ ਕੰਮ ਕਰਦੀ ਹੈ'' ਇਹ ਉਨ੍ਹਾਂ ਗੁਣਾਂ ਨਾਲੋਂ ਬਿਲਕੁਲ ਅੱਡ ਹੈ ਜਿਹੜੇ ਉਨ੍ਹਾਂ ਲੋਕਾਂ ਵਿਚ ਪਾਏ ਜਾਂਦੇ ਹਨ ਜਿਹੜੇ ਆਤਮਾ ਤੋਂ ਜੰਮੇ ਹਨ (5:22, 23)। ''ਸਰੀਰ ਦੇ ਕੰਮ'' ਉਹ ਹਨ ਜੋ ਸਰੀਰਕ ਭਾਵ ਉਹ ਮਨੁੱਖ ਸੁਭਾਵਕ ਤੌਰ ਤੇ ਕਰਦਾ ਹੈ ਜਿਹੜਾ ਛੁਡਾਇਆ ਨਹੀਂ ਗਿਆ। ਇਹ ਪਾਪ ਜਿਨ੍ਹਾਂ ਨੂੰ ਆਮ ਤੌਰ ਤੇ ਸਰੀਰਕ ਢੰਗ ਨਾਲ ਵਿਖਾਇਆ ਜਾਂਦਾ ਹੈ, ਅਸਲ ਵਿਚ ਮਨ (ਜਾਂ ਦਿਲ) ਵਿੱਚੋਂ ਨਿੱਕਲਦੇ ਹਨ।

ਪੌਲੁਸ ਇਹ ਵਿਖਾ ਰਿਹਾ ਸੀ ਕਿ ਦੁਨਿਆਵੀ ਬੁਰਿਆਈਆਂ (5: 19–21) ਅਤੇ ਰੂਹਾਨੀ ਖੂਬੀਆਂ (5:22, 23) ਨੂੰ ਅੱਡੋ ਅੱਡ ਪਛਾਣਿਆ ਜਾ ਸਕਦਾ ਹੈ। ਤਦ ਯਿਸੂ ਨੇ ਝੂਠੇ ਨਬੀਆਂ ਦੀ ਗੱਲ ਕੀਤੀ ਅਤੇ ਉਸ ਨੇ ਉਨ੍ਹਾਂ ਕੰਡਿਆਲੀਆਂ ਝਾੜੀਆਂ ਨਾਲ ਮਿਲਾਇਆ ਜਿਨ੍ਹਾਂ ਨੂੰ ਦਾਖ (ਚੰਗਾ ਫਲ) ਨਹੀਂ ਲਗ ਸਕਦਾ ਸੀ। ਉਸ ਨੇ ਇਨ੍ਹਾਂ ਸ਼ਬਦਾਂ ਨਾਲ ਦਰਸਾਇਆ: ''ਸੋ ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨ੍ਹਾਂ ਨੂੰ ਪਛਾਣੋਗੇ'' (ਮੱਤੀ 7: 15–20; ਵੇਖੋ ਲੂਕਾ 6: 43–45)। ਯੂਹੰਨਾ ਬਪਤਿਸਮਾ ਦੇਣ ਵਾਲਾ ਵੀ ਲੋਕਾਂ ਨੂੰ ਮਸੀਹਾ ਦੇ ਆਉਣ ਵਾਲੇ ਰਾਜ ਦੀ ਤਿਆਰੀ ਲਈ ਆਪਣੀਆਂ ਜ਼ਿੰਦਗੀਆਂ ਨੂੰ ਬਦਲਣ ਲਈ ਇਹ ਆਖਦਿਆਂ ਪ੍ਰਚਾਰ ਕਰਦਾ ਸੀ, ''ਤੁਸੀਂ ਤੌਬਾ ਜੋਗਾ ਫਲ ਦਿਓ'' (ਮੱਤੀ 3: 7, 8)। ਉਨ੍ਹਾਂ ਨੂੰ ਆਪਣੇ ਵਿਹਾਰ ਦੇ ਰਾਹੀਂ ਇਹ ਵਿਖਾਉਣਾ ਜ਼ਰੂਰੀ ਸੀ ਕਿ ਉਹ ਇਹ ਬਦਲਾਅ ਲਿਆ ਰਹੇ

ਹਨ। ਯਿਸੂ ਨੇ ਸ਼ਗਿਰਦ ਬਣਨ ਨੂੰ ਦੁਨੀਆਂ ਵਿਚ ਚਮਕਣ ਨਾਲ ਅਤੇ ਪਹਾੜ ਉੱਤੇ ਵੱਸੇ ਨਗਰ ਨਾਲ ਮਿਲਾਇਆ ਜਿਹੜਾ ਲੁਕ ਨਹੀਂ ਸਕਦਾ ਸੀ। ਉਸ ਨੇ ਆਪਣੇ ਚੇਲਿਆਂ ਨੂੰ ਸਮਝਾਇਆ, ''ਤੁਹਾਡਾ ਚਾਨਣ ਮਨੁੱਖਾਂ ਦੇ ਸਾਹਮਣੇ ਚਮਕੇ ਤਾਂ ਜੋ ਉਹ ਤੁਹਾਡੇ ਸ਼ੁਭ ਕਰਮ ਵੇਖ ਕੇ ਤੁਹਾਡੇ ਪਿਤਾ ਦੀ ਜਿਹੜਾ ਸੁਰਗ ਵਿਚ ਹੈ ਵਡਿਆਈ ਕਰਨ'' (ਮੱਤੀ 5:16)। ਪੋਲੁਸ ਨੇ ਇਹ ਆਖਦਿਆਂ ਵਿਹਾਰ ਦੀ ਗੱਲ ਕੀਤੀ, ''ਕਈ ਮਨੁੱਖਾਂ ਦੇ ਪਾਪ ਪਰਤੱਖ ਹਨ ... ਇਸੇ ਤਰ੍ਹਾਂ ਸ਼ੁਭ ਕਰਮ ਭੀ ਪਰਤੱਖ ਹਨ ਅਤੇ ਜੋ ਹੋਰ ਪਰਕਾਰ ਦੇ ਹਨ ਓਹ ਗੁਪਤ ਨਹੀਂ ਰਹਿ ਸੱਕਦੇ'' (1 ਤਿਮੋਥਿਉਸ 5:24, 25)। ਪੌਲੁਸ ਨੇ ''ਸਰੀਰ ਦੇ ਕੰਮਾਂ'' ਅਤੇ ''ਆਤਮਾ ਦਾ ਫਲ'' ਦੋਹਾਂ ਦੀ ਗੱਲ ਇਸੇ ਅਰਥ ਵਿਚ ਵਿਚ ਕੀਤੀ।

5:19–21 ਵਿਚ ''ਸਰੀਰ ਦੇ ਕੰਮਾਂ'' ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ।[45] (1) ਪਹਿਲੇ ਤਿੰਨ ਕੰਮਾਂ ਵਿਚ ਸਰੀਰ ਪਾਪ ਆਉਂਦੇ ਹਨ: ''ਹਰਾਮਕਾਰੀ, ਗੰਦ ਮੰਦ ਅਤੇ ਲੁੱਚਪੁਣਾ।'' (2) ਅਗਲੇ ਦੋ ਪਾਪ ਕਾਫ਼ਰ ਰੀਤਾਂ ਹਨ: ''ਮੂਰਤੀਪੂਜਾ, ਜਾਦੂਗਰੀ।'' (3) ਅੱਠ ਹੋਰ ਪਾਪ ਆਪਸੀ ਸਬੰਧਾਂ ਦੇ ਹਨ: ''ਵੈਰ, ਝਗੜੇ, ਹਸਦ, ਕ੍ਰੋਧ, ਧੜੇਬਾਜ਼ੀਆਂ, ਫੁੱਟਾਂ, ਬਿਦਤਾਂ ਅਤੇ ਖਾਰ।''[46] (4) ਆਖ਼ਰੀ ਦੋ ਪਾਪ ਐਸ਼ਪ੍ਰਸਤੀ ਵਾਲੀ ਜ਼ਿੰਦਗੀ ਨਾਲ ਜੁੜੇ ਹਨ: ''ਨਸ਼ੇ, ਬਦਮਸਤੀਆਂ।''

*1. ਸਰੀਰ ਦੇ ਪਾਪ (5:19ਅ)*

ਇਸ ਸੂਚੀ ਵਿਚ ਪਹਿਲੇ ਤਿੰਨ ਪਾਪ ਸੈਕਸੁਐਲਟੀ ਨਾਲ ਸਬੰਧਿਤ ਹਨ। ਬੁਰਿਆਈ ਵਾਲੀ ਸੂਚੀ ਦੀ ਸ਼ੁਰੂਆਤ **ਹਰਾਮਕਾਰੀ** ਸ਼ਬਦ ਨਾਲ ਹੁੰਦੀ ਹੈ ਜੋ ਕਾਮੁਕਤਾ ਵਾਲੇ ਵਿਹਾਰ ਜਾਂ ''ਬਦਫੈਲੀ'' ਲਈ ਕੋਮਲ ਭਾਸ਼ਾ ਹੈ। ਯੂਨਾਨੀ ਸ਼ਬਦ *porneia* (ਪੋਰਨੀਆ) ਵਿਭਚਾਰ, ਵਿਆਹ ਤੋਂ ਪਹਿਲਾਂ ਸੈਕਸ, ਰੰਡੀਬਾਜ਼ੀ, ਗੋਤਰ–ਗਮਨ, ਸਮਲਿੰਗੀ ਅਤੇ ਇਸਤਰੀ ਸਮਲਿੰਗੀ ਸਬੰਧਾਂ ਸਣੇ ਖ਼ਾਸ ਸਰੀਰਕ ਪਾਪਾਂ ਦੇ ਕਈ ਵਰਗ ਆ ਜਾਂਦੇ ਹਨ। ਖ਼ੁਦਾ ਦੇ ਇਰਾਦੇ ਅਤੇ ਮੰਸ਼ਾ ਵਿਚ, ਸਰੀਰਕ ਮੇਲ ਦੀ ਇਕ ਮਰਦ ਅਤੇ ਇਕ ਤੀਵੀਂ ਭਾਵ ਪਤੀ ਅਤੇ ਉਸ ਦੀ ਪਤਨੀ ਤਕ ਸੀਮਤ ਸੀ। ਉਨ੍ਹਾਂ ਨੂੰ ਇਹ ਜਿਣਸੀ ਸਬੰਧ ਦੀ ਬਰਕਤ ਦੇ ਨਾਲ ਨਾਲ ਮਨੁੱਖ ਜਾਤੀ ਦੇ ਫੈਲਾਅ ਲਈ ਦਿੱਤਾ ਗਿਆ ਸੀ।[47]

ਲਿਖਤ ਮੁਤਾਬਿਕ ਖ਼ੁਦਾ ਨੂੰ ਕਬੂਲ ਅਤੇ ਪਸੰਦ ਇੱਕੋ ਹੀ ਜਿਣਸੀ ਜੋ ਪਤੀ ਤੇ ਪਤਨੀ ਵਿਚਕਾਰ ਹੁੰਦੀ ਹੈ। ਇਹ ਗੱਲ ਉਸ ਮਾਹੌਲ ਵਿਚ ਜਿਸ ਵਿਚ ਅੱਜ ਅਸੀਂ ਅੱਜ ਰਹਿੰਦੇ ਹਾਂ ਬਹੁਤ ਸਾਰੇ ਲੋਕਾਂ ਵੱਲੋਂ ਦਿੱਤੀ ਗਈ ਖੁੱਲ੍ਹ ਨਾਲ ਮੇਲ ਨਹੀਂ ਖਾਂਦੀ। ਪਰ ਸਾਡੀ ਚਿੰਤਾ ਇਹ ਨਹੀਂ ਹੈ ਕਿ ਕਿਸੇ ਵੀ ਯੁੱਗ ਵਿਚ ਲੋਕ ਇਸ ਨੂੰ ਸਹੀ ਮੰਨਦੇ ਹਨ। ਬਲਕਿ ਇਹ ਹੈ ਕਿ ਖ਼ੁਦਾ ਇਸ ਦੀ ਮੰਜ਼ੂਰੀ ਦਿੰਦਾ ਹੈ।

ਪੌਲੁਸ ਵੱਲੋਂ ਦੱਸਿਆ ਗਿਆ ਦੂਜਾ ''ਸਰੀਰ ਦਾ ਕੰਮ'' **ਗੰਦ ਮੰਦ** (*akatharsia*, ਅਕਥਰਸੀਆ) ਹੈ। ਇਸ ਸ਼ਬਦ ਦਾ ਮੂਲ ਅਰਥ ''ਗੰਦਗੀ'' ਹੈ। ਪਰ ਇਸ ਸੰਦਰਭ ਵਿਚ ਸਪੱਸ਼ਟ ਤੌਰ ਤੇ ਗੰਦਗੀ ਜਾਂ ਸਾਫ਼ ਸਫ਼ਾਈ ਵਿਚ ਇਹਦਾ ਕੋਈ ਲੈਣ ਦੇਣ ਨਹੀਂ ਹੈ। ਬਲਕਿ ਇਹਦੀ ਵਰਤੋਂ ਨੈਤਿਕ ਭ੍ਰਸ਼ਟਤਾ, ਅਸ਼ੁੱਧਤਾ ਜਾਂ ਮਾੜੇ ਇਰਾਦਿਆਂ ਲਈ ਪ੍ਰਤੀਕ ਵਜੋਂ ਕੀਤੀ ਗਈ। ਇਹਦੀ ਵਰਤੋਂ ਖ਼ਾਸਕਰ ਗੈਰ ਕੁਦਰਤੀ ਬੁਰਿਆਈਆਂ ਸਣੇ (ਰੋਮੀਆਂ 1:24) ਜਿਣਸੀ ਪਾਪਾਂ ਲਈ ਕੀਤੀ ਗਈ ਹੈ (2 ਕੁਰਿੰਥੀਆਂ 12:21; ਅਫ਼ਸੀਆਂ 5:3; ਕੁਲੁੱਸੀਆਂ 3:5)।

ਪੌਲੁਸ ਨੇ ਪਾਪਾਂ ਦੇ ਇਸ ਸਮੂਹ ਨੂੰ **ਲੁਚਪੁਣਾ** (*aselgeia*, ਅਸੇਲਜੀਆ) ਸ਼ਬਦ ਨਾਲ ਖ਼ਤਮ ਕੀਤਾ। ਇਸ ਯੂਨਾਨੀ ਸ਼ਬਦ ਦੀ ਪਰਿਭਾਸ਼ਾ ''ਅਸ਼ਲੀਲਤਾ,'' ''ਬਦਕਾਰੀ,'' ''ਅਯਾਸ਼ੀ,'' ਅਤੇ ''ਬੁਰਿਆਈ'' ਦੇ ਰੂਪ ਵਿਚ ਕੀਤੀ ਜਾ ਸਕਦੀ ਹੈ। ਇਸ ਦੀ ਵਰਤੋਂ ਆਮ ਤੌਰ ਤੇ ਜਿਣਸੀ ਵਧੀਕੀਆਂ ਲਈ ਹੁੰਦੀ ਹੈ ਅਤੇ *koitē* (ਕੋਇਟੀ, ''ਜਿਣਸੀ ਸੰਭੋਗ'')[48] ਅਤੇ *porneia* (ਪੋਰਨੀਆ, ''ਬਦਚਲਣੀ'' ਅਤੇ ਜਾਂ ''ਬਦਫ਼ਹਿਲੀ'') ਵਰਗੇ ਸ਼ਬਦ ਵਿਚ ਮਿਲਦਾ ਹੈ। ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ ''ਲਾਇਸੈਂਸ'' ਵਾਂਗ ਇਸ ਵਿਚ ਇਖ਼ਲਾਕੀ ਸੰਜਮ ਦਾ ਨਾ ਹੋਣਾ ਜਾਂ ਉਸ ਦੀ ਪਰਵਾਹ ਨਾ ਕਰਨਾ

ਹੋਣਾ ਜਾਪਦਾ ਹੈ, ਖ਼ਾਸਕਰ ਜਿਣਸੀ ਮਾਮਲਿਆਂ ਵਿਚ। ਇਸ ਵਿਚ ਵਿਚਾਰ ਪੂਰੀ ਤਰ੍ਹਾਂ ਨਾਲ ਆਪਣੇ ਆਪ ਨੂੰ ਵਾਸਨਾ ਦੇ ਸਪੁਰਦ ਕਰ ਦਿੰਦਾ ਹੈ। ਨਵੇਂ ਨੇਮ ਵਿਚ ਇਹਦੀ ਵਰਤੋਂ ਕਈ ਜਗ੍ਹਾ ਹੋਈ ਹੈ। ਇੱਥੇ ਹਰ ਵਾਰ ਇਹ ਸਰੀਰਕ ਅਸ਼ਲੀਲਤਾ ਵੱਲ ਹੀ ਇਸ਼ਾਰਾ ਕਰਦਾ ਹੈ।[49]

*2. ਕਾਫ਼ਰ ਰੀਤਾਂ ਦੇ ਪਾਪ (5:20ੳ, ਅ)*

**ਆਇਤ 20.** ਬੁਰਿਆਈ ਦੀ ਸੂਚੀ ਵਿਚ ਅੱਗੇ **ਮੂਰਤੀਪੂਜਾ** ਆਉਂਦੀ ਹੈ, ਇਹ ਸ਼ਬਦ ਬਾਈਬਲ ਵਿਚ ਐਨਾਂ ਆਮ ਹੈ ਕਿ ਇਸ ਦੀ ਥੋੜ੍ਹੀ ਵਿਆਖਿਆ ਕੀਤੀ ਜਾਣੀ ਬਣਦੀ ਹੈ। ਫਿਰ ਵੀ ਪ੍ਰਾਚੀਨ ਜਗਤ ਵਿਚ ਪਾਈ ਜਾਣ ਵਾਲੀ ਇਸ ਰੀਤ ਤੇ ਕੁਝ ਪਹਿਲੂਆਂ ਦੀ ਸਮੀਖਿਆ ਕੀਤਾ ਜਾਣਾ ਫ਼ਾਇਦੇਮੰਦ ਵੀ ਹੋ ਸਕਦਾ ਹੈ। ਕਾਫ਼ਰਾਂ ਵਿਚਕਾਰ ਮੂਰਤੀਪੂਜਾ ਕਿਉਂ ਪਾਈ ਜਾਂਦੀ ਸੀ?

ਕਾਫ਼ਰ ਲੋਕ ਕਈ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਸਨ ਕਿਉਂ ਜੋ ਮਨੁੱਖ ਦੇ ਅੰਦਰ ਖ਼ੁਦਾ ਦੀ ਸੁਭਾਵਿਕ ਲੋੜ ਪਾਈ ਜਾਂਦੀ ਹੈ। ਜਿਨ੍ਹਾਂ ਸੱਭਿਅਤਾਵਾਂ ਵਿਚ ਸੱਚੇ ਅਤੇ ਜੀਉਂਦੇ ਪਰਮੇਸ਼ੁਰ ਦਾ ਗਿਆਨ ਨਹੀਂ ਹੈ ਉਨ੍ਹਾਂ ਨੇ ਸਹਿਜ ਗਿਆਨ ਨਾਲ ਆਪੋ ਆਪੇ ਦੇਵਤੇ ਬਣਾ ਲਏ ਜਾਂ ਉਨ੍ਹਾਂ ਦੀ ਕਲਪਨਾ ਕਰ ਲਈ। ਆਦਮੀ ਚਾਹੁੰਦਾ ਹੈ ਕਿ ਕਿਸੇ ਨਾ ਕਿਸੇ ਦੀ ਬੰਦਗੀ ਕੀਤੀ ਜਾਵੇ, ਜਿਸ ਉੱਤੇ ਉਹ ਨਿਰਭਰ ਰਹਿ ਸਕੇ।[50] ਅਰਿਯੁਪਗੁਸ ਵਿਚ ਬੋਲਦਿਆਂ ਪੌਲੁਸ ਨੇ ਆਖਿਆ ਸੀ ਕਿ ਪਰੇਮਸ਼ੁਰ ਦੀ ਤਲਾਸ਼ ਹੀ ਉਹ ਮੁੱਖ ਕਾਰਣ ਹੈ ਜਿਸ ਕਰਕੇ ਲੋਕਾਂ ਨੂੰ ਧਰਤੀ ਉੱਤੇ ਰੱਖਿਆ ਗਿਆ ਹੈ: ''ਭਾਈ ਓਹ ਪਰਮੇਸ਼ੁਰ ਨੂੰ ਭਾਲਦਾ ਕਿ ਕੀ ਜਾਣੀਏ ਉਸ ਨੂੰ ਟੋਹ ਕੇ ਲੱਭ ਲੈਣ ਭਾਵੇਂ ਉਹ ਸਾਡੇ ਵਿੱਚੋਂ ਕਿਸੇ ਤੋਂ ਦੂਰ ਨਹੀਂ'' (ਰਸੂਲਾਂ ਦੇ ਕਰਤੱਬ 17:27)। ਰਸੂਲ ਨੇ ਇਹ ਵੀ ਆਖਿਆ, ''ਕਿਉਂਕਿ ਜਗਤ ਦੇ ਉਤਪਤ ਹੋਣ ਤੋਂ ਉਹ ਦਾ ਅਣਡਿੱਠ ਸੁਭਾਉ ਅਰਥਾਤ ਉਹ ਦੀ ਅਨਾਦੀ ਸਮਰੱਥਾ ਅਤੇ ਈਸ਼ੁਰਤਾਈ ਉਹ ਦੀ ਰਚਨਾ ਤੋਂ ਚੰਗੀ ਤਰਾਂ ਦਿੱਸ ਪੈਂਦੀ ਹੈ। ਇਸ ਕਰਕੇ ਉਨ੍ਹਾਂ ਦੇ ਲਈ ਕੋਈ ਉਜ਼ਰ ਨਹੀਂ'' (ਰੋਮੀਆਂ 1:20)।

ਖ਼ੁਦਾ ਦਾ ਸੁਭਾਅ ਪੂਰੀ ਤਰ੍ਹਾਂ ਨਾਲ ਰੂਹਾਨੀ ਹੈ (ਯੂਹੰਨਾ 4:24) ਅਤੇ ਮਨੁੱਖ ਨੂੰ ਪਰਮੇਸ਼ੁਰ ਦੇ ਸਰੂਪ ਉੱਤੇ ਬਣਾਇਆ ਗਿਆ ਹੈ (ਉਤਪਤ 1:27), ਇਸ ਕਰਕੇ ਮਨੁੱਖ, ਮੁੱਖ ਤੌਰ ਤੇ ਰੂਹਾਨੀ ਜੀਵ ਹੈ। ਸਰੀਰਕ ਦੇਹ ਉਹ ਨੂੰ ਲਿਬਾਸ ਵਜੋਂ ਦਿੱਤੀ ਗਈ ਹੈ। ਇਸੇ ਤੱਥ ਨੂੰ ਧਿਆਨ ਵਿਚ ਰੱਖਦਿਆਂ ਪੌਲੁਸ ਅਤੇ ਪਤਰਸ ਦੋਹਾਂ ਨੇ ਸਰੀਰਕ ਦੇਹ ਨੂੰ ''ਤੰਬੂ'' ਆਖਿਆ (2 ਕੁਰਿੰਥੀਆਂ 5:1, 4; 2 ਪਤਰਸ 1:13; NIV)। ਮਨੁੱਖ ਦਾ ਵਜੂਦ ਪਰਮੇਸ਼ੁਰ ਤੋਂ ਆਇਆ ਹੈ ਜਿਸ ਕਰਕੇ ਸੁਭਾਵਿਕ ਹੈ ਕਿ ਉਹ ਆਪਣੇ ਆਤਮਿਕ ਪਿਤਾ ਦੀ ਬੁਨਿਆਦੀ ਲਲਕ ਰਖੇ। ਅਗਸਟਨ ਨੇ ਆਖਿਆ ਹੈ, ''ਤੂੰ ਸਾਨੂੰ ਆਪਣੇ ਵਾਸਤੇ ਬਣਾਇਆ ਅਤੇ ਸਾਲੇ ਦਿਲਾਂ ਨੂੰ ਉਦੋਂ ਤਕ ਸ਼ਾਂਤੀ ਨਹੀਂ ਮਿਲਦੀ ਜਦੋਂ ਤਕ ਉਹ ਤੇਰੇ ਵਿਚ ਆਰਾਮ ਨਹੀਂ ਪਾ ਲੈਂਦੇ।''[51]

ਆਮ ਤੌਰ ਤੇ ਭਾਵੇਂ ਕਮਜ਼ੋਰ, ਗੁਮਰਾਹ ਜਾਂ ਅਣਪਛਾਤੀ ਹੁੰਦੀ ਹੈ ਪਰ ਪਿਤਾ ਦੀ ਇਹ ਖ਼ੋਜ ਅੱਜ ਵੀ ਜਾਰੀ ਹੈ। ਪੌਲੁਸ ਨੇ ਕੁਝ ਯੂਨਾਨੀ ਕਵੀਆਂ ਤੋਂ ਸੰਕੇਤ ਲੈਂਦਿਆਂ ਅਰਿਪਯਗੁਸ ਵਿਚ ਆਪਣੇ ਸੰਬੋਧਨ ਵਿਚ ਇਹੀ ਵਿਚਾਰ ਦਿੱਤਾ ਸੀ। ਉਸ ਨੇ ਯੂਨਾਨੀ ਦੇਵਤਿਆਂ ਦੇ ਪਿਤਾਮਾ ਜਿਊਸ ਨਾਲ ਸਬੰਧਿਤ ਇਕ ਸਿੱਖਿਆਦਾਇਕ ਕਵਿਤਾ ਵਿੱਚੋਂ ਦੁਹਰਾਇਆ ਜਿਸ ਤੋਂ ਜ਼ਾਹਿਰ ਤੌਰ ਤੇ ਉਸ ਦੇ ਸੁਣਨ ਵਾਲੇ ਚੰਗੀ ਤਰ੍ਹਾਂ ਨਾਲ ਵਾਕਫ਼ ਸਨ। ਉਸ ਨੇ ਇਹ ਭਾਸ਼ਾ ਸੱਚੇ ਅਤੇ ਜੀਉਂਦੇ ਪਰਮੇਸ਼ੁਰ ਲਈ ਲਾਗੂ ਕੀਤੀ, ''ਕਿਉਂਕਿ ਓਸੇ ਵਿਚ ਅਸੀਂ ਜੀਉਂਦੇ ਅਰ ਤੁਰਦੇ ਫਿਰਦੇ ਅਤੇ ਮਜੂਦ ਹਾਂ ਜਿਵੇਂ ਤੁਹਾਡੇ ਕਵੀਸ਼ਰਾਂ ਵਿੱਚੋਂ ਵੀ ਕਿੰਨਿਆਂ ਨੇ ਆਖਿਆ ਹੈ ਕਿ ਅਸੀਂ ਤਾਂ ਉਹ ਦੀ ਅੰਸ ਵੀ ਹਾਂ'' (ਰਸੂਲਾਂ ਦੇ ਕਰਤੱਬ 17:28; NIV)।[52]

ਸੁਭਾਵਿਕ ਮਨੁੱਖ ਦੀ ਰੱਬ ਦੀ ਤਲਾਸ਼ ਜਾਂ ਉਹ ਦੀ ਕਲਪਨਾ ਕਰਨ ਦੀ ਇਸ ਸੁਭਾਵਕ ਵਿਵਸਥਾ ਦਾ ਬਿਨਾਂ ਕਿਸੇ ਸ਼ੱਕ ਦੇ ਸਬੂਤ ਪੂਰੇ ਮਨੁੱਖੀ ਇਤਿਹਾਸ ਵਿਚ ਮਿਲਦਾ ਹੈ। ਦੁਨੀਆਂ ਭਰ ਵਿਚ ਪੁਰਾਤੱਤਵ

ਵਿਗਿਆਨੀ, ਮਾਨਵ ਵਿਗਿਆਨੀ ਅਤੇ ਜੀਵਾਸ਼ਮ ਵਿਗਿਆਨੀ, ਧਾਤੂ, ਲੱਕੜ ਅਤੇ ਪੱਥਰ ਦੀਆਂ ਮੂਰਤਾਂ ਨੂੰ ਢਾਲਦੇ ਰਹਿੰਦੇ ਹਨ, ਜਿਨ੍ਹਾਂ ਨੂੰ ਅਸੀਂ ''ਮੂਰਤੀਆਂ'' ਆਖਦੇ ਹਾਂ। ਇਨ੍ਹਾਂ ਮੂਰਤੀਆਂ ਦੀ ਪੂਜਾ ਹਮੇਸ਼ਾ ਨਹੀਂ ਹੁੰਦੀ ਪਰ ਕਈ ਵਾਰ ਉਹ ਸਿਰਫ਼ ਦੇਵੀ ਦੇਵਤਿਆਂ ਨੂੰ ਦਰਸਾਉਣ ਵਾਲੇ ਰੂਪ ਹੁੰਦੇ ਹਨ ਜਿਨ੍ਹਾਂ ਨੂੰ ਲੋਕ ਅਸਲ ਮੰਨਦੇ ਹਨ। ਪੁਰਾਣੇ ਜ਼ਮਾਨੇ ਦੇ ਯੂਨਾਨੀ ਸੰਸਾਰ ਵਿਚ ਮੂਰਤੀਆਂ ਅਤੇ ਵੇਦੀਆਂ ਦੀ ਭਰਮਾਰ ਸੀ (ਜਿਵੇਂ ਪੌਲੁਸ ਵੱਲੋਂ ਅਥੇਨੇ ਵਿਚ ਵੇਖੀਆਂ ਗਈਆਂ ''ਠਾਕਰਾਂ ਦੀਆਂ ਮੂਰਤੀਆਂ''; ਰਸੂਲਾਂ ਦੇ ਕਰਤੱਬ 17:23)। ਇਨ੍ਹਾਂ ਵਿੱਚੋਂ ਖ਼ਾਸਕਰ ਦੋ ਧਿਆਨ ਦੇਣ ਯੋਗ ਹਨ ਜਿਨ੍ਹਾਂ ਦੀ ਯਕੀਨਨ ਮੂਰਤੀਆਂ ਦੀ ਪੂਜਾ ਹੁੰਦੀ ਸੀ। (1) ਅਥੇਨੇ ਵਿਚ ਅਕਰੋਪੁਲਿਸ ਵਿਚ ਅਥੇਨਾ ਦੇਵੀ ਦਾ ਇਕ ਵੱਡਾ ਬੁੱਤ ਸੀ। ਅਥੇਨੇ ਦੇ ਸਮੁੰਦਰ ਪੱਤਣ ਪਿਯੇਰਨਯੁਸ ਨਾਮਕ ਬੰਦਰਗਾਹ ਦੇ ਨੇੜੇ ਪਹੁੰਚਣ ਤੇ ਮਲਾਹਾਂ ਨੂੰ ਉਸ ਦਾ ਚਮਕਦਾ ਹੋਇਆ, ਸੁਨਹਿਰੀ ਟੋਪ ਅਤੇ ਭਾਲਾ ਦੂਰੋਂ ਨਜ਼ਰ ਆ ਜਾਂਦਾ ਸੀ। (2) ਜਿਊਸ ਦੀ ਵੱਡੀ ਮੂਰਤੀ ਇਸ ਨਾਲੋਂ ਵੀ ਸ਼ਾਨਦਾਰ ਸੀ, ਜਿਸ ਦਾ ਸਿਰ ਓਲੰਪਿਆ ਵਿਚ ਉਸ ਦੇ ਮੰਦਰ ਵਿਚ ਬੈਠੀ ਹੋਣ ਦੇ ਬਾਵਜੂਦ, ਛੱਤ ਨੂੰ ਲਗਦਾ ਸੀ। ਸਮਝ ਵਿਚ ਆਉਂਦਾ ਹੈ ਕਿ ਜ਼ਿਊਸ ਦੀ ਮੂਰਤੀ ਪੁਰਾਣੇ ਜ਼ਮਾਨੇ ਦੇ ਸੱਤ ਅਜੂਬਿਆਂ ਵਿੱਚੋਂ ਇਕ ਸੀ।

ਬਹੁਤ ਲੋਕਾਂ ਲਈ ਤਸਵੀਰ ਨਾਲੋਂ ਵਧਕੇ ਜਾਂ ਇਸ ਨਾਲੋਂ ਵੀ ਵਧਕੇ ਕਿਸੇ ਦੇਵਤੇ ਜਾਂ ਨਾਇਕ ਦੀ ਗੱਲ ਹੁੰਦੀ ਸੀ ਜਿਸ ਨੂੰ ਪੂਜਣਯੋਗ ਮੰਨਿਆ ਜਾਂਦਾ ਸੀ। ਮਜ਼ਾਕੀਆ ਗੱਲਬਾਤ ਦੇ ਲੇਖਕ ਸਮੋਸੇਟਾ ਦੇ ਲੁਸੀਅਨ (ਲਗਭਗ 115–200 ਈਸਵੀ) ਦੇ ਇਕ ਮੂਰਤੀਕਾਰ ਦਾ ਕੰਮ ਸਿੱਖਿਆ ਅਤੇ ਉਸ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਅਜਿਹੀਆਂ ਸ਼ਕਲਾਂ ਵਜੂਦ ਵਿਚ ਕਿਵੇਂ ਆਉਂਦੀਆਂ ਹਨ। ਆਪਣੇ ਇਕ ਲੇਖ ਵਿਚ ਉਸਨੇ ਉਨ੍ਹਾਂ ਲੋਕਾਂ ਦੀ ਮੂਰਖਤਾ ਦਾ ਮਜ਼ਾਕ ਉਡਾਇਆ ਜਿਹੜੇ ਅਜਿਹੀਆਂ ਸ਼ਕਲਾਂ ਦੇ ਪ੍ਰਤੀ ਸ਼ਰਧਾ ਰਖਦੇ ਹਨ, ਭਾਵੇਂ ਉਹ ਓਲੰਪਿਆ ਵਿਚ ਜੀਊਸ ਦੀ ਵੱਡੀ ਮੂਰਤੀ ਹੀ ਕਿਉਂ ਨਾ ਹੋਵੇ। ਆਪਣੇ ਬੇਹਤਰੀਨ ਸੋਨੇ ਅਤੇ ਹਾਥੀ ਦੰਦ ਦੇ ਬਣਾਏ ਹੋਏ ਹੋਣ ਦੇ ਬਾਵਜੂਦ ਇਸ ਨੂੰ ਲੋਹੇ ਦੀਆਂ ਤਾਰਾਂ, ਕਬਜ਼ਿਆਂ, ਤਖ਼ਤਿਆਂ, ਮੇਖਾਂ ਅਤੇ ਖੂੰਡਿਆਂ ਨਾਲ ਬੰਨ੍ਹ ਕੇ ਰੱਖਿਆ ਗਿਆ ਸੀ।[53]

ਮੂਰਤੀਪੂਜਾ ਦੀ ਮੂਰਖਤਾ ਦੀ ਅਜਿਹੀ ਹੀ ਸ਼ਖ਼ਤ ਅਤੇ ਹਾਸੋਹੀਣੀ ਹਾਲਤ ਯਸਾਯਾਹ 44:9–20 ਵਿਚ ਵਿਖਾਈ ਗਈ ਹੈ। ਯਸਾਯਾਹ (ਯਸਾਯਾਹ 44) ਅਤੇ ਪੌਲੁਸ (ਰਸੂਲਾਂ ਦੇ ਕਰਤੱਬ 17) ਦਾ ਰਵੱਈਆ ਵਿਸ਼ਵਾਸੀ ਯਹੂਦੀਆਂ ਵਾਲਾ ਸੀ। ਸੰਖੇਪ ਵਿਚ ਖ਼ੁਦਾ ਸੀਨਾ ਪਹਾੜ ਉੱਤੇ ਇਸਰਾਏਲੀਆਂ ਨੂੰ ਸ਼ਰ੍ਹਾ ਦੇ ਦਿੱਤੇ ਜਾਣ ਵੇਲੇ ਖ਼ੁਦਾ ਨੇ ਉਨ੍ਹਾਂ ਤੋਂ ਇਹੀ ਚਾਹਿਆ ਸੀ (ਕੂਚ 20:3–6) ਅਤੇ ਉਨ੍ਹਾਂ ਦੇ ਕਨਾਨ ਦੇਸ਼ ਉੱਤੇ ਕਬਜ਼ਾਂ ਕਰਨ ਲਈ ਯਰਦਨ ਦਰਿਆ ਪਾਰ ਕਰਨ ਵੇਲੇ ਇਸ ਨੂੰ ਦੁਹਰਾਇਆ (ਵਿਵਸਥਾ ਸਾਰ 5:7–10)। ਦੋਹਾਂ ਹੀ ਘਟਨਾਵਾਂ ਵਿਚ ਮੂਰਤੀਪੂਜਾ ਨੂੰ ਬਰਦਾਸ਼ਤ ਕਰਨ ਦੇ ਸਬੰਧ ਵਿਚ ਸਭ ਤੋਂ ਵੱਧ ਜ਼ੋਰ ਦਿੱਤਾ ਗਿਆ ਅਤੇ ਚਿਤਾਵਨੀ ਦਿੱਤੀ ਗਈ।[54] ਇਸਰਾਏਲੀਆਂ ਨੂੰ ਆਖ਼ਰੀ ਆਦੇਸ਼ ਦੇਣ ਵੇਲੇ ਜ਼ਾਹਿਰ ਤੌਰ ਤੇ ਯਹੋਸ਼ੁਆ ਨੂੰ ਲੋਕਾਂ ਨੂੰ ਬਾਹਰੀ ਦੇਵੀ ਦੇਵਤਿਆਂ ਦੀ ਸੇਵਾ ਕਰਨ ਦੇ ਵਿਰੁੱਧ ਚਿਤਾਵਨੀ ਦੇਣਾ ਜ਼ਰੂਰੀ ਲੱਗਾ (ਯਹੋਸ਼ੁਆ 24:20–24)। ਉਸ ਦੀ ਤਾੜਨਾ ਦੇ ਬਾਵਜੂਦ, ਨਿਆਈਆਂ ਤੋਂ ਲੈ ਕੇ ਬਾਅਦ ਦੇ ਰਾਜਿਆਂ ਦੇ ਸਮੇਂ ਦੇ ਇਸਰਾਏਲ ਦੇ ਇਤਿਹਾਸ ਵਿਚ, ਕੋਈ ਹੋਰ ਪਾਪ ਐਨਾਂ ਆਮ, ਖ਼ਤਰਨਾਕ ਅਤੇ ਨੁਕਸਾਨਦਾਇਕ ਨਹੀਂ ਸੀ ਜਿੰਨਾਂ ਮੂਰਤੀਪੂਜਾ ਦਾ ਪਾਪ ਸੀ। ਮੂਰਤੀਪੂਜਾ ਦਾ ਪਾਪ ਹੀ ਮੁੱਖ ਕਾਰਣਾਂ ਵਿੱਚੋਂ ਇਕ ਕਾਰਣ ਸੀ ਜਿਸ ਕਰਕੇ ਇਸਰਾਏਲੀਆਂ ਨੂੰ ਅਤੇ ਯਹੂਦਾ ਨੂੰ ਅਖ਼ੀਰ ਵਿਚ ਜਲਾਵਤਨੀ ਵਿਚ ਲਿਜਾਇਆ ਗਿਆ ਜਿਸ ਵਿਚ ਇਸਰਾਏਲ ਨੂੰ ਅੱਸ਼ੂਰ ਵਿਚ ਅਤੇ ਯਹੂਦਾ ਨੂੰ ਬਾਬੁਲ ਵਿਚ ਲਿਜਾਇਆ ਗਿਆ ਸੀ। ਖ਼ੁਦਾ ਦੀ ਸਜ਼ਾ ਦੇ ਅਖ਼ੀਰ ਵਿਚ ਮਨਚਾਹਿਆ ਨਤੀਜਾ ਮਿਲਿਆ ਜਿਸ ਵਿਚ ਗੁਲਾਮੀ ਦੇ ਕਾਲ ਦੇ ਬਾਅਦ ਇਸਰਾਏਲੀਆਂ ਨੇ ਮੂਰਤੀਪੂਜਾ ਬੰਦ ਕਰ ਦਿੱਤੀ।

ਅੰਤਿਓਕੁਸ ਚੌਥੇ ਏਪਿਫੇਨਸ ਦੇ ਸਤਾਅ ਦੇ ਬਾਅਦ ਦੋਹਾਂ ਨੇਮਾਂ ਦੇ ਕਾਲ ਵਿਚਕਾਰ, ਯਹੂਦੀਆਂ

ਉੱਤੇ ਆਪਣੀ ਜਾਨ ਬਚਾਉਣ ਲਈ ਸਿਲਿਯੁਸਿਡਾਂ ਨਾਲ ਸਮਝੌਤਾ ਕਰਨ ਦਾ ਦਬਾਅ ਸੀ। ਇਹਦੇ ਲਈ ਸ਼ਰ੍ਹਾ ਨੂੰ ਛੱਡਣਾ ਅਤੇ ਝੂਠੇ ਦੇਵੀ ਦੇਵਤਿਆਂ ਦੀ ਪੂਜਾ ਕਰਨਾ ਜ਼ਰੂਰੀ ਸੀ। ਪਰ ਆਪਣੇ ਸਤਾਉਣ ਵਾਲਿਆਂ ਦੇ ਖਿਲਾਫ਼ ਉੱਠ ਕੇ ਮੱਕਾਬੀਆਂ ਨੇ ਉਸ ਤੋਂ ਪਿੱਛਾ ਛੁਡਾ ਲਿਆ (167–164 ਈ. ਪੂ.)। ਪਹਿਲੀ ਮਸੀਹੀ ਸਦੀ ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਅਤੇ ਯਿਸੂ ਦੇ ਆਉਣ ਤਕ ਯਹੂਦੀਆਂ ਵਿਚ ਮੂਰਤੀਪੂਜਾ ਪਾਈ ਜਾਂਦੀ ਸੀ ਜਾਂ ਨਹੀਂ ਇਸ ਦਾ ਪੱਕਾ ਸਬੂਤ ਨਹੀਂ ਹੈ।

*ਪੁਰਾਣੇ ਨੇਮ ਵਿਚ ਪਰਮੇਸ਼ੁਰ ਦੇ ਲੋਕਾਂ ਲਈ ਮੂਰਤੀਪੂਜਾ ਐਨੀ ਵੱਡੀ ਪਰਿੱਖਿਆ ਕਿਉਂ ਸੀ?* ਬਾਈਬਲ ਦੇ ਸਮਿਆਂ ਵਿਚ ਮੂਰਤੀਪੂਜਾ ਵਿਚ ਅਜਿਹੀ ਕਿਹੜੀ ਗੱਲ ਸੀ ਜਿਹੜੀ ਇਸਰਾਏਲੀਆਂ ਨੂੰ ਆਪਣੇ ਵੱਲ ਖਿੱਚਦੀ ਸੀ ਕਿ ਉਹ ਪਰਮੇਸ਼ੁਰ ਅਤੇ ਉਸ ਦੀ ਸ਼ਰ੍ਹਾ ਤੋਂ ਮੂੰਹ ਮੋੜ ਲੈਣ? ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਕਿ ਕਾਫ਼ਰ ਜਗਤ ਵਿਚ ਮੂਰਤੀਪੂਜਾ ਦੇ ਪ੍ਰਭਾਅ ਦਾ ਜਿਸ ਦੀ ਉਹ ਮੂਰਤੀ ਹੁੰਦੀ ਸੀ ਉਹਦੇ ਬਾਹਰੀ ਰੂਪ ਨਾਲ ਕੋਈ ਸਬੰਧ ਨਹੀਂ ਹੁੰਦਾ ਸੀ। ਪੁਰਾਣੇ ਜ਼ਮਾਨੇ ਵਿਚ ਬਹੁਤੇ ਦੇਵੀ ਦੇਵਤਿਆਂ ਨੂੰ ਕਿਸੇ ਖ਼ਾਸ ਸ਼ਕਤੀ ਨਾਲ ਜੋੜਿਆ ਜਾਂਦਾ ਸੀ, ਜਿਸ ਨੂੰ ਅਲੌਕਿਕ ਮੰਨਿਆ ਜਾਂਦਾ ਸੀ।[55] ਪੁਰਾਣੇ ਜ਼ਮਾਨੇ ਵਿਚ ਜ਼ਿਆਦਾਤਰ ਲੋਕ ਜ਼ਿੰਦਾ ਰਹਿਣ ਲਈ ਕੁਦਰਤ ਦੀਆਂ ਸ਼ਕਤੀਆਂ ਉੱਤੇ ਨਿਰਭਰ ਹੁੰਦੇ ਸਨ। ਅਕਾਲ ਅਤੇ ਜੰਗ ਦੇ ਖ਼ਤਰੇ ਹਰ ਵਕਤ ਰਹਿੰਦੇ ਸਨ। ਇਸਰਾਏਲ ਦੇ ਗੁਆਂਢੀਆਂ ਦਾ ਮੰਨਣਾ ਸੀ ਕਿ ਜੇ ਅਸਮਾਨ ਵਿਚ ਬਾਰਿਸ਼ ਦੇ ਨਾਲ ਨਾਲ ਜ਼ਿਊਸ ਦੀ ਬਿਜਲੀ ਨਾ ਡਿੱਗੇ, ਜੇ ਦੇਮੇਤਰ ਧਰਤੀ ਤੋਂ ਅੰਨ ਅਤੇ ਹੋਰ ਫਲ ਨਾ ਉਗਾਵੇ, ਅਤੇ ਜੇ ਅਥੇਨਾ ਸ਼ਹਿਰ ਦੀ ਰਾਖੀ ਨਾ ਕਰੇ ਤਾਂ ਨਤੀਜਾ ਖ਼ਤਰਨਾਕ ਹੋਵੇਗਾ। ਇਹ ਮੰਨਿਆ ਜਾਂਦਾ ਸੀ ਕਿ ਉਸ ਨਾਲ ਜੁੜੇ ਦੇਵੀ ਜਾਂ ਦੇਵਤੇ ਨੂੰ ਖੁਸ਼ ਕਰਨਾ ਜ਼ਰੂਰੀ ਹੈ ਨਹੀਂ ਤਾਂ ਬਰਬਾਦੀ ਹੋਣੀ ਲਾਜ਼ਮੀ ਹੈ। ਇਨ੍ਹਾਂ ਮਾਨਤਾਵਾਂ ਦਾ ਇਸਰਾਏਲ ਉੱਤੇ ਅਸਰ ਸੀ।

ਰਸੂਲ ਨੇ ਕਾਫ਼ਰਾਂ ਦੇ ਦੂਜੇ ਰਸਮੀ ਪਾਪ **ਜਾਦੂਗਰੀ** ਦੀ ਗੱਲ ਕੀਤੀ। ਇਹ ਸ਼ਬਦ *pharmakeia* (ਫਾਰਮੇਕੀਆ) ਤੋਂ ਲਿਆ ਗਿਆ ਹੈ ਅਤੇ ''ਫਾਰਮੇਕੀ,'' ''ਫਾਰਮਾਸਿਸਟ,'' ਅਤੇ ''ਫਾਰਮਾਸਿਟਿਕਲ'' ਵਰਗੇ ਅੰਗ੍ਰੇਜ਼ੀ ਸ਼ਬਦਾਂ ਨੂੰ ਜੋੜਦਾ ਹੈ। ਇਸ ਨਾਲ ਜੁੜਿਆ ਯੂਨਾਨੀ ਕਿਰਿਆ ਸ਼ਬਦ *pharmakeuō* (ਫਾਰਮਾਕਿਓ) ਦਾ ਅਰਥ ਔਸ਼ਦ ਜਾਂ ਦਵਾਈ ਦਾ ''ਇੰਤਜ਼ਾਮ ਕਰਨਾ,'' ''ਟੋਟਕੇ ਵਰਤਣਾ,'' ''ਜਾਦੂ ਟੂਣਾ ਕਰਨਾ,'' ''ਦਵਾ ਵਿਚ ਜ਼ਹਿਰ ਮਿਲਾਉਣਾ,'' ਜਾਂ ''ਨਸ਼ੀਲਾ ਜਾਂ ਜ਼ਹਿਰੀਲਾ ਪਦਾਰਥ ਦੇਣਾ'' ਹੈ।[56] ਨਵੇਂ ਨੇਮ ਨਾਲ ਇਸ ਨਾਲ ਸਬੰਧਿਤ ਦੋ ਹੋਰ ਸ਼ਬਦ ਮਿਲਦੇ ਹਨ। *pharmakos* (ਫਾਰਮਾਕੋਸ) ਸ਼ਬਦ ਦਾ ਅਰਥ ਹੈ ''ਜਾਦੂਗਰ ਜਾਂ ਜਾਦੂ ਕਰਨ ਵਾਲਾ ਜਾਂ ਟੂਣਾ ਕਰਨਾ''; ਅਤੇ *pharmakon* (ਫਾਰਮਾਕੋਨ) ''ਟੂਣਾ,'' ''ਜਾਦੂ,'' ਜਾਂ ''ਜਾਦੂ ਦੀ ਦਵਾ'' ਨੂੰ ਦਰਸਾਉਂਦਾ ਹੈ।[57] ਭਾਵੇਂ ਇਨ੍ਹਾਂ ਵਿੱਚੋਂ ਕੁਝ ਸ਼ਬਦ ਸਹਾਇਕ ਦਵਾ ਦਾ ਸੰਕੇਤ ਦਿੰਦੇ ਹੋ ਸਕਦੇ ਹਨ। ਪਰ ਜਾਦੂਗਰੀ, ਟੂਣਾ, ਜਾਦੂ ਅਤੇ ਜ਼ਹਿਰ ਵਰਗੀਆਂ ਸੰਭਾਵਨਾਂ ਸਣੇ ਇਹ ਸ਼ਬਦ ਨਕਾਰਾਤਮਕ ਸੰਕੇਤ ਵੀ ਦਿੰਦੇ ਹਨ। ਲਿਓਨ ਮੌਰਿਸ ਦਾ ਦਾਅਵਾ ਸੀ ਕਿ ਪੁਰਾਣੇ ਜ਼ਮਾਨੇ ਵਿਚ ਡਾਕਟਰੀ ਗਿਆਨ ਸੀਮਤ ਸੀ ਇਸ ਕਰਕੇ ''ਇਨ੍ਹਾਂ ਸ਼ਬਦਾਂ ਦੀ ਵਰਤੋਂ ਉਨ੍ਹਾਂ ਦਵਾਈਆਂ ਲਈ ਹੀ ਨਹੀਂ ਜਿਨ੍ਹਾਂ ਦੀ ਅਹਿਮੀਅਤ ਇਲਾਜ ਲਈ ਹੁੰਦੀ ਸੀ, ਬਲਕਿ ਚੰਗਿਆਈ ਦੇ ਜਾਦੂਈ ਤਰੀਕੇ ਲਈ ਅਤੇ ਫਿਰ ਕਿਸੇ ਵੀ ਤਰ੍ਹਾਂ ਦੇ ਜਾਦੂ ਦੇ ਤਰੀਕੇ ਵਿਚ ਹੋਣ ਲੱਗੀ (ਤੁਲਣਾ ਪ੍ਰਕਾਸ਼ ਦੀ ਪੋਥੀ 9:21; 18:23)।''[58]

ਪੁਰਾਣੇ ਨੇਮ ਵਿਚ ਜਾਦੂਟੂਣੇ ਜਾਂ ਜਾਦੂ ਪ੍ਰਤੀ ਕੋਈ ਹਮਦਰਦੀ ਨਹੀਂ ਵਿਖਾਈ ਗਈ। ਮੂਸਾ ਨੇ ਹਦਾਇਤ ਦਿੱਤੀ ਸੀ ਕਿ ''ਤੂੰ ਜਾਦੂਗਰਣੀ ਨੂੰ ਜੀਉਂਦੀ ਨਾ ਛੱਡ'' (ਕੂਚ 22:18)। ਉਸ ਨੇ ਇਹ ਵੀ ਕਿਹਾ:

> ਤੁਹਾਡੇ ਵਿਚ ਕੋਈ ਨਾ ਪਾਇਆ ਜਾਵੇ ਜਿਹੜਾ ਆਪਣੇ ਪੁੱਤਰ ਜਾਂ ਆਪਣੀ ਧੀ ਨੂੰ ਅੱਗ ਦੇ ਵਿਚ ਦੀ ਲੰਘਾਵੇ ਜਾਂ ਕੋਈ ਫ਼ਾਲ ਪਾਉਣ ਵਾਲਾ, ਮਹੂਰਤ ਦੇਖਣ ਵਾਲਾ, ਮੰਤਰੀ, ਜਾਂ

ਜਾਦੂਗਰ, ਝਾੜਾ ਫੂਕੀ ਕਰਨ ਵਾਲਾ, ਜਿੰਨਾਂ ਤੋਂ ਪੁੱਛਾਂ ਲੈਣ ਵਾਲਾ, ਦਿਓਵਾਂ ਦਾ ਯਾਰ ਜਾਂ ਭੂਤਾਂ ਦਾ ਕੱਢਣ ਵਾਲਾ ਕਿਉਂ ਜੋ ਜਿਹੜਾ ਇਹ ਕੰਮ ਕਰੇ ਉਹ ਯਹੋਵਾਹ ਅੱਗ ਘਿਣਾਉਣਾ ਹੈ (ਵਿਵਸਥਾ ਸਾਰ 18:10–12ੳ)।

*3. ਆਪਸੀ ਸਬੰਧਾਂ ਵਿਚ ਬੁਰਿਆਈ (5:20ਅ–21ੳ)*

ਇਸ ਤੋਂ ਬਾਅਦ ਪੌਲੁਸ ਨੇ ਮਨੁੱਖ ਦੇ ਆਪਸੀ ਸਬੰਧਾਂ ਵਿਚ ਸਰੀਰ ਦੇ ਕੰਮ ਵਜੋਂ **ਵੈਰ** ਦਾ ਨਾਂਅ ਲਿਆ। ਇਹ ਬਹੁਵਚਨ ਸ਼ਬਦ[59] *echthra* (ਐਕਥਰਾ) ਤੋਂ ਲਿਆ ਗਿਆ ਹੈ ਜੋ ''ਦੁਸ਼ਮਣੀ'' ਜਾਂ ''ਨਫ਼ਰਤ'' ਦਾ ਵਿਚਾਰ ਦਿੰਦਾ ਹੈ। ਇਸ ਦਾ ਸਬੰਧ ''ਦੁਸ਼ਮਣ'' ਜਾਂ ''ਜਿਸ ਤੋਂ ਨਫ਼ਰਤ ਕੀਤੀ ਜਾਂਦੀ ਹੈ'' ਦੇ ਅਰਥ ਵਾਲੇ ਸ਼ਬਦ *echthros* (ਐਕਥ੍ਰੋਸ) ਨਾਲ ਹੈ। ਦੋਹਾਂ ਯੂਨਾਨੀ ਸ਼ਬਦਾਂ ਦੇ ਨਕਾਰਾਤਮਕ ਅਰਥ ਸਪੱਸ਼ਟ ਹਨ।

ਕੁਝ ਹਵਾਲਿਆਂ ਵਿਚ ਇਹ ਸ਼ਬਦ ਦੁਸ਼ਟ ਮਨ ਦੀ ਪ੍ਰਤੀਕਿਰਿਆ ਨੂੰ ਵਿਖਾਉਂਦੇ ਹਨ। ਰੋਮੀਆਂ 8:7 ਕਹਿੰਦਾ ਹੈ ਕਿ ''ਸਰੀਰਕ ਮਨਸ਼ਾ ਪਰਮੇਸ਼ੁਰ ਨਾਲ ਵੈਰ ਹੈ।'' ਇਸੇ ਤਰ੍ਹਾਂ ਯਾਕੂਬ 4:4 ਦੱਸਦਾ ਹੈ ਕਿ ''ਸੰਸਾਰ ਦਾ ਮਿੱਤਰਚਾਰਾ ਪਰਮੇਸ਼ੁਰ ਦਾ ਵੈਰ ਹੈ।'' ਪ੍ਰਭੂ ਦੇ ''ਵੈਰੀ'' ਦੇ ਰੂਪ ਵਿਚ ਸ਼ਤਾਨ ਸੰਸਾਰ ਵਿਚ ਮਸੀਹ ਦੇ ਰਾਜ ਨੂੰ ਵਧਣ ਦੇ ਕੰਮ ਤੇ ਰੋਕ ਲਾਉਣ ਲਈ ਜੰਗਲੀ ਬੂਟੀ ਬੀਜ ਦਿੰਦਾ ਹੈ (ਮੱਤੀ 13:37–39)। ਗੁਆਚਿਆਂ ਹੋਇਆਂ ਨੂੰ ਬਚਾਉਣ ਲਈ ਛੁਟਕਾਰੇ ਦੇ ਮਸੀਹ ਦੇ ਮਿਸ਼ਨ ਵਿਚ ਆਖਰੀ ''ਵੈਰੀ'' ਮੌਤ ਹੈ (1 ਕੁਰਿੰਥੀਆਂ 15:25, 26)।

ਇੱਥੇ ਦੱਸੇ ਗਏ ਵੈਰ ਦਾ ਸਬੰਧ ਭਾਵਨਾਵਾਂ ਜਾਂ ਕੰਮਾਂ ਨਾਲ ਹੈ। ਜਿਹੜੇ ਆਪਸੀ ਕਰਤਬ ਤੇ ਕਿਸੇ ਵੀ ਕਾਰਣ ਹੋ ਸਕਦੇ ਹਨ। ਅਜਿਹਾ ਵੈਰ ਜਾਂ ਹੋੜ, ਈਰਖਾ, ਰੋਹ, ਨਰਾਜ਼ਗੀ, ਬੁਰਾ ਜਾਂ ਮਾੜਾ ਸਲੂਕ ਹੋਣ ਤੇ (ਦੁਰਭਾਵਨਾ ਜਾਂ ਚਿੜ ਜਾਂ ਨਾਪਸੰਦ ਵੀ ਹੋ ਸਕਦਾ ਹੈ)।

''ਵੈਰ'' ਨਾਲ ਸ਼ੁਰੂ ਕਰਦਿਆਂ ਜੇ. ਬੀ. ਲਾਈਟਫੁਟ ਨੂੰ ਲੱਗਾ ਕਿ ਉਹ ਨੇ ਹਰ ਸ਼ਬਦ ਨਾ ਤਿੱਖਾ ਕਰਦਿਆਂ ''ਕਤਲ'' ਕਰਨ ਨੂੰ ਵੱਧਦੀ ਤਰਤੀਬ ਵਿਚ ਵੇਖਿਆ (5:21; KJV )।[60] ਪਰ ਕਈ ਟੀਕਾਕਾਰ ਇਸ ਨਾਲ ਸਹਿਮਤ ਨਹੀਂ। ਇਸ ਦੇ ਉਲਟ ਇਕ ਮਜ਼ਬੂਤ ਤਰਕ ਇਹ ਹੈ ਕਿ ''ਕਤਲ'' ਲਈ ਯੂਨਾਨੀ ਸ਼ਬਦ (*phonoi*, ਫੋਨੋਈ) ਬੇਹਤਰੀਨ ਹੱਥਲਿਖਤਾਂ ਵਿਚ ਨਹੀਂ ਹੈ।[61]

ਸੂਚੀ ਵਿਚ ਅੱਗੇ **ਝਗੜੇ** ਦੀ ਗੱਲ ਹੈ। ਯੂਨਾਨੀ ਸ਼ਬਦ *eris* (ਏਰਿਸ) ਦਾ ਅਨੁਵਾਦ ''ਅਣਬਣ'' (NIV) ਜਾਂ ''ਕਲਾ'' (NLT) ਵੀ ਹੋ ਸਕਦਾ ਹੈ। ਇਨ੍ਹਾਂ ਪਰਿਭਾਸ਼ਾਵਾਂ ਵਿਚ ਬਾਉਰ ਦੀ ਲੈਕਸਿਕਨ ਵਿਚ ''ਹੋੜ,'' ''ਤਕਰਾਰ,'' ਅਤੇ ''ਝਗੜਿਆਂ'' ਦੇ ਵਿਚਾਰਾਂ ਨੂੰ ਵੀ ਜੋੜਿਆ ਗਿਆ ਹੈ।[62] ਯੂਨਾਨੀ ਵਿਚਾਰ ਵਿਚ ''ਝਗੜੇ'' ਦਾ ਸਬੰਧ ਹੈਰਿਸ ਦੇ ਨਾਲ ਵੀ ਸੀ ਅਤੇ ਇਸ ਨੂੰ ਉਸੇ ਦਾ ਨਾਂਅ ਦਿੱਤਾ ਗਿਆ ਸੀ ਜਿਸ ਦੇ ''ਖ਼ਤਰਨਾਕ ਅਸਰ ਨਾਲ ਜੰਗ ਅਤੇ ਬਰਬਾਦੀ ਹੁੰਦੀ'' ਸੀ।[63] ਪੌਲੁਸ ਦੀ ਇੱਛਾ ਸੀ ਕਿ ਅਣਬਣ ਅਤੇ ਝਗੜੇ ਕਲੀਸੀਆ ਤੋਂ ਬਾਹਰ ਰਹਿਣ (ਵੇਖੋ 1 ਕੁਰਿੰਥੀਆਂ 1:11; 3:3); ਉਹ ਯਿਸੂ ਦੀ ਇੱਛਾ ਅਤੇ ਪ੍ਰਾਰਥਨਾ ਨੂੰ ਪੂਰਾ ਕਰਦਿਆਂ ਭਾਈਆਂ ਦੇ ਸੁਲ੍ਹਾ ਅਤੇ ਸਹਿਮਤੀ ਨਾਲ ਰਹਿਣ ਦਾ ਚਾਹਵਾਨ ਸੀ (ਯੂਹੰਨਾ 17:20–23)।

''ਝਗੜੇ'' ਦੇ ਬਾਅਦ **ਹਸਦ** (*zēlos*, ਜ਼ੇਲੋਸ) ਸ਼ਬਦ ਆਉਂਦਾ ਹੈ। ਯੂਨਾਨੀ ਸ਼ਬਦ ਜੋ ਕਿ ਅੰਗ੍ਰਜ਼ੀ ਸ਼ਬਦ ''ਜ਼ੀਲ,'' ਦਾ ਅਧਾਰ ਹੈ, ਵਿਚ ਤੇਜ਼ ਇੱਛਾ ਦਾ ਇਜ਼ਹਾਰ ਮਿਲਦਾ ਹੈ। ਇਸ ਦੀ ਵਰਤੋਂ ''ਕਿਸੇ ਚੀਜ਼ ਵਿਚ ਉਤਸਾਹ ਜਾਂ ਜੋਸ਼ ਵਿਚ ਬੇਹੱਦ ਸਕਾਰਾਤਮਕ ਦਿਲਚਸਪੀ '' ਹੋ ਸਕਦਾ ਹੈ। ਦਜੇ ਪਾਸੇ ਕਈ ਵਾਰ ਕਿਸੇ ਹਰ ਦੀਆਂ ਪ੍ਰਪਤੀਆਂ ਜਾਂ ਕਾਮਯਾਬੀ ਉੱਤ ਈਰਖਾ ਦੀਆਂ ਡੂੰਘੀਆਂ ਨਕਾਰਾਤਮਕ ਭਾਵਨਾਵਾਂ ਦਾ ਸੰਕੇਤ ਦਿੰਦਾ ਹੈ।[64] ਇਸ ਸੰਦਰਭ ਵਿਚ ਈਰਖਾ ਦੀ ਵਰਤੋਂ ''ਸਾੜੇ'' ਦੇ ਰੂਪ ਵਿਚ ਕੀਤੀ ਗਈ ਹੈ ਜੋ ਲੋਕਾਂ ਦੇ ਮਨਾਂ ਦੀਆਂ ਸਵਾਰਥੀ, ਸਰੀਰਕ ਇੱਛਾਵਾਂ ਕਰਕੇ ਹੁੰਦਾ ਹੈ।

ਬੇਸ਼ੱਕ ਪਰਮੇਸ਼ੁਰ ਦੇ ਵਰਣਨ ਲਈ ਵਰਤਿਆ ਜਾਣ ਤੇ (ਕੂਚ 20:5; ਵਿਵਸਥਾਸਾਰ 4:24; 5:9; 6:14, 15), ''ਹਸਦ'' ਸ਼ਬਦ ਦਾ ਸਕਾਰਾਤਮਕ ਸੰਕੇਤ ਦਿੰਦਾ ਹੈ। ਮੂਸਾ ਨੇ ਲਿਖਿਆ ''ਤੂੰ ਹੋਰ ਕਿਸੇ ਦੇਵਤੇ ਅੱਗੇ ਮੱਥਾ ਨਾ ਟੇਕੀਂ। ਯਹੋਵਾਹ ਜਿਸ ਦਾ ਨਾਂਅ ਗੈਰਤ ਵਾਲਾ ਹੈ ਉਹ ਇਕ ਗੈਰਤੀ ਪਰਮੇਸ਼ੁਰ ਹੈ'' (ਕੂਚ 34:14)। ਖ਼ੁਦਾ ਦੀ ਜਲਨ ਉਹਦੇ ਪ੍ਰੇਮ ਦੇ ਕਾਰਣ ਹੁੰਦੀ ਹੈ ਉਹਦੀ ਜਲਨ ਜਾਂ ਹਸਦ ਮਨੁੱਖ ਨੂੰ ਬਰਕਤ ਦੇਣ ਨਾਲ ਸਬੰਧਿਤ ਹੁੰਦੀ ਹੈ ਜਦ ਕਿ ਸਰੀਰਕ ਮਨੁੱਖ ਦੀ ਹਸਦ ਵਿਨਾਸ਼ਕਾਰੀ ਹੋ ਸਕਦੀ ਹੈ ਅਤੇ ਆਮ ਤੌਰ ਤੇ ਤਬਾਹਕੁਨ ਵੀ ਹੁੰਦੀ ਹੈ।

ਆਤਮਿਕ ਮਨੁੱਖ ਦੀ ਗੈਰਤ ਜਾਂ ਜਲਨ ਵੀ ਪ੍ਰੇਮ ਕਰਕੇ ਹੋ ਸਕਦੀ ਹੈ ਜਿਵੇਂ ਕਿ ਪੌਲੁਸ ਦੇ ਮਾਮਲੇ ਵਿਚ ਹੋਇਆ। ਉਸ ਨੇ ਆਪਣੇ ਪਿਆਰੇ ਭਰਾਵਾਂ ਨੂੰ ਇਹ ਸ਼ਬਦ ਲਿਖੇ:

> ਤੁਹਾਡੇ ਲਈ ਮੇਰੀ ਅਣਖ [*zēloō*, ਜ਼ੇਲੂ] ਪਰਮੇਸ਼ੁਰ ਜਹੀ ਅਣਖ *[ zēlos*, ਜ਼ੇਲੋਸ *]* ਹੈ, ਇਸ ਲਈ ਜੋ ਮੈਂ ਇੱਕੋ ਹੀ ਪਤੀ ਨਾਲ ਤੁਹਾਡੀ ਕੁੜਮਾਈ ਕੀਤੀ ਭਈ ਤੁਹਾਨੂੰ ਪਾਕ ਕੁਆਰੀ ਵਾਂਙੁ ਮਸੀਹ ਦੇ ਅਰਪਨ ਕਰਾਂ। ਪਰ ਮੈਂ ਡਰਦਾ ਹਾਂ ਭਈ ਕਿਤੇ ਐਉਂ ਨਾ ਹੋਵੇ ਕਿ ਜਿਵੇਂ ਸੱਪ ਨੇ ਆਪਣੀ ਖਚਰ ਵਿਦਿਆ ਨਾਲ ਹੱਵਾ ਨੂੰ ਭਰਮਾਇਆ ਤੁਹਾਡੇ ਮਨ ਵੀ ਉਸ ਸਾਦਗੀ ਅਤੇ ਪਵਿੱਤਰਤਾਈ ਤੋਂ ਜੋ ਮਸੀਹ ਦੀ ਵੱਲ ਹੈ ਵਿਗਾੜ ਜਾਣ (2 ਕੁਰਿੰਥੀਆਂ 11:2)।

ਜਿਵੇਂ ਪਰਮੇਸ਼ੁਰ ਦੀ ਅਣਖ ਹਮੇਸ਼ਾ ਆਪਣੇ ਲੋਕਾਂ ਦੀ ਭਲਿਆਈ ਦੀ ਭਾਲ ਵਿਚ ਰਹਿੰਦੀ ਹੈ, ਉਵੇਂ ਹੀ ਪੌਲੁਸ ਦੀ ਅਣਖ ਵੀ। ਜ਼ਾਹਿਰ ਤੌਰ ਤੇ ਇਹ ਪਰਮੇਸ਼ੁਰ ਦੇ ਆਤਮਾ ਵਿੱਚੋਂ ਹੀ ਨਿੱਕਲੀ ਸੀ ਜਿਹੜਾ ਸ਼ੈਤਾਨ ਦੇ ਦੋਖੀ ਮਕਸਦਾਂ ਨੂੰ ਨਾਕਾਮ ਬਣਾਉਣ ਲਈ ਪੌਲੁਸ ਦੇ ਅੰਦਰ ਕੰਮ ਕਰ ਰਿਹਾ ਸੀ।

ਪਰ ਜਦ ਸੰਸਾਰਕ ਲੋਕਾਂ ਦੇ ਮਨਾਂ ਵਿਚ ਹਦਦ (ਜਾਂ ਈਰਖਾ) ਹੁੰਦੀ ਹੈ ਤਾਂ ਇਹਦਾ ਇਰਾਦਾ ਅਤੇ ਅਸਰ ਦੋਵੇਂ ਬੁਰੇ ਹੋ ਸਕਦੇ ਹਨ।[65] ਹੋ ਸਕਦਾ ਹੈ ਕਿ ਕਿਸੇ ਦੇ ਮਨ ਵਿਚ ਕੋਈ ਮਨਚਾਹੀ ਖੂਬੀ, ਗੁਣ ਜਾਂ ਚੀਜ਼ ਹੋਵੇ ਜਿਸ ਨੂੰ ਕੋਈ ਹੋਰ ਆਪਣੇ ਭਲੇ ਲਈ ਚਾਹ ਰਿਹਾ ਹੋਵੇ। ਨਤੀਜਾ ਨਰਾਜ਼ਦਗੀ ਅਤੇ ਚਿੜ ਹੋ ਸਕਦਾ ਹੈ।

ਸੂਚੀ ਵਿਚ ਅਗਲੀ ਬੁਰਿਆਈ **ਕ੍ਰੋਧ** (ਕ੍ਰੋਧ ਦੇ ਪਰਕੋਪ NASB– ਅਨੁਵਾਦਕ) ਹੈ, ਜਿਸ ਦਾ ਅਨੁਵਾਦ *thumos* (ਥੁਮੋਸ) ਦੇ ਬਹੁਵਚਨ ਰੂਪ ਤੋਂ ਲਿਆ ਗਿਆ ਹੈ। ਮੂਲ ਅਨੁਵਾਦ ''ਗੁੱਸੇ'' ਜਾਂ ''ਰੋਹ'' ਬਹੁਵਚਨ ਹੋਵੇਗਾ। ਪਰ ਪੰਜਾਬੀ ਵਿਚ ਅਜਿਹੇ ਅਨੁਵਾਦ ਢੁਕਵੇਂ ਨਹੀਂ ਲਗਦੇ। NASB ਵਿਚ ਅੰਗ੍ਰੇਜ਼ੀ ਭਾਸ਼ਾ ਨਾਲ ਮੇਲ ਖਾਂਦੇ ਸ਼ਬਦ ਦੇ ਬਹੁਵਚਨ ("*orgē*" ਕ੍ਰੋਧ ਜਾਂ ਕਹਿਰ) ਅਰਥ ਨੂੰ ਬਰਕਰਾਰ ਰਖਦਿਆਂ ਬੇਹਤਰੀਨ ਕੰਮ ਕੀਤਾ ਗਿਆ ਹੈ। NIV ਵਿਚ ''ਕਹਿਰ ਦੇ ਦੌਰੇ'' ਨਾਮਕ ਅਨੁਵਾਦ ਨਾਲ ਉਹੀ ਹਾਸਲ ਕੀਤਾ ਗਿਆ ਹੈ।

ਨਵੇਂ ਨੇਮ ਵਿਚ *thumos* (ਟੁਮੋਸ) ਨੂੰ ਆਮ ਤੌਰ ਤੇ (*orgē*, ''ਕ੍ਰੋਧ'' ਜਾਂ ''ਕਹਿਰ'') ਨਾਲ ਜੋੜਿਆ ਜਾਂਦਾ ਹੈ। ਦੋਹਾਂ ਸ਼ਬਦਾਂ ਵਿਚ ਫ਼ਰਕ ਇਹ ਹੈ ਕਿ *orgē* (ਓਰਗੇ) ''ਮਨ ਦੀ ਟਿਕਾਉ ਅਤੇ ਸਥਿਰ ਆਦਤ'' ਨੂੰ ਵਿਖਾਉਂਦਾ ਹੈ ਜਦ ਕਿ *thumos* (ਟੁਮੋਸ) ''ਭਾਵਨਾਵਾਂ ਦਾ ਜਜ਼ਬਾਤੀ ਜਾਂ ਫਸਾਦੀ ਹੰਗਾਮਾ'' ਹੈ। ਇਹ ''ਵਧੇਰੇ ਜੋਸ਼ੀਲਾ'' ਅਤੇ ਨਾਲ ਹੀ ''ਵਧੇਰੇ ਆਰਜ਼ੀ'' ਹੈ।[66]

**ਧੜੇਬਾਜੀਆਂ** ਇਕ ਹੋਰ ਬਹੁਵਚਨ ਸ਼ਬਦ ਦਾ ਅਨੁਵਾਦ ਹੈ ਜਿਸ ਦਾ ਇਕਵਚਨ *eritheia* (ਇਰਿਥਿਆ) ਹੈ। ਇਹ ਸ਼ਬਦ ਸਪੱਸ਼ਟ ਤੌਰ ਤੇ *erithos* (ਐਰਿਥੋਸ) ਤੋਂ ਲਿਆ ਗਿਆ ਹੈ ਕਿਉਂਕਿ ਮੂਲ ਵਿਚ ''ਦਿਹਾੜੀ ਮਜ਼ਦੂਰ'' ਨੂੰ ਦਰਸਾਉਂਦਾ ਹੈ। ਇਸ ਨਾਲ ਮੇਲ ਖਾਂਦੇ ਕਿਰਿਆ ਸ਼ਬਦ *eritheuō* (ਐਰਿਥਿਓ) ਦਾ ਅਰਥ ਹੈ ''ਦਿਹਾੜੀ ਲਈ ਕੰਮ ਕਰਨਾ।'' ਅਜਿਹਾ ਲਗਦਾ ਹੈ ਕਿ *eritheia* ਦਿਹਾੜੀ ਮਜ਼ਦੂਰ ਦੇ ਢੰਗ, ਵਿਹਾਰ ਜਾਂ ਸੁਭਾਅ ਨੂੰ ਵਿਖਾਉਣ ਲਈ ਬਨਿਆ ਸੀ।

ਇਹ ਸਪੱਸ਼ਟ ਨਹੀਂ ਹੈ ਕਿ ਇਹ ਸ਼ਬਦ ਅਨੁਮਾਨਤ ਪੇਸ਼ੇ ਵਿੱਚੋਂ ਨਿੱਕਲਿਆ ਹੋਵੇ। ਫ੍ਰੈਡ੍ਰਿਕ ਬੁਸ਼ੇਲ ਦਾ ਮੰਨਣਾ ਸੀ ਕਿ ਇਹ ਸ਼ਬਦ ਇਸ ਕਰਕੇ ਨਿੱਕਲਿਆ ਹੈ ਕਿਉਂ ਜੋ ਘਿਰਣਾ ਕਰਣ ਵਾਲੇ ਰਈਸ ਦਿਹਾੜੀ ਮਜ਼ਦੂਰਾਂ ਉੱਤੇ ਸ਼ੱਕ ਕਰਦੇ ਸਨ ਜਿਨ੍ਹਾਂ ਨੂੰ ਕਮਾਈ ਕਰਨ ਦੀ ਬਹੁਤੀ ਚਿੰਤਾ ਰਹਿੰਦੀ ਸੀ ਅਸਲ ਵਿਚ ਉਹ ਫ਼ਾਇਦੇ ਲਈ ਕੁਝ ਵੀ ਕਰਨ ਨੂੰ ਤਿਆਰ ਰਹਿੰਦੇ ਸਨ। ਉਸ ਨੇ ਹੋਰ ਵੀ ਕਿਹਾ ਕਿ ਅਰਿਥਿਆ ਸ਼ਬਦ ਖੁਦਗਰਜ਼ਾਂ ਅਤੇ ਰੰਡੀਆਂ ਦੇ ਵਿਹਾਰ ਨੂੰ ਦਰਸਾਉਣ ਲਈ ਨਿੱਕਲਿਆ ਸੀ– ''ਜੋ ਆਪਣੇ ਆਪ ਨੂੰ ਅਤੇ ਆਪਣੇ ਕੰਮ ਨੂੰ ਗਿਰਾ ਕੇ ਆਪਣੇ ਹੀ ਲਾਭ ਅਤੇ ਫ਼ਾਇਦੇ ਲਈ ਆਪਣੀਆਂ ਹੀ ਰੁਚੀਆਂ ਵਿਚ ਰੁਝੇ ਅਤੇ ਸਰਗਰਮ ਰਹਿੰਦੇ ਸਨ।''[67] ਇਸ ਸ਼ਬਦ ਵਿਚ ਦੂਜਿਆਂ ਉੱਤੇ ਨਿੱਜੀ ਲਾਭ ਪ੍ਰਾਪਤ ਕਰਨ ਲਈ ਮੁਕਾਬਲਾ ਅਤੇ ਕੋਸ਼ਿਸ਼ ਕਰਨ ਦੀ ਗੱਲ ਲਗਦੀ ਹੈ। ਚੌਥੀ ਸਦੀ ਈ. ਪੂ. ਵਿਚ ਅਰਸਤੂ ਨੇ ਇਸ ਨੂੰ ''ਨਜਾਇਜ਼ ਤਰੀਕਿਆਂ ਨਾਲ ਸਿਆਸੀ ਆਹੁਦੇ ਨੂੰ ਪਾਉਣ ਦੀ ਚਾਹ ਰੱਖਣ ਵਾਲਿਆਂ'' ਲਈ ਵਰਤਿਆ।[68]

ਅਜਿਹਾ ਵਿਹਾਰ ਕਿਸੇ ਇਕ ਮਸੀਹੀ ਦਾ, ਸੰਗਠਿਤ ਕਲੀਸੀਆਵਾਂ ਦਾ (ਜਿਵੇਂ ਗਲਾਤੀਆਂ ਦੀ ਕਲੀਸੀਆ ਦਾ ਹੋਵੇ), ਇਸ ਦੇ ਅਸਰ ਜਾਂ ਇਸ ਦੇ ਪ੍ਰਭਾਵ ਖ਼ੁਦਾ ਦੇ ਲੋਕਾਂ ਦੀ ਸ਼ਾਂਤੀ ਅਤੇ ਸੁਲ੍ਹਾ ਲਈ ਨੁਕਸਾਨਦਾਇਕ ਹੀ ਹੋਣੇ ਸਨ। ਇਨ੍ਹਾਂ ਦ੍ਰਿਸ਼ਾਂ ਵਿਚ ਫ਼ਰਕ ਸਿਰਫ਼ ਇਹ ਹੋਣਾ ਸੀ ਕਿ ਉਨ੍ਹਾਂ ਦਾ ਕਿੰਨਾਂ ਪ੍ਰਭਾਵ ਪੈਂਦਾ ਹੈ। ਮਸੀਹੀ ਲੋਕਾਂ ਲਈ ਇਕ ਦੂਜੇ ਨਾਲ ਮੁਕਾਬਲਾ ਕਰਨਾ ਅਤੇ ਇਕ ਦੂਜੇ ਨੂੰ ਨੀਵਾਂ ਵਿਖਾਉਣ ਦੀ ਕੋਸ਼ਿਸ਼ ਕਰਨਾ ਦੁੱਖ ਦੀ ਗੱਲ ਹੈ।

''ਧੜੇਬਾਜ਼ੀਆਂ'' ਦਾ NASB ਦਾ ਅਨੁਵਾਦ ''ਝਗੜੇ'' ਸੰਕੇਤ ਨਹੀਂ ਲਗਦਾ ਹੈ। ਭਾਸ਼ਾਈ ਪ੍ਰਮਾਣ ਮੁਤਾਬਿਕ *eritheia* (ਇਰਿਥੀਆ) ਸ਼ਬਦ ਦਾ ਜ਼ੋਰ ਕਾਰਜ ਦੀ ਬਜਾਇ ਅਸੰਗਤ ਅਤੇ ਝਗੜਿਆਂ ਦਾ ਕਾਰਨ ਬਣਨ ਵਾਲੇ ਵਿਹਾਰ ਉੱਤੇ ਲਗਦਾ ਹੈ। ਹੋਰਨਾਂ ਹਵਾਲਿਆਂ ਵਿਚ ਜਿੱਥੇ ਇਸ ਸ਼ਬਦ ਦਾ ਅਨੁਵਾਦ ਇਕਵਚਨ ਰੂਪ ਵਿਚ ਹੋਇਆ ਹੈ ਉੱਥੇ NASB ਵਿਚ ਇਸ ਦਾ ਅਨੁਵਾਦ ''ਸਵਾਰਥੀ ਇੱਛਾ'' ਹੋਇਆ ਹੈ। (ਫ਼ਿਲਿੱਪੀਆਂ 1:17; ਯਾਕੂਬ 3:14, 16)। ਇਸ ਸੰਦਰਭ ਵਿਚ REB ਵਿਚ ਇਸ ਸ਼ਬਦ ਦਾ ਅਨੁਵਾਦ ''ਸਵਾਰਥੀ ਇੱਛਾਵਾਂ'' ਹੋਇਆ ਹੈ ਉੱਥੇ ਹੀ ESV ਵਿਚ ਇਹ ''ਮੁਕਾਬਲੇ'' ਹੈ। ਸਹੀ ਸਹੀ ਅਨੁਵਾਦ ਭਾਵੇਂ ਜੋ ਵੀ ਹੋਵੇ, ਪਰ ਆਪਣੇ ਆਪ ਨੂੰ ਵਧਾਵਾ ਦੇਣ ਅਤੇ ਦੂਜਿਆਂ ਦੇ ਦਮ ਤੇ ਟਿਕਣ ਦੀ ਸਵਾਰਥੀ ਇੱਛਾ ਜਤਾਉਣ ਵਾਲਾ ਮਸੀਹੀ ਵਿਅਕਤੀ ਦਾ ਕੋਈ ਵੀ ਵਿਹਾਰ ਜਾਂ ਕਾਰਜ ਨਰਾਜ਼ਗੀ ਅਤੇ ਫੁਟ ਦਾ ਕਾਰਣ ਹੀ ਬਣੇਗਾ। ਇਹ ਮੂਰਖਤਾ ਭਰੇ ਤਰੀਕੇ ਨਾਲ ਮਸੀਹ ਦੀ ਸੋਚ ਤੋਂ ਅੱਡ ਹੈ (ਫ਼ਿਲਿੱਪੀਆਂ 2:5–8)।

**ਫੁੱਟਾਂ** ਸ਼ਬਦ (*dichostasia*, ਡਿੱਕੋਸਟੇਸੀਆ) ਦੇ ਬਹੁਵਚਨ ਰੂਪ ਨੂੰ ਦਰਸਾਉਂਦਾ ਹੈ ਅਤੇ ਇਸ ਦੇ ਅਰਥ ਵਿਚ ਕੋਈ ਸ਼ੱਕ ਨਹੀਂ ਹੈ। ਹੋਰਨਾਂ ਅਨੁਵਾਦਾਂ ਵਿਚ (NRSV; NIV; NKJV; REB; ESV ਦੇ ਨਾਲ ਨਾਲ) ਇਸ ਦਾ ਅਨੁਵਾਦ ''ਕਲੇਸ਼'' ਜਾਂ ''ਝਗੜੇ'' ਹੋਇਆ ਹੈ। ਨਵੇਂ ਨੇਮ ਵਿਚ ਇਹ ਸ਼ਬਦ ਸਿਰਫ਼ ਇੱਥੇ ਅਤੇ ਰੋਮੀਆਂ 16:17 ਵਿਚ ਅਤੇ ਯੂਨਾਨੀ ਪੁਰਾਣੇ ਨੇਮ ਦੇ ਅਪੋਕ੍ਰਿਫਾ (1 ਮੱਕਾਬੀਆਂ 3:29) ਵਿਚ ਮਿਲਦਾ ਹੈ। ਇਸ ਦਾ ਅਨੁਵਾਦ ''ਅਸਹਮਤੀ,'' ''ਵੰਡ,'' ''ਅਣਬਣ,'' ਜਾਂ ''ਬਗਾਵਤ'' ਤਕ ਹੋ ਸਕਦਾ ਹੈ। ਇਸ ਸ਼ਬਦ ਵਿਚ ਅਖਵਾਦੀ ਅਤੇ ਕਲੇਸ਼ਪਸੰਦ ਲਈ ਝਗੜਾ ਕਰਦੇ ਰਹਿਣ ਦਾ ਅਰਥ ਮਿਲਦਾ ਹੈ। ਰੋਮੀਆਂ 16:17 ਵਿਚ ਇਸ ਸ਼ਬਦ ਨੂੰ ਉਨ੍ਹਾਂ ਲੋਕਾਂ ਲਈ ਵਰਤਿਆ ਗਿਆ ਹੈ ਜਿਹੜੇ ''ਫੁੱਟ ਪਾਉਣ'' ਜਾਂ ''ਵੰਡ ਕਰਾਉਣ'' ਦਾ ਕਾਰਨ ਬਣਦੇ ਹਨ (NKJV)। ਇਹ ਪਾਪ ਐਨਾਂ ਗੰਭੀਰ ਹੈ ਕਿ ਇਸ ਨੂੰ ਕਰਨ ਵਾਲਿਆਂ ਤੋਂ ''ਦੂਰ ਰਹਿਣਾ'' ਜ਼ਰੂਰੀ ਹੈ (NKJV)। ਉਨ੍ਹਾਂ ਨੂੰ ਕਲੀਸੀਆ ਦੇ ਅਨੁਸ਼ਾਸਨ ਵਿਚ ਲਿਆਉਣਾ ਅਤੇ ਸੰਗਤਾਂ ਦੀ ਸੰਗਤੀ ਵਿੱਚੋਂ ਕੱਢਿਆ ਜਾਣਾ (ਦੂਜੇ ਸ਼ਬਦਾਂ ਵਿਚ ''ਸੰਗਤੀ ਵਿੱਚੋਂ ਛੇਕੇ ਜਾਣਾ'') ਜ਼ਰੂਰੀ ਹੈ।[69]

''ਫੁੱਟਾਂ'' ਦੇ ਬਾਅਦ **ਬਿੱਦਤਾਂ** ਸ਼ਬਦ ਆਉਂਦਾ ਹੈ। ਯੂਨਾਨੀ ਲਿਖਤ ਵਿਚ (*hairesis*) ਸ਼ਬਦ ਦਾ

ਬਹੁਵਚਨ ਰੂਪ ਹੈ ਜਿਸ ਤੋਂ ਕੁਧਰਮ ਲਈ ''*hairesis*'' ਨਿੱਕਲਿਆ ਹੈ। ਸਬੰਧਿਤ ਕਿਰਿਆ ਸ਼ਬਦ *haireomai* (ਹੇਰਿਓਮੇ) ਹੈ, ਜਿਸ ਦਾ ਅਰਥ ਹੈ ''ਚੁਣਨਾ'' ਜਾਂ ''ਤਰਜੀਹ ਦੇਣਾ।'' ਇਸ ਕਰਕੇ *hairesis* ਸ਼ਬਦ ਅਜਿਹੀ ਪਸੰਦ ਚੁਣਨ ਦਾ ਸੰਕੇਤ ਦਿੰਦਾ ਹੈ। ਆਪਣੇ ਨਕਾਰਾਤਮਕ ਅਰਥ ਵਿਚ ਇਹ ਸ਼ਬਦ ਕੁਝ ਹੱਦ ਤਕ ਪਹਿਲਾਂ ਤੋਂ ਪਾਈ ਜਾਣ ਵਾਲੀ ਫੁਟ ਨੂੰ ਦਰਸਾਉਂਦਾ ਹੈ। 1 ਕੁਰਿੰਥੀਆਂ 11:19 ਵਿਚ ਇਸ ਸ਼ਬਦ ਨੂੰ ਇਸੇ ਤਰ੍ਹਾਂ ਨਾਲ ਵਰਤਿਆ ਗਿਆ ਹੈ ਜਿਥੇ ਸਾਨੂੰ ਦੱਸਿਆ ਗਿਆ ਹੈ ਕਿ ਕਲੀਸੀਆ ਵਿਚ ''ਕੁਪੰਥ'' ਮੌਜੂਦ ਸਨ। 2 ਪਤਰਸ 2:1 ਵਿਚ *hairesis* ਦੇ ਨਾਲ ਕੋਈ ਝੂਠੇ ਗੁਰੂਆਂ ਦੇ ਹੋਣ ਵਾਲੇ ਖ਼ਤਰੇ ਨੂੰ ਲਿਆਉਣ ਲਈ ਬਦਲਣ ਵਾਲੇ ਜਾਂ ਬਦਲਾਅ ਕਰਨ ਵਾਲੇ ਦੇ ਨਾਲ ਮਿਲਦਾ ਹੈ ਜਿਨ੍ਹਾਂ ਨੇ ''ਨਾਸ ਕਰਨ ਵਾਲੀਆਂ ਬਿੱਦਤਾਂ'' ਲੈ ਆਉਣੀਆਂ ਸਨ ਅਤੇ ''ਉਸ ਸਵਾਮੀ ਦਾ ਜਿਹ ਨੇ ਉਨ੍ਹਾਂ ਨੂੰ ਮੁੱਲ ਲਿਆ ਸੀ ਇਨਕਾਰ'' ਕਰਨਾ ਸੀ। ਪਤਰਸ ਦਾ *hairesis* ਨਾਲ ਵਿਸ਼ੇਸ਼ਣ ਸ਼ਬਦ ''ਨਾਸ ਕਰਨ ਵਾਲੀਆਂ'' ਜੋੜਨਾ ਇਹ ਵਿਖਾਉਂਦਾ ਹੈ ਕਿ *hairesis* ਦਾ ਮਤਲਬ ਹਮੇਸ਼ਾ ਨਕਾਰਾਤਮਕ ਅਰਥ ਵਿਚ ਨਹੀਂ ਹੁੰਦਾ।[70]

ਆਪਣੇ ਸਮੇਂ ਦੇ ਯਹੂਦੀ ''ਪੰਥਾਂ'' ਦੀ ਚਰਚਾ ਕਰਦਿਆਂ ਪੌਲੁਸ ਕਈ ਵਾਰ ਇਸ ਸ਼ਬਦ ਦੀ ਵਰਤੋਂ ਤੁਲਨਾਤਮਕ ਰੂਪ ਵਿਚ ਨਿਰਪੱਖ ਢੰਗ ਨਾਲ ਕਰਦਾ ਸੀ। ਇਨ੍ਹਾਂ ਵਿਚ ਫ਼ਰੀਸੀ, ਸਦੂਕੀ ਅਤੇ ਅਸੇਨੀ ਲੋਕ ਸ਼ਾਮਿਲ ਸਨ। ਅਸਲ ਵਿਚ ਰਾਜਾ ਅਗ੍ਰਿੱਪਾ ਅੱਗੇ ਆਪਣੀ ਪੇਸ਼ੀ ਦੌਰਾਨ ਪੌਲੁਸ ਨੇ ਸਰੇਆਮ ਮੰਨ ਲਿਆ ਸੀ ਕਿ ਪਹਿਲਾਂ ਉਹ ''ਸਭਨਾਂ ਤੋਂ ਖਰੇ ਪੰਥ ਦੇ ਅਨੁਸਾਰ'' ਚਲਦਾ ਸੀ। (ਰਸੂਲਾਂ ਦੇ ਕਰਤੱਬ 26:5)। ਪਰ ਜਦ ਉਸ ਉੱਤੇ ਫੇਲਿਕਸ ਦੇ ਸਾਹਮਣੇ ''*ਨਾਸਰੀਆਂ ਦੇ ਪੰਥ* ਦਾ ਆਗੂ'' ਹੋਣ ਦਾ ਇਲਜ਼ਾਮ ਲਗਾਇਆ ਗਿਆ (ਰਸੂਲਾਂ ਦੇ ਕਰਤੱਬ 24:5), ਤਾਂ ਉਹ ਇਸ ਤਰਤੁਲਸ ਨਾਮਕ ਵਕੀਲ ਵੱਲੋਂ ਆਪਣੇ ਉੱਤੇ ਇਹ ਸ਼ਬਦ ਵਰਤੇ ਜਾਣ ਨੂੰ ਮੰਨਣ ਲਈ ਤਿਆਰ ਨਹੀਂ ਸੀ। ਪੌਲੁਸ ਨੇ ਸਫ਼ਾਈ ਦਿੱਤੀ, ''ਜਿਸ ਰਾਹ ਨੂੰ ਓਹ ਕੁਰਾਹ ਕਰਕੇ ਆਖਦੇ ਹਨ ਓਸੇ ਦੇ ਅਨੁਸਾਰ ਮੈਂ ਆਪਣੇ ਪਿਉ ਦਾਦਿਆਂ ਦੇ ਪਰਮੇਸ਼ੁਰ ਦੀ ਉਪਾਸਨਾ ਕਰਦਾ ਹਾਂ ਅਤੇ ਸਾਰੀਆਂ ਗੱਲਾਂ ਨੂੰ ਮੰਨਦਾ ਹਾਂ ਜਿਹੜੀਆਂ ਸ਼ਰ੍ਹਾ ਨਾਲ ਮਿਲਦੀਆਂ ਹਨ ਅਤੇ ਜਿਹੜੀਆਂ ਨਬੀਆਂ ਵਿਚ ਲਿਖੀਆਂ ਹੋਈਆਂ ਹਨ'' (ਰਸੂਲਾਂ ਦੇ ਕਰਤੱਬ 24:14)। ਕਲੀਸੀਆ ਦੇ ਨਵੇਂ ਰੂਹਾਨੀ ਇਸਰਾਏਲ ਅਰਥਾਤ ਪਰਮੇਸ਼ਰ ਦੇ ਚੁਣੇ ਹੋਏ ਲੋਕਾਂ ਦੇ ਰੂਪ ਵਿਚ ਆਪਣੇ ਉੱਚ ਵਿਚਾਰ ਨਾਲ ਉਹ ਇਸ ਵਿਚਾਰ ਨੂੰ (ਜਾਂ ਇਸ ਪ੍ਰਭਾਵ ਨੂੰ ਵੀ) ਮੰਨਣ ਲਈ ਤਿਆਰ ਨਹੀਂ ਸੀ ਕਿ ਪਰਮੇਸ਼ੁਰ ਦੇ ਸੁਰਗੀ ਰਾਜ ਦਾ ਧਰਤੀ ਉਤਲਾ ਇਹ ਰੂਪ ਯਹੂਦੀ ਮਤ ਦੀ ਵੰਡੀ ਹੋਈ ਅਵਸਥਾ ਵਿਚ ਉਹਦੇ ਨਾਲ ਮੁਕਾਬਲਾ ਕਰਨ ਵਾਲਾ ਦੂਜਾ ਪੱਖ ਸੀ।

ਇਸ ਦੀਆਂ ਕੁਝ ਉਦਾਹਰਣਾਂ ਤੋਂ ਅਜਿਹਾ ਲਗਦਾ ਹੈ ਕਿ ਪੌਲੁਸ ਦੇ ਸਮੇਂ ਵਿਚ ਯਹੂਦੀਆਂ ਵੱਲੋਂ ਸ਼ਬਦ ਦੀ ਵਰਤੋਂ *hairesis* ਵੱਖੋ ਵੱਖ ਧਾਰਮਿਕ ਗੁੱਟਾਂ ਲਈ (ਧਰਮ ਦੀਆਂ ਉਨ੍ਹਾਂ ਵੱਖੋ ਵੱਖ ਧਾਰਣਾਵਾ ਨਾਲ) ਉਸ ਅਰਥ ਵਿਚ ਕੀਤੀ ਜਾਂਦੀ ਹੋਵੇਗੀ ਜੋ ਉਨ੍ਹਾਂ ਦੇ ਲਈ ਤਾਂ ਚੰਗਾ ਹੈ ਹੀ ਸੀ, ਸਮਾਜਿਕ ਤੌਰ ਤੇ ਵੀ ਉਨ੍ਹਾਂ ਨੂੰ ਕਬੂਲ ਸੀ। ਪਰ ਪਰਮੇਸ਼ੁਰ ਦੀ ਕਲੀਸੀਆ ਦੇ ਸੰਦਰਭ ਵਿਚ ਪੌਲੁਸ ਲਈ *hairesis* (ਹੇਅਰਸੀਸ) ਸ਼ਬਦ ਦੀ ਵਰਤੋਂ ਦਾ ਸੰਕੇਤ ਨਕਾਰਾਤਮਕ ਸੀ। ਉਹ ਪਰਮੇਸ਼ੁਰ ਦੀ ਪਿਆਰੀ ਪਰਜਾ ਲਈ ਇਸ ਨੂੰ ਅਢੁਕਵਾਂ ਸ਼ਬਦ ਮੰਨਦਾ ਸੀ।

''ਬਿੱਦਤਾਂ'' ਸਰੀਰ ਦਾ ਇਕ ਕੰਮ ਹਨ ਜੋ ਆਤਮਾ ਵਿਚ ਚੱਲਣ ਵਾਲੇ ਮਸੀਹੀ ਆਦਮੀ ਦੀ ਪਛਾਣ, ਵਿਹਾਰਾਂ ਅਤੇ ਕੰਮਾਂ ਦੇ ਬਿਲਕੁਲ ਉਲਟ ਹੈ। ਬਾਅਦ ਦੇ ਸਮਿਆਂ ਵਿਚ ਇਹ ਸ਼ਬਦ ਨੂੰ ''ਡਾਕਟ੍ਰਿਨ/ਸਿੱਖਿਆ ਦੀ ਗਲਤੀ'' ਦੇ ਅਰਥ ਵਾਲਾ ਮੁੱਖ ਸ਼ਬਦ ਬਣ ਗਿਅ ਜੋ ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ *heresy* ਤੋਂ ਮਿਲਦਾ ਹੈ।

**ਆਇਤ 21.** ਇਸ ਸੂਚੀ ਦੀਆਂ ਹੋਰਨਾਂ ਬੁਰਿਆਈਆਂ ਵਾਂਗ **ਖਾਰ** ਬਹੁਵਚਨ ਯੂਨਾਨੀ ਸ਼ਬਦ ਤੋਂ ਨਿੱਕਲਿਆ ਹੈ। ਇਕਵਚਨ ਰੂਪ *phthonos* (ਫ਼ਥੋਨੋਸ) ਹੈ ਜੋ 5:20 ਵਿਚ *zēlos* (''ਹਸਦ'')

ਵਾਲੇ ਸ਼ਬਦ ਵਾਂਗ ਹੀ ਹੈ। *phthonos* (ਫ਼ਥੋਨੋਸ) ਸਵਾਰਥ ਵਾਲੇ ਵਿਹਾਰ ਨੂੰ ਐਨੀ ਵਾਰ ਵਿਖਾਉਂਦਾ ਹੈ ਕਿ ਇਹ ਕਿਸੇ ਹੋਰ ਦਾ ਨੁਕਸਾਨ ਕਰਨਾ ਚਾਹੁੰਦਾ ਹੈ। ਇਸ ਕਰਕੇ ਕੁਝ ਸ਼ਬਦਕੋਸ਼ਾਂ ਵਿਚ ਇਸ ਸ਼ਬਦ ਦੀ ਪਰਿਭਾਸ਼ਾ ''ਸਾੜਾ'' ਵਜੋਂ ਹੋਈ ਹੈ। ਜ਼ਾਹਿਰ ਹੈ ਕਿ ਇਸ ਸ਼ਬਦ ਨਾਲ ਯਕੀਨੀ ਤੌਰ ਤੇ ਖੁਣਸੀ ਗੁਣ ਜੁੜਿਆ ਹੋਇਆ ਹੈ।

ਖਾਰ ਦੇ ਹਾਨੀਕਾਰਕ ਪ੍ਰਭਾਵਾਂ ਨੂੰ ਅੱਯੂਬ 5:2 ਵਰਗੇ ਪੁਰਾਣੇ ਨੇਮ ਦੇ ਹਵਾਲਿਆਂ ਤੋਂ ਸਮਝਾਇਆ ਜਾ ਸਕਦਾ ਹੈ। ਨਵਾਂ ਨੇਮ ਖਾਰ ਦੇ ਦੁਸ਼ਟ ਸੁਭਾਅ ਦੀ ਹੋਰ ਗਵਾਹੀ ਦਿੰਦਾ ਹੈ। 5:19–21 ਵਿਚ ਇਸ ਦੀ ਵਰਤੋਂ ਤੋਂ ਛੁਟ, ''ਖਾਰ'' (*phthonos*) ਪੌਲੁਸ ਦੇ ਖਤਾਂ ਵਿੱਚੋਂ ਬੁਰਿਆਈ ਦੀਆਂ ਤਿੰਨ ਹੋਰ ਸੂਚੀਆਂ ਵਿਚ ਇਹ ਮਿਲਦਾ ਹੈ (ਰੋਮੀਆਂ 1:29; 1 ਤਿਮੋਥਿਉਸ 6:4; ਤੀਤੁਸ 3:3)।[71] ਇਸ ਸ਼ਬਦ ਦੀ ਦੁਰਭਾਵਨਾ ਭਰੀ ਝਲਕ ਰੋਮ ਵਿਚ ਪ੍ਰਚਾਰ ਕਰਨ ਦੇ ਕੁਝ ਭਾਈਆਂ ਦੇ ਇਰਾਦੇ ਤੋਂ ਸਪੱਸ਼ਟ ਹੈ, ਜਿੱਥੇ ਪੌਲੁਸ ਨਜ਼ਰਬੰਦ ਸੀ:

> ਕਈ ਤਾਂ ਖਾਰ [*phthonos*] ਅਤੇ ਝਗੜੇ ਨਾਲ ... ਮਸੀਹ ਦਾ ਪ੍ਰਚਾਰ ਕਰਦੇ ਹਨ। ... ਓਹ ਨਿਸ਼ਕਪਟਤਾ ਨਾਲ ਤਾਂ ਨਹੀਂ ਸਗੋਂ ਧੜੇਬਾਜ਼ੀ ਨਾਲ ਮਸੀਹ ਦਾ ਪ੍ਰਚਾਰ ਕਰਦੇ ਹਨ, ਇਹ ਸਮਝ ਕੇ ਭਈ ਮੇਰਿਆਂ ਬੰਧਨਾਂ ਵਿਚ ਮੈਨੂੰ ਹੋਰ ਵੀ ਕਲੇਸ਼ ਪੁਚਾਉਣ (ਫ਼ਿਲਿੱਪੀਆਂ 1:15–17)।

ਸਭ ਤੋਂ ਤਿੱਖੀ ਉਦਾਹਰਣ ਵਿਚ ਯਹੂਦੀ ਆਗੂ ਸਨ ਜਿਨ੍ਹਾਂ ਨੇ ਆਪਣੀ ''ਖਾਰ'' (*phthonos*) ਦੇ ਕਾਰਣ ਯਿਸੂ ਨੂੰ ਸਲੀਬ ਦੇਣ ਲਈ ਪਿਲਾਤੁਸ ਦੇ ਹੱਥ ਦੇ ਦਿੱਤਾ (ਮੱਤੀ 27:17, 18; ਮਰਕੁਸ 15:10)। ਯਿਸੂ ਨੂੰ ਭਾਵੇਂ ''ਪਰਮੇਸ਼ੁਰ ਦੀ ਠਹਿਰਾਈ ਹੋਈ ਮਤ ਅਤੇ ਅਗਮ ਗਿਆਨ ਦੇ ਅਨੁਸਾਰ ਹਵਾਲੇ ਕੀਤਾ ਗਿਆ'' ਸੀ (ਰਸੂਲਾਂ ਦੇ ਕਰਤੱਬ 2:23ੳ), ਪਰ ਇਹ ਦਾ ਮਤਲਬ ਇਹ ਨਹੀਂ ਹੈ ਕਿ ਯਿਸੂ ਨੂੰ ਸਲੀਬ ਦੇਣ ਦੀ ਸਰਗਰਮੀ ਨਾਲ ਇੱਛਾ ਕਰਨ ਵਾਲਿਆਂ ਦਾ ਅਪਰਾਧ ਘੱਟ ਜਾਂਦਾ ਹੈ। ਪਰਮੇਸ਼ੁਰ ਦੇ ਖਾਲਸ ਅਤੇ ਪਿਆਰੇ ਪੁੱਤਰ ਨੂੰ ਉਨ੍ਹਾਂ ਨੇ ਸਪੁਰਦ ਕਿਉਂ ਕੀਤਾ? ਖਾਰ ਕਰਕੇ! ਹੋਰ ਸਫ਼ਾਈ ਨਾਲ ਦੱਸਣ ਦਾ ਕੋਈ ਹੋਰ ਤਰੀਕਾ ਨਹੀਂ ਹੈ ਕਿ ਇਹ ਬੁਰਿਆਈ ਕਿੰਨੀ ਬੁਰੀ ਹੋ ਸਕਦੀ ਹੈ।

*4. ਐਸ਼ਪ੍ਰਸਤੀ ਵਾਲੀ ਜ਼ਿੰਦਗੀ (5:21ਅ, ੲ)*

ਵਚਨ ਵਿਚ **ਨਸ਼ੇ** ਦਾ ਅਨੁਵਾਦ ਵੀ ਬਹੁਵਚਨ ਵਿਚ ਕੀਤਾ ਗਿਆ ਹੈ। ਇਸ ਸ਼ਬਦ ਦਾ ਸ਼ਬਦੀ ਰੂਪ *methē* (ਮੇਥੇ) ਹੈ, ਅਤੇ ਨਵੇਂ ਨੇਮ ਵਿਚ ਹੋਰ ਸਿਰਫ਼ ਲੂਕਾ 21:34 ਅਤੇ ਰੋਮੀਆਂ 13:13 ਵਿਚ ਮਿਲਦਾ ਹੈ।

ਪ੍ਰਾਚੀਨ ਯੂਨਾਨੀਆਂ ਵਿਚ ਮੈਅ ਆਮ ਤੌਰ ਤੇ ''ਸੁੱਕੀ'' ਜਾਂ ''ਬਿਨਾਂ ਪਾਣੀ ਮਿਲਾਏ'' *akratos* (ਅਕਰਤੋਸ) ਨਹੀਂ ਪੀਤੀ ਜਾਂਦੀ ਸੀ। ਇਸ ਗੱਲ ਦਾ ਸਬੂਤ ਹੈ ਕਿ ਯੂਨਾਨੀਆਂ ਦੀ ਮੇਜ਼ ਉੱਤੇ ਪੀਣ ਦੀ ਰਸਮ ਵਿਚ ਆਮ ਤੌਰ ਤੇ ਇਕ ਹਿੱਸਾ ਮੈਅ ਵਿਚ ਤਿੰਨ ਹਿੱਸੇ ਪਾਣੀ ਦੇ ਹੁੰਦੇ ਸਨ। ਉਨ੍ਹਾਂ ਦੇ ਸਾਹਿਤ ਵਿਚ, ਸ਼ਰਾਬੀ ਹੋਣ ਦੇ ਖ਼ਤਰੇ ਨੂੰ ਧਿਆਨ ਵਿਚ ਰੱਖਦਿਆਂ ਮੈਅ ਦੇ ਬਹੁਤੀ ਵੱਧ ਮਾਤਰਾ ਵਿਚ ਲਏ ਜਾਣ ਦੀ ਵਰਤੋਂ ਦੇ ਖਿਲਾਫ਼ ਕਈ ਚਿਤਾਵਨੀਆਂ ਮਿਲਦੀਆਂ ਸਨ। ਨਵੇਂ ਨੇਮ ਵਿਚ ਪਾਣੀ ਮਿਲਾਏ ਬਿਨਾਂ ਮੈਅ ਦੇ ਇਕ ਹਵਾਲੇ ਦਾ ਅਨੰਦ ਕਰਨ ਜਾਂ ਜਸ਼ਨ ਮਨਾਉਣ ਨਾਲ ਕੋਈ ਸਬੰਧ ਨਹੀਂ ਹੈ ਬਲਕਿ ਪਰਮੇਸ਼ੁਰ ਦੇ ਕਹਿਰ ਨਾਲ ਹੈ। ''ਤਾਂ ਉਹ ਪਰਮੇਸ਼ੁਰ ਦੇ ਕ੍ਰੋਧ ਦੀ ਮੈ ਵੀ ਪੀਵੇਗਾ ਜੋ ਉਹ ਦੇ ਕ੍ਰੋਧ ਦੇ ਪਿਆਲੇ ਵਿਚ ਨਖਾਲਸ ਭਰੀ ਹੋਈ [*akratos*] ਹੈ ਅਤੇ ਉਹ [ਬਾਗੀ] ਪਵਿੱਤਰ ਦੂਤਾਂ ਦੇ ਸਾਹਮਣੇ ਅਤੇ ਲੇਲੇ ਦੇ ਸਾਹਮਣੇ ਅੱਗ ਅਤੇ ਗੰਧਕ ਨਾਲ ਕਸ਼ਟ ਪਾਵੇਗਾ'' (ਪ੍ਰਕਾਸ਼ ਦੀ

ਪੋਥੀ 14:10)।

ਅਮਰੀਕੀ ਸੱਭਿਆਚਾਰ ਵਿਚ ਜੋ ਕਿ ਮੁੱਢਲੇ ਨੈਤਿਕਤਾਵਾਦੀ ਪੂਰਵਜਾਂ ਦੇ ਕੈਲਵਿਨਵਾਦੀ ਵਿਸ਼ਵਾਸ ਵਿੱਚੋਂ ਨਿੱਕਲਿਆ ਲਗਦਾ ਹੈ, ਜ਼ਿਆਦਾਤਰ ਲੋਕ ਅਲਕੋਹਲ ਮਿਲੇ ਪੀਣ ਵਾਲੇ ਪਦਾਰਥਾਂ ਦੀ ਵਿਕਰੀ ਅਤੇ ਪੀਣ ਦਾ ਵਿਰੋਧ ਹੀ ਰਿਹਾ ਹੈ। 1919 ਅਤੇ 1933 ਦੌਰਾਨ ਇਸ ਵਿਰੋਧ ਕਰਕੇ ਅਲਕੋਹਲ ਦੇ ਪੀਣ ਵਾਲੇ ਪਦਾਰਥਾਂ ਦੇ ਨਿਰਮਾਣ, ਢੁਆਈ ਤੇ ਵਿੱਕਰੀ ਉੱਤੇ ਕਾਨੂੰਨੀ ਪਾਬੰਦੀ ਲੱਗ ਗਈ। (ਡਾਕਟਰੀ ਅਤੇ ਧਾਰਮਿਕ ਉਦੇਸ਼ਾਂ ਦੀ ਵਰਤੋਂ ਨੂੰ ਛੱਡ)। ਇਹ ਕਾਨੂੰਨ ਉਸ ਵਕਤ ਪਾਸ ਹੋਏ ਸਨ ਜਿਸ ਨੂੰ ਹੁਣ ''ਪਾਬੰਦੀ ਦਾ ਸਮਾਂ ਆਖਿਆ ਜਾਦਾ ਹੈ।'' ਪਰ ਸਮਾਂ ਬੀਤਣ ਦੇ ਨਾਲ ਇਹ ਸਾਫ਼ ਹੋ ਗਿਆ ਕਿ ਸਮਾਜਿਕ ਅਤੇ ਨਿੱਜੀ ਬੁਰਿਆਈਆਂ ਨੂੰ ਸਿਰਫ਼ ਇਸ ਕਾਨੂੰਨ ਨਾਲ ਜੋ ਇਸ ਦੇ ਬਨਾਉਣ ਵਾਲਿਆਂ ਨੇ ਮਿਟਾਉਣੀਆਂ ਚਾਹੀਆਂ ਸਨ, ਸੁਧਾਰਿਆ ਨਹੀਂ ਜਾ ਸਕਦਾ, ਅਤੇ ਇਸ ਤਰ੍ਹਾਂ ਇਹ ਕਾਨੂੰਨ ਆਪਣੇ ਆਪ ਰੱਦ ਹੋ ਗਿਆ।

ਨਾ ਤਾਂ ਯਿਸੂ ਨੇ ਅਤੇ ਨਾ ਉਸ ਦੇ ਰਸੂਲਾਂ ਨੇ ਕਦੇ ਦਾਖਰਸ ਜਾਂ ਕਿਸੇ ਹੋਰ ਪੀਣ ਵਾਲੇ ਪਦਾਰਥ ਨੂੰ ਪੀਣ ਦੀ ਮਨਾਹੀ ਕੀਤੀ। ਅਸਲ ਵਿਚ ਪੌਲੁਸ ਨੇ ਤਿਮੋਥਿਉਸ ਨੂੰ ਮੈਅ ਦੀ ਡਾਕਟਰੀ ਵਰਤੋਂ ਦੀ ਸਿਫ਼ਾਰਿਸ਼ ਕੀਤੀ: ''ਅਗਾਹਾਂ ਨੂੰ ਨਿਰਾ ਪਾਣੀ ਨਾ ਪੀਆ ਕਰ ਪਰ ਹਾਜ਼ਮੇ ਲਈ ਅਤੇ ਆਪਣੀਆਂ ਬਹੁਤੀਆਂ ਮਾਂਦਗੀਆਂ ਦੇ ਕਾਰਨ ਥੋੜੀ ਜਿਹੀ ਮੈ ਵਰਤ ਲਿਆ ਕਰ'' (1 ਤਿਮੋਥਿਉਸ 5:23)। ਪੌਲੁਸ ਵੱਲੋਂ ਤਿਮੋਥਿਉਸ ਨੂੰ ਸਮਝਾਉਣ ਦੇ ਕਈ ਕਾਰਣ ਸਨ, ਕਿਉਂ ਜੋ ਭੂਮੱਧ ਸਾਗਰ ਦੇ ਆਲੇ ਦੁਆਲੇ ਪਾਣੀ ਸਾਫ਼ ਨਹੀਂ ਸੀ ਅਤੇ ਇਸ ਨਾਲ ਪੇਟ ਦੀ ਤਕਲੀਫ਼ ਹੋ ਸਕਦੀ ਸੀ।[72] ਥੋੜੀ ਜਿਹੀ ਮੈਅ ਜਾਂ ਦਾਖਰਸ (25 ਫੀਸਦੀ) ਵਿਚ ਐਨਾਂ ਪਾਣੀ ਮਿਲਾਉਣ ਨਾਲ ਪਾਣੀ ਨੂੰ ਸ਼ੁੱਧ ਕਰਨ ਅਤੇ ਅਲਕੋਹਲ ਦੀ ਮਾਤਰਾ ਦੇ ਆਦੀ ਹੋਣ ਤੋਂ ਬਚਣ ਦੇ ਜੋਖਮ ਨੂੰ ਘੱਟ ਕਰਨ ਲਈ ਮੈਅ ਨੂੰ ਪਤਲਾ ਕਰਨ ਦੇ ਦੋ ਮਕਸਦ ਪੂਰੇ ਹੁੰਦੇ ਹਨ। ਇਹ ਸਪੱਸ਼ਟ ਹੈ ਕਿ ਪੌਲੁਸ ਨੂੰ ਤਿਮੋਥਿਉਸ ਦੇ ਪੇਟ ਦੀ ਤਕਲੀਫ਼ ਦੇ ਅਰਾਮ ਦੀ ਚਿੰਤਾ ਸੀ। ਪ੍ਰਾਚੀਨ ਯੂਨਾਨੀਆਂ ਦੇ ਦੁਨਿਆਵੀ ਲੇਖਕਾਂ ਵਾਂਗ, ਨਵਾਂ ਨੇਮ ਕਿਸੇ ਵੀ ਚੀਜ਼ ਦੀ ਇੰਤਹਾ ਹੋਣ ਦੇ ਵਿਰੁੱਧ ਚਿਤਾਵਨੀ ਦਿੰਦਾ ਹੈ (ਜਿਵੇਂ ਐਲਡਰਾਂ ਅਤੇ ਡੀਕਨਾਂ ਦੇ ਮਾਮਲੇ ਵਿਚ; 1 ਤਿਮੋਥਿਉਸ 3:3, 8; ਤੀਤੁਸ 1:7)। ਪਰ ਨਵੇਂ ਨੇਮ ਵਿਚ ਯੂਹੰਨਾ ਬਪਤਿਸਮਾ ਦੇਣ ਵਾਲੇ ਅਤੇ ਨਜ਼ੀਰਾਂ ਦੀ ਮੰਨਤ ਨਾਲ ਜੁੜੇ ਹਵਾਲਿਆਂ ਨੂੰ ਛੱਡ ਕਿਤੇ ਵੀ ਸਖ਼ਤੀ ਨਾਲ ਇਸ ਤੋਂ ਪਰਹੇਜ਼ ਦੀ ਗੱਲ ਨਹੀਂ ਕੀਤੀ ਗਈ[73] ਸਰੀਰ ਦੇ ਕੰਮ ਦੇ ਰੂਪ ਵਿਚ ਮਨਾਹੀ ਮੈਅ ਜਾਂ ਦਾਖਰਸ ਦੀ ਵਰਤੋਂ ਦੀ ਨਹੀਂ ਬਲਕਿ ਮਤਵਾਲਾ ਹੋਣ ਤੋਂ ਹੋਣ ਵਾਲੀ ਬੁਰਿਆਈ ਵੀ ਹੈ।

ਦਾਖਰਸ ਪੀਣ ਦੇ ਸਬੰਧ ਵਿਚ ਇਕ ਹੋਰ ਵਿਚਾਰ ਦੂਜਿਆਂ ਦੇ ਅੰਤਹਕਰਣ ਨੂੰ ਠੋਕਰ ਦੁਆਉਣ ਨਾਲ ਜੁੜਿਆ ਸੀ। ਮਸੀਹ ਵਿਚ ਨਿੱਜੀ ਅਜ਼ਾਦੀ ਦੇ ਸੰਦਰਭ ਵਿਚ ਪੌਲੁਸ ਨੇ ਹੁਕਮ ਦਿੱਤਾ:

> ਭੋਜਨ ਦੇ ਕਾਰਨ ਪਰਮੇਸ਼ੁਰ ਦਾ ਕੰਮ ਨਾ ਵਿਗਾੜ। ਸੱਭੋ ਕੁਝ ਸ਼ੁੱਧ ਤਾਂ ਹੈ ਪਰ ਓਸ ਮਨੁੱਖ ਦੇ ਲਈ ਬੁਰਾ ਹੈ ਜਿਹ ਦੇ ਖਾਣ ਤੋਂ ਠੋਕਰ ਲੱਗਦੀ ਹੈ। ਭਲੀ ਗੱਲ ਇਹ ਹੈ ਜੋ ਨਾ ਤੂੰ ਮਾਸ ਖਾਵੇਂ ਨਾ ਮੈ ਪੀਵੇਂ ਨਾ ਕੋਈ ਇਹੋ ਜਿਹਾ ਕੰਮ ਕਰੇਂ ਜਿਸ ਤੋਂ ਤੇਰਾ ਭਰਾ ਠੇਡਾ ਖਾਵੇ (ਰੋਮੀਆਂ 14:20, 21; NIV)।

ਇਕ ਹੋਰ ਮੌਕੇ ਤੇ ਰਸੂਲ ਨੇ ਲਿਖਿਆ:

> ਜੇ ਮੈਂ ਧੰਨਵਾਦ ਕਰ ਕੇ ਭੋਜਨ ਪਾਉਂਦਾ ਹਾਂ ਤਾਂ ਜਿਹ ਦੇ ਲਈ ਮੈਂ ਧੰਨਵਾਦ ਕਰਦਾ ਹਾਂ ਉਹ ਦੇ ਕਾਰਨ ਮੇਰੀ ਨਿੰਦਿਆ ਕਿਉਂ ਹੁੰਦੀ ਹੈ? ਸੋ ਭਾਵੇਂ ਤੁਸੀਂ ਖਾਂਦੇ ਭਾਵੇਂ ਪੀਂਦੇ ਭਾਵੇਂ ਕੁਝ ਹੀ ਕਰਦੇ ਹੋ ਸੱਭੋ ਕੁਝ ਪਰਮੇਸ਼ੁਰ ਦੀ ਵਡਿਆਈ ਲਈ ਕਰੋ। ਤੁਸੀਂ ਨਾ ਯਹੂਦੀਆਂ,

ਨਾ ਯੂਨਾਨੀਆਂ, ਨਾ ਪਰਮੇਸ਼ੁਰ ਦੀ ਕਲੀਸੀਆ ਦੇ ਲਈ ਠੋਕਰ ਦੇ ਕਾਰਨ ਬਣੋ। ਜਿਵੇਂ ਮੈਂ ਸਭਨਾਂ ਗੱਲਾਂ ਵਿਚ ਸਭਨਾਂ ਨੂੰ ਪਰਸੰਨ ਰੱਖਦਾ ਹਾਂ ਅਤੇ ਆਪਣੇ ਹੀ ਨਹੀਂ ਸਗੋਂ ਬਾਹਲਿਆਂ ਦੇ ਭਲੇ ਲਈ ਜਤਨ ਕਰਦਾ ਹਾਂ ਜੋ ਓਹ ਬਚਾਏ ਜਾਣ ਤੁਸੀਂ ਮੇਰੀ ਰੀਸ ਕਰੋ ਜਿਵੇਂ ਮੈਂ ਵੀ ਮਸੀਹ ਦੀ ਰੀਸ ਕਰਦਾ ਹਾਂ (1 ਕੁਰਿੰਥੀਆਂ 10:31–33)।

ਇਕ ਵਿਸ਼ਵਾਸੀ ਲਈ ਆਪਣੇ ਕਿਸੇ ਵੀ ਵਿਆਰ ਨਾਲ ਦੂਜਿਆਂ ਨੂੰ ਠੋਕਰ ਦੁਆਉਣਾ ਜਿਸ ਨਾਲ ਕੋਈ ਪਾਪ ਵਿਚ ਡਿੱਗ ਸਕਦਾ ਹੋਵੇ, ਕੋਈ ਛੋਟੀ ਗੱਲ ਨਹੀਂ ਸੀ (1 ਕੁਰਿੰਥੀਆਂ 8:1–13)। ਅਜਿਹੇ ਵਿਹਾਰ ਵਿਚ ਸ਼ਾਮਿਲ ਹੋਣਾ ਜੋ ਕਿਸੇ ਹਾਲਾਤ ਦੇ ਕਾਰਣ ਆਪਣੇ ਆਪ ਵਿਚ ਤਾਂ ਸਵੀਕਾਰ ਯੋਗ ਹੋਵੇ ਪਰ ਕਿਸੇ ਹੋਰ ਲਈ ਰੂਹਾਨੀ ਤੌਰ ਤੇ ਵਿਨਾਸ਼ਕਾਰੀ ਹੋ ਸਕਦਾ ਹੈ। ਅਜਿਹੇ ਹਾਲਾਤ ਵਿਚ ਅਜਿਹੀ ਕਿਸੇ ਗਤੀਵਿਧੀ ਵਿਚ ਸ਼ਾਮਿਲ ਹੋਣਾ ਪ੍ਰਭੂ ਦੇ ਖਿਲਾਫ਼ ਭਿਅੰਕਰ ਪਾਪ ਕਰਵਾ ਸਕਦਾ ਹੈ ਅਤੇ ਸੰਸਾਰ ਵਿਚ ਉਸ ਦੇ ਆਉਣ ਦੇ ਮਕਸਦ ਨੂੰ ਹੀ ਵਿਗਾੜ ਸਕਦਾ ਹੈ!

**ਬਦਮਸਤੀਆਂ** (*kōmos*, ਕੋਮੋਸ) ਸ਼ਬਦ ਦੇ ਬਹੁਵਚਨ ਰੂਪ ਤੋਂ ਨਿੱਕਲਿਆ ਹੈ ਜਿਸ ਦਾ ਅਨੁਵਾਦ ''ਬੇਹੱਦ ਦਾਅਵਤ ਦੇਣਾ,'' ''ਐਸ਼,'' ਜਾਂ ''ਭੋਗ ਵਿਲਾਸ'' ਵੀ ਹੋ ਸਕਦਾ ਹੈ। ਇਸ ਦਾ ਬਹੁਵਚਨ ਰੂਪ ''ਐਸ਼ਾਂ'' (NKJV) ਅਤੇ ''ਭੋਗ ਵਿਲਾਸਾਂ'' (NIV) ਅਨੁਵਾਦਾਂ ਤੋਂ ਸਪੱਸ਼ਟ ਹੁੰਦਾ ਹੈ। ਨਵੇਂ ਨੇਮ ਵਿਚ ਇਹ ਸ਼ਬਦ ਦੋ ਵਾਰ ਰੋਮੀਆਂ 13:13 ਅਤੇ 1 ਪਤਰਸ 4:3 ਵਿਚ ਮਿਲਦਾ ਹੈ, ਉੱਥੇ ਵੀ ਇਹਦਾ ਸਬੰਧ ''ਨਸ਼ੇਬਾਜੀ'' ਅਤੇ ''ਲੁੱਚਪੁਣੇ'' ਨਾਲ ਹੈ।

*Kōmos* (ਕੋਮੋਸ) ਸ਼ਬਦ ਜਸ਼ਨ ਭਰੇ ਸਮੂਹ ਲਈ ਸ਼ੁਰੂ ਹੋਇਆ ਹੋ ਸਕਦਾ ਹੈ ਜੋ ਜ਼ਰੂਰੀ ਨਹੀਂ ਹੈ ਕਿ ਸ਼ਰਾਬੀ ਜਾਂ ਅੱਯਾਸ਼ ਹੀ ਹੋਵੇ। ਬਾਉਰ ਦੇ ਲੈਕਸਿਕਨ ਵਿਚ ਕਿਹਾ ਗਿਆ ਹੈ ਕਿ ਇਸ ਸ਼ਬਦ ਦੀ ਵਰਤੋਂ ''ਡਾਓਨੇਸਿਸ'' (ਸ਼ਰਾਬ ਦਾ ਦੇਵਤਾ) ਦੇ ਸਨਮਾਨ ਵਿਚ ਉਤਸਵੀ ਜਲੂਸ ਅਤੇ ''ਉਸ ਤੋਂ ਬਾਅਦ ਅਨੰਦ ਭਰਿਆ ਭੋਜਨ ਜਾਂ ਦਾਅਵਤ'' ਲਈ ਕੀਤੀ ਜਾਂਦੀ ਸੀ।[74] ਪਰ ਸ਼ਾਮ ਹੁੰਦੇ ਹੁੰਦੇ ਅਜਿਹੀਆਂ ਦਾਵਤਾਂ ਆਮ ਤੌਰ ਤੇ ਸ਼ਰਾਬੀ ਹੋਣ ਅਤੇ ਮਤਵਾਲੇ ਹੋਣ ਵਿਚ ਬਦਲ ਜਾਂਦੀਆਂ ਸਨ। ਦੇਰ ਰਾਤ, ਮਧਹੋਸ਼ ਆਦਮੀ ''ਆਪਣੇ ਸਿਰਾਂ ਤੇ ਆਰ ਲੈ ਕੇ ਅਤੇ ਆਪਣੇ ਹੱਥਾਂ ਵਿਚ ਮਸਾਲਾਂ ਲੈ ਕੇ ਚੀਕਾਂ ਮਾਰਦੇ ਅਤੇ ਗਾਉਂਦੇ ਹੋਏ ... ਰੰਡੀਆਂ ਦੇ ਘਰਾਂ ਦੇ ਕੋਲ ਲੰਘਦੇ ਜਾਂ ਗਲੀਆਂ ਵਿਚ ਇਧਰ ਉਧਰ ਘੁੰਮਦੇ, ਜੋ ਵੀ ਉਨ੍ਹਾਂ ਨੂੰ *[ਮਿਲਦਾ]* ਉਹਦਾ ਅਪਮਾਨ ਕਰਦੇ ਜਾਂ ਉਸ ਨਾਲ ਅਸ਼ਲੀਲ ਵਿਹਾਰ ਕਰਦੇ।''[75] ਵਿਲੀਅਮ ਐਮ. ਰਾਮਸੇ ਨੇ ਕਿਹਾ ਹੈ ਕਿ ਯੂਨਾਨੀਆਂ ਵਿਚ ''ਕੋਮੋਸ ਅਰਥਾਤ ਰੰਗਰਲੀਆਂ ਇਕ ਦੇਵਤਾ ਬਣ ਗਿਆ ਸੀ ਅਤੇ ਉਨ੍ਹਾਂ ਦੇ ਰੀਤੀ ਰੀਵਾਜ ਬੜੇ ਹੀ ਤਰਤੀਬਬੱਧ ਢੰਗ ਨਾਲ ਹੁੰਦੇ ਸਨ। ਅਤੇ ਫਿਰ ਵੀ ਯੂਨਾਨੀ ਦਿਮਾਗ ਦੀ ਚਤੁਰਾਈ ਅਤੇ ਕਲਪਨਾਸ਼ੀਲਤਾ ਨਾਲ ਹਰ ਵਾਰ ਨਵੇਂਪਨ ਅਤੇ ਵੰਨਸਵੰਤਾ ਨੂੰ ਰੰਗਰਲੀਆਂ ਵਿਚ ਬਦਲ ਦਿੰਦੇ ਸਨ।''[76]

*ਸਮਾਪਤੀ ਅਤੇ ਚਿਤਾਵਨੀ (5:21ਸ)*

ਇਸ ਸੂਚੀ ਵਿਚ ਸਿਰਫ਼ ਪਾਪ ਦੇ ਦਾਇਰੇ ਨੂੰ ਦਰਸਾਇਆ ਗਿਆ ਹੈ। ਪੌਲੁਸ ਨੇ ਆਪਣੀ ਸੂਚੀ ਨੂੰ **ਅਤੇ ਹੋਰ ਇਹੋ ਜਿਹੇ ਕੰਮ** ਵਾਕਅੰਸ਼ ਨਾਲ ਖ਼ਤਮ ਕੀਤਾ। ਇਹ ਪੌਲੁਸ ਦੇ ਖ਼ਤਾਂ[77] ਅਤੇ ਇਲਹਾਮ ਨਾਲ ਲਿਖਣ ਵਾਲੇ ਹੋਰ ਲੇਖਕਾਂ ਦੇ ਲੇਖਾਂ, ਦੋਹਾਂ ਵਿਚ, ਨਵੇਂ ਨੇਮ ਵਿਚ ਦੱਸੇ ਸਰੀਰ ਦੇ ਕਈ ਕੰਮ ਦੱਸੇ ਗਏ ਹਨ।[78]

ਅਜਿਹੀਆਂ ਸੂਚੀਆਂ ਸਿਰਫ਼ ਨਵੇਂ ਨੇਮ ਵਿਚ ਨਹੀਂ ਮਿਲਦੀਆਂ ਹਨ। ਇਹ ਯਹੂਦੀ ਅਤੇ ਕਾਫ਼ਰ ਦੋਹਾਂ ਦੇ ਸਦਾਚਾਰ ਉਪਦੇਸ਼ਕਾਂ ਵਿਚ ਆਮ ਹੁੰਦੇ ਸਨ ਜੋ ਅਜਿਹੇ ਸੰਸਾਰ ਵਿਚ ਜਿਹੜਾ ਸਦਾਚਾਰ ਪੱਖੋਂ ਭ੍ਰਸ਼ਟ ਹੋ ਚੁੱਕਿਆ ਸੀ, ਨੇਕੀ ਲਿਅਉਣ ਦੀ ਕੋਸ਼ਿਸ਼ ਕਰਦੇ ਸਨ। 5:19–21 ਪੌਲੁਸ ਦੀ ਸੂਚੀ

ਗਲਾਤੀਆਂ ਦੇ ਭਾਈਆਂ ਦੀ ਖ਼ਾਸ ਲੋੜ ਦੀ ਗੱਲ ਕਰਦਿਆਂ, ਮਸੀਹੀ ਲੋਕਾਂ ਵਾਸਤੇ।[79]

ਪੌਲੁਸ ਨੇ ਆਪਣੀ ਅਗਲੀ ਗੱਲ **ਏਹਨਾਂ ਗੱਲਾਂ ਦੇ ਵਿਖੇ ਮੈਂ ਤੁਹਾਨੂੰ ਸਾਫ਼ ਆਖਦਾ ਹਾਂ** ਵਾਕਅੰਸ਼ ਨਾਲ ਸ਼ੁਰੂ ਕੀਤੀ। ਅਨੁਵਾਦ ਹੋਇਆ ਸ਼ਬਦ ਯੂਨਾਨੀ ਸ਼ਬਦ ''ਸਾਫ਼ ਆਖਦਾ ਹਾਂ'' (*prolegō*) ਤੋਂ ਹੋਇਆ ਹੈ ਜਿਸ ਦਾ ਅਰਥ ਹੈ ''ਪਹਿਲਾਂ ਕਹਿ ਦੇਣਾ'' ਜਾਂ ''ਪਹਿਲਾਂ ਤੋਂ ਦੱਸ ਦੇਣਾ'' ਦੋਹਾਂ ਹੀ ਸੰਦਰਭਾਂ ਵਿਚ ਉਸ ਦੇ ਸੰਦੇਸ਼ ਵਿਚ ਗੰਭੀਰ ਚਿਤਾਵਨੀ ਹੈ। ਇਸ ਸਮੇਂ ਉਹ ਉਨ੍ਹਾਂ ਨੂੰ ਸਰੀਰ ਦੇ ਬੁਰੇ ਕੰਮਾਂ ਤੋਂ ਬਚਾਉਣ ਲਈ (ਆਪਣੇ ਖ਼ਤ ਦੇ ਰਾਹੀਂ) ਉਵੇਂ ਹੀ ਸਮਝਾ ਰਿਹਾ ਸੀ ਜਿਵੇਂ ਉਹ ਪਹਿਲਾਂ (ਜਦ ਉਨ੍ਹਾਂ ਵਿਚਕਾਰ) ਸਿਖਾਉਂਦਾ ਸੀ।

ਪੌਲੁਸ ਦੇ ਸੰਦੇਸ਼ ਦਾ ਸਾਰ ਭਾਵੇਂ ਯਿਸੂ ਦੀ ਮੌਤ, ਦਫ਼ਨਾਏ ਜਾਣਾ ਅਤੇ ਜੀ ਉੱਠਣਾ (1 ਕੁਰਿੰਥੀਆਂ 15:3, 4), ਪਰ ਰਸੂਲ ਨੇ ਯਕੀਨੀ ਤੌਰ ਤੇ ਗਲਾਤੀਆਂ ਨੂੰ ਤੌਬਾ ਤਕ ਲਿਆਉਣ ਲਈ ਬੁਨਿਆਦੀ ਸਦਾਚਾਰ ਵੀ ਸਿਖਾਇਆ ਸੀ। ਇਸ ਤੇ ਉਹ ਅਤੇ ਬਰਨਬਾਸ ਸੀਰੀਆ ਦੇ ਅੰਤਾਕਿਆ ਵਿਚ ਆਪਣੀ ਵਾਪਸੀ ਦੌਰਾਨ ਇਨ੍ਹਾਂ ਮੰਡਲੀਆਂ ਵਿਚ ਫੇਰ ਤੋਂ ਗਏ ਸਨ। ਹਰ ਥਾਂ ਉਹ ''ਅਰ ਚੇਲਿਆਂ ਦੇ ਮਨਾਂ ਨੂੰ ਤਕੜੇ ਕਰਦੇ ਅਰ ਇਹ ਉਪਦੇਸ਼ ਦਿੰਦੇ ਸਨ ਕਿ ਨਿਹਚਾ ਵਿਚ ਬਣੇ ਰਹੋ ਅਤੇ ਕਿਹਾ ਕਿ ਅਸੀਂ ਬਹੁਤ ਬਿਪਤਾ ਸਹਿ ਕੇ ਪਰਮੇਸ਼ੁਰ ਦੇ ਰਾਜ ਵਿਚ ਵੜਨਾ ਹੈ'' (ਰਸੂਲਾਂ ਦੇ ਕਰਤੱਬ 14:22)। ਪੌਲੁਸ ਉਨ੍ਹਾਂ ਨੂੰ ਨਾ ਸਿਰਫ਼ ਸਤਾਅ ਅਤੇ ਸ਼ਗਿਰਦੀ ਦੀ ਕੀਮਤ ਬਾਰੇ ਪਹਿਲਾਂ ਤੋਂ ਇਹ ਦੱਸਦਿਆਂ ਕਿ ਉਹ ਕੀ ਉਮੀਦ ਰੱਖਣ, ਲੋੜ ਮੁਤਾਬਿਕ ਅਜਿਹੇ ਸਦਾਚਾਰੀ ਉਪਦੇਸ਼ ਦਿੰਦਾ ਸੀ, ਬਲਕਿ ਇਹ ਵੀ ਦੱਸਦਾ ਸੀ ਕਿ ਪਰਮੇਸ਼ੁਰ ਦੀ ਸੰਤਾਨ ਦੇ ਰੂਪ ਵਿੱਚ ਕਿਵੇਂ ਰਹਿਣਾ ਹੈ। ਅਜਿਹਾ ਕਰਦਿਆਂ ਉਨ੍ਹਾਂ ਨੂੰ ਹੁਕਮ ਨਾ ਮੰਨਣ ਅਤੇ ਬੇਪਰਤੀਤੇ ਹੋ ਜਾਣ ਦੇ ਖ਼ਤਰਨਾਕ ਨਤੀਜਿਆਂ ਨੂੰ ਵੀ ਦੱਸਦਾ ਸੀ।

ਪੌਲੁਸ ਦਾ ਸੰਦੇਸ਼ ਬਾਰ ਬਾਰ ਇਹੀ ਹੁੰਦਾ ਸੀ **ਭਈ ਜਿਹੜੇ ਇਹੋ ਜਿਹੇ ਕੰਮ ਕਰਦੇ ਹਨ ਓਹ ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ।** ਬੇਪਰਤੀਤਿਆਂ ਦੇ ਜੋ ਵੀ ਨਤੀਜੇ ਹੋ ਸਕਦੇ ਸਨ ਉਨ੍ਹਾਂ ਵਿੱਚੋ ਇਹ ਯਕੀਨੀ ਤੌਰ ਤੇ ਇਹ ਸਭ ਤੋਂ ਬੁਰਾ ਸੀ। ਤੌਬਾ ਨਾ ਕਰਨ ਵਾਲੇ ਸੁਰਗੀ ਦੀ ਵਡਿਆਈ ਅਤੇ ਪ੍ਰਭੂ ਦੀ ਅਤੇ ਉਸ ਦੇ ਛੁਡਾਏ ਹੋਇਆਂ ਦੀ ਮੌਜੂਦਗੀ ਵਿਚ ਹਮੇਸ਼ਾ ਦੀ ਜ਼ਿੰਦਗੀ ਤੋਂ ਵਾਂਝੇ ਹੋ ਗਏ ਸਨ।

### **''ਆਤਮਾ ਦਾ ਫਲ''** (5:22, 23)

**[22]ਪਰ ਆਤਮਾ ਦਾ ਫਲ ਇਹ ਹੈ—ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, [23]ਨਰਮਾਈ, ਸੰਜਮ। ਇਹੋ ਜੇਹੀਆਂ ਗੱਲਾਂ ਦੇ ਵਿਰੁੱਧ ਕੋਈ ਸ਼ਰਾ ਨਹੀਂ ਹੈ।**

ਗਲਾਤੀਆਂ ਦੇ ਖ਼ਤ ਦਾ ਇਸ ਭਾਗ ਦਾ ਵਿਸ਼ਾ ਮਸੀਹੀ ਵਿਅਕਤੀ ਦਾ ਆਤਮਾ ਵਿਚ ਚੱਲਣਾ ਹੈ, ਇਸ ਕਰਕੇ ਅਧਿਆਇ 5 ਦਾ ਢੁਕਵਾਂ ਨਿਚੋੜ ਆਤਮਾ ਦੇ ਫਲ ਦਾ ਵਿਸਤਾਰ ਸਹਿਤ ਵੇਰਵਾ ਹੈ।

**ਆਇਤਾਂ 22, 23. ਪਰ** (*de*, ਡੇ) ਵਿਰੋਧ ਸੂਚਕ ਸ਼ਬਦ ਦਾ ਕਰਤੱਬ ਕਰਦਾ ਹੈ ਅਤੇ ਬਾਅਦ ਵਿਚ ਆਉਣ ਵਾਲੇ ਨਾਲੋਂ ਪਹਿਲਾਂ ਆਉਣ ਵਾਲੇ ਨੂੰ ਫ਼ਰਕ ਕਰਦਾ ਹੈ। ਕੁਝ ਉਦਾਹਰਣਾਂ ਵਿਚ *de* (ਡੇ) ਥੋੜ੍ਹਾ ਜਾਂ ਬਿਲਕੁਲ ਫ਼ਰਕ ਨਹੀਂ ਵਿਖਾਉਂਦਾ ਅਤੇ ਇਸ ਦਾ ਅਨੁਵਾਦ ਯੋਜਕ ''ਅਤੇ'' ਨਾਲ ਹੁੰਦਾ ਹੈ। ਇੱਥੇ ਇਕ ਹੋਰ ਅਹਿਮ ਫ਼ਰਕ ਹੁੰਦਾ ਹੈ, ਇਸ ਕਰਕੇ ਢੁਕਵਾਂ ਅਨੁਵਾਦ ''ਪਰ'' ਹੈ। **ਆਤਮਾ ਦਾ ਫਲ** (*ho karpos tou pneumatos*, ਹੋ ਕਾਰਪੋਸ ਟੌਉ ਨਿਯੁਮਾਟੋਸ) ਨੂੰ ਵਧਾਵਾ ਦੇਣ ਲਈ ਪੌਲੁਸ ''ਸਰੀਰ ਦੇ ਕੰਮ'' (5:19) ਦੀ ਚਿਤਾਵਨੀ ਵੱਲ ਮੁੜ ਗਿਆ। ਬੁਰਿਆਈਆਂ ਦੀ ਥਾਂ ਉਹ ਖ਼ੂਬੀਆਂ ਦੀ ਗੱਲ ਕਰਨ ਲੱਗਾ।

ਰੁੱਖ ਨੂੰ ਉਹਦੀ ਕਿਸਮ ਦੇ ਅਨੁਸਾਰ ਫਲ ਲਗਦਾ ਹੈ।[80] ਆਦਮ ਅਤੇ ਹੱਵ੍ਹਾ ਦੇ ਪਾਪ ਵਿਚ ਡਿੱਗਣ ਤੋਂ ਲੈ ਕੇ ਮਨੁੱਖ ''ਸਰੀਰ ਦੇ ਕੰਮ'' ਹੀ ਕਰੀ ਜਾ ਰਿਹਾ ਹੈ, ਜਿਹੜੇ ਸਰੀਰਕ ਅਤੇ ਦੁਨਿਆਵੀ ਹਨ। ਬਾਈਬਲ ਦੇ ਇਤਿਹਾਸ ਦੇ ਸ਼ੁਰੂ ਦੇ ਨੇੜੇ ਖ਼ੁਦਾ ਨੇ ਮਨੁੱਖ ਦੀ ਸਾਰੀ ਬੁਰਿਆਈ ਨੂੰ ਵੇਖਿਆ ਅਤੇ ਪਾਇਆ ਕਿ ''ਉਸਦੇ ਮਨ ਦੇ ਵਿਚਾਰਾਂ ਦੀ ਹਰ ਇਕ ਭਾਵਨਾ ਸਾਰਾਂ ਦਿਨ ਬੁਰੀ ਹੀ ਰਹਿੰਦੀ ਹੈ।'' ਉਸ ਨੂੰ ਪਛਤਾਵਾ ਵੀ ਹੋਇਆ ਕਿ ਉਸ ਨੇ ਮਨੁੱਖ ਨੂੰ ਧਰਤੀ ਉੱਤੇ ਬਣਾਇਆ ਹੈ ਅਤੇ ''ਉਹ ਮਨ ਵਿਚ ਦੁਖੀ ਹੋਇਆ'' (ਉਤਪਤ 6:5, 6)। ਖ਼ੁਦਾ ਨੇ ਆਖਿਆ, ''ਮੇਰਾ ਆਤਮਾ ਆਦਮੀ ਦੇ ਵਿਰੁੱਧ ਸਦਾ ਤੀਕਰ ਜ਼ੋਰ ਨਹੀਂ ਮਾਰੇਗਾ ਕਿਉਂਕਿ ਉਹ ਸਹੀ ਹੀ ਹੈ'' (ਉਤਪਤ 6:3)।

ਖ਼ੁਦਾ ਦਾ ਪਵਿੱਤਰ ਆਤਮਾ ਉਸ ਦੀ ਰਚਨਾ ਦੀ ਸਰਵੋਤਮ ਮਹਿਮਾ ਨੂੰ ਨਹੀਂ ਵੇਖ ਨਹੀਂ ਸਕਿਆ ਜਿਸ ਨੂੰ ਉਸ ਨੇ ਆਪਣੇ ਸਰੂਪ ਉੱਤੇ ਬਣਾਇਆ ਸੀ, ਉਹ ਪਾਪ ਦੇ ਅਥਾਹ ਟੋਏ ਵਿਚ ਧਸਦਾ ਜਾ ਰਿਹਾ ਸੀ। ਉਸ ਨੂੰ ਮਨੁੱਖ ਨੂੰ ਦੁਸ਼ਟਤਾ ਦੀਆਂ ਆਪਣੀਆਂ ਹੀ ਲਾਲਸਾਵਾਂ ਵਿਚ ਲਗਾਤਾਰ ਫਸਣ ਨੂੰ ਅਤੇ ਖ਼ੁਦਾ ਵੱਲੋਂ ਉਹਦੇ ਲਈ ਚਾਹੀ ਗਈ ਉਸ ਵਡਿਆਈ ਨੂੰ ਛੱਡਣ ਨੂੰ ਵੇਖ ਕੇ ਜਿਹਦੇ ਲਈ ਉਸ ਨੂੰ ਅਰੰਭ ਵਿਚ ਬਣਾਇਆ ਗਿਆ ਸੀ, ਦੁੱਖ ਹੋਇਆ।[81] ਉਤਪਤ 6:3 ਵਿਚ ਸਾਨੂੰ ''ਸਰੀਰ'' (*baśar,* ਬਸਰ ਅਤੇ *sarx*; ਸਾਰਕਸ) ਅਤੇ ''ਆਤਮਾ'' (*ruach,* ਰੁਆਚ*; pneuma*, ਨਿਯੂਮਾ) ਵਿਚਕਾਰ ਪਾਏ ਜਾਣ ਵਾਲੇ ਵੈਰ ਨਾਲ ਸਬੰਧਿਤ ਬਾਈਬਲ ਦਾ ਪਹਿਲਾ ਹਵਾਲਾ ਮਿਲਦਾ ਹੈ।

ਗਲਾਤੀਆਂ 5 ਵਿਚ ਇਸ ਤਣਾਅ ਨੂੰ ਵੇਖਿਆ ਜਾ ਸਕਦਾ ਹੈ। ਇਹ ''ਸਰੀਰ ਦੇ ਕੰਮ'' ਤੋਂ ''ਆਤਮਾ ਦਾ ਫਲ'' ਦੀ ਪੌਲੁਸ ਦੀ ਤੁਲਨਾ ਵਿਚ ਹੀ ਨਹੀਂ (5:19–23) ਬਲਕਿ 5:17 ਵਿਚ ਉਸ ਦੇ ਵੇਰਵੇ ਵਿਚ ਵੀ ਮਿਲਦਾ ਹੈ: ''ਕਿਉਂ ਜੋ ਸਰੀਰ ਆਤਮਾ ਦੇ ਵਿਰੁੱਧ, ਅਤੇ ਆਤਮਾ ਸਰੀਰ ਦੇ ਵਿਰੁੱਧ ਲੋਚਦਾ ਹੈ ਕਿਉਂ ਜੋ ਏਹ ਇਕ ਦੂਏ ਦੇ ਵਿਰੁੱਧ ਹਨ।''

''ਆਤਮਾ ਦਾ ਫਲ'' ਖ਼ੁਦਾ ਵੱਲੋਂ ਉਨ੍ਹਾਂ ਲੋਕਾਂ ਦੀਆਂ ਯੋਗਤਾਵਾਂ ਨੂੰ ਆਖਿਆ ਗਿਆ ਹੈ ਜਿਹੜੇ ਇੰਜੀਲ ਦੀ ਗੱਲ ਮੰਨਦੇ ਹਨ। ਜਦ ਲੋਕ ਯਿਸੂ ਦੀ ਇੰਜੀਲ ਨੂੰ ਸੁਣਦੇ ਹਨ ਤਾਂ ਆਪਣੇ ਪਾਪੀ ਦੀ ਗੰਭੀਰਤਾ ਅਤੇ ਪਰਮੇਸ਼ੁਰ ਦੇ ਪਿਆਰ ਦੀ ਵਿਸ਼ਾਲਤਾ ਨੂੰ ਮੰਨ ਲੈਂਦੇ ਹਨ। ਉਸ ਨੇ ਆਪਣੇ ਪਿਆਰ ਨੂੰ ਪਾਪ ਦੀ ਮੂਰਤ ਨੂੰ ਬਨਾਉਣ ਲਈ ਸਲੀਬ ਤੇ ਕੁਰਬਾਨ ਹੋਣ ਲਈ ਆਪਣੇ ਪੁੱਤਰ ਨੂੰ ਘੱਲ ਕੇ ਵਿਖਾਇਆ, ਤਾਂ ਜੋ ਜਿਹੜੇ ਲੋਕ ਯਿਸੂ ਮਸੀਹ ਵਿਚ ਨਿਹਚਾ ਲਿਆਉਣ ਉਹ ''ਉਸ ਵਿਚ ਹੋ ਕੇ ਪਰਮੇਸ਼ੁਰ ਦਾ ਧਰਮ'' ਬਣ ਜਾਣ (2 ਕੁਰਿੰਥੀਆਂ 5:21)। ਇਹ ਸਮਝ ਆ ਜਾਣ ਤੇ ਕਿ ਉਸ ਦਿਨ ਕੀ ਵਾਪਰਿਆ ਸੀ, ਜਦ ਪੂਰੀ ਮਨੁੱਖ ਜਾਤੀ ਦਾ ਇਤਿਹਾਸ ਚਰਮ ਨੂੰ ਅੱਪੜਿਆ ਸੀ, ਇੰਜੀਲ ਨੂੰ ਸੁਣਨ ਵਾਲੇ ਯਿਸੂ ਉੱਤੇ ਵਿਸ਼ਵਾਸ ਕਰਨ ਲਈ ਮਜਬੂਰ ਹੋ ਜਾਂਦੇ ਹਨ। ਫਿਰ ਉਹ ਉਸੇ ਆਗਿਆ ਨੂੰ ਮੰਨਦੇ ਹਨ ਜਿਹੜੀ ਪਤਰਸ ਨੇ ਉਨ੍ਹਾਂ ਯਹੂਦੀਆਂ ਨੂੰ ਦਿੱਤੀ ਸੀ ਜਿਨ੍ਹਾਂ ਨੇ ਪੈਂਟੀਕਾਸਟ ਵਾਲੇ ਦਿਨ ਉਸ ਦੇ ਸੰਦੇਸ਼ ਦੀ ਪਰਤੀਤ ਕੀਤੀ ਸੀ: ''ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ'' (ਰਸੂਲਾਂ ਦੇ ਕਰਤੱਬ 2:38)। ''ਤੌਬਾ ਕਰੋ'' ਦਾ ਅਰਥ ''ਆਪਣੀ ਜ਼ਿੰਦਗੀ ਦੀ ਦਿਸ਼ਾਂ ਨੂੰ ਬਦਲ ਲੈਣਾ'' ਹੈ ਭਾਵ ਆਪਣੀ ਜ਼ਿੰਦਗੀ ਦੇ ਪ੍ਰਭੂ ਦੇ ਰੂਪ ਵਿਚ ਯਿਸੂ ਨੂੰ ਮੰਨਦਿਆਂ ਖ਼ੁਦਾ ਦੀ ਇੱਛਾ ਅੱਗੇ ਸਮਰਪਣ ਕਰਨਾ ਹੈ। ''ਬਪਤਿਸਮਾ'' ਲਈ ਸ਼ਬਦ (*baptizō*, ਬੈਪਟਿਜ਼ੋ) ਦਾ ਸ਼ਬਦੀ ਅਰਥ ਹੈ ''ਡੁਬਕੀ ਲਵੋ।'' ਬਪਤਿਸਮਾ ਪਾਣੀ ਵਿਚ ਦਫ਼ਨ ਹੋਣਾ ਹੈ ਜਿਸ ਵਿਚ ਪਸਚਾਤਾਪੀ ਵਿਸ਼ਵਾਸੀ ਨੇ ਮਸੀਹ ਦੇ ਬਚਾਉਣ ਵਾਲੇ ਲਹੂ ਨਾਲ ਆਪਣੇ ਆਪ ਨੂੰ ਧੋ ਲਿਆ ਹੈ।[82]

ਪਾਪਾਂ ਦੀ ਮਾਫ਼ੀ ਤੋਂ ਇਲਾਵਾ, ਇੰਜੀਲ ਦਾ ਹੁਕਮ ਮੰਨਣ ਵਾਲਿਆਂ ਨੂੰ ਆਤਮਾ ਦੇ ਵਾਸ ਦੇ ਦਾਨ ਦਾ ਵਾਅਦਾ ਵੀ ਦਿੱਤਾ ਜਾਂਦਾ ਹੈ। ਰਸੂਲਾਂ ਦੇ ਕਰਤੱਬ 2:39 ਦੇ ਅਨੁਸਾਰ ਇਹ ਦਾਨ ਸਿਰਫ਼

ਪੈਂਟੀਕਾਸਟ ਵਾਲੇ ਦਿਨ ਉੱਥੇ ਮੌਜੂਦ ''ਯਹੂਦੀ ਭਗਤ'' ਲੋਕਾਂ ਤਕ ਹੀ ਸੀਮਿਤ ਨਹੀਂ ਸੀ (ਰਸੂਲਾਂ ਦੇ ਕਰਤੱਬ 2:5), ਬਲਕਿ ਇਸ ਵਿਚ ਉਨ੍ਹਾਂ ਦੇ ''ਬਾਲਕਾਂ'' ਅਤੇ ਉਨ੍ਹਾਂ ਸਭਨਾਂ ਨੇ ਵੀ ਸ਼ਾਮਿਲ ਹੋਣਾ ਸੀ ''ਜਿਹੜੇ ਦੂਰ ਹਨ।'' ਆਤਮਾ ਦਾ ਵਾਸ ਇੰਜੀਲ ਦਾ ਹੁਕਮ ਮੰਨਣ ਵਾਲੇ ਹਰ ਵਿਅਕਤੀ ਨੂੰ ਭਾਵੇਂ ਉਹ ਯਹੂਦੀ ਹੋਵੇ ਅਤੇ ਭਾਵੇਂ ਗੈਰਕੌਮ, ਦਿੱਤਾ ਜਾਂਦਾ ਹੈ।[83]

ਅਸੀਂ ਤਾਂ ਸਿਰਫ਼ ਮਿੱਟੀ ਦੇ ਭਾਂਡੇ ਹਾਂ ਜਿਸ ਕਰਕੇ ਅਸੀਂ ਖ਼ੁਦਾ ਦੇ ਆਤਮਾ ਦੇ ਡੂੰਘੇ ਭੇਤਾਂ ਨੂੰ ਅਤੇ ਉਸ ਦੇ ਕੰਮ ਕਰਨ ਦੇ ਤਰੀਕੇ ਨੂੰ ਨਹੀਂ ਜਾਣ ਸਕਦੇ। ਜੋ ਕੁਝ ਵਚਨ ਦੱਸਦਾ ਹੈ (ਸਾਨੂੰ ਸਮਝ ਆਵੇ ਜਾਂ ਨਾ) ਸੱਚ ਹੈ ਭਾਵ ਇਹ ਕਿ ਸਾਡੇ ਖ਼ੁਦਾ ਦਾ ਪਵਿੱਤਰ ਆਤਮਾ ਖ਼ੁਦਾ ਵੱਲੋਂ ਦਿੱਤੇ ਗਏ ਦਾਨ ਦੇ ਰੂਪ ਵਿਚ ਮਸੀਹੀ ਵਿਅਕਤੀ ਦੀ ਦੇਹ ਵਿਚ ਵਾਸ ਕਰਦਾ ਹੈ, ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸਦੇ ਇਲਾਵਾ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਆਪਣੀ ਮਰਜੀ ਨੂੰ ਪਰਮੇਸ਼ੁਰ ਪਿਤਾ ਦੀ ਮਰਜ਼ੀ ਦੇ ਅੱਗੇ ਸਮਰਪਿਤ ਕਰਦਿਆਂ ਹੋਇਆਂ, ਜੋ ਵੀ ਵਿਸ਼ਵਾਸ ਨਾਲ ਖ਼ੁਦਾ ਦੇ ਹੁਕਮ ਨੂੰ ਮੰਨ ਲੈਂਦਾ ਹੈ, ਉਹਦੇ ਅੰਦਰ ਉਹ ਬਦਲਾਅ ਆਉਂਦਾ ਹੈ ਜਿਹੜਾ ਖ਼ੁਦਾ ਦੀ ਸੰਤਾਨ ਬਣਨ ਨਾਲ ਮਿਲਦਾ ਹੈ (3:26–29)। ਉਹ ਪਰਮੇਸ਼ੁਰ ਦੇ ਪੁੱਤਰ ਯਿਸੂ ਦੇ ਸਰੂਪ ਵਿਚ ਦਿਨ–ਬ–ਦਿਨ ਢਲਦਾ ਜਾਵੇਗਾ। ਇਸ ਤਰ੍ਹਾਂ ਨਾਲ ਉਹ ਉਨ੍ਹਾਂ ਗੁਣਾਂ ਨੂੰ ਭਾਵ ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, ਨਰਮਾਈ, ਸੰਜਮ ਵਿਖਾਉਂਦਾ ਹੈ, ਜਿਨ੍ਹਾਂ ਨੂੰ ਪੌਲੁਸ ਨੇ ''ਆਤਮਾ ਦੇ ਫਲ'' ਆਖਿਆ।

1. **ਪ੍ਰੇਮ** (*agapē*, ਅਗਾਪੇ) ਗੁਣਾਂ ਦੀ ਇਸ ਸ਼ਾਨਦਾਰ ਸੂਚੀ ਦੇ ਸ਼ੁਰੂ ਵਿਚ ਅਉਂਦਾ ਹੈ।[84] ਇਹ ਯੂਨਾਨੀ ਭਾਸ਼ਾ ਵਿਚ ਮੰਨੀਆਂ ਜਾਣ ਵਾਲੀਆਂ ਪ੍ਰੇਮ ਦੀਆਂ ਚਾਰ ਕਿਸਮਾਂ ਵਿੱਚੋਂ ਇਕ ਹੈ। ਅਸਲ ਵਿਚ *agapē* (ਅਗਾਪੇ) ਪ੍ਰੇਮ ਦਾ ਉੱਚਤਮ ਰੂਪ ਪਰਮੇਸ਼ੁਰ ਵੱਲੋਂ ਮਿਲਿਆ ਹੈ। ਯੂਹੰਨਾ ਨੇ ਕਿਹਾ ''ਅਸਾਂ ਪਰਮੇਸ਼ੁਰ ਦੇ ਉਸ ਪ੍ਰੇਮ ਨੂੰ ਜੋ ਸਾਡੇ ਨਾਲ ਰੱਖਦਾ ਹੈ ਜਾਣਿਆ ਅਤੇ ਉਹ ਦੀ ਪਰਤੀਤ ਕੀਤੀ ਹੈ। ਪਰਮੇਸ਼ੁਰ ਪ੍ਰੇਮ ਹੈ ਅਤੇ ਜਿਹੜਾ ਪ੍ਰੇਮ ਵਿਚ ਰਹਿੰਦਾ ਹੈ ਉਹ ਪਰਮੇਸ਼ੁਰ ਵਿਚ ਰਹਿੰਦਾ ਹੈ ਅਤੇ ਪਰਮੇਸ਼ੁਰ ਓਸ ਵਿਚ ਰਹਿੰਦਾ ਹੈ। ... ਅਸੀਂ ਪ੍ਰੇਮ ਕਰਦੇ ਹਾਂ ਇਸ ਲਈ ਜੋ ਪਹਿਲਾਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ'' (1 ਯੂਹੰਨਾ 4:16–19) ਲਿਖਣ ਵੇਲੇ ਕਈ ਵਾਰ ਸਬੰਧਿਤ ਕਿਰਿਆ ਸ਼ਬਦ (*agapaō*) ਦੇ ਨਾਲ ਇਸ ਨਾਉਂ ਦੀ ਵਰਤੋਂ ਕੀਤੀ।

*Agapē* ਸਿਰਫ਼ ਆਪਣੇ ਅਜ਼ੀਜ਼ਾਂ ਲਈ ਲਗਾਅ ਨਹੀਂ ਹੈ। ਇਹ ਹੋਰਨਾਂ ਦੀ ਭਾਵੇਂ ਉਹ ਦੁਸ਼ਮਣ ਹੀ ਕਿਉਂ ਨਾ ਹੋਣ, ਬੇਹਤਰੀ ਲਈ ਕੰਮ ਕਰਦਾ ਹੈ। ਯਿਸੂ ਨੇ ਆਪਣੇ ਚੇਲਿਆਂ ਨੂੰ ਸਿਖਾਇਆ:

> ਤੁਸਾਂ ਸੁਣਿਆ ਹੈ ਜੋ ਇਹ ਕਿਹਾ ਗਿਆ ਸੀ ਕਿ ਤੂੰ ਆਪਣੇ ਗੁਆਂਢੀ ਨਾਲ ਪਿਆਰ ਕਰ ਅਤੇ ਆਪਣੇ ਵੈਰੀ ਨਾਲ ਵੈਰ ਰੱਖ। ਪਰ ਮੈਂ ਤੁਹਾਨੂੰ ਆਖਦਾ ਹਾਂ ਭਈ ਆਪਣੇ ਵੈਰੀਆਂ ਨਾਲ ਪਿਆਰ ਕਰੋ ਅਤੇ ਜੋ ਤੁਹਾਨੂੰ ਸਤਾਉਣ ਓਨ੍ਹਾਂ ਲਈ ਪ੍ਰਾਰਥਨਾ ਕਰੋ। ਤਾਂ ਜੋ ਤੁਸੀਂ ਆਪਣੇ ਪਿਤਾ ਦੇ ਜਿਹੜਾ ਸੁਰਗ ਵਿਚ ਹੈ ਪੁੱਤਰ ਹੋਵੋ ਕਿਉਂ ਜੋ ਉਹ ਆਪਣਾ ਸੂਰਜ ਬੁਰਿਆਂ ਅਤੇ ਭਲਿਆਂ ਉੱਤੇ ਚਾੜ੍ਹਦਾ ਹੈ ਅਤੇ ਧਰਮੀਆਂ ਅਤੇ ਕੁਧਰਮੀਆਂ ਉੱਤੇ ਮੀਂਹ ਵਰਸਾਉਂਦਾ ਹੈ। ਜੇ ਤੁਸੀਂ ਉਨ੍ਹਾਂ ਨਾਲ ਹੀ ਪਿਆਰ ਕਰੋ ਜਿਹੜੇ ਤੁਹਾਡੇ ਨਾਲ ਪਿਆਰ ਕਰਦੇ ਹਨ ਤਾਂ ਤੁਹਾਡਾ ਕੀ ਫਲ ਹੈ? ਭਲਾ, ਮਸੂਲੀਏ ਭੀ ਇਹੋ ਨਹੀਂ ਕਰਦੇ? ਅਤੇ ਜੇਕਰ ਤੁਸੀਂ ਨਿਰਾ ਆਪਣੇ ਭਾਈਆਂ ਨੂੰ ਪਰਨਾਮ ਕਰੋ ਤਾਂ ਤੁਸੀਂ ਕੀ ਵੱਧ ਕਰਦੇ ਹੋ? ਭਲਾ, ਪਰਾਈ ਕੌਮ ਦੇ ਲੋਕ ਭੀ ਇਹੋ ਨਹੀਂ ਕਰਦੇ? ਸੋ ਜਿਵੇਂ ਤੁਹਾਡਾ ਸੁਰਗੀ ਪਿਤਾ ਸੰਪੂਰਣ ਹੈ ਤਿਵੇਂ ਤੁਸੀਂ ਵੀ ਸੰਪੂਰਣ ਹੋਵੋ (ਮੱਤੀ 5:43–48)।

ਖ਼ੁਦਾ ਹਰ ਕਿਸੇ ਦੀ ਭਲਿਆਈ ਲਈ ਕੰਮ ਕਰਦਾ ਹੈ, ਭਾਵੇਂ ਉਹ ਉਹਦੇ ਵੈਰੀ ''ਦੁਸ਼ਟ'' ਹੀ ਹੋਣ। ਉਹਦੀ ਸੰਤਾਨ ਨੂੰ ਵੀ ਇਸੇ ਤਰ੍ਹਾਂ ਕਰਨ ਲਈ ਕਿਹਾ ਹੈ।

ਫੁੱਟ ਪਈ ਕਲੀਸੀਆ ਵਿਚ ਏਕਤਾ ਨੂੰ ਵਧਾਵਾ ਦੇਣ ਲਈ ਪੌਲੁਸ ਨੇ ਕੁਰਿੰਥੀਆਂ ਲਈ *agapē* (ਅਗਾਪੇ) ਪ੍ਰੇਮ ਦੇ ਨਿਸਵਾਰਥ ਹੋਣ ਨੂੰ ਪਹੁੰਚਾਇਆ:

> ਪ੍ਰੇਮ ਧੀਰਜਵਾਨ ਅਤੇ ਕਿਰਪਾਲੂ ਹੈ। ਪ੍ਰੇਮ ਖੁਣਸ ਨਹੀਂ ਕਰਦਾ। ਪ੍ਰੇਮ ਫੁੱਲਦਾ ਨਹੀਂ, ਪ੍ਰੇਮ ਫੂੰ ਫੂੰ ਨਹੀਂ ਕਰਦਾ। ਕੁਚੱਜਿਆਂ ਨਹੀਂ ਕਰਦਾ, ਆਪ ਸੁਆਰਥੀ ਨਹੀਂ, ਚਿੜਦਾ ਨਹੀਂ, ਬੁਰਾ ਨਹੀਂ ਮੰਨਦਾ। ਉਹ ਕੁਧਰਮ ਤੋਂ ਅਨੰਦ ਨਹੀਂ ਹੁੰਦਾ ਸਗੋਂ ਸਚਿਆਈ ਨਾਲ ਅਨੰਦ ਹੁੰਦਾ ਹੈ। ਸਭ ਕੁਝ ਝੱਲ ਲੈਂਦਾ, ਸਭਨਾਂ ਗੱਲਾਂ ਦੀ ਪਰਤੀਤ ਕਰਦਾ, ਸਭਨਾਂ ਗੱਲਾਂ ਦੀ ਆਸ ਰੱਖਦਾ, ਸਭ ਕੁਝ ਸਹਿ ਲੈਂਦਾ। ਪ੍ਰੇਮ ਕਦੇ ਟਲਦਾ ਨਹੀਂ (1 ਕੁਰਿੰਥੀਆਂ 13:4–8ੳ)।

ਇਸ ਤੋਂ ਇਲਾਵਾ *agapē* ਅਗਾਪੇ ਰਹਿਮਦਿਲ ਹੁੰਦਾ ਹੈ। ਪ੍ਰੇਮ ਦੀਆਂ ਇਹ ਖੂਬੀਆਂ ਯਿਸੂ ਦੇ ਸੁਭਾਅ ਵਿਚ ਸਨ ਜਿਹੜਾ ਦੂਜਿਆਂ ਦੀ ਸੇਵਾ ਕਰਦਿਆਂ ਤਰਸ ਨਾਲ ਭਰ ਜਾਂਦਾ ਸੀ (ਮੱਤੀ 9:36; 14:14; 15:32; 20:34)। ਇਸ ਤੋਂ ਛੁੱਟ, ਜਿਵੇਂ ਕਿ ਪਤਰਸ ਨੇ ਆਪਣੇ ਪਾਠਕਾਂ ਨੂੰ ਸਮਝਾਇਆ, *agapē*, *(ਅਗਾਪੇ)* ਦਾ ਹਮੇਸ਼ਾ ਨਿਰੋਲ ਹੋਣਾ ਜ਼ਰੂਰੀ ਹੈ:

> ਤੁਸਾਂ ਜੋ ਸਤ ਦੇ ਅਧੀਨ ਹੋ ਕੇ ਆਪਣੀਆਂ ਜਾਨਾਂ ਨੂੰ ਭਰੱਪਣ ਦੇ ਨਿਸ਼ਕਪਟ *[*''ਕਪਟ ਰਹਿਤ'' *]* ਪ੍ਰੇਮ ਲਈ ਪਵਿੱਤਰ ਕੀਤਾ ਹੈ ਤਾਂ ਤਨੋਂ ਮਨੋਂ ਹੋ ਕੇ ਇਕ ਦੂਏ ਨਾਲ ਗੂੜ੍ਹਾ ਪ੍ਰੇਮ ਰੱਖੋ। ਕਿਉਂ ਜੋ ਤੁਸੀਂ ਨਾਸਵਾਨ ਤੁਖਮ ਤੋਂ ਨਹੀਂ ਸਗੋਂ ਅਵਨਾਸੀ ਤੋਂ ਪਰਮੇਸ਼ੁਰ ਦੇ ਵਚਨ ਦੇ ਰਾਹੀਂ ਜਿਹੜਾ ਜੀਉਂਦਾ ਅਤੇ ਇਸਥਿਰ ਹੈ ਨਵੇਂ ਸਿਰਿਓਂ ਜਨਮੇ ਹੋ। (1 ਪਤਰਸ 1:22, 23)।

ਇਹ ਪ੍ਰੇਮ ਨਵੇਂ ਜਨਮ ਤੋਂ ਮਿਲਦਾ ਹੈ ਜਾਂ ਪੌਲੁਸ ਦੀ ਭਾਸ਼ਾ ਵਿਚ ਕਹੀਏ ਤਾਂ ਇਹ ''ਆਤਮਾ ਦਾ ਫਲ'' ਹੈ। ਅਸਲ ਵਿਚ ਇਹ ਖ਼ੁਦਾ ਵੱਲੋਂ ਆਪਣੀ ਸੰਤਾਨ ਲਈ ਮੁਹੱਈਆ ਕਰਵਾਏ ਗਏ ਆਤਮਿਕ ਗੁਣਾਂ ਵਿੱਚੋਂ ਸਭ ਤੋਂ ਵੱਡਾ ਅਤੇ ਸਭ ਤੋਂ ਉੱਚਾ ਹੈ। ਇਹ ਲਾਸਾਨੀ ਢੰਗ ਨਾਲ ਉਨ੍ਹਾਂ ਥੋੜ੍ਹੀ ਦੇਰ ਦੇ ਆਰਜ਼ੀ ਕ੍ਰਿਸ਼ਮਾਈ ਦਾਨਾਂ ਨਾਲੋਂ ਵੱਡਾ ਹੈ ਜਿਨ੍ਹਾਂ ਦੀ ਉਸ ਨੇ ਕੁਰਿੰਥੀਆਂ ਦੇ ਨਾਂਅ ਖ਼ਤ ਵਿਚ ਗੱਲ ਕੀਤੀ। ਇਹ ਨਿਹਚਾ ਅਤੇ ਆਸ ਨਾਲੋਂ ਵੀ ਵੱਡਾ ਹੈ (1 ਕੁਰਿੰਥੀਆਂ 13:13)।

2. ਆਤਮਾ ਦਾ ਅਗਲਾ ਫਲ **ਅਨੰਦ** (*chara*, ਚਾਰਾ) ਹੈ। ਇਹ ਹੋ ਸਕਦਾ ਹੈ ਕਿ ਆਨੰਦ ਦੀ ਧਾਰਣਾ ਮਸੀਹੀ ਸਿਆਣਪੁਣੇ ਦੀ ਖੂਬੀ ਵਜੋਂ ਕਈ ਵਾਰ ਨਜ਼ਰਅੰਦਾਜ਼ ਕਰ ਦਿੱਤੀ ਜਾਵੇ। ਪੁਰਾਣੇ ਨੇਮ ਵਿਚ ਅਨੰਦ ਖ਼ੁਦਾ ਦੇ ਲੋਕਾਂ ਦੀ ਵੱਡਾ ਗੁਣ ਸੀ। ਤਾਂ ਫਿਰ ਮਸੀਹ ਵਿਚ ਮਿਲਣ ਵਾਲੇ ਛੁਟਕਾਰੇ ਦੇ ਬਾਅਦ ਪਾਉਣ ਵਾਲੇ ਮਸੀਹੀ ਲੋਕਾਂ ਨੂੰ ਹੋਰ ਕਿੰਨਾਂ ਵੱਧ ਅਨੰਦ ਮਿਲਣਾ ਚਾਹੀਦਾ ਹੈ।

*Chara* ਪ੍ਰਸੰਨਤਾ, ਖੁਸ਼ੀ ਜਾਂ ਸੁੱਖ ਦੇ ਵਿਚਾਰ ਨੂੰ ਵਿਖਾਉਂਦਾ ਨਾਉਂ ਸ਼ਬਦ ਹੈ। ਇਸ ਦਾ ਮੇਲ ਖਾਂਦਾ ਕਿਰਿਆ ਰੂਪ (*chairō*, ਚਾਇਰੋ) ਹੈ ਜਿਸ ਦਾ ਅਰਥ ਹੈ ''ਅਨੰਦ ਕਰਨਾ'' ਜਾਂ ''ਖੁਸ਼ ਹੋਣਾ।'' ਸਪਤਤੀ (LXX ) ਅਤੇ ਨਵੇਂ ਨੇਮ ਦੋਹਾਂ ਵਿਚ ਦੀਆਂ ਧਾਰਣਾਵਾਂ ਨੂੰ ਵਿਖਾਉਣ ਵਾਲੇ ਤਿੰਨ ਹੋਰ ਪ੍ਰਮੁੱਖ ਯੂਨਾਨੀ ਸ਼ਬਦ ਹਨ: *agalliasis* (ਅਗਾਲਿਆਸਸ) ਜੋ ''ਬੇਹੱਦ ਅਨੰਦ ਜਾਂ ਖੁਸ਼ੀ'' ਨੂੰ, *makarismos* (ਮਕਾਰਿਸਮੋਸ) ਜੋ ''ਖੁਸ਼ੀ'' ਜਾਂ ''ਬਰਕਤ'' ਨੂੰ ਅਤੇ *euphrosunē* (ਯੁਫਰੋਸੁਨ) ਜਿਸ ਦਾ ਅਰਥ ''ਅਨੰਦ'' ਜਾਂ ''ਖੁਸ਼ੀ'' ਨੂੰ ਦਰਸਾਉਂਦਾ ਹੈ। ਸ਼ਬਦਾਂ ਦਾ ਯਹੂਦੀ ਸ਼ਬਦ ਭੰਡਾਰ ਜਿਹੜਾ ਇਨ੍ਹਾਂ ਵਿਚਾਰਾਂ ਜਾਂ ਭਾਵਨਾਵਾਂ ਨੂੰ ਦਰਸਾਉਂਦਾ ਹੈ ਬੜਾ ਵਿਸ਼ਾਲ ਹੈ। ਅਸਲ ਵਿਚ ਸਪਤਤੀ ਅਨੁਵਾਦ (LXX) ਵਿਚ ਕਈ ਸ਼ਬਦਾਂ ਨੂੰ ਇਸੇ ਯੂਨਾਨੀ ਸ਼ਬਦ ਨਾਲ ਅਨੁਵਾਦ ਕੀਤਾ ਜਾ ਸਕਦਾ ਹੈ।

ਅਨੰਦ ਮਸੀਹੀ ਵਿਅਕਤੀ ਦੀ ਅੰਦਰੂਨੀ ਖੂਬੀ ਹੋਣੀ ਚਾਹੀਦੀ ਹੈ, ਜਿਹੜਾ ਪਰਮੇਸ਼ੁਰ ਦੇ ਰਾਜ ਦਾ ਨਾਗਰਿਕ ਹੈ। ਜਦ ਰੋਮ ਵਿਚ ਪੌਲੁਸ ਦੇ ਕੁਝ ਭਾਈਆਂ ਵਿਚਕਾਰ ਸ਼ੁੱਧ/ਅਸ਼ੁੱਧ ਭੋਜਨਾਂ ਅਤੇ ਖ਼ਾਸ

ਦਿਨਾਂ ਦੇ ਪਰਬਾਂ ਦੇ ਝਗੜੇ ਹੋ ਰਹੇ ਸਨ ਤਾਂ ਉਸ ਨੇ ਉਹ ਨੂੰ ਸਮਝਾਇਆ ਕਿ ''ਪਰਮੇਸ਼ੁਰ ਦਾ ਰਾਜ ਖਾਣ ਪੀਣ ਦੀਆਂ ਗੱਲਾਂ ਨਹੀਂ ਹੈ ਬਲਕਿ ਪਵਿੱਤਰ ਆਤਮਾ ਵਿਚ ਧਾਰਮਿਕਤਾ, ਸ਼ਾਂਤੀ ਅਤੇ ਅਨੰਦ ਹੈ'' (ਰੋਮੀਆਂ 14:17; NIV)। ਬਾਅਦ ਵਿਚ ਉਸ ਨੇ ''ਅਨੰਦ'' ਤੇ ਜ਼ੋਰ ਦਿੰਦਿਆਂ ਆਪਣੇ ਪਿਆਰੇ ਫ਼ਿਲਿੱਪੀਆਂ ਨੂੰ ਦੱਸਿਆ। ਉਸ ਨੇ ਉਨ੍ਹਾਂ ਨੂੰ ਵਾਰ ਵਾਰ ਸਮਝਾਇਆ ''ਪ੍ਰਭੂ ਵਿਚ ਸਦਾ ਅਨੰਦ ਕਰੋ'' ਅਤੇ ਮੋਹ ਦਰਸਾਉਂਦਿਆਂ ਉਨ੍ਹਾਂ ਨੂੰ ਆਪਣਾ ''ਅਨੰਦ ਅਤੇ ਮੁਕਟ'' ਦੱਸਿਆ (ਫ਼ਿਲਿੱਪੀਆਂ 3:1; 4:1, 4)। ਪੌਲੁਸ ਨੇ ਭਾਵੇਂ ''ਅਨੰਦ'' ਲਈ ਕੋਈ ਖ਼ਾਸ ਸ਼ਬਦ ਨਹੀਂ ਵਰਤਿਆ ਪਰ ਉਸ ਦੇ ਲੇਖ ਕਈ ਵਾਰ ਉਮੰਗ ਨਾਲ ਭਰੇ ਹੁੰਦੇ ਹਨ। ਉਦਾਹਰਣ ਲਈ ਖ਼ੁਦਾ ਦੇ ਇਲਾਹੀ ਸੁਭਾਅ ਅਤੇ ਮੁਕਤੀ ਦੁਆਉਣ ਵਾਲੀ ਇੰਜੀਲ ਉੱਤੇ ਵਿਚਾਰ ਕਰਦਿਆਂ ਰਸੂਲ ਪੁਕਾਰ ਉੱਠਿਆ, ''ਵਾਹ ਪਰਮੇਸ਼ੁਰ ਦਾ ਧਨ ਅਤੇ ਬੁੱਧ ਅਤੇ ਗਿਆਨ ਕੇਡਾ ਡੂੰਘਾ ਹੈ! ਉਹ ਦੇ ਨਿਆਉਂ ਕੇਡੇ ਅਣਲੱਭ ਹਨ ਅਤੇ ਉਹ ਦੇ ਰਾਹ ਕੇਡੇ ਬੇਖੋਜ ਹਨ!'' (ਰੋਮੀਆਂ 11:33)।

ਪ੍ਰਭੂ ਵਿਚ ਅਜਿਹਾ ਅਨੰਦ ਕਰਨਾ ਖ਼ੁਦਾ ਦੀ ਸੰਤਾਨ ਲਈ ਜਿਸ ਨੇ ਦਿਲੋਂ ਯਿਸੂ ਨੂੰ ਆਪਣੇ ਛੁਡਾਉਣ ਵਾਲੇ ਵਜੋਂ ਮੰਨਿਆ ਹੈ ਅਤੇ ਖ਼ੁਦਾ ਦੇ ਦਾਨ ਦੀ ਬਰਕਤ ਪਾਈ ਹੈ, ਸੁਭਾਵਕ ਪ੍ਰਤੀਕਿਰਿਆ ਹੈ। ਮਸੀਹੀ ਆਦਮੀ ਇਸ ਅਨੰਦ ਨੂੰ ਮਾੜੇ ਤੋਂ ਮਾੜੇ ਹਾਲਾਤ ਵਿਚ ਵੀ ਬਰਕਰਾਰ ਰੱਖ ਸਕਦਾ ਹੈ। ਪੌਲੁਸ ਅਤੇ ਸੀਲਾਸ ਵੱਲੋਂ ਦੂਜੀ ਮਿਸ਼ਨਰੀ ਯਾਤਰਾ ਵੇਲੇ ਇਸੇ ਨਿਯਮ ਨੂੰ ਸਮਝਾਇਆ ਗਿਆ। ਬੈਂਤਾਂ ਨਾਲ ਪਿਟਾਈ ਹੋਣ ਦੇ ਬਾਅਦ, ਮਸੀਹ ਦੇ ਇਨ੍ਹਾਂ ਦੋਹਾਂ ਦੂਤਾਂ ਨੇ ਆਪਣੇ ਆਪ ਨੂੰ ਫ਼ਿਲਿੱਪੀ ਦੀ ਜੇਲ੍ਹ ਵਿਚ ਪਾਇਆ। ਉਨ੍ਹਾਂ ਦੇ ਪੈਰ ਭਾਵੇਂ ਕਾਠ ਵਿਚ ਠੋਕੇ ਗਏ ਸਨ ਅਤੇ ਉਨ੍ਹਾਂ ਦੀਆਂ ਪਿੱਠਾਂ ਕੁਝ ਘੰਟੇ ਪਹਿਲਾਂ ਹੋਈ ਉਨ੍ਹਾਂ ਦੀ ਪਿਟਾਈ ਕਰਕੇ ਦਰਦ ਕਰ ਰਹੀਆਂ ਸਨ, ਪਰ ਇਹ ਦੋਵੇਂ ਅੱਧੀ ਰਾਤ ਨੂੰ ''ਪਰਮੇਸ਼ੁਰ ਦਾ ਭਜਨ ਗਾਉਂਦੇ ਸਨ'' (ਰਸੂਲਾਂ ਦੇ ਕਰਤੱਬ 16:22–25)। ਉਨ੍ਹਾਂ ਦੀ ਸਰੀਰਕ ਤਕਲੀਫ਼ ਬੜੀ ਜ਼ਿਆਦਾ ਸੀ ਪਰ ਉਨ੍ਹਾਂ ਦੇ ਮਨਾਂ ਵਿੱਚੋਂ ਅਨੰਦ ਨੂੰ ਕੱਢਿਆ ਨਹੀਂ ਜਾ ਸਕਿਆ। ਉਹ ਯਿਸੂ ਮਸੀਹ ਦੇ ਉਪਦੇਸ਼ ਨੂੰ ਲਿਜਾਣ ਲਈ ਪੂਰੀ ਵਫ਼ਾਦਾਰੀ ਨਾਲ ਲੱਗੇ ਹੋਏ ਸਨ, ਜਿਸ ਦੇ ਮਕਸਦ ਲਈ ਉਨ੍ਹਾਂ ਨੂੰ ਇਲਹਾਮ ਦੇ ਰਾਹੀਂ ਸੱਦਿਆ ਗਿਆ ਸੀ।

ਪੌਲੁਸ ਅਤੇ ਸੀਲਾਸ ਸਾਡੇ ਸਾਰਿਆਂ ਲਈ ਸ਼ਾਨਦਾਰ ਨਮੂਨਾ ਹਨ। ਲਗਨ ਨਾਲ ਮਸੀਹ ਲਈ ਇਨ੍ਹਾਂ ਦੂਤਾਂ ਦੇ ਮਨ ਭਰੇ ਹੋਏ ਸਨ। ਇਨ੍ਹਾਂ ਦੀ ਦੁੱਖ ਅਤੇ ਐਨੀ ਤਕਲੀਫ਼ ਅਤੇ ਮੁਸੀਬਤ ਵਿਚ ਵੀ ਉਨ੍ਹਾਂ ਨੂੰ ਬਿਨਾਂ ਕਿਸੇ ਸ਼ੱਕ ਦੇ ਅਜਿਹਾ ਅਨੰਦ ਮਿਲਿਆ ਸੀ। ਜਿਵੇਂ ਕਿ ਇੰਜੀਲ ਦੇ ਬਹੁਤ ਸਾਰੇ ਪ੍ਰਚਾਰਕਾਂ ਨੇ ਆਪਣੇ ਤਜਰਬਿਆਂ ਦੇ ਰਾਹੀਂ ਸਿੱਖਿਆ ਹੈ ਕਿ ਮਸੀਹ ਦੇ ਰਾਹੀਂ ਮੁਕਤੀ ਨੂੰ ਜਾਣਨ ਲਈ ਇਕ ਕੀਮਤੀ ਗੁਣ ਲਿਆਉਣ ਲਈ ਮਸੀਹ ਦੇ ਹਲੀਮ ਸੇਵਕ ਵਜੋਂ ਕੰਮ ਕਰਨ ਵਿਚ ਮਿਲਣ ਵਾਲੇ ਅਨੰਦ ਨਾਲੋਂ ਵੱਡਾ ਕੋਈ ਅਨੰਦ ਨਹੀਂ ਹੈ। ਅਸਲ ਵਿਚ ਇਹ ਅਨੰਦ ਯਿਸੂ ਦਾ ਹੀ ਹੈ, ''ਜਿਸ ਨੇ ਉਸ ਅਨੰਦ [*chara*, ਚਾਰਾ] ਦੀ ਖਾਤਰ ਜਿਹੜਾ ਉਹਦੇ ਅੱਗੇ ਧਰਿਆ ਹੋਇਆ ਸੀ, ਸਲੀਬ ਨੂੰ ਝੱਲਿਆ, ਇਸ ਦੀ ਲਾਜ ਦੀ ਪਰਵਾਹ ਕੀਤੇ ਬਿਨਾਂ, ਅਤੇ ਪਰਮੇਸ਼ੁਰ ਦੇ ਸਿੰਘਾਸਣ ਦੇ ਸੱਜੇ ਹੱਥ ਉਸ ਨੂੰ ਥਾਂ ਮਿਲੀ ਹੈ ...'' (ਇਬਰਾਨੀਆਂ 12:2; NRSV)।

3. ''ਪ੍ਰੇਮ'' ਅਤੇ ''ਅਨੰਦ'' ਤੋਂ ਬਾਅਦ **ਸ਼ਾਂਤੀ** (*eirēnē*, ਈਰੇਨ) ਆਉਂਦਾ ਹੈ। ਜਿਵੇਂ ਕਿ ਪੁਰਾਣੇ ਨੇਮ ਵਿਚ ਨਬੂਵਤ ਕੀਤੀ ਗਈ ਸੀ ਕਿ ਖ਼ੁਦਾ ਦੇ ਰਾਜ ਦੀ ਖ਼ੂਬੀ ''ਸ਼ਾਂਤੀ'' ਹੋਣੀ ਸੀ। ਯਸਾਯਾਹ 52:7 ਵਿਚ ਖੁਸ਼ਖ਼ਬਰੀ (ਇੰਜੀਲ) ਸ਼ਾਂਤੀ ਅਤੇ ਮੁਕਤੀ ਆਪੋ ਵਿਚ ਗੁੱਥੇ ਹੋਏ ਹਨ:

ਜਿਹੜਾ ਖੁਸ਼ਖ਼ਬਰੀ ਲੈ ਆਉਂਦਾ ਹੈ,
ਉਹ ਦੇ ਪੈਰ ਪਹਾੜਾਂ ਉੱਤੇ ਕਿੰਨੇ ਫਬਦੇ ਹਨ;
ਜਿਹੜਾਂ ਸ਼ਾਂਤੀ ਸੁਣਾਉਂਦਾ,

ਭਲਿਆਈ ਲਈ ਖੁਸ਼ਖ਼ਬਰੀ ਲਿਆਉਂਦਾ
ਜਿਹੜਾ ਮੁਕਤੀ ਸੁਣਾਉਂਦਾ ਹੈ,
ਉਹ ਸੀਓਨ ਨੂੰ ਆਖਦਾ ਹੈ,
ਤੇਰਾ ਪਰਮੇਸ਼ੁਰ ਰਾਜ ਕਰਦਾ ਹੈ।

ਯਸਾਯਾਹ ਨੇ ਆਉਣ ਵਾਲੇ ਮਸੀਹਾ ਨੂੰ ''ਸ਼ਾਂਤੀ ਦਾ ਰਾਜਕੁਮਾਰ'' ਆਖਿਆ (ਯਸਾਯਾਹ 9:6)।

ਜਦ ਮੁਕਤੀਦਾਤੇ ਦਾ ਜਨਮ ਹੋਇਆ, ਤਾਂ ਖ਼ੁਦਾ ਦੇ ਫ਼ਰਿਸ਼ਤਿਆਂ ਨੇ ਕੁਝ ਚਰਵਾਹਿਆਂ ਨੂੰ ਜਿਹੜੇ ਰਾਤ ਵੇਲੇ ਆਪਣੇ ਇੱਜੜਾਂ ਦੀ ਰਾਖੀ ਕਰ ਰਹੇ ਸਨ, ਅਨੰਦ ਭਰੀ ਖੁਸ਼ਖ਼ਬਰੀ ਦਿੱਤੀ। ਇਕ ਸੁਰਗੀ ਫ਼ੌਜ ਪਰਗਟ ਹੋਈ, ''ਪਰਮਧਾਮ ਵਿਚ ਪਰਮੇਸ਼ੁਰ ਦੀ ਵਡਿਆਈ, ਅਤੇ ਧਰਤੀ ਉੱਤੇ ਸ਼ਾਂਤੀ ਉਨ੍ਹਾਂ ਲੋਕਾਂ ਵਿਚ ਜਿਨ੍ਹਾਂ ਨਾਲ ਉਹ ਪਰਸਿੰਨ ਹੈ।'' ਮੂਲ ਯੂਨਾਨੀ ਲਿਖਤ ਵਿਚ ''ਚੰਗੀ ਨੀਅਤ ਵਾਲੇ ਮਨੁੱਖਾਂ ਵਿਚਕਾਰ'' (ਲੂਕਾ 2:13, 14 *en anthrōpois eudokias*, ਐਨ ਐਂਥਰੋਪੋਇਸ ਯੁਡੋਕਿਆਸ) ਹੈ। ਨੇਕਨੀਅਤ ਲੋਕਾਂ ਲਈ ਇਸ ਨਾਲੋਂ ਵੱਡਾ ਅਨੰਦ ਅਤੇ ਸ਼ਾਂਤੀ ਨਹੀਂ ਹੋ ਸਕਦੀ ਸੀ। ਆਪਣੀ ਮੌਤ ਅਤੇ ਜੀ ਉੱਠਣ ਦੇ ਰਾਹੀਂ ਯਿਸੂ ਨੇ ਖ਼ੁਦਾ ਦੇ ਨਾਲ ਮੇਲ ਮਿਲਾਪ ਦੀ ਪੇਸ਼ਕਸ਼ ਕਰਨੀ ਸੀ। ਪਰ ਦੁਸ਼ਟ ਲੋਕ ਇਸ ਵੱਡੇ ਦਾਨ ਨੂੰ ਨਰਾਜ਼ਗੀ, ਉਸ ਨੂੰ ਠੁਕਰਾਉਣ ਅਤੇ ਨਫ਼ਰਤ ਨਾਲ ਹੀ ਮੰਨ ਸਕਦੇ ਸਨ। ਮਸੀਹ ਨਾਲ ਇਹ ਵੱਖੋ ਵੱਖ ਪ੍ਰਤੀਕਿਰਿਆਵਾਂ ਮੱਤੀ 10:34–36 ਵਿਚ ਉਸ ਦੀ ਗੱਲ। ਅਧਾਰ ਦਾ ਕੰਮ ਕਰਦੀਆਂ ਹਨ:

> ਇਹ ਨਾ ਸਮਝੋ ਭਈ ਮੈਂ ਧਰਤੀ ਉੱਤੇ ਮੇਲ [*eirēnē*, ਈਰੇਨ] ਕਰਾਉਣ ਆਇਆ। ਮੇਲ ਕਰਾਉਣ ਨਹੀਂ ਸਗੋਂ ਤਲਵਾਰ ਚਲਾਉਣ ਆਇਆ ਹਾਂ। ਕਿਉਂ ਜੋ ਮੈਂ ਮਨੁੱਖ ਨੂੰ ਉਹ ਦੇ ਪਿਓ ਤੋਂ ਅਤੇ ਧੀ ਨੂੰ ਉਹ ਦੀ ਮਾਂ ਤੋਂ ਅਤੇ ਨੂੰਹ ਨੂੰ ਉਹ ਦੀ ਸੱਸ ਤੋਂ ਅੱਡ ਕਰਨ ਆਇਆ ਹਾਂ। ਅਰ ਮਨੁੱਖ ਦੇ ਵੈਰੀ ਉਹ ਦੇ ਘਰ ਦੇ ਹੀ ਹੋਣਗੇ।

ਵਫ਼ਾਦਾਰ ਮਸੀਹੀਆਂ ਲਈ, ਮਸੀਹ ਅੰਦਰੂਨੀ ਸ਼ਾਂਤੀ ਦਿੰਦਾ ਹੈ। ਜਦ ਯਿਸੂ ਇਸ ਤੱਥ ਲਈ ਆਪਣੇ ਚੇਲਿਆਂ ਨੂੰ ਤਿਆਰ ਕਰ ਰਿਹਾ ਸੀ ਕਿ ਉਹ ਉਨ੍ਹਾਂ ਨੂੰ ਛੱਡ ਕੇ ਜਾਣ ਵਾਲਾ ਹੈ ਤਾਂ ਉਸ ਨੇ ਉਨ੍ਹਾਂ ਨੂੰ ਯਕੀਨ ਦੁਆਇਆ ਕਿ ਉਹ ਉਨ੍ਹਾਂ ਨੂੰ ਇਕੱਲਿਆ ਨਹੀਂ ਛੱਡੇਗਾ। ਕਿਉਂ ਜੋ ਖ਼ੁਦਾ ਨੇ ਇਕ ਹੋਰ ਸਹਾਇਕ ਜਾਂ ਸ਼ਾਂਤੀ ਦੁਆਉਣ ਵਾਲਾ ਦੇਣਾ ਸੀ: ''ਮੈਂ ਤੁਹਾਨੂੰ ਸ਼ਾਂਤੀ ਦੇ ਜਾਂਦਾ ਹਾਂ। ਆਪਣੀ ਸ਼ਾਂਤੀ ਮੈਂ ਤੁਹਾਨੂੰ ਦਿੰਦਾ ਹਾਂ। ਜਿਸ ਤਰ੍ਹਾਂ ਸੰਸਾਰ ਦਿੰਦਾ ਹੈ ਮੈਂ ਉਸ ਤਰਾਂ ਤੁਹਾਨੂੰ ਨਹੀਂ ਦਿੰਦਾ ਹਾਂ। ਤੁਹਾਡਾ ਦਿਲ ਨਾ ਘਬਰਾਵੇ ਅਤੇ ਨਾ ਡਰੇ'' (ਯੂਹੰਨਾ 14:27)। ਜਿਹੜੀ ਸ਼ਾਂਤੀ ਯਿਸੂ ਦਿੰਦਾ ਹੈ ਉਸ ਵਿਚ ਅਤੇ ਉਸਦੇ ਵਚਨ ਵਿਚ ਭਰੋਸਾ ਕਰਨ ਤੇ ਮਿਲਦੀ ਹੈ। ਇਹ ਮਨ ਦੀ ਸ਼ਾਂਤੀ ਹੈ (ਮੱਤੀ 11:28–30)।

ਕੁਰਨੇਲਿਉਸ ਦੇ ਪਰਿਵਾਰ ਨੂੰ ਪਤਰਸ ਨੇ ਦੱਸਿਆ ਕਿ ਖ਼ੁਦਾ ਨੇ ਕਿਵੇਂ ਆਪਣਾ ਵਚਨ ''ਇਸਰਾਏਲ ਦੇ ਵੰਸ ਦੇ ਕੋਲ ਘੱਲਿਆ ਜਦ ਯਿਸੂ ਮਸੀਹ ਦੇ ਵਸੀਲੇ ਤੋਂ ਸੁਲਾਹ ਦੀ ਖੁਸ਼ਖ਼ਬਰੀ ਸੁਣਾਈ'' (ਰਸੂਲਾਂ ਦੇ ਕਰਤੱਬ 10:36)। ਫਿਰ ਉਸ ਨੇ ਇਨ੍ਹਾਂ ਗੈਰਕੌਮਾਂ ਨੂੰ ਇੰਜੀਲ ਦਿੱਤੀ ਤਾਂ ਜੋ ਇਨ੍ਹਾਂ ਨੂੰ ਵੀ ਖ਼ੁਦਾ ਨਾਲ ਇਸ ਮੇਲ ਦਾ ਅਨੰਦ ਪਾਉਣ ਦਾ ਮੌਕਾ ਮਿਲ ਸਕੇ (ਰਸੂਲਾਂ ਦੇ ਕਰਤੱਬ 10:37–48)। ਜਿਨ੍ਹਾਂ ਨੇ ਮਸੀਹ ਉੱਤੇ ਇਮਾਨ ਲਿਆਂਦਾ ਅਤੇ ਬਪਤਿਸਮੇ ਵਿਚ ਉਹਦੇ ਨਾਲ ਇਕ ਹੋ ਗਏ ਹਨ, ਉਹ ਭਾਵੇਂ ਯਹੂਦੀ ਹੋਣ ਜਾਂ ਗੈਰਕੌਮ, ਉਨ੍ਹਾਂ ਦੀ ਖ਼ੁਦਾ ਨਾਲ ਜਾਂ ਇਕ ਦੂਜੇ ਨਾਲ ਸੁਲਾਹ, ਸ਼ਾਂਤੀ ਜਾਂ ਮੇਲ ਹੋ ਗਿਆ ਹੈ (ਗਲਾਤੀਆਂ 3:26–29)। ਅਫ਼ਸੀਆਂ 2:14–19

ਵਿਚ ਪੌਲੁਸ ਨੇ ਵੀ ਇਹੀ ਸਮਝਾਇਆ। ''ਸ਼ਾਂਤੀ'' ਦੀ ਮਸੀਹੀ ਧਾਰਣਾ ਐਨੀ ਅਹਿਮ ਸੀ ਕਿ ਇਸ ਨੇ ਪੌਲੁਸ ਦੇ ਖ਼ਤਾਂ ਵਿਚਲੇ ਇਜ਼ਹਾਰਾਂ ਨੂੰ ਪ੍ਰਭਾਵਿਤ ਕੀਤਾ (ਵੇਖੋ ਗਲਾਤੀਆਂ 1:3)। ''ਸ਼ਾਂਤੀ'' (ਸਲਾਮ) ਉਨ੍ਹਾਂ ਵੱਡੇ ਤੋਂ ਵੱਡੇ ਨਮਸਕਾਰਾਂ ਵਿੱਚੋਂ ਹੈ ਜਿਹੜੇ ਅਸੀਂ ਇਕ ਦੂਜੇ ਨਾਲ ਕਰ ਸਕਦੇ ਹਾਂ।

ਸਰੀਰ ਦੇ ਕੰਮਾਂ ਦੇ ਵਿਰੁੱਧ ਗੱਲ ਕਰਨ ਦੇ ਬਾਅਦ (5:16–21), ਪੌਲੁਸ ਝੱਟ ਉਨ੍ਹਾਂ ਸਕਾਰਾਤਮਕ ਗੁਣਾਂ ਵੱਲ ਮੁੜ ਗਿਆ ਜਿਹੜੇ ਮਸੀਹੀ ਲੋਕਾਂ ਨੂੰ ਪਵਿੱਤਰ ਆਤਮਾ ਦੀ ਅਗਵਾਈ ਦੇ ਰਾਹੀਂ ਆਪਣੀਆਂ ਜ਼ਿੰਦਗੀਆਂ ਵਿਚ ਵਧਾਉਣੇ ਚਾਹੀਦੇ ਹਨ। ਪ੍ਰੇਮ, ਅਨੰਦ, ਸ਼ਾਂਤੀ ਦੀਆਂ ਖੂਬੀਆਂ ਦੀ ਗੱਲ ਕਰਨ ਦੇ ਬਾਅਦ ਉਸ ਨੇ ਸੂਚੀ ਨੂੰ ਅੱਗੇ ਵਧਾਇਆ।

4. ਆਤਮਾ ਦੇ ਫਲ ਵਿਚ **ਧੀਰਜ** (*makrothumia*, ਮੈਕ੍ਰੋਥੁਮਿਆ) ਵੀ ਸ਼ਾਮਿਲ ਹੈ। ਇਸ ਮਿਸਰਤ ਸ਼ਬਦ ਦਾ ਪਹਿਲਾ ਹਿੱਸਾ (*makros*, ਮੈਕ੍ਰੋਸ) ਹੈ ਜਿਸ ਤੋਂ ਭਾਵ ''ਮੁਕਾਬਲਤਮ'' ਲੰਮਾ ਸਮਾਂ ਜਾਂ ''ਮੁਕਾਬਲਤਮ *ਦੂਰ ਬਹੁਤ ਦੂਰ* ਹੋਣਾ ਹੈ।''[85] ਦੂਜਾ ਹਿੱਸਾ ਨਾਉਂ ਸ਼ਬਦ *thumos*, (ਥੁਮੋਸ) ਤੋਂ ਨਿੱਕਲਿਆ ਹੈ ਜਿਸ ਤੋਂ ਭਾਵ ''ਜਨੂਨ'' ਜਾਂ ''ਜਨੂਨ ਭਰੀ ਬੇਕਰਾਰੀ'' ਤੋਂ ਲੈ ਕੇ ''ਕ੍ਰੋਧ,'' ''ਰੋਹ'' ਅਤੇ ਇੱਥੋਂ ਤਕ ਕਿ ''ਕਹਿਰ'' ਤਕ ਵੀ ਹੈ।[86] ਇਹ ਮਨ ਜਾਂ ਸੁਭਾਅ ਦੀ ਹਾਲਤ ਨੂੰ ਵਿਖਾਉਂਦਾ ਹੈ। ਮੂਲ ਵਿਚ ਦੋਹਾਂ ਸ਼ਬਦਾਂ ਨੂੰ ਮਿਲਾਉਣ ਤੇ ਸ਼ਾਇਦ ਉਹ ''ਗੁੱਸਾ ਕਰਨ ਵਿਚ ਮੱਠਾ'' ਦਾ ਹੋਣ ਦਾ ਅਰਥ ਦਿੰਦੇ ਹਨ (ਵੇਖੋ ਕੂਚ 34:6; ਕਹਾਉਤਾਂ 19:11; LXX)। ਸਮਾਂ ਬੀਤਣ ਦੇ ਨਾਲ ਇਨ੍ਹਾਂ ਦਾ ਅਰਥ ਫ਼ਰਕ ਹੋ ਗਿਆ। ਬਾਉਰ ਦੇ ਸ਼ਬਦਕੋਸ਼ ਵਿਚ *makrothumia* (ਮੈਕ੍ਰੋਥੁਮੀਆ) ਦੀ ਪਰਿਭਾਸ਼ਾ ''ਜੇਰਾ, ਧੀਰਜ'' ਜਾਂ ''ਅਡੋਲਤਾ, ਸਹਿਨਸ਼ੀਲਤਾ'' ਦੇ ਰੂਪ ਵਿਚ ਹੈ।[87] ਇਹ ਸ਼ਬਦ ਲਮੇਂ ਸਮੇਂ ਤਕ ਜਦੋਂ ਉਡੀਕ ਕਰਨਾ ਔਖਾ ਹੋ ਜਾਵੇ ਅਤੇ ਧੀਰਜ ਜਵਾਬ ਦਵੇ, ਉਦੋਂ ਕਾਇਮ ਰਹਿਣ ਦਾ ਸੰਕੇਤ ਦਿੰਦਾ ਹੈ। KJV ਵਿਚ ''ਧੀਰਜਵਾਨ'' ਹੈ ਜਿਸ ਵਿਚ ਯੂਨਾਨੀ ਸ਼ਬਦ ਵਿਚ ਸਮਾਇਆ ਸਮੇਂ ਦਾ ਤੱਤ ਹੈ। ਧੀਰਜ ਇਕ ਆਤਮਿਕ ਫਲ ਹੈ ਜਿਸ ਤੋਂ ਖ਼ੁਦਾ ਖੁਸ਼ ਹੁੰਦਾ ਅਤੇ ਦੂਜਿਆਂ ਨੂੰ ਬਰਕਤ ਵੀ ਮਿਲਦੀ ਹੈ।[88] ਇਹ ਪਵਿੱਤਰ ਆਤਮਾ ਦਾ, ਖ਼ੁਦ ਖ਼ੁਦਾ ਦਾ ਅਤੇ ਪੁੱਤਰ ਯਿਸੂ ਮਸੀਹ ਦਾ ਗੁਣ ਹੈ।[89]

ਇਸ ਨਾਲ ਸਬੰਧਿਤ ਕਿਰਿਆ ਸ਼ਬਦ *makrothumeō* (ਮੈਕ੍ਰੋਥੁਮੀਆ) ''ਲੰਮੀ ਸੋਚ'' ਜਾਂ ''ਲੰਮਾ ਸੰਜਮ'' ਹੋਣ ਦਾ ਵਿਚਾਰ ਦਿੰਦਾ ਹੈ। ਇਹ ਕਿਸੇ ਚੀਜ਼ ਲਈ ਜਿਸ ਵਿਚ ਦਬਾਅ ਜਾਂ ਤਣਾਅ ਹੋਵੇ, ਉਡੀਕ ਕਰਦਿਆਂ ਵੀ ਸ਼ਾਂਤ ਰਹਿ ਕੇ ਸੰਜਮ ਰੱਖਣ ਵਾਲੀ ਮਨ ਦੀ ਅਵਸਥਾ ਨੂੰ ਵਿਖਾਉਂਦਾ ਹੈ। ਤਣਾਅ ਭਾਵੇਂ ਉਹ ਧਮਕੀ ਹੋਵੇ ਜਾਂ ਖ਼ਤਰਾ ਜਾਂ ਡੂੰਘੀ ਚਿੰਤਾ, ਇਸ ਯੋਗਤਾ ਨੂੰ ਪਰੀਖਿਆ ਵਿਚ ਪਾ ਦਿੰਦਾ ਹੈ। ਜਿਸ ਦੇ ਅੰਦਰ *makrothumia* (ਮੈਕ੍ਰੋਥੁਮੀਆ) ਹੈ ਉਹਦੇ ਵਿਚ ਆਮ ਪੱਧਰ ਤੋਂ ਵਧਕੇ ਬਰਦਾਸ਼ਤ ਕਰਨ ਲਈ ਭਾਵਨਾਤਮਕ ਸ਼ਕਤੀ ਅਤੇ ਸਥਿਰਤਾ ਹੈ (ਵੇਖੋ ਇਬਰਾਨੀਆਂ 6:13–15; ਯਾਕੂਬ 5:7, 8)।

ਨਵੇਂ ਨੇਮ ਵਿਚ ''ਧੀਰਜ'' ਲਈ ਦੋ ਹੋਰ ਸ਼ਬਦ ਸਮੂਹ ਮਿਲਦੇ ਹਨ। ਇਕ ''ਸਹਿਨਸ਼ੀਲਤਾ,'' ''ਰਹਿਮ'' ਜਾਂ ''ਬਰਦਾਸਤ'' ਦੀ ਧਾਰਣਾ ਦੇ ਨਾਲ *anochē* (ਅਨੋਖ) ਹੈ। ਨਵੇਂ ਨੇਮ ਵਿਚ ਇਹ ਸਿਰਫ਼ ਦੋ ਵਾਰ ਰੋਮੀਆਂ 2:4 ਅਤੇ 3:25 ਵਿਚ ਮਿਲਦਾ ਹੈ। ਦੋਵੇਂ ਥਾਂ, ਇਹ ਸ਼ਬਦ ਪਰਮੇਸ਼ੁਰ ਦੇ ਸੁਭਾਅ ਨੂੰ ਵਿਖਾਉਂਦੇ ਹਨ। ਪਰ ਇਸ ਦਾ ਕਿਰਿਆ ਰੂਪ *anechō* (ਅਨੇਖੋ) ਨਵੇਂ ਨੇਮ ਵਿਚ ਪੰਦਰਾਂ ਵਾਰ ਮਿਲਦਾ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਇਹ ਮਸੀਹੀ ਲੋਕਾਂ ਨਾਲ ਸਬੰਧਿਤ ਹੈ। ਇਸ ਤੋਂ ਭਾਵ ''ਸਹਿਣਾ,'' ''ਦੇ ਨਾਲ ਸਹਿਨਸ਼ੀਲ ਹੋਣਾ,'' ''ਸਾਥ ਦੇਣਾ,'' ''ਸਹਾਰਨਾ,'' ਜਾਂ ''ਬਰਦਾਸ਼ਤ ਕਰਨਾ'' ਹੈ।[90]

ਦੂਜੇ ਸ਼ਬਦ ਸਮੂਹ ਵਿਚ ਨਾਉਂ ਸ਼ਬਦ *hupomonē* (ਹੋਪੋਮੋਨ) ਸ਼ਾਮਿਲ ਹੈ। ਇਹ ਦੋ ਯੂਨਾਨੀ ਸ਼ਬਦਾਂ ਤੋਂ ਬਣਿਆ ਹੈ ਜਿਸ ਵਿਚ ਪੂਰਵਸਰਗ (*hupo*, ਹੂਪੋ ''ਦੇ ਅੰਦਰ,'' ''ਦੇ ਹੇਠਾਂ,'' ਜਾਂ

''ਤੋਂ ਹੇਠਾਂ'') ਅਤੇ ਕਿਰਿਆ ਸ਼ਬਦ (*menō*, ਮੇਨੋ ''ਟਿਕਣਾ'' ਜਾਂ ''ਠਹਿਰਣਾ'') ਹਨ। ਇਸ ਤੋਂ ਮਿਲਣ ਵਾਲਾ ਵਿਚਾਰ ਮੁਸ਼ਕਿਲ ਹਾਲਾਤ ਵਿਚ ''ਕਾਇਮ ਰਹਿਣਾ'' ਹੈ। ਮਿਥਹਾਸਕ ਵਿਅਕਤੀ ਐਟਲਸ ਦੇ ਆਪਣੇ ਮੋਢਿਆਂ ਤੇ ਦੁਨੀਆਂ ਦਾ ਬੇਹਿਸਾਬ ਭਾਰ ਚੁੱਕਣ ਵਾਂਗ ਇਹ ਸ਼ਬਦ ਭਾਰੀ ਬੋਝ ਸਹਿੰਦੇ ਹੋਏ ਦਬਾਅ ਦੇ ਅਧੀਨ ਖਲੋਤੇ ਰਹਿਣ, ਹੱਠ ਜਾਂ ਹਠੀ ਹੋਣ ਦੀ ਉਪਮਾ ਨੂੰ ਦਰਸਾਉਂਦਾ ਹੈ। ਇਸ ਨਾਲ ਮੇਲ ਖਾਂਦੇ ਕਿਰਿਆ ਸ਼ਬਦ *hupomenō* (ਹੁਪੋਮੇਨੋ) ਦਾ ਅਰਥ ਹੈ ''ਟਿਕੇ ਰਹਿਣਾ,'' ''ਫੈਲਾਉਣਾ,'' ''ਟਿਕਣਾ।''[91]

ਮਸੀਹੀ ਧੀਰਜ ਦੀ ਪ੍ਰੇਰਣਾ ਪ੍ਰੇਮ (1 ਕੁਰਿੰਥੀਆਂ 13:4) ਅਤੇ ਮਸੀਹ ਦੀ ਦੂਜੀ ਆਮਦ ਦੀ ਆਸ ਤੋਂ ਮਿਲਦੀ ਹੈ (1 ਥੱਸਲੁਨੀਕੀਆਂ 1:2, 3)। ਇਹ ਯਿਸੂ ਦੇ ਨਮੂਨੇ ਤੇ ਅਧਾਰਿਤ ਹੈ ਜਿਸ ਨੇ ''ਪਰਮੇਸ਼ੁਰ ਦੇ ਸਿੰਘਾਸਣ ਦੇ ਸੱਜੇ ਪਾਸੇ'' ਉੱਚਾ ਕੀਤੇ ਜਾਣ ਤੋਂ ਪਹਿਲਾਂ ਧੀਰਜ ਨਾਲ ਸਾਡੇ ਲਈ ''ਲਾਜ'' ਅਤੇ ''ਸਲੀਬ ਦਾ ਦੁੱਖ ਝੱਲਿਆ'' (ਇਬਰਾਨੀਆਂ 12:2)। ਇਬਰਾਨੀਆਂ ਦੇ ਲੇਖਕ ਨੇ ਆਪਣੇ ਪਾਠਕਾਂ ਨੂੰ ਸਮਝਾਇਆ ਕਿ ''ਤੁਸੀਂ ਉਹ ਨੂੰ ਸੋਚੋ ਜਿਹ ਨੇ ਆਪਣੇ ਉੱਤੇ ਪਾਪੀਆਂ ਦੀ ਐਡੀ ਲਾਗਬਾਜ਼ੀ ਸਹਿ ਲਈ ਭਈ ਨਾ ਹੋਵੇ ਜੋ ਤੁਸੀਂ ਅੱਕ ਕੇ ਆਪਣੇ ਜੀ ਵਿਚ ਢਿੱਲੇ ਪੈ ਜਾਓ'' (ਇਬਰਾਨੀਆਂ 12:3)। ਪੌਲੁਸ ਨੇ ਫੇਰ ਇਹ ਯਕੀਨ ਦੁਆਇਆ: ''ਜੇ ਸਹਾਰ ਲਈਏ ਤਾਂ ਉਹ ਦੇ ਨਾਲ ਰਾਜ ਭੀ ਕਰਾਂਗੇ'' (2 ਤਿਮੋਥਿਉਸ 2:12ੳ)।

5. ਗੁਣਾਂ ਦੀ ਸੂਚੀ ਵਿਚ ਅੱਗੇ **ਦਿਆਲਗੀ** (*chrēstotēs*, ਖ੍ਰਿਸਟੋਸ) ਹੈ ਜਿਸ ਦੀ ਪਰਿਭਾਸ਼ਾ ''ਇਮਾਨਦਾਰੀ,'' ''ਦਿਆਲਤਾ,'' ਅਤੇ ''ਖੁੱਲ੍ਹਦਿਲੀ'' ਵਜੋਂ ਵੀ ਦਿੱਤੀ ਜਾ ਸਕਦੀ ਹੈ।[92] ਇਹ ਨਾਉਂ ਸ਼ਬਦ ਨਵੇਂ ਨੇਮ ਵਿਚ ਸਿਰਫ਼ ਅੱਠ ਵਾਰ ਮਿਲਦਾ ਹੈ ਅਤੇ ਅੱਠੇ ਵਾਰ ਇਹ ਪੌਲੁਸ ਦੇ ਖਤਾਂ ਵਿਚ ਹੀ ਹੈ। ਇਨ੍ਹਾਂ ਵਿੱਚੋਂ ਚਾਰ ਖ਼ੁਦਾ ਦੇ ''ਰਹਿਮ'' ਨਾਲ ਸਬੰਧਿਤ ਹਨ ਜਿਸ ਨੇ ਮਨੁੱਖ ਜਾਤੀ ਲਈ ਤੌਬਾ ਅਤੇ ਮੁਕਤੀ ਦਾ ਰਾਹ ਖੋਲ੍ਹਿਆ ਹੈ।[93] ਹੋਰ ਚਾਰ ਉਸ ਖੂਬੀ ਨੂੰ ਦੱਸਦੇ ਹਨ ਜਿਹੜੇ ਖ਼ੁਦਾ ਦੀ ਨਕਲ ਕਰਦਿਆਂ ਮਸੀਹੀ ਲੋਕਾਂ ਅੰਦਰ ਹੋਣੀ ਚਾਹੀਦੀ ਹੈ।[94]

*Chrēstotēs* (ਖ੍ਰਿਸਟੋਟ) ਅਤੇ ਇਸ ਦੇ ਸਜਾਤੀ ਸ਼ਬਦ ਉਸ ਨਰਮ ਸੁਭਾਅ ਦਾ ਸੰਕੇਤ ਦਿੰਦੇ ਹਨ ਜਿਹੜਾ ਦੂਜਿਆਂ ਪ੍ਰਤੀ ਰਹਿਮ ਦਿਲ ਹੈ। ਦਿਲੋਂ ਚੰਗੇ ਹੋਣ ਕਰਕੇ ਮਸੀਹੀ ਲੋਕ ਲੋੜਵੰਦਾਂ ਦੇ ਪ੍ਰਤੀ ਉਦਾਰ ਅਤੇ ਉਨ੍ਹਾਂ ਦੀ ਮਦਦ ਕਰਨ ਵਾਲੇ ਹੋਣੇ ਚਾਹੀਦੇ ਹਨ। ਕੈਸਲਸ ਸਪਿੱਕ ਨੇ ਲਿਖਿਆ, ''ਮਸੀਹੀ ਵਿਅਕਤੀ ਹਮੇਸ਼ਾ ਮਨਭਾਉਂਦੇ ਤਰੀਕੇ ਨਾਲ, ਉਹ ਵੀ ਮੁਸਕੁਰਾਉਂਦਿਆਂ ਹੋਇਆਂ, ਉਪਯੋਗੀ, ਮਹੱਤਵਪੂਰਣ, ਸਹਾਇਕ, ਪਰੋਪਕਾਰ ਕਰਨ ਵਾਲਾ ਬਣਨ ਦੀ ਚਾਹ ਵਿਚ, ਭਾਈਚਾਰੇ ਦੇ ਸਬੰਧਾਂ ਵਿਚ ਨਾਜ਼ੁਕ ਅਤੇ ਉਦਾਰ ਦੋਵੇਂ ਹੈ।''[95]

1 ਕੁਰਿੰਥੀਆਂ 13:4 ਵਿਚ ''ਪ੍ਰੇਮ'' ਦੀ ਪੌਲੁਸ ਦੀ ਪਰਿਭਾਸ਼ਾ ਵਿਚ ਧੀਰਜ ਦੇ ਨਾਲ ਨਾਲ ਕਿਰਪਾਲੂ ਹੋਦਾ ਵੀ ਚਾਹੀਦਾ ਹੈ। ਇਕ ਹੋਰ ਥਾਂ ਉਸ ਨੇ ਲਿਖਿਆ, ''ਸੋ ਤੁਸੀਂ ਪਰਮੇਸ਼ੁਰ ਦਿਆਂ ਚੁਣਿਆਂ ਹੋਇਆ ਵਾਂਙੁ ਜਿਹੜੇ ਪਵਿੱਤਰ ਅਤੇ ਪਿਆਰੇ ਹਨ ਰਹਿਮਦਿਲੀ, ਦਿਆਲਗੀ, ਅਧੀਨਗੀ, ਨਰਮਾਈ ਅਤੇ ਧੀਰਜ ਨੂੰ ਪਹਿਨ ਲਓ'' (ਕੁਲੁੱਸੀਆਂ 3:12)।

6. ''ਦਿਆਲਗੀ'' (*chrēstotēs*) ਦੇ ਬਾਅਦ **ਭਲਿਆਈ** *agathōsunē* (ਅਗਾਥੋਸੁਨ) ਆਉਂਦਾ ਹੈ। ਇਨ੍ਹਾਂ ਦੋਹਾਂ ਸ਼ਬਦਾਂ ਵਿਚਕਾਰ ਕੀ ਫ਼ਰਕ ਹੈ? ਇਸ ਸਵਾਲ ਦਾ ਜਵਾਬ ਮੁਸ਼ਕਿਲ ਹੈ? ਕਿਉਂ ਜੋ ਯੂਨਾਨੀ ਦੇ ਪੁਰਾਤਨ ਸਾਹਿਤ ਵਿਚ *agathōsunē* ਨਹੀਂ ਮਿਲਦਾ ਜੋ ਕਿ ਆਮ ਤੌਰ ਤੇ ਸ਼ਬਦਾਂ ਦੇ ਅਰਥ ਤੈਅ ਕਰਨ ਲਈ ਵਰਤਿਆ ਜਾਂਦਾ ਹੈ।[96]

*Agathōsunē* ਨਵੇਂ ਨੇਮ ਵਿਚ ਸਿਰਫ਼ ਚਾਰ ਵਾਰ ਮਿਲਦਾ ਹੈ ਅਤੇ ਚਾਰੋਂ ਵਾਰ ਪੌਲੁਸ ਦੇ ਲੇਖਾਂ ਵਿਚ ਹੈ। ਪਹਿਲਾਂ ਇਹ ਇਥੇ ਆਤਮਾ ਦੇ ਫਲ ਦੇ ਭਾਗ ਵਿਚ ਮਿਲਦਾ ਹੈ। ਰਸੂਲ ਨੇ ਵੇਖਿਆ ਕਿ ਰੋਮ ਦੇ ਭਾਈ ''ਭਲਿਆਈ ਨਾਲ ਪੂਰੇ ਅਤੇ ਸਾਰੇ ਗਿਆਨ ਨਾਲ ਭਰੇ ਹੋਏ *[ਸਨ]* ਅਰ ਇਕ

ਦੂਏ ਨੂੰ ਸਿਖਾ ਸਕਦੇ'' ਸਨ (ਰੋਮੀਆਂ 15:14)। ਅਫ਼ਸੀਆਂ 5:9 ਵਿਚ ''ਭਲਿਆਈ'' ਨੂੰ ''ਚਾਨਣ ਦਾ ਫਲ'' ਦੀ ਸੂਚੀ ਵਿਚ ਰੱਖਿਆ ਗਿਆ। 2 ਥੱਸਲੁਨੀਕੀਆਂ 1:11 ਵਿਚ ਪੌਲੁਸ ਦੀ ਦੁਆ ਸੀ ਕਿ ਖ਼ੁਦਾ ''ਭਾਈਆਂ ਨੂੰ ਉਨ੍ਹਾਂ ਦੇ ਸੱਦੇ ਜਾਣ ਦੇ ਯੋਗ ਸਮਝੇ ਅਤੇ ਨੇਕੀ ਦੀ ਸਾਰੀ ਭਾਵਨਾਂ ਨੂੰ ਅਤੇ ਨਿਹਚਾ ਦੇ ਕੰਮ ਨੂੰ ਸਮਰੱਥਾ ਨਾਲ ਪੂਰਿਆਂ ਕਰੇ।''

*Agathōsunē* ਸ਼ਬਦ ਨਵੇਂ ਨੇਮ ਵਿਚ ਭਾਵੇਂ ਬਹੁਤ ਘੱਟ ਮਿਲਦਾ ਹੈ ਪਰ ਸਪਤਤੀ (LXX) ਵਿਚ ਕਈ ਵਾਰ ਵਰਤਿਆ ਗਿਆ ਹੈ ਜਿੱਥੇ ਇਹ ਇਬਰਾਨੀ ਸ਼ਬਦ (*tob*) ਅਤੇ ਆਪਣੇ ਸਜਾਤੀ ਸ਼ਬਦ ਦਾ ਅਨੁਵਾਦ ਹੈ। ਇਨ੍ਹਾਂ ਸ਼ਬਦਾਂ ਦਾ ਸਬੰਧ ਉਸ ਨਾਲ ਹੈ ਜਿਸ ਜੋ ''ਮਨੋਹਰ,'' ''ਮਨਪਸੰਦ'' ਹੈ।[97] ਸਬੰਧਿਤ ਵਿਸ਼ੇਸ਼ਣ ਸ਼ਬਦ (*agathos*, ਅਗਾਥੋਸ, ''ਭਲਾ'') ਨਵੇਂ ਨੇਮ ਦੇ ਅਤੇ ਸਪਤਤੀ (LXX) ਦੋਹਾਂ ਵਿਚ ਮਿਲਦਾ ਹੈ।

ਭਲਿਆਈ ਦੇ ਨਿਰਾਲੇ ਗੁਣ ਨੂੰ ਸਮਝਾਉਣ ਦੀ ਕੋਸ਼ਿਸ਼ ਵਿਚ ਲਾਈਟਫੁਟ ਨੇ ਆਖਿਆ ਕਿ *chrēstotēs* (ਕ੍ਰਿਸਟੋਟਸ) ਰਹਿਮ ਦਿਲ ਸੁਭਾਅ ਹੈ। ਜਦ ਕਿ ਅਗੋਥੋਸੁਨ ''ਕਿਰਿਆਸ਼ੀਲ ਨਿਅਮ ਹੈ।''[98] ਦੂਜੇ ਸ਼ਬਦਾਂ ਵਿਚ ''ਦਿਆਲਗੀ'' ਅੰਦਰੂਨੀ, ਪਰੋਪਕਾਰੀ ਗੁਣ ਹੈ ਜੋ ਆਪਣੇ ਗੁਆਂਢੀ ਦੀ ਭਲਿਆਈ ਚਾਹੁੰਦਾ ਹੈ, ਜਦ ਕਿ ''ਭਲਿਆਈ'' ਆਪਣੇ ਗੁਆਂਢੀ ਦੀ ਬੇਹਤਰੀ ਲਈ ਅਖ਼ੀਰ ਵਿਚ ਕੀਤਾ ਜਾਣ ਵਾਲਾ *ਬਾਹਰੀ ਇਜ਼ਹਾਰ* ਹੈ ਭਾਵੇਂ ਇਹ ਦਿਆਲਗੀ ਲੱਗੇ ਜਾਂ ਨਾ।'' ਬੇਸ਼ੱਕ ਕੋਈ ਇਸ ਫ਼ਰਕ ਉੱਤੇ ਸਵਾਲ ਕਰ ਸਕਦਾ ਹੈ। ਟ੍ਰੈਂਚ ਵੱਲੋਂ ਇਸ ਨੂੰ ਬੜੀ ਚੰਗੀ ਤਰ੍ਹਾਂ ਨਾਲ ਸਮਝਾਇਆ ਗਿਆ ਸੀ ਜਿਸ ਨੇ ਲਿਖਿਆ ਹੈ, ''ਕੋਈ ਕਿਸੇ ਨੂੰ ਝਿੜਕ ਕੇ, ਸੁਧਾਰ ਕੇ, ਤਾੜਨਾ ਦੇ ਕੇ, ਭਲਿਆਈ ਅਤੇ ਸਚਿਆਈ ਲਈ ਆਪਣੇ ਜੋਸ਼ ਭਾਵ ਆਪਣੇ *[agathōsunē*, ਅਗਾਥੋਸੁਨ*]* ਨੂੰ ਵਿਖਾ ਸਕਦਾ ਹੈ।'' ਉਸ ਨੇ ਮਸੀਹ ਦੇ ਹੈਕਲ ਵਿੱਚੋਂ ਕਰੋਬਾਰੀਆਂ ਨੂੰ ਕੱਢਣ ਦੀ ਗੱਲ ਕੀਤੀ (ਮੱਤੀ 21:12, 13) ਅਤੇ ਬਾਅਦ ਵਿਚ ਗ੍ਰੰਥੀਆਂ ਅਤੇ ਫ਼ਰੀਸੀਆਂ ਨੂੰ ਝਿੜਕਣ ਦੀ ਗੱਲ ਕੀਤੀ (ਮੱਤੀ 23)। ਪਰ ਇਸ ਧਰਮੀ ਨਰਾਜਗੀ ਦੇ ਕੰਮਾਂ ਨੂੰ *chrestōtēs* (ਕ੍ਰਿਸਟੋਟਸ) ਵਜੋਂ ਨਹੀਂ ਬਿਆਨਿਆ ਜਾਵੇਗਾ। ਇਸ ਦੇ ਉਲਟ ਯਿਸੂ ਦੇ ਤੌਬਾ ਕਰਨ ਵਾਲੀ ਔਰਤ ਨੂੰ ਰਹਿਮਦਿਲੀ ਨਾਲ ਕਬੂਲਣ ਲਈ ਵਿਖਾਇਆ ਗਿਆ ਸੀ (ਲੂਕਾ 7:37–50)।[99] ਟ੍ਰੈਂਚ ਨੇ ਕਿਸੇ ਵੀ ਤਰ੍ਹਾਂ ਨਾਲ ''ਭਲਿਆਈ ਨੂੰ ਜਿਸ ਦਾ ਕੋਈ ਸਿਰਾ ਨਾ ਹੋਵੇ, ਜਿਸ ਦਾ ਕੋਈ ਤਿੱਖਾਪਣ ਨਾਲ ਹੋਵੇ, ਜਿਸ ਵਿਚ ਪਾਪ ਦੇ ਵਿਰੁੱਧ ਕੋਈ ਧਰਮੀ ਨਰਾਜ਼ਗੀ ਨਾ ਹੋਵੇ, ਇਸ ਨੂੰ ਸਜ਼ਾ ਦੇਣ ਦੀ ਕੋਈ ਇੱਛਾ ਨਾ ਹੋਵੇ'' ਕਿਸੇ ਤਰ੍ਹਾਂ ਇਜਾਜ਼ਤ ਨਹੀਂ ਦਿੱਤੀ।[100] ''ਭਲਿਆਈ'' ਉਸ ਦੇ ਰਾਹੀਂ ਤੈਅ ਹੁੰਦੀ ਹੈ ਜਿਸ ਨੂੰ ਖ਼ੁਦਾ ਚੰਗਾ ਮੰਨਦਾ ਹੈ।

7. ਆਤਮਾ ਦੇ ਫਲ ਵਿੱਚ ਅੱਗੇ **ਵਫ਼ਾਦਾਰੀ** (*pistis*, ਪਿਸਟਿਸ) ਆਉਂਦੀ ਹੈ। ਨਵੇਂ ਨੇਮ ਵਿਚ ਆਮ ਵਰਤੋਂ ਵਿਚ ਇਸ ਸ਼ਬਦ ਦਾ ਅਰਥ ਸਿਰਫ਼ ''ਨਿਹਚਾ'' ''ਵਿਸ਼ਵਾਸ'' ਜਾਂ ''ਭਰੋਸਾ'' ਹੈ। ਪਰ ਕਈ ਥਾਂ ਇਹ ਉਸ ਅਰਥ ਵਿਚ ਮਿਲਦਾ ਹੈ ਜਿਸ ਤੋਂ ਭਰੋਸਾ ਹੁੰਦਾ ਹੈ ਭਾਵ ''ਵਫ਼ਾਦਾਰੀ'' ਅਤੇ ''ਭਰੋਸੇਯੋਗਤਾ।'' ਇਹ ਅਰਥ ਸਪਤਤੀ ਅਨੁਵਾਦ (LXX) ਤੋਂ ਪ੍ਰਭਾਵਿਤ ਹੈ ਜਿਸ ਦਾ ਇਬਰਾਨੀ ਸ਼ਬਦ ਦਾ ਅਰਥ *ʾemunah* (ਇਮੁਨਾਹ) ਦਾ ਅਨੁਵਾਦ ਕਰਨ ਲਈ *pistis* ਵਰਤਿਆ ਗਿਆ ਹੈ। ਜ਼ਬੂਰਾਂ 36:5ਅ ਵਿਚ ਇਹੀ ਗੱਲ ਹੈ ਜੋ ਖ਼ੁਦਾ ਲਈ ਕਹਿੰਦਾ ਹੈ ''ਤੇਰੀ ਵਫ਼ਾਦਾਰੀ ਬੱਦਲਾਂ ਤੀਕ ਹੈ।'' ਇਸੇ ਤਰ੍ਹਾਂ ਨਾਲ ਕਹਾਉਤਾਂ 12:22 ਕਹਿੰਦਾ ਹੈ, ''ਝੂਠੇ ਬੁੱਲ੍ਹ ਯਹੋਵਾਹ ਲਈ ਘਿਣਾਉਣੇ, ਪਰ ਜੋ ਵਫ਼ਾਦਾਰੀ ਨਾਲ ਕੰਮ ਕਰਦੇ ਹਨ ਉਹ ਉਸ ਨੂੰ ਪਸੰਦ ਹਨ'' (NRSV)।

ਹੋਰ ਬਹੁਤ ਸਾਰੇ ਹਵਾਲਿਆਂ ਦੇ ਨਾਲ ਨਾਲ ਜ਼ਬੂਰ 36:5 ਇਹ ਜ਼ੋਰ ਦਿੰਦਾ ਹੈ ਕਿ ਅਸੀਂ ਖ਼ੁਦਾ ਉੱਤੇ ਹਮੇਸ਼ਾ ਭਰੋਸਾ ਕਰ ਸਕਦੇ ਹਾਂ। ਉਹ ''ਝੂਠ ਬੋਲ ਨਹੀਂ ਸਕਦਾ'' (ਤੀਤੁਸ 1:2)। ਉਸ ਦਾ ਵਚਨ ਪੂਰੀ ਤਰ੍ਹਾਂ ਨਾਲ ਭਰੋਸੇ ਦੇ ਯੋਗ ਹੈ; ਅਸੀਂ ਉਸ ਦੀ ਕਿਸੇ ਵੀ ਕਹੀ ਗੱਲ ਨੂੰ ਸੱਚ ਮੰਨ ਸਕਦੇ ਹਾਂ। ਖ਼ੁਦਾ ਝੂਠ ਬੋਲਣ ਤੋਂ ਨਫ਼ਰਤ ਕਰਦਾ ਹੈ, ਪਰ ਸਚਿਆਈ ਲਈ ਸਮਰਪਤ ਲੋਕਾਂ ਤੋਂ ਅਤੇ ਜਿਨ੍ਹਾਂ

ਦੀਆਂ ਗੱਲਾਂ ਭਰੋਸੇ ਦੇ ਯੋਗ ਹੁੰਦੀਆਂ ਹਨ ਉਨ੍ਹਾਂ ਤੋਂ ਅਨੰਦਿਤ ਹੁੰਦਾ ਹੈ। ਕਹਾਉਤਾਂ 12:22 ਵਿਚ ਸਭ ਝੂਠਿਆਂ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਜਦ ਤਕ ਉਹ ਤੌਬਾ ਨਹੀਂ ਕਰਦੇ ਉਦੋਂ ਤਕ ਸਜ਼ਾ ਅਤੇ ਨਿਆਂ ਦਾ ਹੋਣਾ ਪੱਕਾ ਹੈ। ਜਦ ਕਿ ਈਮਾਨਦਾਰ ਅਤੇ ਵਫ਼ਾਦਾਰ ਲੋਕ ਇਸ ਤੱਥ ਵਿਚ ਸ਼ਾਂਤੀ ਪਾ ਸਕਦੇ ਹਨ ਕਿ ਖ਼ੁਦਾ ਉਨ੍ਹਾਂ ਉੱਤੇ ਖੁਸ਼ੀ ਨਾਲ ਮੁਸਕੁਰਾਉਂਦਾ ਹੈ।

*ਪਿਸਟਿਸ* ਦੇ ਕਈ ਅਰਥ ਹਨ, ਜਿਵੇਂ ਕਿ ਗ੍ਰੀਕ ਲੈਕਸਿਕਨ ਅਤੇ ਬਾਈਬਲ ਦੇ ਅੰਗ੍ਰੇਜ਼ੀ ਸੰਸਕਰਣਾਂ ਵਿਚ ਮਿਲਦਾ ਹੈ। ਇਨ੍ਹਾਂ ਪਰਿਭਾਸ਼ਾਵਾਂ ਵਿਚ ''ਨਿਹਚਾ,'' ''ਯਕੀਨ,'' ''ਭਰੋਸਾ,'' ''ਨਿਸ਼ਠਾ,'' ''ਨਿਹਚਾ ਜਾਂ ਪਰਤੀਤ (ਇੰਜੀਲ),'' ''ਡਾਕਟ੍ਰਿਨ ਜਾਂ ਸਿੱਖਿਆ,'' ''ਭਰੋਸਾ,'' ''ਸਬੂਤ,'' ''ਯਕੀਨ,'' ''ਵਫ਼ਾਦਾਰੀ,'' ਅਤੇ ''ਨਿਸ਼ਠਾ ਦਾ ਵਾਅਦਾ'' ਸ਼ਾਮਿਲ ਹਨ। ਕਈ ਸੰਭਾਵਿਤ ਅਰਥਾਂ ਦੇ ਬਾਵਜੂਦ 5:22 ਵਿਚ ਗੁਣਾਂ ਦੀ ਪੌਲੁਸ ਦੀ ਸੂਚੀ ਦੇ ਸੰਦਰਭ ਵਿਚ ਮੇਲ ਖਾਣ ਵਾਲਾ ਇੱਕੋ ਸ਼ਬਦ ''ਵਫ਼ਾਦਾਰੀ'' ਹੈ।

ਪਿਸਟਿਸ ਨੂੰ ਮਸੀਹੀ ਵਿਹਾਰ ਦੇ ਸਦਾਚਾਰੀ ਅਦੇ ਨਸਲੀ ਪਹਿਲੂ ਦੇ ਰੂਪ ਵਿਚ ਸਮਝਿਆ ਜਾਣਾ ਚਾਹੀਦਾ ਹੈ। ਇਹ ਉਸ ਦੇ ਸੁਭਾਅ ਦਾ ਹਿੱਸਾ ਹੈ ਕਿਉਂ ਜੋ ਉਹ ਉਹ ਵਿਅਕਤੀ ਜਿਸ ਨੇ ਨਿਹਚਾ ਅਤੇ ਖੁਦਾ ਦੇ ਹੁਕਮ ਮੰਨਣ ਵਿਚ ਆਪਣੇ ਆਪ ਨੂੰ ਦੇਣ ਨਾਲ ਪਵਿੱਤਰਤਾਈ ਦੇ ਆਤਮਾ ਦੇ ਵਾਸ ਦੀ ਬਰਕਤ ਪਾਈ ਹੈ। ਜਿਸ ਦਾ ਵਾਅਦਾ ਪਰਮੇਸ਼ੁਰ ਨੇ ਨਿਹਚਾ ਕਰਨ ਵਾਲੇ ਨੂੰ ਦਿੱਤਾ ਹੈ (ਰਸੂਲਾਂ ਦੇ ਕਰਤੱਬ 2:38, 39; 5:30–32)। ਆਤਮਾ ਦੇ ਫਲ ਦੇ ਹੋਰ ਸਾਰੇ ਸ਼ਬਦਾਂ ਵਾਂਗ ''ਵਫ਼ਾਦਾਰੀ'' ਖ਼ੁਦਾ ਵੱਲੋਂ ਦਿੱਤਾ ਗਿਆ ਆਤਮਾ ਦਾ ਦਾਨ ਹੈ। ਗੁਣ ਦੇ ਰੂਪ ਵਿਚ ਪਿਸਟਿਸ ਨੂੰ ਆਮ ਤੌਰ ਤੇ ਅਜਿਹੇ ਹੀ ਸੁਭਾਅ ਵਾਲੇ ਹੋਰਨਾਂ ਸ਼ਬਦਾਂ ਨਾਲ ਜੋੜਿਆ ਜਾਂਦਾ ਹੈ,[101] *ਖ਼ਾਸ ਕਰਕੇ ਅਗਾਪੇ ਸ਼ਬਦ ਨਾਲ*।[102]

8. ''ਵਫ਼ਾਦਾਰੀ'' ਦੇ ਬਾਅਦ ਅਗਲਾ ਗੁਣ **ਨਰਮਾਈ** (5:23; *prautēs*, ਪਰਾਉਟੇਸ) ਹੈ। ਅੰਗ੍ਰੇਜ਼ੀ ਦੇ ਜ਼ਿਆਦਾਤਰ ਅਨੁਵਾਦਾਂ ਵਿਚ ਜਿੱਥੇ ਇਹਦੇ ਲਈ ''*gentleness*'' (ਸਾਊਪੁਣਾ) ਹੈ ਉੱਥੇ ਹੀ ਹੋਰਨਾਂ ਸੰਭਾਵਿਤ ਅਨੁਵਾਦਾਂ ਵਿਚ *humility* ''ਹਲੀਮੀ'' (GNT) ਅਤੇ ''*meekness*'' (ਨਿਮਰਤਾ) (KJV; ASV) ਸ਼ਾਮਿਲ ਹਨ। ਇਨ੍ਹਾਂ ਅਨੁਵਾਦਾਂ ਵਿਚ ਭਾਵੇਂ *prautēs* ਸ਼ਬਦ ਦਾ ਕੁਝ ਪਹਿਲੂ ਸ਼ਬਦ ਮਿਲਦਾ ਹੈ, ਪਰ ਇਸ ਦੇ ਪੁਰਾਣੇ ਅਤੇ ਵਧੇਰੇ ਪਸੰਦੀਦਾ ਸੰਕੇਤਾਂ ਵਿਚ ''ਨਿਮਰਤਾ'' ਹੀ ਹੈ।

ਸਮਾਂ ਬੀਤਣ ਦੇ ਨਾਲ ਭਾਸ਼ਾਵਾਂ ਵਿਚ ਤਬਦੀਲੀ ਹੁੰਦੀ ਹੈ ਅਤੇ ਸ਼ਬਦਾਂ ਦੇ ਅਰਥ ਬਦਲ ਜਾਂਦੇ ਹਨ ਅਤੇ ਉਨ੍ਹਾਂ ਦੇ ਪਹਿਲਾਂ ਵਾਲੇ ਕੁਝ ਪਹਿਲੂ ਗਾਇਬ ਹੋ ਜਾਂਦੇ ਹਨ। ਅਫ਼ਸੋਸ ਦੀ ਗੱਲ ਹੈ ਕਿ ਨਿਮਰਤਾ ਲਈ ਅੰਗ੍ਰੇਜ਼ੀ ਸ਼ਬਦ *meekness* ਹੌਲੀ ਹੌਲੀ *weekness* ਭਾਵ ਕਮਜ਼ੋਰੀ ਦੀ ਧਾਰਣਾ ਨਾਲ ਜੁੜ ਗਿਆ ਜੋ ਕਿ *prautēs* ਤੋਂ ਬਿਲਕੁਲ ਫ਼ਰਕ ਵਿਚਾਰ ਹੈ। ਅੱਜ ਜਦ ਦੁਨਿਆਵੀ ਲੋਕ ਕਿਸੇ ਬਾਰੇ ਸੁਣਦੇ ਹਨ ਕਿ ਉਹ ''ਹਲੀਮ'' (*meek*) ਹੈ ਤਾਂ ਉਨ੍ਹਾਂ ਦੇ ਦਿਮਾਗ ਵਿਚ ਇਕ ਬੁਜ਼ਦਿਲ, ਸ਼ਰਮੀਲਾ ਅਤੇ ਡਰਪੋਕ ਸੁਭਾਅ ਵਾਲਾ ਆਦਮੀ ਹੁੰਦਾ ਹੈ। ਇਸ ਕਰਕੇ ਅਸੀਂ ਇਸ ਗੱਲ ਨੂੰ ਸਮਝ ਸਕਦੇ ਹਾਂ ਕਿ ਬਾਈਬਲ ਦੇ ਆਧੁਨਿਕ ਅਨੁਵਾਦਕਾਂ ਨੇ ਇਸ ਸ਼ਬਦ ਨੂੰ ਟਾਲਣ ਦਾ ਫ਼ੈਸਲਾ ਕਿਉਂ ਲਿਆ। KJV ਵਾਲੀ ਬਾਈਬਲ ਪੜ੍ਹਦਿਆਂ ਵੱਡੇ ਹੋਣ ਵਾਲੇ ਲੋਕ *meekness* ਸ਼ਬਦ ਤੋਂ ਵਾਕਫ਼ ਹਨ ਜੋ ਮੂਲ ਯੂਨਾਨੀ ਸ਼ਬਦ *prautēs* ਵਿਚ ਪਾਏ ਜਾਣ ਵਾਲੇ ਮੁੱਖ ਵਿਚਾਰ ਨੂੰ ਬਿਲਕੁਲ ਸਾਫ਼ ਵਿਖਾਉਂਦਾ ਹੈ। ਇਸ ਸ਼ਬਦ ਦਾ ਖ਼ਾਸ ਮਹੱਤਵ ਸਿਰਫ਼ ਹਲੀਮੀ ਹੀ ਨਹੀਂ ਬਲਕਿ ਵਿਰੋਧ ਜਾਂ ਦਬਾਅ ਦਾ ਸਾਹਮਣਾ ਕਰਦੇ ਹੋਏ ਹਲੀਮ ਹੋਣਾ ਹੈ।

ਇਸ ਗੁਣ ਦੀ ਬੇਹਤਰੀਨ ਉਦਾਹਰਣ ਮੂਸਾ ਹੈ ਕਿਉਂ ਜੋ ਉਸ ਨੂੰ ''ਕਿਸੇ ਵੀ ਹੋਰ ਆਦਮੀ ਨਾਲੋਂ ਜਿਹੜੇ ਧਰਤੀ ਉੱਤੇ ਸੀ ਬਹੁਤ ਹਲੀਮ *[*'ਨਿਮਰ'; KJV; ASV*]*'' ਦੱਸਿਆ ਗਿਆ ਹੈ

(ਗਿਣਤੀ 12:3)। ਇਸ ਵੇਰਵੇ ਦੇ ਅਰਥ ਨੂੰ ਪੂਰੀ ਤਰ੍ਹਾਂ ਨਾਲ ਸਮਝਣ ਲਈ ਸਾਨੂੰ ਸੰਦਰਭ ਨੂੰ ਵੇਖਣਾ ਪਵੇਗਾ। ''ਕੂਸ਼ੀ ਤੀਂਵੀਂ'' ਜਿਹਦੇ ਨਾਲ ਉਹਨੇ ਕਈ ਸਾਲ ਪਹਿਲਾਂ ਵਿਆਹ ਕੀਤਾ ਸੀ, ਦੇ ਕਰਕੇ ਮੂਸਾ ਦੀ ਭੈਣ ਮਰੀਅਮ ਅਤੇ ਉਹਦਾ ਭਰਾ ਹਾਰੂਨ ਉਹਦੇ ਖ਼ਿਲਾਫ਼ ਖਲੋ ਕੇ ਉਹਦੀ ਅਲੋਚਨਾ ਕਰਨ ਲੱਗੇ। ਇਸ ਤੋਂ ਛੁੱਟ ਮਰੀਅਮ ਅਤੇ ਹਾਰੂਨ ਇਹ ਦਾਅਵਾ ਕਰ ਰਹੇ ਸਨ ਕਿ ਖ਼ੁਦਾ ਨੇ ਉਨ੍ਹਾਂ ਦੇ ਰਾਹੀਂ ਵੀ ਗੱਲ ਕੀਤੀ ਸੀ, ਇਸ ਕਰਕੇ ਉਹ ਵੀ ਉਹਦੇ ਵਰਗੇ ਹੀ ਹਨ ਅਤੇ ਮੂਸਾ ਆਪਣੇ ਆਪ ਨੂੰ ਉਨ੍ਹਾਂ ਨਾਲੋਂ ਉੱਚਾ ਕਰਨ ਦਾ ਦੋਸ਼ੀ ਹੈ (ਵੇਖੋ ਗਿਣਤੀ 12:1, 2)। ਬਾਈਬਲ ਵਿਚ ਆਪਣੇ ਬਚਾਅ ਵਿਚ ਮੂਸਾ ਦੇ ਜਵਾਬ ਬਾਰੇ ਕੁਝ ਨਹੀਂ ਕਿਹਾ ਗਿਆ, ਪਰ ਖ਼ੁਦਾ ਬੱਦਲ ਦੇ ਉਸ ਖੰਭੇ ਦੇ ਰੂਪ ਵਿਚ ਹੇਠਾਂ ਉੱਤਰਿਆ (ਉਸ ਦੀ ਹਜ਼ੂਰੀ ਦਾ ''ਸ਼ਿਕਾਇਨਾ ਜਲਾਲ'') ਅਤੇ ਨਿੱਜੀ ਤੌਰ ਤੇ ਮਰੀਅਮ ਨੂੰ ਕੋੜ੍ਹ ਨਾਲ ਸਜ਼ਾ ਦੇ ਕੇ, ਮੂਸਾ ਦਾ ਬਚਾਅ ਕੀਤਾ (ਗਿਣਤੀ 12:4–10)। ਇਸ ਤੋਂ ਬਾਅਦ ਆਪਣੀ ਹਲੀਮੀ ਦੇ ਹੋਰ ਸਬੂਤ ਵਜੋਂ ਮੂਸਾ ਨੇ ਆਪਣੀ ਭੈਣ ਅਤੇ ਹਾਰੂਨ ਦੀ ਤਰਫ਼ੋਂ ਯਹੋਵਾਹ ਤੋਂ ਉਸ ਨੂੰ ਮਾਫ਼ ਕਰ ਦੇਣ ਅਤੇ ਚੰਗਾ ਕਰ ਦੇਣ ਦੀ ਬੇਨਤੀ ਕੀਤੀ। ਖ਼ੁਦਾ ਨੇ ਮਰੀਅਮ ਨੂੰ ਸ਼ਰੇਆਮ ਸ਼ਰਮਿੰਦਾ ਕਰਨ ਦੇ ਬਾਅਦ ਮੂਸਾ ਦੀਆਂ ਬੇਨਤੀਆਂ ਦਾ ਜਵਾਬ ਕਿਰਪਾ ਭਰੇ ਢੰਗ ਨਾਲ ਦਿੱਤਾ (ਗਿਣਤੀ 12:11–15)।

ਹਲੀਮੀ ਦੇ ਗੁਣ ਨੂੰ ਮੂਸਾ ਦੇ ਰਾਹੀਂ ਹੋਰਨਾਂ ਮੌਕਿਆਂ ਤੇ ਵਿਖਾਇਆ। ਉਦਾਹਰਣ ਲਈ ਜਦ ਖ਼ੁਦਾ ਇਸਰਾਏਲੀਆਂ ਦੇ ਹੁਕਮ ਨਾ ਮੰਨਣ ਅਤੇ ਬੇਪਰਤੀਤੀ ਦੇ ਕਾਰਣ ਕ੍ਰੋਧ ਵਿਚ ਆਇਆ ਤਾਂ ਉਸ ਨੇ ਉਨ੍ਹਾਂ ਸਾਰਿਆਂ ਨੂੰ ਬਰਬਾਦ ਕਰਕੇ ਮੂਸਾ ਤੋਂ ਇਕ ਵੱਡੀ ਕੌਮ ਬਣਾਉਣ ਦੀ ਪੇਸ਼ਕਸ਼ ਰੱਖੀ। ਮੂਸਾ, ਭਾਵੇਂ ਉਹਦੇ ਉੱਤੇ ਇਕ ਵਾਰ ਫੇਰ ਤੋਂ ਹਮਲਾ ਹੋਇਆ ਸੀ, ਖ਼ੁਦਾ ਅੱਗੇ ਰਹਿਮ ਦੀ ਬੇਨਤੀ ਕਰਨ ਲੱਗਾ। ਉਸ ਨੇ ਢੀਠ ਲੋਕਾਂ ਦੀ ਤਰਫ਼ੋਂ ਖ਼ੁਦਾ ਦੇ ਸਾਹਮਣੇ ਆਪਣੀ ਜਾਨ ਦੇਣ ਦੀ ਪੇਸ਼ਕਸ਼ ਕਰ ਦਿੱਤੀ। ਸ਼ਾਇਦ ਇੱਥੇ ਹੀ ਮੂਸਾ ਆਪਣੇ ਭਰਾਵਾਂ ਲਈ ਆਪਣੀ ਜਾਨ ਦੇਣ ਲਈ ਤਿਆਰ ਮੁਕਤੀਦਾਤੇ ਦੇ ਰੂਪ ਵਿਚ ਸਭ ਤੋਂ ਨਿਰਾਲੇ ਢੰਗ ਨਾਲ ਯਿਸੂ ਦੀ ਝਲਕ ਮੰਨਿਆ ਜਾਂਦਾ ਸੀ (ਕੂਚ 32:6–14, 31, 32; ਵੇਖੋ ਵਿਵਸਥਾ ਸਾਰ 18:15–19)।

ਨਵੇਂ ਨੇਮ ਵਿਚ ਇਸ ਨਾਲ ਸਬੰਧਿਤ ਸ਼ਬਦ ''ਹਲੀਮ'' (*praus*) ਯਿਸੂ ਦੇ ਸਬੰਧ ਵਿਚ ਵਰਤਿਆ ਗਿਆ ਹੈ। ਪਹਾੜੀ ਉਪਦੇਸ਼ ਦਿੰਦਿਆਂ, ਉਸ ਨੇ ਆਖਿਆ, ''ਧੰਨ ਉਹ ਜਿਹੜੇ ਹਲੀਮ ਹਨ ਕਿਉਂ ਜੋ ਉਹ ਧਰਤੀ ਦੇ ਵਾਰਸ ਹੋਣਗੇ'' (ਮੱਤੀ 5:5; KJV; NKJV; ASV)। ਆਪਣੇ ਵੱਡ ਸੱਦੇ ਵਿਚ ਯਿਸੂ ਨੇ ਆਪਣੇ ਆਪ ਨੂੰ ''ਕੋਮਲ ਅਤੇ ਮਨ ਦਾ ਗਰੀਬ'' ਦੱਸਿਆ (ਮੱਤੀ 11:29; KJV; ASV)। ਹਲੀਮੀ ਤੋਂ ਇਲਾਵਾ ਇਹ ਸ਼ਬਦ ਵੱਸ ਵਿਚ ਸ਼ਕਤੀ ਹੋਣ ਦਾ ਵਿਚਾਰ ਦਿੰਦਾ ਹੈ। ਜ਼ਕਰਯਾਹ 9:9 ਵਿੱਚੋਂ ਮੁੱਖ ਤੌਰ ਤੇ ਦੁਹਰਾਉਂਦਿਆਂ ਮੱਤੀ ਨੇ ਸ਼ਾਹੀ ਫ਼ਤਹਿਮੰਦ ਦਾਖਲੇ ਦਾ ਵਰਣਨ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ:

> ''ਸੀਯੋਨ ਦੀ ਧੀ ਨੂੰ ਆਖੋ,
> ਵੇਖ ਤੇਰਾ ਬਾਦਸ਼ਾਹ ਅਧੀਨਗੀ [‘ਹਲੀਮੀ’; KJV; ASV] ਨਾਲ,
> ਗਧੀ ਉੱਤੇ ਸਗੋਂ ਗਧੀ ਦੇ ਬਾਲਕ ਉੱਤੇ,
> ਸਵਾਰ ਹੋਕੇ ਤੇਰੇ ਕੋਲ ਆਉਂਦਾ ਹੈ'' (ਮੱਤੀ 21:5)।

ਸ਼ਕਤੀਸ਼ਾਲੀ ਮਸੀਹਾ, ਭਾਵ ਯਿਸੂ ਦੁਖੀ ਸੇਵਕ ਦੇ ਰੂਪ ਵਿਚ ਸਲੀਬ ਉੱਤੇ ਮਰਨ ਲਈ ਤਿਆਰ ਹੋ ਕੇ ਯਰੂਸ਼ਲਮ ਵਿਚ ਗਦੀ ਉੱਤੇ ਬੈਠ ਕੇ ਆਇਆ।

ਤਣਾਅ ਜਾਂ ਦਬਾਅ ਦੀ ਗੱਲ ਜਿਸ ਵਿਚ ''ਹਲੀਮੀ'' (*prautēs*) ਵਿਰੋਧ ਜਾਂ ਮੁਖਾਲਫ਼ਤ

ਨੂੰ ਸਹਿੰਦੀ ਹੈ, ਹਮੇਸ਼ਾ ਸਪੱਸ਼ਟ ਨਹੀਂ ਹੁੰਦਾ ਪਰ ਕਈ ਵਾਰ ਸਪੱਸ਼ਟ ਹੁੰਦਾ ਹੈ। ਪਤਰਸ ਨੇ ਮਸੀਹੀ ਪਤਨੀਆਂ ਨੂੰ ਆਪੋ ਆਪਣੇ ਪਤੀਆਂ ਦੇ ਪ੍ਰਤੀ ਭਾਵੇਂ ''ਕੋਈ ਬਚਨ ਨੂੰ ਨਾ ਮੰਨਦਾ ਹੋਵੇ'' ਤਾਂ ਵੀ ''ਅਧੀਨ ਅਤੇ ਕੋਮਲ ਆਤਮਾ'' ਵਾਲੀਆਂ ਬਣਨ ਲਈ ਕਿਹਾ (1 ਪਤਰਸ 3:1, 4)। ਇਸ ਤੋਂ ਛੁਟ ਪੌਲੁਸ ਨੂੰ ਕੁਰਿੰਥੁਸ ਵਿਚ ਕੁਝ ਅਜਿਹੇ ਢੀਠ ਲੋਕ ਮਿਲੇ ਜਿਨ੍ਹਾਂ ਤੋਂ ਉਸ ਨੇ ਪੁੱਛਿਆ ਕਿ ''ਤੁਸੀਂ ਕੀ ਚਾਹੁੰਦੇ ਹੋ ਭਈ ਮੈਂ ਸੋਟਾ ਫੜ ਕੇ ਤੁਹਾਡੇ ਕੋਲ ਆਵਾਂ ਅਥਵਾ ਪ੍ਰੇਮ ਅਤੇ ਨਰਮਾਈ ਦੇ ਆਤਮਾ ਨਾਲ'' (1 ਕੁਰਿੰਥੀਆਂ 4:21; KJV)। ਮਨ ਵਿਚ ਵਿਰੋਧ ਦੀ ਗੱਲ ਦੇ ਨਾਲ ਰਸੂਲ ਨੇ ਤਿਮੋਥਿਉਸ ਨੂੰ ਵੀ ਬੇਨਤੀ ਕੀਤੀ ਕਿ ਉਹ ''ਸਭਨਾਂ ਨਾਲ ਅਸੀਲ ਅਤੇ ਸਿੱਖਿਆ ਦਣ ਜੋਗ ਅਤੇ ਸਬਰ ਕਰਨ ਵਾਲਾ ਹੋਵੇ'' (2 ਤਿਮੋਥਿਉਸ 2:24, 25)।

9. ਆਤਮਾ ਦਾ ਆਖਰੀ ਫਲ **ਸੰਜਮ** (*enkrateia*, ਐਨਕ੍ਰੇਟੀਆ) ਹੈ। ਇਹ ''ਸਮਰੱਥਾ,'' ''ਸ਼ਕਤੀ,'' ਜਾਂ ''ਪ੍ਰਭੁਤਾ'' ਵਾਲੇ ਯੂਨਾਨੀ ਮੂਲ *kratos* ਤੋਂ ਬਣਿਆ ਹੈ। ਇਹ *democracy* (ਲੋਕਤੰਤਰ), *autocracy* (ਏਕਤੰਤਰ) ਅਤੇ ''*theocracy*'' (ਧਰਮਤੰਤਰ) ਜਾਂ ਵਰਗੇ ਅੰਗ੍ਰੇਜੀ ਸ਼ਬਦਾਂ ਵਿਚ ਵਿਖਾਇਆ ਜਾਂਦਾ ਹੈ। ਅਗੇਤਰ ਜੁੜਨ ਨਾਲ *enkrateia* ਦਾ ਅਰਥ ''ਸੰਜਮ'' ਜਾਂ ''ਸਵੈ ਕਾਬੂ'' ਹੋ ਜਾਂਦਾ ਹੈ। ਸੰਜਮ ਅਸਲ ਵਿਚ ਅੰਦਰੂਨੀ (*en*) ਸ਼ਕਤੀ (*kratos*) ਹੈ।

ਨਵੇਂ ਨੇਮ ਵਿਚ *enkrateia* ਸ਼ਬਦ ਨਹੀਂ ਵਰਤਿਆ ਗਿਆ। 5:23 ਵਿਚ ਵਰਤੇ ਜਾਣ ਤੋਂ ਇਲਾਵਾ ਨਾਉਂ ਰੂਪ ਦੋ ਹੋਰਨਾਂ ਹਵਾਲਿਆਂ ਵਿਚ ਮਿਲਦਾ ਹੈ। ਰਸੂਲਾਂ ਦੇ ਕਰਤੱਬ 24:25 ਵਿਚ ਫ਼ੇਲਿਕਸ ਨਾਲ ''ਧਰਮ ਅਤੇ ਸੰਜਮ ਅਤੇ ਹੋਣ ਵਾਲੀ ਅਦਾਲਤ'' ਦੀ ਗੱਲ ਕੀਤੀ ਜਿਸ ਨਾਲ ਯਹੂਦੀਆ ਦਾ ਉਸ ਹਾਕਮ ਨੇ ਭੈਅ ਖਾਧਾ। ਪੌਲੁਸ ਨੇ ਸਿਰਫ਼ ਇਨ੍ਹਾਂ ਗੱਲਾਂ ਦਾ ਜ਼ਿਕਰ ਹੀ ਨਹੀਂ ਕੀਤਾ ਬਲਕਿ ਉਹ ਇਨ੍ਹਾਂ ਦੇ ਵਿਖੇ ''ਬਚਨ ਸੁਣਾ ਰਿਹਾ'' ਸੀ। ਕੈਸਰ ਦੇ ਐਨੇ ਸ਼ਕਤੀਸ਼ਾਲੀ ਨੁਮਾਇੰਦੇ ਦੀ ਜੀਵਨ ਸ਼ੈਲੀ ਨੂੰ ਧਿਆਨ ਵਿਚ ਰਖਦਿਆਂ ਯਾਦ ਰੱਖੋ ਕਿ ਇੱਥੇ ਕੈਸਰ ਬਦਨਾਮ ਨੀਰੋ ਹੈ। ਅਤੇ ਪੌਲੁਸ ਲਈ ਇਨ੍ਹਾਂ ਵਿਸ਼ਿਆਂ ਉੱਤੇ ਬਹੁਤ ਸਾਰੀਆਂ ਗੱਲਾਂ ਕਰਨੀਆਂ ਜ਼ਰੂਰੀ ਸਨ। ਉਸ ਨੇ ਇਸ ਕਾਮੀ ਕਾਫ਼ਰ ਦੇ ਅੰਤਹਕਰਣ ਨੂੰ ਸਬੂਤਾ ਨਹੀਂ ਛੱਡਿਆ ਹੋਵੇਗਾ। ਸੰਜਮ ਆਮ ਤੌਰ ਤੇ ਉੱਚੇ ਰੁਤਬੇ ਵਾਲੇ ਰੋਮੀ ਅਧਕਾਰੀਆਂ ਦੀਆਂ ਖੂਬੀਆਂ ਵਿਚ ਸ਼ਾਮਿਲ ਨਹੀਂ ਹੁੰਦਾ ਸੀ। ''ਫੇਲਿਕਸ'' ਦੇ ਨਾਂਅ ਦਾ ਅਰਥ ਭਾਵੇਂ ''ਖੁਸ਼'' ਹੈ ਪਰ ਇਹ ਇਸ ਹਾਕਮ ਦੀ ਜ਼ਿੰਦਗੀ ਦੇ ਸਭ ਤੋਂ ਮੰਦਭਾਗੇ ਦਿਨਾਂ ਵਿੱਚੋਂ ਇਕ ਸੀ।

2 ਪਤਰਸ 1:5–7 ਪਤਰਸ ਨੇ ਵੀ ਮਸੀਹੀ ਲੋਕਾਂ ਨੂੰ ''ਨਿਹਚਾ'' ਦੀ ਬੁਨਿਆਦ ਵਿਚ ਗੁਣਾਂ ਨੂੰ ਵਧਾਉਂਦੇ ਹੋਏ ਰੂਹਾਨੀ ਤਰੱਕੀ ਵੱਲ ਵਧਦੇ ਰਹਿਣ ਲਈ ਆਖਿਆ। ਇਨ੍ਹਾਂ ਵਿਚ ''ਨੇਕੀ,'' ''ਗਿਆਨ,'' ''ਸੰਜਮ,'' ''ਧੀਰਜ,'' ''ਭਗਤੀ,'' ''ਭਰੱਪਣ ਦਾ ਪ੍ਰੇਮ,'' ਅਤੇ ''ਪ੍ਰੇਮ'' ਸ਼ਾਮਿਲ ਹਨ। ਪਤਰਸ ਨੇ ਭਾਵੇਂ ਬੁਰਿਆਈਆਂ ਦੀ ਸੂਚੀ ਨਹੀਂ ਦਿੱਤੀ ਪਰ ਉਸ ਨੇ ਇਸ ਤੋਂ ਪਹਿਲਾਂ ਉਸ ਬਦਲਾਅ ਦਾ ਸੰਕੇਤ ਦਿੱਤਾ ਜਿਸ ਦੀ ਮਨੁੱਖ ਜਾਤੀ ਨੂੰ ਪੇਸ਼ਕਸ਼ ਕੀਤੀ ਗਈ ਹੈ। ਖ਼ੁਦਾ ਦੇ ''ਵੱਡੇ ਵੱਡੇ ਵਾਇਦੇ'' ਪਾ ਕੇ ''ਤੁਸੀਂ ਉਸ ਵਿਨਾਸ ਤੋਂ ਛੁੱਟ ਕੇ ਜੋ ਕਾਮਨਾ ਦੇ ਕਾਰਣ ਜਗਤ ਵਿਚ ਹੈ ਉਨ੍ਹਾਂ ਦੇ ਦੁਆਰਾ ਈਸ਼ੁਰੀ ਸੁਭਾਉ ਵਿਚ ਸਾਂਝੀ ਹੋ ਜਾਓ'' (2 ਪਤਰਸ 1:4)। ਇਹ ਬਚਾਅ ਦੋ ਸਲੀਬਾਂ ਦੇ ਰਾਹੀਂ ਹੀ ਹੋ ਸਕਦਾ ਹੈ: (1) ਯਿਸੂ ਦੀ ਸਲੀਬ, ਜਿਹੜਾ ਮਨੁੱਖ ਨੂੰ ਛੁਡਾਉਂਦਾ ਹੈ ਅਤੇ ਉਸ ਦੀ ਇੱਛਾਂ ਨੂੰ ਇਸ ਤਰ੍ਹਾਂ ਨਾਲ ਬਦਲ ਦਿੰਦਾ ਹੈ ਕਿ ਉਹ (2) ਆਪਣੀ ਹੀ ਸਲੀਬ ਚੁੱਕ ਕੇ ਉਨ੍ਹਾਂ ਸਭ ਗੱਲਾਂ ਲਈ, ''ਸਰੀਰ ਦੇ ਕੰਮਾਂ'' ਤੋਂ ਮਰ ਕੇ ਜਿਨ੍ਹਾਂ ਵਿਚ ਉਹ ਯਿਸੂ ਨੂੰ ਜਾਣਨ ਤੋਂ ਪਹਿਲਾਂ ਰਹਿ ਰਿਹਾ ਸੀ, ਇਸ ਨੂੰ ਕਬੂਲ ਕਰਦਾ ਹੈ।[103]

*Enkrateia* ਸ਼ਬਦ ਜਿਹੜਾ ਕਾਮੁਕਤਾ ਦੀ ਦੁਨੀਆਂ ਵਿਚ ਸੰਜਮ ਨਾਲ ਜੁੜਿਆ ਰਹਿੰਦਾ ਹੈ। ਨਵੇਂ ਨੇਮ ਵਿਚ ਨਾਉਂ ਦੇ ਕੁਝ ਹਵਾਲੇ ਭਾਵੇਂ ਅਸੀਂ ਪੂਰੇ ਕਰ ਲਏ ਹਨ ਪਰ ਪੌਲੁਸ ਨੇ ਇਸ ਨਾਲ ਜੁੜੇ ਕਿਰਿਆ ਅਤੇ ਵਿਸ਼ੇਸ਼ਣ ਸ਼ਬਦ ਨੂੰ ਵੀ ਵਰਤਿਆ। ਕਿਰਿਆ ਸ਼ਬਦ (*enkrateuomai*, ਐਨਕ੍ਰੇਟਿਉਮੇ,

''ਸੰਜਮ ਵਰਤਣਾ'') ਦੋ ਵਾਰ ਮਿਲਦਾ ਹੈ। 1 ਕੁਰਿੰਥੀਆਂ 7:8, 9 ਵਿਚ ਜਿੱਥੇ ਪੌਲੁਸ ਨੇ ਵਿਆਹ ਅਤੇ ਤਲਾਕ ਦੀ ਚਰਚਾ ਕੀਤੀ, ਉਸ ਨੇ ਲਿਖਿਆ, ''ਪਰ ਮੈਂ ਅਣਵਿਆਹਿਆਂ ਨੂੰ ਅਤੇ ਵਿਧਵਾਂ ਨੂੰ ਇਹ ਆਖਦਾ ਹਾਂ ਜੋ ਓਹਨਾਂ ਲਈ ਚੰਗਾ ਹੈ ਭਈ ਇਹੋ ਜਿਹੇ ਰਹਿਣ ਜਿਹੋ ਜਿਹਾ ਮੈਂ ਹਾਂ। ਪਰ ਜੇ ਉਨ੍ਹਾਂ ਵਿਚ ਜਤ ਸਤ *[enkrateuomai]* ਦਾ ਬਲ ਨਹੀਂ ਤਾਂ ਓਹ ਵਿਆਹ ਕਰ ਲੈਣ ਕਿਉਂ ਜੋ ਸੜਨ ਨਾਲੋਂ ਵਿਆਹ ਕਰਨਾ ਚੰਗਾ ਹੈ।''[104] ਪੌਲੁਸ ਇੱਥੇ ''ਜਤ ਸਤ'' ਦੀ ਵਰਤੋਂ ਕਾਮ ਇੱਛਾ ਦੇ ਸਬੰਧ ਵਿਚ ਕਰ ਰਿਹਾ ਸੀ।

ਕਿਰਿਆ ਸ਼ਬਦ ਹੋਰ 1 ਕੁਰਿੰਥੀਆਂ 9:25 ਵਿਚ ਮਿਲਦਾ ਹੈ ਜਿੱਥੇ ਪੌਲੁਸ ਨੇ ਇਸ ਨੂੰ ਖੇਡਾਂ ਦੇ ਮਕਾਬਲੇ ਲਈ ਸਿਖਲਾਈ ਵਿਚ ਸਵੈ-ਅਨੁਸ਼ਾਸਨ ਦੀ ਗੱਲ ਕੀਤੀ। ਉਸ ਨੇ ਲਿਖਿਆ, ''ਹਰੇਕ ਪਹਿਲਵਾਨ ਸਭਨੀ ਗੱਲੀਂ ਸੰਜਮੀ *[enkrateuomai]* ਹੁੰਦਾ ਹੈ। ਸੋ ਉਹ ਤਾਂ ਨਾਸਵਾਨ ਸਿਹਰੇ ਨੂੰ ਪਰ ਅਸੀਂ ਅਵਿਨਾਸੀ ਸਿਹਰੇ ਨੂੰ ਲੈਣ ਲਈ ਇਹ ਕਰਦੇ ਹਾਂ।'' ਇਹ ਉਦਾਹਰਣ ਖ਼ਾਸ ਬਣ ਜਾਂਦੀ ਹੈ ਜਦ ਸਾਨੂੰ ਇਹ ਸਮਝ ਆਉਂਦਾ ਹੈ ਕਿ ਕੁਰਿੰਥੁਸ ਇਸਥਮੀਅਨ ਖੇਡਾਂ ਦਾ ਮੇਜ਼ਬਾਨ ਅਤੇ ਪ੍ਰਯੋਜਿਤ ਕਰਨ ਵਾਲਾ ਸ਼ਹਿਰ ਸੀ। ਇਹ ਓਲੰਪੀਆਂ, ਡੈਲਫ਼ੀ ਅਤੇ ਨੀਮੀਆਂ ਵਰਗੀਆਂ ਉਨ੍ਹਾਂ ਥਾਵਾਂ ਵਾਂਗ ਜਿਨ੍ਹਾਂ ਨੂੰ ਅੱਜ ਵੀ ਲੋਕ ਵੇਖਣ ਜਾ ਸਕਦੇ ਹਨ, ਅਖਿਲ ਯੂਨਾਨੀ ਮੁਕਾਬਲਿਆਂ ਦਾ ਵੱਡਾ ਕੇਂਦਰ ਸੀ। ਪੌਲੁਸ ਸਿਰਫ਼ ਮੁਕਾਬਲੇ ਦੀ ਹੀ ਗੱਲ ਨਹੀਂ ਕਰ ਰਿਹਾ ਸੀ। ਹੋਰ ਸਪੱਸ਼ਟ ਆਖੀਏ ਤਾਂ ਉਹ ਉਸ ਸਿਖਲਾਈ ਦੀ ਗੱਲ ਕਰ ਰਿਹਾ ਸੀ ਜਿਸ ਵਿੱਚੋਂ ਦੀ ਉਨ੍ਹਾਂ ਖੇਡਾਂ ਲਈ ਖਿਡਾਰੀ ਆਪਣੇ ਆਪ ਨੂੰ ਤਿਆਰ ਕਰਨ ਲਈ ਲੰਘਦੇ ਹਨ। ਓਲੰਪਿਕ ਖੇਡਾਂ ਦੇ ਮਾਮਲੇ ਵਿਚ, ਖਿਡਾਰੀ ਐਲਿਸ (ਫ਼ੇਲੋਪੋਨੇਸਿਸ ਦੇ ਉੱਤਰ ਪੱਛਮ ਵਿਚ ਉਨ੍ਹਾਂ ਦੇ ਰਾਜ ਦਾ ਰਾਜਧਾਨੀ ਨਗਰ) ਵਿਚ ਮੁਕਾਬਲੇ ਲਈ ਨਿਯਮਾਂ ਦੀ ਸਿਖਲਾਈ ਅਤੇ ਹਦਾਇਤ ਲਈ ਇਕੱਠੇ ਹੁੰਦੇ ਸਨ, ਤਾਂ ਜੋ ਉਨ੍ਹਾਂ ਦੀ ਸਿਖਲਾਈ ਹੋਰ ਜ਼ਬਰਦਸਤ ਹੋ ਸਕੇ।

ਇਹ ਖੇਡਾਂ ਨਿਰੇ ਖੇਡ ਕੂਦ ਮੁਕਾਬਲਿਆਂ ਨਾਲੋਂ ਕਿਤੇ ਵਧਕੇ ਹੁੰਦੀਆਂ ਸਨ। ਇਨ੍ਹਾਂ ਨੂੰ ਖਿਡਾਰੀਆਂ ਦੇ ਉਨ੍ਹਾਂ ਦਿਓਤਿਆਂ ਅੱਗੇ ਪੇਸ਼ ਕੀਤਾ ਜਾਂਦਾ ਸੀ ਜਿਨ੍ਹਾਂ ਦੇ ਸਨਮਾਨ ਵਿਚ ਉਹ ਖੇਡਾਂ ਕਰਵਾਈਆਂ ਜਾਂਦੀਆਂ ਸਨ। ਓਲੰਪਿਆ ਵਿਚ ਇਕ ਉੱਚੀ, ਲੱਕੜ ਦੀ ਪਹਾੜੀ, ਕ੍ਰੋਨਿਓਨ ਪਹਾੜ ਸਟੇਡੀਅਮ ਦੇ ਉੱਤਰ ਵਿਚ ਹੈ ਜਿਸ ਤੇ ਲੋਕਾਂ ਦਾ ਮੰਨਣਾ ਸੀ ਕਿ ਜ਼ੀਉਸ ਦੇਵਤਾ ਬੈਠਾ ਹੈ ਜਿਸ ਦੇ ਸਨਮਾਨ ਵਿਚ ਉਹ ਮੁਕਾਬਲੇ ਕਰਵਾਏ ਜਾਂਦੇ ਸਨ, ਅਤੇ ਉਸ ਨੂੰ ਪੂਜਾ ਵਜੋਂ ਅਰਪਿਤ ਕੀਤੇ ਜਾਂਦੇ ਸਨ। ਪੌਲੁਸ ਨੇ ਮਸੀਹੀ ਆਦਮੀ ਦੀ ਜ਼ਿੰਦਗੀ ਲਈ ਇਸੇ ਧਾਰਣਾ ਨੂੰ ਲਾਗੂ ਕੀਤਾ, ਜਿਹਦੇ ਲਈ ਇੱਕੋ ਇਕ ਸੱਚੇ ਖ਼ੁਦਾ ਨੂੰ ਆਪਣਾ ਸਭ ਕੁਝ ਅਰਪਿਤ ਕਰਦਿਆਂ ਸੰਜਮ ਅਤੇ ਅਨੁਸ਼ਾਸਨ ਜ਼ਰੂਰੀ ਹੈ।

ਬਾਕੀ ਦਾ ਵਿਸ਼ੇਸ਼ਣ (*enkratēs*, ਐਨਕ੍ਰੇਟਸ) ਜਿਸ ਦਾ ਅਰਥ ''ਸੰਜਮੀ'' ਹੈ, ਤੀਤੁਸ 1:8 ਵਿਚ ਮਿਲਦਾ ਹੈ।[105] ''ਨਿਗਾਹਬਾਨ'' (ਐਲਡਰ) ''ਲਈ ਪ੍ਰਾਹੁਣਚਾਰ, ਨੇਕੀ ਦਾ ਪ੍ਰੇਮੀ, ਸੁਰਤ ਵਾਲਾ, ਧਰਮੀ, ਪਵਿੱਤਰ, ਸੰਜਮੀ'' (*enkratēs*) ਹੋਣਾ ਲਾਜ਼ਮੀ ਹੈ। ਉਹ ਨੂੰ ਆਪਣੀਆਂ ''ਭਾਵਨਾਵਾਂ, ਉਤੇਜਨਾਵਾਂ, *[ਅਤੇ]* ਲਾਲਸਾਵਾਂ ਨੂੰ ਵੱਸ ਵਿਚ'' ਰਖਣਾ ਆਉਣਾ ਜ਼ਰੂਰੀ ਹੈ।[106] ਸਥਾਨਕ ਮੰਡਲੀ ਵਿਚ ਉੱਠਣ ਵਾਲੀਆਂ ਅਸਹਿਮਤੀਆਂ ਨਾਲ ਨਜਿੱਠਣ ਦੇ ਨਾਲ ਨਾਲ ਦੂਜਿਆਂ ਲਈ ਮੰਨਣ ਵਾਸਤੇ ਨਮੂਨਾ ਠਹਿਰਾਉਣ ਲਈ ਅਜਿਹੀ ਅੰਦਰੂਨੀ ਸ਼ਕਤੀ ਦਾ ਹੋਣਾ ਲਾਜ਼ਮੀ ਹੈ।

ਪੌਲੁਸ ਨੇ ਜਦ ਇਹ ਆਖਿਆ ਕਿ **ਇਹੋ ਜੇਹੀਆਂ ਗੱਲਾਂ ਦੇ ਵਿਰੁੱਧ ਕੋਈ ਸ਼ਰਾ ਨਹੀਂ ਹੈ** ਤਾਂ ਉਹ ਗੁਣਾਂ ਦੀ ਪੂਰੀ ਸੂਚੀ ਭਾਵ ਆਤਮਾ ਦਾ ਫਲ ਦੀ ਗੱਲ ਕਰ ਰਿਹਾ ਸੀ। ਇਸ ਸੰਕੇਤ ਕਥਨ ਤੋਂ ਕੀ ਭਾਵ ਹੈ? ਐਫ਼. ਐਫ਼. ਬਰੂਸ ਦਾ ਮੰਨਣਾ ਸੀ ਕਿ ''ਇਹ ਗੁਣ ਉਸ ਦਾਇਰੇ ਵਿਚ ਹਨ ਜਿਨ੍ਹਾਂ ਦਾ ਸ਼ਰ੍ਹਾ ਨਾਲ ਕੋਈ ਵਾਸਤਾ ਨਹੀਂ ਹੈ। ਸ਼ਰ੍ਹਾ ਆਚਰਣ ਦੇ ਕੁਝ ਲੋਕਾਂ ਦੀ ਸਿਫ਼ਾਰਿਸ਼ ਕਰਦੀ ਹੈ ਅਤੇ ਹੋਰਨਾਂ ਗੱਲਾਂ ਦੀ ਮਨਾਹੀ ਕਰ ਸਕਦੀ ਹੈ ਪਰ ਪ੍ਰੇਮ, ਅਨੰਦ, ਸ਼ਾਂਤੀ ਅਤੇ ਹੋਰਨਾਂ ਗੁਣਾਂ ਨੂੰ ਕਾਨੂੰਨ

ਨਾਲ ਲਾਗੂ ਨਹੀਂ ਕੀਤਾ ਜਾ ਸਕਦਾ।''[107] ਉਸ ਨੇ ਐਸ. ਐਚ. ਹੂਕ ਦਾ ਹਵਾਲਾ ਦਿੱਤਾ ਜਿਸ ਨੇ ਲਿਖਿਆ ਹੈ:

> ਵੇਲ ਨੂੰ ਸੰਸਦ ਦੇ ਕਾਨੂੰਨ ਨਾਲ ਅੰਗੂਰ ਨਹੀਂ ਲਗਦੇ; ਉਹ ਵੇਲ ਦੀ ਆਪਣੀ ਜ਼ਿੰਦਗੀ ਦਾ ਫਲ ਹਨ; ਸੋ ਰਾਜ ਦੇ ਮਾਨਕ ਨਾਲ ਮੇਲ ਖਾਣ ਵਾਲਾ ਆਚਰਣ ਕਿਸੇ ਦੀ ਮੰਗ ਨਾਲ ਨਹੀਂ, ਖ਼ੁਦਾ ਦੇ ਮੰਗ ਨਾਲ ਵੀ ਨਹੀਂ ਬਲਕਿ ਇਹ ਤਾਂ ਉਸ ਇਲਾਹੀ ਰੱਬੀ ਸੁਭਾਅ ਦਾ ਫਲ ਹੈ ਜਿਹੜਾ ਉਸ ਦਾ ਜੋ ਖ਼ੁਦਾ ਦਿੰਦਾ ਹੈ ਨਤੀਜਾ ਹੈ ਜੋ ਉਸ ਨੇ ਮਸੀਹ ਵਿਚ ਅਤੇ ਉਸ ਦੇ ਰਾਹੀਂ ਕੀਤਾ ਹੈ।[108]

ਵੇਲ ਦੀ ਉਦਾਹਰਣ ਪੌਲੁਸ ਦੀ ਉਸੇ ਉਦਾਹਰਣ ਦਾ ਸਾਰ ਹੈ ਜਿਹੜੀ ਉਹ ਕਹਿ ਰਿਹਾ ਹੈ। ਆਤਮਾ ਦੇ ਫਲ ਨੂੰ ਕਾਨੂੰਨ ਨਾਲ ਨਹੀਂ ਲਾਇਆ ਜਾ ਸਕਦਾ, ਜਿਵੇਂ ਕਿ ਉਸ ਨੇ ਆਖਿਆ, ''ਕਿਸੇ ਦੀ ਮੰਗ ਨਾਲ ਨਹੀਂ, ਖ਼ੁਦਾ ਦੀ ਮੰਗ ਨਾਲ ਵੀ ਨਹੀਂ।'' ਪਹਿਲੀ ਨਜ਼ਰ ਵਿਚ ਇਹ ਕੁਫ਼ਰ ਲੱਗ ਸਕਦਾ ਹੈ ਪਰ ਇਹ ਬਿਨਾਂ ਕਿਸੇ ਲਾਗ ਲਪੇਟ ਦੇ ਸੱਚ ਹੈ। ਗਲਾਤੀਆਂ ਦੇ ਨਾਂਅ ਖ਼ਤ ਤੋਂ ਇਹ ਸਾਬਿਤ ਹੋ ਚੁੱਕਿਆ ਹੈ ਜੋ ਮਸੀਹ ਦੀ ਇੰਜੀਲ ਨਾਲੋਂ ਮੂਸਾ ਦੀ ਸ਼ਰ੍ਹਾ ਨੂੰ ਅੱਡ ਕਰਦਾ ਹੈ। ਪੈਂਟੀਕਾਸਟ ਵਾਲੇ ਦਿਨ ਇਕ ਨਵੇਂ ਯੁੱਗ ਦਾ ਸਵੇਰਾ ਹੋਇਆ ਸੀ। ਅਤੇ ਆਤਮਾ ਦਾ ਪ੍ਰਦਰਸ਼ਣ ਬਿਲਕੁਲ ਹੀ ਫ਼ਰਕ ਢੰਗ ਨਾਲ ਹੋਇਆ ਸੀ। ਜਿਨ੍ਹਾਂ ਲੋਕਾਂ ਨੇ ਇੰਜੀਲ ਉੱਤੇ ਯਕੀਨ ਕਰਕੇ, ਆਪਣੇ ਪਾਪਾਂ ਤੋਂ ਤੌਬਾ ਕੀਤੀ ਸੀ ਅਤੇ ਮਸੀਹ ਵਿਚ ਡੁਬਕੀ ਲਈ ਸੀ, ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਇਕੱਲੇ ਇਕੱਲੇ ਨੂੰ ਵਾਸ ਮਿਲਿਆ ਸੀ (ਰਸੂਲਾਂ ਦੇ ਕਰਤੱਬ 2:37, 38)। ਉਨ੍ਹਾਂ ਨੂੰ ਪਾਪ ਉੱਤੇ ਕਾਬੂ ਪਾਉਣ ਦੀ ਇਸ ਤਰ੍ਹਾਂ ਨਾਲ ਸ਼ਕਤੀ ਦਿੱਤੀ ਗਈ ਸੀ ਜਿਸ ਤਰ੍ਹਾਂ ਨਾਲ ਸ਼ਰ੍ਹਾ ਦੇ ਮਤਹਿਤ ਰਹਿਣ ਵਾਲਿਆਂ ਨੂੰ ਕਦੇ ਨਹੀਂ ਮਿਲੀ ਸੀ (ਰੋਮੀਆਂ 8:1–4, 12, 13; ਵੇਖੋ ਯੂਹੰਨਾ 7:37–39)।[109]

ਇਸੇ ਸ਼ੈਲੀ ਵਿਚ ਆਰ. ਐਲਨ ਕੋਲ ਦਾ ਮੰਨਣਾ ਸੀ ਕਿ ''ਫਲ'' ਦੀ ਵਰਤੋਂ ''ਸੁਝਾਅ ਦਿੰਦੀ ਹੈ ਕਿ ਇਹ ਸਾਰੇ ਰੂਹਾਨੀ ਗੁਣ, ਮਸੀਹੀ ਆਦਮੀ ਦੇ ਮਨ ਦੇ ਅੰਦਰ, ਮਸੀਹ ਦੇ ਆਤਮਾ ਦੀ ਮੌਜੂਦਗੀ ਦਾ ਸਹਿਜ ਨਤੀਜਾ ਹਨ।''[110] ਫਲ ਦੇਣ ਦੀ ਉਪਮਾ ਪੁਰਾਣੀ ਹੈ ਜੋ ਕਿ ਇਸਰਾਏਲੀਆਂ ਵਰਗੇ ਕਾਸ਼ਤਕਾਰ ਲੋਕਾਂ ਲਈ ਢੁਕਵੀਂ ਹੈ। ''ਫਲ'' ਲਈ ਯੂਨਾਨੀ ਸ਼ਬਦ (*karpos*) ਭਾਵੇਂ ਕਿਸੇ ਵੀ ਤਰ੍ਹਾਂ ਦੇ ਫਲ ਨੂੰ ਦਰਸਾਉਂਦਾ ਹੋਵੇ ਪਰ ਬਾਈਬਲ ਵਿਚ ਇਸ ਦੀ ਸਭ ਤੋਂ ਆਮ ਵਰਤੋਂ ਅੰਗੂਰਾਂ ਦੀ ਵੇਲ ਅਤੇ ਫਲ ਵਾਲੇ ਬੂਟਿਆਂ ਦੀ ਉਪਜ ਲਈ ਹੋਈ ਹੈ। ਯਿਸੂ ਨੇ ਆਪ ਕਿਹਾ ਕਿ ਵੇਲ ਜਾਂ ਰੁੱਖ (ਆਦਮੀ) ਆਪਣੇ ਫਲ (ਕੰਮਾਂ) ਤੋਂ ਪਛਾਣਿਆ ਜਾ ਸਕਦਾ ਹੈ (ਮੱਤੀ 7:16–18)।[111]

ਗਲਾਤੀਆ ਦੇ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਆਤਮਾ ਦੇ ਫਲ ਦਾ ਹੋਣਾ ਉਨ੍ਹਾਂ ਦੀ ਰੂਹਾਨੀ ਜ਼ਿੰਦਗੀ ਦਾ ਸਬੂਤ ਹੋਣਾ ਸੀ। ਇਹ ਅਹਿਮ ਹੈ ਕਿ ਪੌਲੁਸ ਨੇ ਗਲਾਤੀਆ ਦੀ ਕਲੀਸੀਆਵਾਂ ਵਿਚ ਆਤਮਾ ਦੇ ਚਮਤਕਾਰੀ ਦਾਨ ਹੋਣ ਦੇ ਬਾਵਜੂਦ ਉਨ੍ਹਾਂ ਦੀ ਮਸੀਹੀ ਪਰਿਪੱਕਤਾ ਦਾ ਸੰਕੇਤ ਨਹੀਂ ਮੰਨਿਆ।[112]

### ਸਰੀਰ ਉੱਤੇ ਆਤਮਾ ਦੀ ਫ਼ਤਹਿ (5:24, 25)

**24ਅਤੇ ਜਿਹੜੇ ਮਸੀਹ ਯਿਸੂ ਦੇ ਹਨ ਉਨ੍ਹਾਂ ਨੇ ਸਰੀਰ ਨੂੰ ਉਹ ਦੀਆਂ ਕਾਮਨਾਂ ਅਤੇ ਵਿਸ਼ਿਆਂ ਸਣੇ ਸਲੀਬ ਉੱਤੇ ਚਾੜ੍ਹ ਦਿੱਤਾ।**
**25ਜੇ ਅਸੀਂ ਆਤਮਾ ਦੁਆਰਾ ਜੀਉਂਦੇ ਹਾਂ ਤਾਂ ਆਤਮਾ ਦੁਆਰਾ ਚੱਲੀਏ ਵੀ।**

**ਆਇਤ 24.** ਉਨ੍ਹਾਂ ਗੁਣਾਂ ਦੀ ਸੂਚੀ ਨੂੰ ਪੂਰਾ ਕਰ ਲੈਣ ਦੇ ਬਾਅਦ ਜਿਹੜੇ ਮਸੀਹੀ ਆਦਮੀ ਦੀ ਜ਼ਿੰਦਗੀ ਵਿਚ ਨਜ਼ਰ ਆਉਣੇ ਚਹੀਦੇ ਹਨ, ਪੌਲੁਸ ਨੇ ਸਮਝਾਇਆ ਕਿ ਪਾਪ ਨੂੰ ਛੱਡ ਕੇ ਇਸ ਤਰ੍ਹਾਂ ਨਾਲ ਕਿਵੇਂ ਚੱਲਿਆ (ਜੀਆ) ਜਾ ਸਕਦਾ ਹੈ ਜਿਹੜਾ ਖ਼ੁਦਾ ਨੂੰ ਭਾਉਂਦਾ ਹੋਵੇ। ਉਸ ਨੇ ਆਖਿਆ **ਅਤੇ ਜਿਹੜੇ ਮਸੀਹ ਯਿਸੂ ਦੇ ਹਨ ਉਨ੍ਹਾਂ ਨੇ ਸਰੀਰ ਨੂੰ ਉਹ ਦੀਆਂ ਕਾਮਨਾਂ ਅਤੇ ਵਿਸ਼ਿਆਂ ਸਣੇ ਸਲੀਬ ਉੱਤੇ ਚਾੜ੍ਹ ਦਿੱਤਾ।** ਬੇਸ਼ੱਕ ਇਹ ਮਨੁੱਖੀ ਸ਼ਕਤੀ ਦੇ ਰਾਹੀਂ ਨਹੀਂ ਹੋ ਸਕਦਾ।

ਅਨੁਵਾਦ ਹੋਏ ''ਸਰੀਰ'' ਸ਼ਬਦ ਦਾ ਯੂਨਾਨੀ ਸ਼ਬਦ (*sarx*) ਅਜਿਹਾ ਸ਼ਬਦ ਹੈ ਜਿਸ ਦੇ ਬਹੁਤ ਸਾਰੇ ਅਰਥ ਹਨ,[113] ਪਰ ਇੱਥੇ ਇਹ ਬੁਨਿਆਦੀ ਤੌਰ ਤੇ ਮਨੁੱਖ ਦੇ ਪਾਪ ਵਿਚ ਡਿੱਗਣ ਦੀ ਹਾਲਤ ਵੱਲ ਇਸ਼ਾਰਾ ਕਰਦਾ ਹੈ। *Sarx* ਆਪਣੀਆਂ ''ਕਾਮਨਾ ਅਤੇ ਵਿਸ਼ਿਆਂ'' ਵਾਲਾ ਆਦਮੀ ਹੈ। ਇਹ ਉਹ ਮਨੁੱਖ ਹੀ ਹੈ ਜਿਸ ਨੂੰ ਪਰਮੇਸ਼ੁਰ ਦੇ ਸਰੂਪ ਉੱਤੇ ਬਣਾਇਆ ਗਿਆ ਸੀ ਅਤੇ ਅਜੇ ਵੀ ਉਸ ਦੇ ਆਪਣੇ ਅੰਦਰ ਰੱਬੀ ''ਜੋਤ'' ਹੈ, ਪਰ ਉਹ ਇਸ ਵਰਤਮਾਨ ਬੁਰੇ ਸੰਸਾਰ ਵਿਚ ਉਲਝਿਆ ਹੋਇਆ, ਅੰਨ੍ਹਾਂ ਅਤੇ ਪਰੇਸ਼ਾਨ ਹੈ। ਲੋਕਾਂ ਨੂੰ ਅੰਨ੍ਹੇ ਆਦਮੀ ਵਾਂਗ ਹਮਾਇਤ ਜਾਂ ਠੋਕਰਾਂ ਕੋਲ ਆਣ ਕੇ ''ਟੋਹਣ'' ਦੀ ਚੁਣੌਤੀ ਦਿੱਤੀ ਜਾਂਦੀ ਹੈ, ਪਰ ਸਾਨੂੰ ਖ਼ੁਦਾ ਵੱਲ ਵੱਧਣਾ ਜ਼ਰੂਰੀ ਹੈ। ਅਥੇਨੇ ਦੇ ਲੋਕਾਂ ਨੂੰ ਆਪਣੇ ਉਪਦੇਸ਼ ਵਿਚ ਪੌਲੁਸ ਨੇ ਪਰਮੇਸ਼ੁਰ ਦੀ ਇੱਛਾ ਨੂੰ ਦੱਸਿਆ ਸੀ ਕਿ ਲੋਕ ''ਉਸ ਨੂੰ ਟੋਹ ਕੇ ਲੱਭ ਲੈਣ ਭਾਵੇਂ ਉਹ ਸਾਡੇ ਵਿੱਚੋਂ ਕਿਸੇ ਤੋਂ ਦੂਰ ਨਹੀਂ। ਕਿਉਂਕਿ ਓਸੇ ਵਿਚ ਅਸੀਂ ਜੀਉਂਦੇ ਅਰ ਤੁਰਦੇ ਫਿਰਦੇ ਅਤੇ ਮਜੂਦ ਹਾਂ'' (ਰਸੂਲਾਂ ਦੇ ਕਰਤੱਬ 17:27, 28ੳ)।[114]

5:24 ਵਿਚ ''ਸਰੀਰ'' ਦੀ ਗੱਲ ਕਰਦਿਆਂ ਪੌਲੁਸ 5:19–21 ਵਿਚ ਦੱਸੇ ਗਏ ''ਸਰੀਰ ਦੇ ਕੰਮਾਂ'' ਦੀ ਪੂਰੀ ਫਹਰਿਸਤ ਦੀ ਗੱਲ ਕਰ ਰਿਹਾ ਸੀ। ਇਸ ਅਧਿਆਇ ਵਿਚ ਸਰੀਰ ਨਾਲ ਸਬੰਧਿਤ ਪਹਿਲਾਂ ਕਈ ਹਵਾਲੇ ਮਿਲਦੇ ਹਨ:

> ਹੇ ਭਰਾਵੋ, ਤੁਸੀਂ ਤਾਂ ਅਜ਼ਾਦੀ ਲਈ ਸੱਦੇ ਗਏ ਸਾਓ ਪਰ ਆਪਣੀ ਅਜ਼ਾਦੀ ਨੂੰ *ਸਰੀਰ* ਲਈ ਔਸਰ ਜਾਣ ਕੇ ਨਾ ਵਰਤੋ ਸਗੋਂ ਪ੍ਰੇਮ ਦੇ ਰਾਹੀਂ ਇਕ ਦੂਏ ਦੀ ਟਹਿਲ ਸੇਵਾ ਕਰੋ (5:13)।

> ਪਰ ਮੈਂ ਆਖਦਾ ਹਾਂ, ਤੁਸੀਂ ਆਤਮਾ ਦੁਆਰਾ ਚੱਲੋ ਤਾਂ *ਸਰੀਰ* ਦੇ ਵਿਸ਼ਿਆਂ ਨੂੰ ਕਦੇ ਪੂਰਿਆਂ ਨਾ ਕਰੋਗੇ। ਕਿਉਂ ਜੋ *ਸਰੀਰ* ਆਤਮਾ ਦੇ ਵਿਰੁੱਧ, ਅਤੇ ਆਤਮਾ *ਸਰੀਰ* ਦੇ ਵਿਰੁੱਧ ਲੋਚਦਾ ਹੈ ਕਿਉਂ ਜੋ ਏਹ ਇਕ ਦੂਏ ਦੇ ਵਿਰੁੱਧ ਹਨ ਤਾਂ ਜੋ ਤੁਸੀਂ ਜੋ ਚਾਹੁੰਦੇ ਸੋ ਨਾ ਕਰੋ (5:16, 17)।

ਉਸ ਨੇ ਗਲਾਤੀਆਂ ਨੂੰ ਕਈ ਵਾਰ ਚਿਤਾਵਨੀ ਦਿੱਤੀ ਕਿ ਸਰੀਰ ਦੀਆਂ ਕਾਮਨਾਵਾਂ ਅੱਗੇ ਹਾਰ ਮੰਨ ਲੈਣਾ ਉਨ੍ਹਾਂ ਨੂੰ ਪਰਮੇਸ਼ੁਰ ਦੇ ਰਾਜ ਵਿਚ ਉਨ੍ਹਾਂ ਦੀ ਵਿਰਾਸਤ ਤੋਂ ਵਾਂਝਿਆ ਕਰ ਦਵੇਗਾ (5:21)।

ਇਹਦਾ ਮਤਲਬ ਇਹ ਹੋਇਆ ਕਿ ਆਇਤ 24 ਪੌਲੁਸ ਵੱਲੋਂ ਇਨ੍ਹਾਂ ਕਲੀਸੀਆਵਾਂ ਵਿਚ ਪਹਿਲਾਂ ਕੀਤੇ ਗਏ ਪ੍ਰਚਾਰ ਨੂੰ ਯਾਦ ਦੁਆਉਂਦਾ ਹੈ। ਹਰ ਥਾਂ ਉਹਦੇ ਪ੍ਰਚਾਰ ਦਾ ਕੇਂਦਰ ਸਲੀਬ ਹੀ ਹੁੰਦੀ ਸੀ (1 ਕੁਰਿੰਥੀਆਂ 1:18, 22, 23; 2:2)। ''ਸਲੀਬ ਦੀ ਗੱਲ'' ਅਤੀਤ ਵਿਚ ਸਾਡੇ ਲਈ ਯਿਸੂ ਵੱਲੋਂ ਝੱਲੇ ਗਏ ਖ਼ਤਰਨਾਕ ਦੁੱਖ ਅਤੇ ਸ਼ਰਮ ਦੇ ਦਾਇਰੇ ਵਿਚ ਹੀ ਨਾ ਰਹੇ। ਬਲਕਿ ਨਿਹਚਾਵਾਨ ਲਈ ਸਲੀਬ ਦੇ ਨਤੀਜੇ ਨਾ ਸਿਰਫ਼ ਸ਼ੁਰੂ ਵਿਚ ਬਲਕਿ ਉਸ ਦੀ ਜ਼ਿੰਦਗੀ ਭਰ ਦੇ ਵੀ ਹਨ। ਅਸਲ ਵਿਚ ਹਰ ਮਸੀਹੀ ਲਈ ਇਕ ਸਲੀਬ ਹੈ ਭਾਵ ''ਸਰੀਰ ਦੇ ਕੰਮ'' ਹਨ ਜਿਨ੍ਹਾਂ ਨੂੰ ਪੌਲੁਸ ਨੇ 5:19–21 ਵਿਚ, ''ਸਲੀਬ ਤੇ ਟੰਗਣ'' ਲਈ ਆਖਿਆ। ਪ੍ਰਭੂ ਨੇ ਆਪ ਕਿਹਾ ਹੈ, ''ਜੋ ਕੋਈ ਮੇਰੇ ਪਿੱਛੇ ਆਉਣ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ ਅਤੇ ਰੋਜ਼ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ'' (ਲੂਕਾ 9:23)।[115]

**ਆਇਤ 25.** ਗਲਾਤੀਆਂ ਦੇ ਮਸੀਹੀ ਮਸੀਹ ਨੂੰ ਬਪਤਿਸਮੇ ਵਿਚ ਪਹਿਨਣ ਦੇ ਰਾਹੀਂ ਉਹਦੇ ਨਾਲ ਇਕ ਹੋਣ ਤੇ ਪਾਪ ਲਈ ਮਰ ਗਏ ਸਨ (3:26, 27; ਵੇਖੋ ਰੋਮੀਆਂ 6:3–7)। ਉਨ੍ਹਾਂ ਨੂੰ ਕਦੇ ਆਪਣੇ ਪਾਪਾਂ ਦੀ ਮਾਫ਼ੀ ਅਤੇ ਆਤਮਾ ਦੇ ਵਾਸ ਦਾ ਦਾਨ ਮਿਲਿਆ ਸੀ (ਵੇਖੋ ਰਸੂਲਾਂ ਦੇ ਕਰਤੱਬ 2:38, 39; ਤੀਤੁਸ 3:5, 6)। ਇਸ ਕਰਕੇ ਪੌਲੁਸ ਨੇ ਉਨ੍ਹਾਂ ਨੂੰ ਹਦਾਇਤ ਕੀਤੀ ਕਿ **ਜੇ ਅਸੀਂ ਆਤਮਾ ਦੁਆਰਾ ਜੀਉਂਦੇ ਹਾਂ ਤਾਂ ਆਤਮਾ ਦੁਆਰਾ ਚੱਲੀਏ ਵੀ।** ''ਜੇ'' *ei* (ਈ) ਸੰਕੇਤ ਦਿੰਦਾ ਹੈ ਕਿ ਪਹਿਲੇ ਵਾਕਖੰਡ ਦੀ ਗੱਲ ਸਹੀ ਹੈ।[116] NIV ਵਿਚ ਇਸ ਆਇਤ ਦਾ ਅਨੁਵਾਦ ਇਸ ਤਰ੍ਹਾਂ ਕੀਤਾ ਗਿਆ ਹੈ: ''ਕਿਉਂ ਜੋ ਅਸੀਂ ਆਤਮਾ ਦੇ ਰਾਹੀਂ ਜੀਉਂਦੇ ਹਾਂ, ਇਸ ਕਰਕੇ ਆਓ ਆਤਮਾ ਦੇ ਨਾਲ ਕਦਮ ਰੱਖੀਏ।''

ਕਿਰਿਆ ਸ਼ਬਦ ''ਚੱਲੀਏ'' ਜਾਂ ''ਕਦਮ'' (NIV) ਦਾ ਅਨੁਵਾਦ *stoicheō* (ਸਟੋਇਕਿਓ) ਤੋਂ ਕੀਤਾ ਗਿਆ ਹੈ। ਜੋ 5:16 ਵਿਚ ਵਰਤੇ ਗਏ ਸ਼ਬਦ ਨਾਲੋਂ ਫ਼ਰਕ ਹੈ ''ਚੱਲੋ'' (*peripateō*, ਪੇਰਿਪੇਟਿਓ) ਸ਼ਬਦ ਲਈ ਵਰਤਿਆ ਗਿਆ ਹੈ। ਭਾਵੇਂ ਮੋਟੇ ਤੌਰ ਤੇ ਦੋਵੇਂ ਸ਼ਬਦ ਸਮਾਨਅਰਥੀ ਹਨ। ਜਿੱਥੇ *peripateō* ਲੋਕਾਂ ਦੇ ਇਕੱਲੇ ਚੱਲਣ ਲਈ ਵਧੇਰੇ ਵਰਤਿਆ ਜਾਂਦਾ ਹੈ ਉੱਥੇ ਹੀ *stoicheō* ਦੂਜਿਆਂ ਨਾਲ ਚੱਲਣ ਦਾ ਸੰਕੇਤ ਦਿੰਦਾ ਹੈ। *Stoichos* (ਸਟੋਏਕੋਸ) ''ਕਤਾਰ'' ਨਾਲ ਜੁੜੇ ਸ਼ਬਦ *stoicheō* ਦਾ ਅਰਥ ਮੂਲ ਵਿਚ ''ਕਤਾਰ ਵਿਚ ਚੱਲਣਾ'' ਜਾਂ ''ਰੈਂਕ ਵਿਚ ਹੋਣਾ'' ਸੀ। ਇਸ ਸ਼ਬਦ ਦਾ ਅਰਥ ਪਰਤੀਕਾਤਮਕ ਸੰਕੇਤ ''ਸਹਿਮਤ ਹੋਣਾ'' ਬਣ ਗਿਆ। ਪੌਲੁਸ ਚਾਹੁੰਦਾ ਸੀ ਕਿ ਗਲਾਤੀਆ ਦੇ ਲੋਕ ਆਪਣੀ ਜ਼ਿੰਦਗੀਆਂ ਨੂੰ ਜਾਂਚ ਕੇ ਇਹ ਯਕੀਨੀ ਬਣਾਉਣ ਕਿ ਆਤਮਾ ਦਾ ਫਲ ਦਿੰਦਿਆਂ ਉਹ ਆਤਮਾ ਨਾਲ ਮੇਲ ਖਾ ਰਹੇ ਹਨ ਜਾਂ ਨਹੀਂ (ਵੇਖੋ ਰੋਮੀਆਂ 8:5, 6)। ਉਨ੍ਹਾਂ ਲਈ ਉਹਦੀ ਇੱਛਾ ਇਹ ਸੀ ਕਿ ਉਹ ਆਪਣੇ ਸਭ ਕੰਮਾਂ ਨੂੰ ਚਲਾਉਣ ਲਈ ਆਤਮਾ ਨੂੰ ਕੰਮ ਕਰਨ ਦੇਣ।

### **ਭਾਈਆਂ ਨੂੰ ਰਸੂਲ ਦੀ ਤਾੜਨਾ** (5:26)

**26 ਅਸੀਂ ਫੋਕਾ ਘੁਮੰਡ ਨਾ ਕਰੀਏ ਭਈ ਇਕ ਦੂਏ ਨੂੰ ਖਿਝਾਈਏ ਅਤੇ ਇਕ ਦੂਏ ਨਾਲ ਖਾਰ ਕਰੀਏ।**

**ਆਇਤ 26.** ਅਧਿਆਇ 5 ਇਸ ਤਾੜਨਾ ਨਾਲ ਖ਼ਤਮ ਹੁੰਦਾ ਹੈ, **ਅਸੀਂ ਫੋਕਾ ਘੁਮੰਡ ਨਾ ਕਰੀਏ ਭਈ ਇਕ ਦੂਏ ਨੂੰ ਖਿਝਾਈਏ ਅਤੇ ਇਕ ਦੂਏ ਨਾਲ ਖਾਰ ਕਰੀਏ।** ਬਹੁਤ ਸਾਰੇ ਸੰਸਕਰਣਾਂ ਵਿਚ NASB ਵਾਂਗ ''ਨਾ ਬਣੀਏ'' ਅਨੁਵਾਦ ਕੀਤਾ ਗਿਆ ਹੈ (ਵੇਖੋ ASV; NKJV; NRSV; NIV; ESV; NLT; CJB)। ਇੱਥੇ ਮੂਲ ਕਿਰਿਆ ਸ਼ਬਦ *ginomai* (ਗਿਨੋਮੇ) ਜੋ ਇਕ ਬੇਹੱਦ ਆਮ ਸ਼ਬਦ ਹੈ ਜਿਹੜਾ ਕਈ ਵੱਖੋ ਵੱਖ ਸੰਕੇਤ ਦੇ ਸਕਦਾ ਹੈ। ਸ਼ਾਇਦ ਸਭ ਤੋਂ ਆਮ ਅਰਥ ''ਬਣਨਾ,'' ''ਲੰਘਣਾ'' ਜਾਂ ''ਵਾਪਰਣਾ'' ਹੈ। ਪਰ ਇਹ ਸ਼ਬਦ ''ਹੋਣਾ'' ਜਾਂ ''ਵਜੂਦ'' ਵਰਗੀ, ਹੋਣ ਦੀ ਦੋਹਰੀ ਕਿਰਿਆ ਹੋ ਸਕਦੀ ਹੈ। ਕੁਝ ਸੰਸਕਰਣਾਂ ਵਿਚ ਕਿਰਿਆ ਇਸੇ ਅਰਥ ਵਿਚ ਦਿੱਤੀ ਗਈ ਹੈ (ਵੇਖੋ KJV; NEB; REB; NJB; NCV; CEV; GNT)।

ਇਹ ਅਹਿਮ ਗੱਲ ਹੈ ਕਿ ਯੂਨਾਨੀ ਲਿਖਤ ਵਿਚ ਅਸਲ ਸ਼ਬਦ *ginōmetha* (ਗਿਨੋਮੇਥਾ) ਹੈ ਜੋ ਕਿ ਕਿਰਿਆ ਸ਼ਬਦ *ginomai* ਦਾ ਵਰਤਮਾਨ ਕਿਰਿਆ ਰੂਪ ਹੈ। ਇਹ ਅਨਿਸ਼ਚਿਤ ਭੂਤਕਾਲ ਨਹੀਂ ਹੈ ਜਿਹੜਾ ਜਿਹੜਾ ਨਿਸ਼ਚਿਤ ਕਾਰਨ ਭਾਵ ਸਮੇਂ ਵਿਚ ਕਿਸੇ ਕਾਰਜ ਨੂੰ ਵਿਖਾਉਂਦਾ ਹੈ (।)। ਇਸ ਦੀ ਬਜਾਇ ਵਰਤਮਾਨ ਦੇ ਰੂਪ ਵਿਚ ਇਹ ਰੇਖਾਕਾਰ ਜਾਂ ਲਗਾਤਾਰ ਕਾਰਜ (➪) ਨੂੰ ਦਰਸਾਉਂਦਾ ਹੈ। ਇਸ ਕਰਕੇ ਨਕਾਰਾਤਮਕ ਹੁਕਮ ਅਜਿਹਾ ਨਹੀਂ ਮੰਨਣਾ ਚਾਹੀਦਾ ਕਿ ਜਿਸ ਨਾਲ ਭਾਈਆਂ ਨੇ *ਸ਼ੁਰੂ* ਨਹੀਂ ਕਰਨਾ ਸੀ ਬਲਕਿ ਉਸ ਵਿਹਾਰ ਦੇ ਰੂਪ ਨੂੰ ਵਿਖਾਉਂਦਾ ਹੈ ਜਿਹੜਾ ਉਨ੍ਹਾਂ ਨੇ ਕਰਨਾ *ਛੱਡਣਾ*

ਜ਼ਰੂਰੀ ਹੈ (5:15 ਤੇ ਟਿੱਪਣੀਆਂ ਵੇਖੋ)। ਆਇਤ 26 ਦਾ ਪਹਿਲਾ ਹਿੱਸਾ ਇਹ ਆਖਦਾ ਹੈ ਕਿ ''ਅਸੀਂ ਫੋਕਾ ਘੁਮੰਡ ਕਰਨਾ ਛੱਡ ਦਈਏ।''[117]

**''ਖਿਝਾਈਏ''** ਯੂਨਾਨੀ ਸ਼ਬਦ *prokaleō* (ਪ੍ਰੋਲਕੇਲੀਓ) ਤੋਂ ਲਿਆ ਗਿਆ ਹੈ ਜਿਹੜਾ ਨਵੇਂ ਨੇਮ ਵਿਚ ਸਿਰਫ਼ ਇਸੇ ਆਇਤ ਵਿਚ ਮਿਲਦਾ ਹੈ। ਇਸ ਸ਼ਬਦ ਦਾ ਸ਼ਬਦੀ ਅਰਥ ਹੈ ''ਕਿਸੇ ਨੂੰ ਅੱਗੇ ਆਉਣ ਲਈ ਕਹਿਣਾ।'' ਯੂਨਾਨੀ ਸਾਹਿਤ ਵਿਚ ''ਲਲਕਾਰਣਾ'' ਦੇ ਉਲਟ ਸੰਕੇਤ ਨਾਲ ਇਸ ਦੀ ਵਰਤੋਂ ਆਮ ਸੀ।[118] ਕੁਝ ਸੰਸਕਰਣਾਂ ਵਿਚ ਇੱਥੇ ''ਉਕਸਾਉਂਦੇ ਹੋਏ'' ਹੈ ਜੋ ਸਪੱਸ਼ਟ ਰੂਪ ਵਿਚ ਦੁਸ਼ਮਣੀ ਦਾ ਸੰਕੇਤ ਦਿੰਦਾ ਹੈ (KJV; NKJV; ASV; RSV; NIV; ESV; CJB)। *Prokaleō* ''ਵਿਰੋਧ ਜਾਂ ਝਗੜੇ'' ਦਾ ਸੁਝਾਅ ਦਿੰਦਾ ਹੈ।[119]

ਜਿਵੇਂ ਕਿ ਪਹਿਲਾਂ ਕਿਹਾ ਗਿਆ ਸੀ ਕਿ ਪੌਲੁਸ ਵੱਲੋਂ 5:19–21 ਵਿਚ ਦਿੱਤੀ ਗਈ ਬੁਰਿਆਈ ਦੀ ਲਿਸਟ ਪੂਰੀ ਨਹੀਂ ਸੀ ਬਲਕਿ ਨਮੂਨੇ ਦੇ ਤੌਰ ਤੇ ਸੀ। 5:21 ਵਿਚ ਹੋਰ ਨਮੂਨੇ ਦੇ ਤੌਰ ਤੇ ਵਾਕਅੰਸ਼ ਵਿਚ ਇਸ ਨਾਲ ਮਿਲਦੇ ਜੁਲਦੇ ਹੋਰ ਬੁਰੇ ਕੰਮ ਆ ਜਾਂਦੇ ਹਨ। ਰਸੂਲ ਵੱਲੋਂ 5:26 ਵਿਚ ਜੋੜੇ ਗਏ ਵਿਹਾਰ ਦ ਤਿੰਨ ਨਮੂਨੇ ''ਘੁਮੰਡੀ ਹੋਣਾ,'' ''ਇਕ ਦੂਜੇ ਨੂੰ ਖਿਝਾਉਣਾ,'' ਅਤੇ ''ਇਕ ਦੂਜੇ ਤੋਂ ਖਾਰ ਖਾਣਾ'' ਸਰੀਰ ਦੇ ਕੰਮਾਂ ਵਿਚ ਸ਼ੁਮਾਰ ਹੁੰਦੇ ਹਨ। ਅਸਲ ਵਿਚ ''ਖਾਰ ਖਾਣਾ'' ਕਿਰਿਆ ਸ਼ਬਦ *phthoneō* (ਫਥੋਨਿਓ) ਤੋਂ ਲਿਆ ਗਿਆ ਹੈ ਜਿਸ ਦਾ ਮੇਲ ਖਾਂਦਾ ਨਾਉਂ *phthonos* 5:21 ਵਿਚ ''ਖਾਰ'' ਲਈ ਮਿਲਦਾ ਹੈ। ਇਹ ਇਸ ਗੱਲ ਨੂੰ ਵਿਖਾਉਂਦਾ ਹੈ ਕਿ ਪੌਲੁਸ ਵੱਲੋਂ ਦਿੱਤੇ ਗਏ ਸਰੀਰ ਦੇ ਕੰਮ ਸਿਰਫ਼ ਖਿਆਲ ਹੀ ਨਹੀਂ ਸਨ ਬਲਕਿ ਉਹ ਅਸਲ ਮੁਸ਼ਕਿਲ ਸਨ ਜੋ ਗਲਾਤੀਆ ਦੀ ਕਲੀਸੀਆਵਾਂ ਲਈ ਸ਼ਾਂਤੀ ਦਾ ਖ਼ਤਰਾ ਸੀ।

ਆਪਣੇ ਬੁਰੇ ਵਿਹਾਰ ਨੂੰ ਛੱਡਣ ਦੀ ਗਲਾਤੀਆਂ ਨੂੰ ਦਿੱਤੀ ਗਈ ਇਹ ਤਾੜਨਾ ਸਵਾਲ ਖੜਾ ਕਰਦੀ ਹੈ ਕਿ ਉਨ੍ਹਾਂ ਵਿਚ ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਹੈ ਸਨ ਜਾਂ ਨਹੀਂ। ਟੀਕਾਕਾਰਾਂ ਦੇ ਵਿਚਾਰ ਆਪੋ ਆਪਣੇ ਹਨ। ਵਾਰੇਨ ਡਬਲਯੂ. ਵਿਅਰਸਬੇ ਨੇ ਮੰਨਿਆ ਕਿ ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਲੋਕ ਅਜੇ ਵੀ ਉਨ੍ਹਾਂ ਵਿਚਕਾਰ ਹੈ ਸਨ: ''ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਲੋਕ ਤਾਰੀਫ਼ ਅਤੇ 'ਫੋਕੀ ਵਡਿਆਈ' ਪਾਉਣ ਲਈ ਬੇਕਰਾਰ ਰਹਿੰਦੇ ਸਨ ਅਤੇ ਇਸ ਨਾਲ ਮੁਕਾਬਲੇ ਅਤੇ ਫੁੱਟ ਵਿਚ ਵਾਧਾ ਹੁੰਦਾ ਸੀ। ਅਜਿਹੇ ਮਾਹੌਲ ਵਿਚ ਫਲ ਕਦੇ ਨਹੀਂ ਵਧ ਸਕਦਾ।''[120] ਕੋਲ ਹੋਰਨਾ ਵਿਕਲਪਾਂ ਨੂੰ ਮੰਨਦਾ ਸੀ। ਇਕ ਸੰਭਾਵਨਾ ਇਹ ਹੈ ਕਿ ''ਜਿਹੜੇ ਲੋਕ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੀ ਗਲਤ ਸਿੱਖਿਆ ਵਿਚ ਨਹੀਂ ਫਸੇ ਸਨ ਉਹ ਹੁਣ ਆਪਣੀ ਸ੍ਰੇਸ਼ਠ ਆਤਮਿਕ ਸ਼ਕਤੀ ਦਾ ਘੁਮੰਡ ਕਰ ਰਹੇ ਸਨ।'' ਜੇ ਇਹ ਗੱਲ ਹੈ ਤਾਂ ਉਹ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਅੱਗੇ ਝੁਕ ਜਾਣ ਵਾਲਿਆਂ ਨੂੰ ਤਾੜਦੇ ਹੋਣਗੇ ਜਾਂ ਉਨ੍ਹਾਂ ਤੋਂ ਖਾਰ ਖਾਂਦੇ ਹੋਣਗੇ। ਕਿ ਹੋਰ ਵਿਚਾਰ ਇਹ ਹੈ ਕਿ ''ਕਲੀਸੀਆ ਦੇ ਅੰਦਰ ਹੀ ਸੱਤਾ ਸੰਘਰਸ਼'' ਸੀ। ਜੇ ਅਜਿਹਾ ਹੈ ਤਾਂ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਦੇ ਝਗੜੇ ਦੀ ਕਿਸੇ ਹੋਰ ਗੱਲ ਨੂੰ ਵੇਖਣ ਦੀ ਲੋੜ ਨਹੀਂ।[121]

ਮਸੀਹੀ ਲੋਕਾਂ ਨੂੰ ''ਘੁਮੰਡੀ, ਇਕ ਦੂਜੇ ਨੂੰ ਖਿਝਾਉਣ ਵਾਲੇ, ਇਕ ਦੂਜੇ ਤੋਂ ਖਾਰ ਖਾਣ ਵਾਲੇ'' ਹੋਣ ਦੀ ਪ੍ਰੇਰਣਾ ਕੌਣ ਦੇ ਸਕਦਾ ਹੈ (NKJV)? ਬਰੂਸ ਨੇ ਇਹ ਸੁਝਾਅ ਦਿੱਤਾ ਹੈ ਕਿ ਗਲਾਤੀਆਂ ਦੀਆਂ ਕਲੀਸੀਆਵਾਂ ਦੀ ਮੁਸ਼ਕਿਲ ''ਧਰਮਸਾਸ਼ਤਰੀ ਬਹਿਸ'' ਦੇ ਕਾਰਣ ਸੀ।[122] ਬੇਸ਼ੱਕ ਇਹ ਹੋ ਸਕਦਾ ਹੈ, ਪਰ ਇਸ ਨੇ ਪੱਕਾ ਹੋਣ ਦੀ ਪੂਰੀ ਜਾਣਕਾਰੀ ਸਾਡੇ ਕੋਲ ਨਹੀਂ ਹੈ।

ਵਾਲਟਰ ਸਮਿਥਲਸ ਦਾ ਅੰਦਾਜ਼ਾ ਸੀ ਸੀ ਕਿ 5:26 ਦੀ ਭਾਸ਼ਾ ਵਿਚ ਸਾਫ਼ ਤੌਰ ਤੇ ''ਰਹੱਸਵਾਦੀ ਨਿਊਮੈਟਿਕ'' ਸਨ।[123] ਫੋਕਾ ਘੁਮੰਡ ਕਰਨ (*kenodoxos*, ਕੇਨੋਂਡੋਕਸੋਸ) ਦਾ ਵੇਰਵਾ ਭਾਵੇਂ ਰਹੱਸਵਾਦੀਆਂ ਲਈ ਹੋ ਸਕਦਾ ਹੈ ਪਰ ਇੱਥੇ ਉਨ੍ਹਾਂ ਦੇ ਨਾਲ ਜੋੜੇ ਜਾਣ ਦਾ ਕੋਈ ਕਾਰਣ ਨਹੀਂ ਹੈ। ਬਰੂਸ ਨੇ ਲਿਖਿਆ ਹੈ:

> ਕਲੀਸੀਆ ਦੀ ਜ਼ਿੰਦਗੀ ਤੋਂ ਜਾਣੂ ਕੋਈ ਵੀ ਸ਼ਖ਼ਸ ਜਾਣਦਾ ਹੈ ਕਿ ਇਹ ਰੁਝਾਣ ਜਿਨ੍ਹਾਂ ਦੇ ਖਿਲਾਫ਼ ਪੌਲੁਸ ਨੇ ਚਿਤਾਵਨੀ ਦਿੱਤੀ, ਆਤਮਿਕ ਘੁਮੰਡ, ਇਕ ਦੂਜੇ ਨੂੰ ਖਿਝਾਉਣਾ, ਖਾਰ, ਆਮ ਮਸੀਹੀਆਂ ਵਿਚਕਾਰ ਹੋ ਸਕਦੇ ਹਨ, ਜਿਹੜੇ ਰਹੱਸਵਾਦ ਜਾਂ ਪਰਮਆਨੰਦ ਵਰਗੀਆਂ ਗੱਲਾਂ ਤੋਂ ਬਿਲਕੁਲ ਵਾਕਫ਼ ਨਹੀਂ ਹਨ।[124]

ਕੁਝ ਵਿਦਵਾਨ ਨਵੇਂ ਨੇਮ ਦੇ ਲੇਖਾਂ ਵਿਚ ਰਹੱਸਵਾਦ ਦੇ ਰੁਝਾਨਾਂ ਨੂੰ ਲੱਭਣ ਵਿਚ ਲੱਗੇ ਰਹਿੰਦੇ ਹਨ; ਪਰ ਬਰੂਸ ਵਰਗੇ ਲੋਕ ਜਿਨ੍ਹਾਂ ਨੇ ਇਸ ਖੇਤਰ ਵਿਚ ਕਾਫ਼ੀ ਅਧਿਐਨ ਕੀਤਾ ਹੈ, ਛੇਤੀ ਨਾਲ ਅਜਿਹੇ ਨਿਚੋੜ ਨੂੰ ਮੰਨਣ ਤੋਂ ਝਕਦੇ ਹਨ। ਆਮ ਤੌਰ ਤੇ ਇਹ ਮੰਨ ਲਿਆ ਜਾਂਦਾ ਹੈ ਕਿ ਇਲਹਾਮ ਪ੍ਰਾਪਤ ਲੇਖਕਾਂ ਦੇ ਆਮ ਮਹੌਲ ਵਿਚ ਰਹੱਸਵਾਦ ਦੇ ਅੰਸ਼ ਜ਼ਰੂਰ ਹੋਣਗੇ ਪਰ ਉਹ ਆਪਣੀਆਂ ਵੱਖੋ ਵੱਖ ਪ੍ਰਣਾਲੀਆਂ ਵਿਚ ਜੁੜਨ ਲਈ ਅਜੇ ਸ਼ੁਰੂ ਨਹੀਂ ਹੋਏ ਸਨ। ਇਸ ਕਰਕੇ ''ਮੁੱਢਲਾ ਰਹੱਸਵਾਦ'' ਦੀ ਗੱਲ ਕਹਿਣਾ ਸਿਆਣਪ ਹੈ। ਮਸੀਹ ਤੋਂ ਬਾਅਦ ਦੂਜੀ ਅਤੇ ਤੀਜੀ ਸਦੀਆਂ ਵਿਚ ਰਹੱਸਵਾਦ ਪੂਰੀ ਤਰ੍ਹਾਂ ਨਾਲ ਵਿਕਸਿਤ ਹੋ ਕੇ ਕਲੀਸੀਆ ਦੇ ਵਜੂਦ ਲਈ ਹੀ ਖ਼ਤਰਾ ਬਣ ਗਿਆ।[125]

## ਪ੍ਰਾਸੰਗਿਕਤਾ

**ਸ਼ਰ੍ਹਾ ਦੇ ਰਾਹੀਂ ਧਰਮੀ ਠਹਿਰਾਇਆ ਜਾਣਾ? (5:2-4)**

ਗਲਾਤੀਆਂ ਦੀ ਪੁਸਤਕ ਨੂੰ ਕਥਿਤ ''ਕਰਮ ਕਾਂਡੀ'' ਤੇ ਆਮ ਪੁਸਤਕ ਨਹੀਂ ਬਲਕਿ ਸੁੰਨਤ ਅਤੇ ਮੂਸਾ ਦੀ ਸ਼ਰ੍ਹਾ ਦੀਆਂ ਹੋਰ ਸ਼ਰਤਾਂ ਅੱਗੇ ਹਾਰ ਮੰਨ ਕੇ ਧਾਰਮਿਕਤਾ ਹਾਸਲ ਕਰਨ ਦੀ ਇੱਛਾ ਦੀ ਗੰਭੀਰ, ਨਿੰਦਣ ਯੋਗ ਗਲਤੀ ਦੇ ਜਨੂਨੀ ਜਵਾਬ ਦੇ ਰੂਪ ਵਿਚ ਮੰਨਿਆ ਜਾ ਸਕਦਾ ਹੈ। ਯਹੂਦੀ ਮਤ ਦੀ ਸਿੱਖਿਆ ਦੇਣ ਵਾਲੇ ਗਲਾਤੀਆਂ ਤੋਂ ਇਹ ਸਭ ਕਰਵਾਉਣਾ ਚਾਹੁੰਦੇ ਸਨ। ਪੌਲੁਸ ਨੇ ਕਿਹਾ ਕਿ ਉਨ੍ਹਾਂ ਦਾ ਸੰਦੇਸ਼ ਕਿਸੇ ਵੀ ਤਰ੍ਹਾਂ ਨਾਲ ਇੰਜੀਲ ਨਹੀਂ ਸੀ। ਇਸ ਦੇ ਉਲਟ ਇਹ ਮਸੀਹ ਦੀ ਇੰਜੀਲ ਦਾ ਵਿਗਾੜ ਸੀ (1:6–9)।

ਖ਼ਤ ਦੇ ਅੰਦਰੂਨੀ ਸਬੂਤ ਤੋਂ ਇਸ ਗੱਲ ਦਾ ਸੰਕੇਤ ਮਿਲਦਾ ਹੈ ਕਿ ਪੌਲੁਸ ਮੂਸਾ ਦੀ ਸ਼ਰ੍ਹਾ ਦੇ ਨਿਯਮਾਂ, ਖ਼ਾਸ ਕਰਕੇ ਸੁੰਨਤ ਦੀ ਗੱਲ ਕਰ ਰਿਹਾ ਸੀ (5:2; 6:13)। ਖ਼ਤ ਵਿਚ ਪਹਿਲਾਂ ਉਸ ਨੇ ਤੀਤੁਸ ਦੀ ਉਦਾਹਰਣ ਵਰਤੀ ਜਿਹੜਾ ਕਿ ਉਸ ਦਾ ਵਫ਼ਾਦਾਰ ਸਹਿਕਰਮੀ ਸੀ, ਇਸ ਭਾਈ ਨੂੰ ਜੋ ''ਭਾਵੇਂ ਯੂਨਾਨੀ ਸੀ ... ਧੱਕੋ ਧੱਕੀ ਸੁੰਨਤੀ ਨਾ ਬਣਾਇਆ'' (2:3)। ਪੌਲੁਸ ਨੇ ਘਟਨਾ ਨੂੰ ਯਾਦ ਕਰਵਾਇਆ ਜਦ ਪਤਰਸ ਸੀਰੀਆ ਦੇ ਅੰਤਾਕੀਆ ਵਿਚ ਗਿਆ। ਹੋਰ ਯਹੂਦੀ ਮਸੀਹੀਆਂ ਦੇ ਆ ਜਾਣ ਤੇ ਉਸ ਨੇ ਗੈਰਕੌਮ ਮਸੀਹੀਆਂ ਨਾਲ ਖਾਣਾ ਪੀਣਾ ਬੰਦ ਕਰ ਦਿੱਤਾ ਸੀ (2:12)। ਪੌਲੁਸ ਨੇ ਉਸ ਦੇ ਇਸ ਕਪਟ ਲਈ ਉਸ ਨੂੰ ਝਾੜ ਪਾਈ ਸੀ ਜਦੋਂ ਤੂੰ ਯਹੂਦੀ ਹੋ ਕੇ ਪਰਾਈਆਂ ਕੌਮਾਂ ਦੀ ਰੀਤ ਉੱਤੇ ਚੱਲਦਾ ਹੈਂ ਅਤੇ ਯਹੂਦੀਆਂ ਦੀ ਰੀਤ ਉੱਤੇ ਨਹੀਂ ਤਾਂ *ਤੂੰ ਕਿਵੇਂ ਪਰਾਈਆਂ ਕੌਮਾਂ ਨੂੰ ਯਹੂਦੀਆਂ ਦੀ ਰੀਤ ਉੱਤੇ ਬਦੋਬਦੀ ਚਲਾਉਂਦਾ ਹੈਂ?* (2:14;)। ਇਸ ਤੋਂ ਇਲਾਵਾ ਪੌਲੁਸ ਨੇ ''ਦਿਨਾਂ ਅਤੇ ਮਹੀਨਿਆਂ ਅਤੇ ਸਮਿਆਂ ਅਤੇ ਵਰ੍ਹਿਆਂ'' ਨੂੰ ਮਨਾਏ ਜਾਣ ਦੀ ਗੱਲ ਵੀ ਕੀਤੀ ਜੋ ਕਿ ਸ਼ਰ੍ਹਾ ਨੂੰ ਮੰਨਣ ਵਾਂਗਰ ਹੀ ਹੈ (4:10)।

ਪਰ ਇਹ ਸੁਝਾਅ ਦੇਣ ਲਈ ਕਿ ਸ਼ਰ੍ਹਾ ਨੂੰ ਮੰਨਣ ਦੇ ਆਮ ਨਿਯਮ ਦੀ ਗਲਾਤੀਆਂ ਨੂੰ ਕੋਈ ਪਰਵਾਹ ਸੀ, ਕੋਈ ਸਬੂਤ ਨਹੀਂ ਮਿਲਦਾ। ਬਾਈਬਲ ਦੇ ਅਨਪੜ੍ਹ ਗੈਰਕੌਮਾਂ ਦੇ ਵਿਚ ਲਗਦਾ ਨਹੀਂ ਹੈ ਕਿ ਉਹ ਅਜਿਹੇ ਡੂੰਘੇ ਮਸਲਿਆਂ ਬਾਰੇ ਪਰੇਸ਼ਾਨ ਹੋਣਗੇ। ਇਹ ਆਪਣੇ ਤਰੀਕੇ ਨਾਲ ਸੁਰਗ ਨੂੰ ਕਮਾਉਣ ਦੀ ਮਾਨਸਿਕ ਸ਼ਰ੍ਹਾਪ੍ਰਸਤੀ (ਆਪਣੀਆਂ ਹੀ ਕੋਸ਼ਿਸ਼ਾਂ ਦੇ ਰਾਹੀਂ ਧਾਰਮਿਕਤਾ ਨੂੰ ਹਾਸਲ

ਕਰਨ ਦੀ ਕੋਸ਼ਿਸ਼ ਕਰਨਾ) ਦੇ ਵਿਚਾਰ ਨਾਲ ਬਹੁਤ ਸਾਰੇ ਅਜੋਕੇ ਵਿਆਖਿਆ ਕਰਨ ਵਾਲਿਆਂ ਦੀ ਸਨਕ ਨਾਲੋਂ ਫ਼ਰਕ ਹੈ।

ਇਸ ਖ਼ਤ ਦੀ ਬਣਤਰ ਵਿਚ ਸ਼ਰ੍ਹਾ, ਪਵਿੱਤਰ ਲਿਖਤ ਅਤੇ ਨੇਮ ਦੇ ਹਵਾਲੇ ਆਪੋ ਵਿਚ ਗੁੱਥੇ ਹੋਏ ਹਨ। ਜਿਸ ਇਤਿਹਾਸਕ ਸਥਿਤੀ ਵਿਚ ਗਲਾਤੀਆ ਦੀ ਕਲੀਸੀਆਵਾਂ ਨਾਲ ਗੱਲ ਕੀਤੀ, ਉਸ ਦਾ ਸਬੰਧ ਇੰਜੀਲ ਤੋਂ ਬਾਹਰੀ ਤੱਤਾਂ ਦੇ ਅੰਦਰ ਵਾੜੇ ਜਾਣ ਨਾਲ ਸੀ ਜਿਨ੍ਹਾਂ ਨੇ ਇਸ ਵਿਚ ਮਿਲਾਵਟ ਕਰ ਦਿੱਤੀ ਸੀ ਅਤੇ ਇਸ ਨੂੰ ਅਜਿਹਾ ਬਣਾ ਦਿੱਤਾ ਸੀ ਜਿਹਾ ਇਸ ਦੇ ਬਣਨ ਦਾ ਕਦੇ ਸੋਚਿਆ ਵੀ ਨਹੀਂ ਗਿਆ ਸੀ। ਇੰਜੀਲ ਅਤੇ ਸ਼ਰ੍ਹਾ ਨੂੰ ਆਪੋ ਵਿਚ ਇਕ ਦੂਜੇ ਨਾਲ ਉਵੇਂ ਨਹੀਂ ਮਿਲਾਇਆ ਜਾ ਸਕਦਾ ਜਿਵੇਂ ਤੇਲ ਅਤੇ ਪਾਣੀ ਨੂੰ। ਪਰਮੇਸ਼ੁਰ ਦੀ ਸਨਾਤਨ ਮੰਸ਼ਾ ਵਿਚ ਦੋਹਾਂ ਦੀ ਆਪੋ ਆਪਣੀ ਨਿਰਾਲੀ ਭੂਮਿਕਾ ਹੈ, ਅਤੇ ਇਹ ਲਾਜ਼ਮੀ ਹੈ ਕਿ ਅਸੀਂ ਦੋਹਾਂ ਵਿਚਕਾਰ ਫ਼ਰਕ ਨੂੰ ਸਮਝੀਏ। ਸ਼ਰ੍ਹਾ ਭਾਵੇਂ ਜ਼ਿੰਦਗੀ ਦੇ ਦਾਤਾ ਮਸੀਹਾ ਦੀ ਗਵਾਹੀ ਦਿੰਦੀ ਹੈ ਪਰ ਇਹ ਆਪਣੇ ਆਪ ਵਿਚ ਜ਼ਿੰਦਗੀ ਨਹੀਂ ਦੇ ਸਕਦੀ (ਯੂਹੰਨਾ 5:39)। ਇਸ ਦੇ ਬਿਲਕੁਲ ਉਲਟ ਇਹ ''ਮੌਤ ਦੀ ਸੇਵਕਾਈ'' ਅਤੇ ''ਦੋਸ਼ੀ ਠਹਿਰਾਉਣ ਵਾਲੀ'' ਸੀ (2 ਕੁਰਿੰਥੀਆਂ 3:7, 9)। ਦੂਜੇ ਪਾਸੇ ਇੰਜੀਲ ''ਆਤਮਾ ਦੀ ਸੇਵਕਾਈ'' ਅਤੇ ''ਧਰਮ ਦੀ ਸੇਵਕਾਈ'' ਹੈ (2 ਕੁਰਿੰਥੀਆਂ 3:8, 9)। ਇਸ ਨੇ ਨਾ ਸਿਰਫ਼ ਆਤਮਾ ਦੇ ਦਾਨ ਅਤੇ ਸ਼ਕਤੀਆਂ ਦੁਆਈਆਂ ਬਲਕਿ ਆਤਮਾ ਦਾ ਵਾਸ ਵੀ ਦੁਆਇਆ। ਸ਼ਰ੍ਹਾ ਭਾਵੇਂ ਕਿੰਨੀ ਵੀ ਤੇਜ ਭਰੀ ਅਤੇ ਚੰਗੀ ਸੀ, ਭਰ ਇਹ ਸੁਰਗੀ ਦਾਨ ਦੀ ਗੱਲ ਕਦੇ ਨਹੀਂ ਕਰ ਸਕੀ, ਜਿਸ ਦੇ ਬਿਨਾਂ ਮਨੁੱਖ ਦਾ ਮਨ ਪਰਮੇਸ਼ੁਰ ਦੇ ਜੀਵਨ ਤੋਂ ਸਦਾ ਵਾਂਝਾ, ਨਿਹਫਲ ਅਤੇ ਖੁੱਸਿਆ ਰਹਿੰਦਾ ਹੈ। (ਗਲਾਤੀਆਂ 3:2, 3; ਵੇਖੋ ਅਫ਼ਸੀਆਂ 4:18)।

**ਪਰਮੇਸ਼ੁਰ ਦੇ ਵਚਨ ਦੀ ਗੱਲ ਮੰਨਣਾ** (5:2-4)

ਕੁਰਿੰਥੁਸ ਦੀਆਂ ਮੰਡਲੀਆਂ ਨੂੰ ਚਲਾਉਣ ਲਈ ਦਿੱਤੇ ਬਹੁਤ ਸਾਰੇ ਨਿਯਮਾਂ ਦੀ ਸੂਚੀ ਦੇਣ ਲਈ ਪੌਲੁਸ ਨੇ ਇਹ ਅਹਿਮ ਗੱਲ ਕਹੀ, ''ਜੇ ਕੋਈ ਆਪਣੇ ਆਪ ਨੂੰ ਨਬੀ ਯਾ ਆਤਮਕ ਸਮਝੇ ਤਾਂ ਜਿਹੜੀਆਂ ਗੱਲਾਂ ਮੈਂ ਤੁਹਾਨੂੰ ਲਿਖਦਾ ਹਾਂ ਉਹ ਓਹਨਾਂ ਨੂੰ ਜਾਣ ਲਵੇ ਭਈ ਓਹ ਪ੍ਰਭੂ ਦੇ ਹੁਕਮ ਹਨ'' (1 ਕੁਰਿੰਥੀਆਂ 14:37)। ਅਜਿਹੇ ਹਵਾਲਿਆਂ ਨੂੰ ਲਾਗੂ ਕਰਨ ਲਈ ਸਾਨੂੰ ਇਨ੍ਹਾਂ ਵਿਚਲੇ ਡੂੰਘੇ ਨਿਯਮਾਂ ਨੂੰ ਸਮਝਣ ਲਈ ਮਨੁੱਖੀ ਸਮਝ ਦੀ ਵਰਤੋਂ ਕਰਨਾ ਲਾਜ਼ਮੀ ਹੈ। ਫਿਰ ਵੀ ਅਜਿਹੇ ਪੇਚੀਦਾ ਵਾਕਖੰਡਾਂ ਅਤੇ ਨਾਅਰਿਆਂ ਤੋਂ ਜਿਹੜੇ ਖ਼ੁਦਾ ਦੇ ਵਚਨ ਨੂੰ ਮੰਨਣ ਦੀ ਜ਼ਿੰਮੇਵਾਰੀ ਤੋਂ ਕਿਸੇ ਵੀ ਅਰਥ ਤੋਂ ਛੁਟਕਾਰਾ ਦੁਆਉਂਦੇ ਹੋਏ ਲਗਦੇ ਹੋਣ ਸਾਨੂੰ, ਬੜੇ ਹੁਸ਼ਿਆਰ ਰਹਿਣ ਦੀ ਲੋੜ ਹੈ। ਜਦ ਅਸੀਂ ਪਵਿੱਤਰ ਲਿਖਤ ਨੂੰ ਬੇਪਰਵਾਹੀ ਨਾਲ ਵੇਖਦੇ ਹਾਂ ਤਾਂ ਅਸੀਂ ਅਧਿਕਾਰ ਦਾ ਵਿਰੋਧ ਕਰਨ (*anomia*, ''ਕੁਧਰਮ'') ਦੇ ਕੰਢੇ ਤੇ ਖਲੋਤੇ ਹੋਏ ਹੁੰਦੇ ਹਾਂ।

ਨਵੇਂ ਨੇਮ ਦੇ ਸੁਭਾਅ ਵਿਚ ਹੀ ਹੈ ਕਿ ''ਮਨੋ ਆਗਿਆਕਾਰ'' ਹੋ ਜਾਣ ਦੇ ਬਾਅਦ (ਰੋਮੀਆਂ 6:17), ਮਸੀਹੀ ਆਦਮੀ ਵਿਚ ਅਜਿਹਾ ਬਦਲਾਅ ਆਉਂਦਾ ਹੈ ਕਿ ਹੁਕਮ ਮੰਨਣਾ ਹੁਣ ਉਸ ਦੀ ਇੱਛਾ ਬਣ ਜਾਂਦੀ ਹੈ। ਗਤਸਮਨੀ ਵਿਚ ਯਿਸੂ ਨੇ ਉਸ ਦਹਿਸ਼ਤ ਵਿੱਚੋਂ ਜਿਹੜੀ ਖ਼ੁਦਾ ਦੀ ਇੱਛਾ ਨਾਲ ਉਹਦੇ ਸਹਿਣ ਲਈ ਠਹਿਰਾਈ ਗਈ ਸੀ, ਨਿਕਲਣ ਦੀ ਕੋਸ਼ਿਸ਼ ਕੀਤੀ। ਅਖ਼ੀਰ ਵਿਚ ਉਸ ਨੇ ਇਹ ਸ਼ਬਦ ਆਖਦਿਆਂ ਕਿ ''ਤਾਂ ਵੀ ਮੇਰੀ ਮਰਜ਼ੀ ਨਹੀਂ ਪਰ ਤੇਰੀ ਹੋਵੇ'' (ਲੂਕਾ 22:42) ਪਿਤਾ ਦੀ ਇੱਛਾ ਅੱਗੇ ਸਮਰਪਣ ਕਰ ਦਿੱਤਾ। ਇਸੇ ਤਰ੍ਹਾਂ ਨਾਲ ਮਸੀਹੀ ਆਦਮੀ ਲਈ ਆਪਣੀ ਇੱਛਾ ਤੋਂ ਮਰ ਕੇ ''ਸਿੱਖਿਆ ਦੇ ਸੰਚੇ'' ਭਾਵ ਰੂਹਾਨੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਵਿੱਚੋਂ ਦੀ, ਜੋ ਕਿ ਇੰਜੀਲ ਦਾ ਸਾਰ ਹੈ ਜਿਹਦੇ ਲਈ ਉਹ ਆਪਣੇ ਆਪ ਨੂੰ ਸਪੁਰਦ ਕਰ ਰਿਹਾ ਹੈ, ਲੰਘਣਾ ਜ਼ਰੂਰੀ ਹੈ (ਰੋਮੀਆਂ 6:1–6, 17)।

ਬਪਤਿਸਮੇ ਵਿਚ ਇਹ ਬਾਹਰੀ ਭਾਵ ਵਿਖਾਈ ਦੇਣ ਵਾਲਾ ਹੁਕਮ ਮੰਨਣਾ ਇੱਕੋ ਵਾਰ ਹੋਣ ਵਾਲੀ ਘਟਨਾ ਹੈ। ਜੋ ਕਿ ਪਸ਼ਚਾਪਾਤੀ ਵਿਸ਼ਵਾਸੀ ਨੂੰ ਪਰਮੇਸ਼ੁਰ ਦੇ ਰਾਜ ਵਿਚ ਪ੍ਰਵੇਸ਼ ਕਰਵਾਉਂਦੀ ਹੈ (3:26, 27; ਯੂਹੰਨਾ 3:5); ਪਰ ਇਹ ਉਸ ਨਾਲੋਂ ਕਿਤੇ ਵਧਕੇ ਵੀ ਹੈ। ਪਰ ਆਪਣੀ ਮਰਜ਼ੀ ਨਾਲ ਹੁਕਮ ਮੰਨ ਕੇ ਆਪਣੀ ਜ਼ਿੰਦਗੀ ਮਸੀਹ ਨੂੰ ਦੇਣ ਵਾਲਾ ਵਿਅਕਤੀ ''ਨਵੇਂ ਜੀਵਨ ਦੇ ਰਾਹ'' ਚੱਲਣ ਲਈ ਮਸੀਹ ਦੇ ਨਾਲ ਇਸ ਡੁਬਕੀ (ਜਾਂ ਦਫ਼ਨਾਏ ਜਾਣ) ਤੋਂ ਜੀ ਉੱਠਦਾ ਹੈ (ਰੋਮੀਆਂ 6:4)। ਹੁਣ ਉਹ ਕਿਸੇ ਬਾਹਰੀ ਸ਼ਰ੍ਹਾ ਦੀਆਂ ਪਾਬੰਦੀਆਂ ਨੂੰ ਮੰਨਣ ਲਈ ਉਨ੍ਹਾਂ ਉੱਤੇ ਧਿਆਨ ਨਹੀਂ ਦਵੇਗਾ। ਬਲਕਿ ਉਹ ਆਪਣੇ ਪ੍ਰਭੂ ਨੂੰ ਆਪਣੀ ਇੱਛਾ ਨਾਲ ਮੰਨ ਕੇ ਜੀਣ ਵਾਸਤੇ ਨਵਾਂ ਜਨਮ ਪਾ ਚੁੱਕਿਆ ਹੈ। ਹੁਣ ਉਹ ਹੁਕਮ ਮੰਨ ਕੇ ਅੰਦਰੋਂ ਬਗਾਵਤ ਨਹੀਂ ਕਰਦਾ। ਉਸ ਨੂੰ ਉਸ ਦੇ ਫ਼ਜ਼ਲ ਜਾਂ ਕਿਰਪਾ ਨਾਲ ਜਿਸ ਨੇ ਉਸ ਦੀ ਸਜ਼ਾ ਨੂੰ ਆਪਣੀ ਹੀ ਦੇਹੀ ਉੱਤੇ ਸਹਿ ਲਿਆ ਸੀ, ਉਸ ਦੇ ਪੈਦਾਇਸ਼ੀ ਘੁਮੰਡ ਨੂੰ ਸਾਫ਼ ਕਰ ਦਿੱਤਾ ਗਿਆ ਹੈ। ਉਹ ਜਿਸ ਵੀ ਸੇਵਾ ਨੂੰ ਕਰ ਸਕਦਾ ਹੋਵੇ ਉਸ ਨੂੰ ਕਰਨ ਲਈ ਤਿਆਰ ਹੋ ਕੇ ਖ਼ੁਦਾ ਦੇ ਉਦਾਰਤਾ ਭਰੇ ਪ੍ਰੇਮ ਨੂੰ ਮੰਨਣ ਲੱਗ ਪੈਂਦਾ ਹੈ। ਜਿਸ ਨੇ ਇਸ ਅਨੋਖੇ ਪ੍ਰੇਮ ਨੂੰ ਸਮਝ ਲਿਆ ਉਹਦੇ ਲਈ ਮਸੀਹ ਦੀ ਸੇਵਾ ਕਰਨਾ ਨਿਯਮਾਂ ਨੂੰ ਮੰਨਣ ਦਾ ਕੋਹੀ ਝੰਜਟ ਨਹੀਂ ਬਲਕਿ ਜੀਉਂਦੇ ਪਰਮੇਸ਼ੁਰ ਦੇ ਪੁੱਤਰ ਸਰਵ ਸ਼ਕਤੀਮਾਨ ਮਸੀਹਾ ਦੇ ਅੱਗੇ ਆਪਣੀ ਮਰਜ਼ੀ ਨਾਲ ਗੋਡੇ ਨਿਵਾਉਣਾ ਹੈ। ਉਹ ਆਪਣੇ ਪ੍ਰਭੂ ਅਤੇ ਮੁਕਤੀਦਾਤੇ ਦੇ ਹਰ ਹੁਕਮ ਨੂੰ ਆਪਣੀ ਮਰਜ਼ੀ ਨਾਲ ਮੰਨਣਾ ਚਾਹੁੰਦਾ ਹੈ।[126] ਜਿਸ ਨੇ ਪ੍ਰਭੂ ਯਿਸੂ ਨੂੰ ਜਾਣ ਲਿਆ ਹੈ ਉਹਦੇ ਲਈ ਇਸ ਕਿਰਪਾ ਪ੍ਰਭੂ ਦੀ ਇੱਛਾ ਹੁਣ ਉਹਦੀ (ਆਪਣੀ ਮਰਜ਼ੀ ਨਾਲ ਗੁਲਾਮ ਦਾ) ਹੁਕਮ ਬਣ ਜਾਵੇਗੀ। ਉਸ ਕਿਸਮ ਦਾ ਬਦਲਾ ਜਿਹੜਾ ਅੰਦਰੂਨੀ ਅਤੇ ਬਾਹਰੀ ਤੌਰ ਤੇ ਇਸ ''ਜੀਵਨ ਦੇ ਨਵੇਂਪਣ'' ਦੀ ਗਵਾਹੀ ਦਿੰਦਾ ਹੈ, ਜਿਹਦੀ ਗੱਲ ਪੌਲੁਸ ਨੇ ਕੀਤੀ ਅਤੇ ਜਿਹਦੇ ਪ੍ਰਤੀ ਉਹ ਆਪ ਐਨਾ ਦਿਲੋਂ ਸਮਰਪਿਤ ਸੀ।

''ਕਰਮਕਾਂਡਵਾਦ'' ਦੀ ਗੱਲ ਕਰਨ ਵਾਲੇ ਨੂੰ ਇਹ ਪੱਕਾ ਹੋਣਾ ਚਾਹੀਦਾ ਹੈ ਕਿ ਉਸ ਨੂੰ ਪਤਾ ਹੈ ਕਿ ''ਕਰਮਕਾਂਡਵਾਦ'' ਕੀ ਹੈ। ਪਵਿੱਤਰ ਲਿਖਤ ਵਿਚ ਭਾਵੇਂ ਇਸ ਦੀ ਧਾਰਣਾ ਪਾਈ ਜਾਂਦੀ ਹੈ ਪਰ ਇਹ ਬਾਈਬਲ ਦਾ ਸ਼ਬਦ ਨਹੀਂ। ਬਾਈਬਲ ਦੇ ਵਿਦਿਆਰਥੀ ਨੂੰ ਉਸੇ ਭਾਸ਼ਾ ਦੀ ਵਰਤੋਂ ਕਰਨ ਵਿਚ ਚੌਕਸੀ ਵਰਤਣੀ ਚਾਹੀਦੀ ਹੈ ਜਿਸ ਨਾਲ ਸਹੀ ਸਹੀ ਢੰਗ ਨਾਲ ਪਤਾ ਲਗਦਾ ਹੋਵੇ ਕਿ ਖੁਦਾ ਦਾ ਵਚਨ ਕੀ ਕਹਿੰਦਾ ਹੈ।

ਏਵਰੇਟ ਫਰਗਯੁਸਨ ਨੇ ''ਮਸੀਹੀ ਅਜ਼ਾਦੀ'' ਦੀ ਪਰਿਭਾਸ਼ਾ ''ਕਰਮਕਾਂਡਵਾਦ (ਉਹ ਥੋਪਣਾ ਜਿਹੜਾ ਖ਼ੁਦਾ ਨੇ ਨਹੀਂ ਥੋਪਿਆ) ਅਤੇ ਲਾਈਸੈਂਸ (ਉਹ ਖੋਲ੍ਹਣਾ ਜਿਹੜਾ ਖ਼ੁਦਾ ਨੇ ਨਹੀਂ ਖੋਲ੍ਹਿਆ) ਦੇ ਰੂਪ ਵਿਜ ਦਿੱਤੀ ਹੈ।''[127] ਇਸ ਫ਼ਰਕ ਦੀ ਵੱਡੀ ਅਹਿਮੀਅਤ ਹੈ। ਕੋਈ ਵੀ ਇੰਤਹਾ ਸਿਰਫ਼ ਮਨੁੱਖ ਦੀ ਹੀ ਸਿੱਖਿਆ ਹੈ ਹੋਰ ਕੁਝ ਨਹੀਂ। ਕੋਈ ਵੀ ਇੰਤਹਾ ਖ਼ੁਦਾ ਦੇ ਵਚਨ ਨੂੰ ਸਨਮਾਨ ਦੇਣ ਦੇ ਮਨੁੱਖ ਦੀ ਦੇਹ ਦੀ ਦੂਸਰੀ ਗੰਭੀਰ ਜ਼ਿੰਮੇਵਾਰੀ ਨੂੰ ਨਜ਼ਰਅੰਦਾਜ਼ ਕਰਦੀ ਹੈ।

**ਮਸੀਹ ... ਅਤੇ ਉਸ ਦੀ ਕਲੀਸੀਆ ਵਿਚ** (5:6)

ਸਭ ਰੂਹਾਨੀ ਬਰਕਤਾਂ ''ਮਸੀਹ ਵਿਚ'' ਭਾਵ ਉਸ ਦੀ ਦੇਹ ਵਿਚ ਮਿਲਦੀਆਂ ਹਨ ਜੋ ਕਿ ਕਲੀਸੀਆ ਹੈ (ਅਫ਼ਸੀਆਂ 1:3, 22, 23)। ਇਹ ਅਫ਼ਸੋਸ ਦੀ ਗੱਲ ਹੈ ਕਿ ਸਾਡੇ ਸਮੇਂ ਦੇ ਬਹੁਤ ਸਾਰੇ ''ਵਿਸ਼ਵਾਸੀ'' ਇਸ ਵਾਕ ਦੇ ਪਹਿਲੇ ਹਿੱਸੇ ਨੂੰ ਫਟਾਫਟ ਮੰਨ ਲੈਣਗੇ, ਸਵੈ ਇੱਛਾ ਨਾਲ ਇਹ ਮੰਨਦੇ ਹੋਏ ਕਿ ਹਰ ਤਰ੍ਹਾਂ ਦੀ ਰੂਹਾਨੀ ਬਰਕਤ ਇਸੇ ਵਿਚ ਪਾਈ ਜਾਂਦੀ ਹੈ, ਪਰ ਦੂਜੇ ਭਾਗ ਨੂੰ ਜਾਂ ਤਾਂ ਮੰਨਣਗੇ ਨਹੀਂ ਜਾਂ ਫਿਰ ਇਸ ਨੂੰ ਸਿਰਫ਼ ਗੱਲੀਂ ਬਾਤੀਂ ਮੰਨਣਗੇ। ਲੋਕਾਂ ਦੀ ਵੱਡੀ ਗਿਣਤੀ ਜਿਹੜੇ ਯਿਸੂ ਨੂੰ ਪ੍ਰਭੂ ਮੰਨ ਕੇ ਉਸ ਵਿਚ ਵਿਸ਼ਵਾਸ ਕਰਦੇ ਹਨ ਅਤੇ ਆਪਣੇ ਵਿਸ਼ਵਾਸ ਦਾ ਇਕਰਾਰ ਕਰਦੇ ਹਨ, ''ਕਲੀਸੀਆ'' ਨੂੰ ਸਿਰਫ਼ ਵਿਸ਼ਵਾਸੀਆਂ ਦੀ ਉਸ ਵੱਡੀ, ਅਕਾਰ ਰਹਿਤ, ਰੂਹਾਨੀ ਦੇਹ ਦੇ

ਅਰਥ ਵਿਚ ਹੀ ਮੰਨਣਗੇ। ਉਨ੍ਹਾਂ ਦੀ ਆਪਣੇ ਆਪ ਨੂੰ ਕਿਸੇ ਠੋਸ, ਨਜ਼ਰ ਆਉਣ ਵਾਲੀ ਦੇਹ ਜਾਂ ਵਿਸ਼ਵਾਸੀਆਂ ਦੀ ਸਥਾਨਕ ਮੰਡਲੀ ਨਾਲ ਜੋੜਨ ਦੀ ਕੋਈ ਇੱਛਾ ਨਹੀਂ ਹੈ। ਉਨ੍ਹਾਂ ਨੂੰ ਸੰਗਤੀ, ਇਕ ਦੂਜੇ ਦਾ ਸੁਧਾਰ, ਸਿੱਖਿਆ, ਅਨੁਸ਼ਾਸਨ, ਬੰਦਗੀ ਜਾਂ ਸੇਵਾ ਵਿਚ ਭਾਗ ਲੈਣ ਦੀ ਕੋਈ ਲੋੜ ਨਹੀਂ ਲਗਦੀ।

ਹੋ ਸਕਦਾ ਹੈ ਕਿ ਅਣਜਾਣਪੁਣੇ ਵਿਚ ਹੀ ਹੋਵੇ, ਪਰ ਅਜਿਹੇ ਲੋਕ ਜਿਹੇ ਸਿਰਫ਼ ਨਾਮ ਦੇ ''ਮਸੀਹੀ'' ਹਨ, ਪ੍ਰਭੂ ਦੀ ਕਲੀਸੀਆ ਨੂੰ ਠੁਕਰਾ ਰਹੇ ਹਨ। ਆਪਣੇ ਆਪ ਨੂੰ ਸਹੀ ਠਹਿਰਾਉਣ ਦੀ ਕਸ਼ਿਸ਼ ਵਿਚ ਕੁਝ ਲਕਾਂ ਦਾ ਇਹ ਕਹਿਣਾ ਹੁੰਦਾ ਹੈ ਕਿ ਉਹ ''ਸੰਗਠਿਤ ਧਰਮ'' ਨੂੰ ਨਕਾਰ ਰਹੇ ਹਨ, ਜਦ ਕਿ ਹਕੀਕਤ ਇਹ ਹੈ ਕਿ ਉਹ ਮਸੀਹ ਦੀ ਉਸ ਦੇਹ ਨੂੰ ਨਕਾਰ ਰਹੇ ਹਨ ਜਿਸ ਨੂੰ ਯਿਸੂ ਨੇ ਕਾਇਮ ਕਰਨਾ ਚਾਹਿਆ ਸੀ। ਜਿਹੜੇ ਲੋਕ ਪਰਮੇਸ਼ੁਰ ਦੀ ਇੱਛਾ ਨੂੰ ਸਚੁਮਚ ਵਿਚ ਸਮਝਦੇ ਹਨ ਉਨ੍ਹਾਂ ਵਾਸਤੇ ਆਪਣੇ ਰਸੂਲਾਂ ਨੂੰ ਦਿੱਤੇ ਗਏ ਪ੍ਰਭੂ ਦੇ ਹੁਕਮ ਤੋਂ ਇਹ ਸਪੱਸ਼ਟ ਹੈ ਕਿ ਉਨ੍ਹਾਂ ਲਈ ਲੋਕਾਂ ਨੂੰ ''ਚੇਲੇ ਬਨਾਉਣਾ'' ''ਉਨ੍ਹਾਂ ਨੂੰ ਬਪਤਿਸਮਾ ਦੇਣਾ'' ਅਤੇ ''ਉਹ ਸਭ ਗੱਲਾਂ ਮੰਨਣਾ ਸਿਖਾਉਣਾ'' ਜਿਨ੍ਹਾਂ ਦਾ ਉਸ ਨੇ ਹੁਕਮ ਦਿੱਤਾ ਸੀ, ਜ਼ਰੂਰੀ ਸੀ (ਮੱਤੀ 28:19, 20)। ਇਹ ਔਖਾ ਕੰਮ ਹੈ! ਜਦ ਪਤਰਸ ਅਤੇ ਹੋਰਨਾਂ ਰਸੂਲਾਂ ਨੇ ਪੈਂਟੀਕਾਸਟ ਵਾਲੇ ਦਿਨ ਭਾਵ ''ਕਲੀਸੀਆ ਦੇ ਜਨਮ ਦਿਨ'' ਇੰਜੀਲ ਦਾ ਪਹਿਲਾ ਸੰਦੇਸ਼ ਸੁਣਾਇਆ ਸੀ ਤਾਂ ''ਜਿਨ੍ਹਾਂ ਉਹ ਦੀ ਗੱਲ ਮੰਨ ਲਈ ਉਨ੍ਹਾਂ ਨੇ ਬਪਤਿਸਮਾ ਲਿਆ ਅਤੇ ਉਸੇ ਦਿਨ ਤਿੰਨਕੁ ਹਜ਼ਾਰ ਜਣੇ ਉਨ੍ਹਾਂ ਵਿਚ ਰਲ ਗਏ।'' ''ਲਗਾਤਾਰ ਰਸੂਲਾਂ ਦੀ ਸਿੱਖਿਆ ਅਤੇ ਸੰਗਤ ਵਿਚ ਅਤੇ ਰੋਟੀ ਤੋੜਨ ਅਰ ਪ੍ਰਾਰਥਨਾ ਕਰਨ ਵਿਚ ਲੱਗੇ ਰਹੇ'' (ਰਸੂਲਾਂ ਦੇ ਕਰਤੱਬ 2:41, 42)।

ਜਿੱਥੇ ਜਿੱਥੇ ਇੰਜੀਲ ਸੁਣਾਈ ਗਈ ਅਤੇ ਉਸ ਨੂੰ ਮੰਨਿਆ ਗਿਆ ਉੱਥੋਂ ਦੇ ਵਿਸ਼ਵਾਸੀਆਂ ਦੇ ਸਮਾਜਾਂ ਦੀ ਇਹ ਸ਼ੁਰੂਆਤ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਕਲੀਸੀਆਵਾਂ *ekklēsiai* (ਏਕਲੇਸਿਆਈ) ਕਿਹਾ ਜਾਣ ਲੱਗਾ, ਜਿਸ ਦਾ ਅਰਥ ਬੁਨਿਆਦੀ ਤੌਰ ਤੇ ''ਸਭਾਵਾਂ'' ਜਾਂ ''ਮੰਡਲੀਆਂ'' ਹੈ। ਇਹ ਲੋਕਾਂ ਦੇ ਸਥਾਨਕ ਸਮੂਹ ਹੁੰਦੇ ਸਨ ਜਿਹੜੇ ਬੰਦਗੀ ਲਈ ਇਕੱਠੇ ਹੁੰਦੇ ਸਨ ਅਤੇ ਜੋ ਕੁਝ ਉਨ੍ਹਾਂ ਨੇ ਸਿੱਖਿਆ ਹੁੰਦਾ ਸੀ ਉਸ ਨੂੰ ਨਿਹਚਾ ਦੀ ਆਮ ਜ਼ਿੰਦਗੀ ਵਿਚ ਅਮਲ ਵਿਚ ਲਿਆਉਂਦੇ ਸਨ। ਆਪੋ ਵਿਚ ਮਿਲਦੇ ਰਹਿ ਕੇ ਉਹ ਸਭ ਗੱਲਾਂ ਸਿੱਖਦੇ ਹਨ ਜਿਹੜੀਆਂ ''ਰਸੂਲਾਂ ਦੀ ਸਿੱਖਿਆ'' ਨਾਲ ਮੇਲ ਖਾਂਦੀਆਂ ਸਨ (ਰਸੂਲਾਂ ਦੇ ਕਰਤੱਬ 2:42; ਵੇਖੋ ਮੱਤੀ 28:20)।

ਮਸੀਹ ਅਤੇ ਉਹਦੀ ਸਿੱਖਿਆ ਨੂੰ ਇਨ੍ਹਾਂ ਮੰਨਣ ਵਾਲਿਆਂ ਲਈ ਸਭ ਤੋਂ ਆਮ ਅਹੁਦਾ ''ਚੇਲੇ'' ਸੀ। ''ਚੇਲਾ'' (*mathētēs*, ਮਥੇਟੇਸ) ਦਾ ਅਰਥ ''ਸ਼ਗਿਰਦ'' ਜਾਂ ''ਸਿਖਿਆਰਥੀ'' ਹੈ। ਇਸ ਨੂੰ ਉਹਦੇ ਲਈ ਵਰਤਿਆ ਜਾਂਦਾ ਹੈ ਜਿਹੜਾ ਯਿਸੂ ਦੀ ਸਿੱਖਿਆ ਅਤੇ ਜੀਣ ਦੇ ਉਹਦੇ ਢੰਗ ਨੂੰ ਸਿੱਖਣ ਲਈ ਉਹਦੇ ਮਗਰ ਚੱਲਿਆ ਹੋਵੇ। ਯਿਸੂ ਦਾ ਹਰ ਚੇਲਾ ਮਸੀਹੀ ਦੇ ਜੀਵਨ ਨੂੰ ਜੀਣਾ ਸਿੱਖ ਰਿਹਾ ਸੀ, ਅਤੇ ਆਪਣੇ ਮਾਲਕ ਅਤੇ ਪ੍ਰਭੂ ਦੇ ਪ੍ਰਤੀ ਸਮਰਪਿਤ ਸੀ। ਉਸ ਦੀ ਜਮਾਤ ਅਤੇ ਉਸ ਦੀ ਪ੍ਰਯੋਗਸ਼ਾਲਾ ਕਲੀਸੀਆ ਹੀ ਸੀ।

ਜੇ ਪਹਿਲੀ ਸਦੀ ਦੇ ਮਸੀਹੀ ਇਸ ਨਮੂਨੇ ਨੂੰ ਨਾ ਮੰਨਦੇ ਹੁੰਦੇ ਅਤੇ ਸਥਾਨਕ ਮੰਡਲੀਆਂ ਭਾਵ ਅਸਲ ਨਾਲ ਨਾ ਜੁੜੇ ਹੁੰਦੇ ਤਾਂ ਸਾਡੇ ਕੋਲ ਨਵੇਂ ਨੇਮ ਦੇ ਖ਼ਤ ਨਹੀਂ ਹੋਣੇ ਸਨ। ਪੌਲੁਸ ਅਤੇ ਇਲਹਾਮ ਪ੍ਰਾਪਤ ਹੋਰ ਲੇਖਕਾਂ ਲਈ ਉਹ ਖ਼ਤ ਜਿਹੜੇ ਅੱਜ ਸਾਡੇ ਕੋਲ ਹਨ, ਜਿਹੜੇ ਉਨ੍ਹਾਂ ਦੇ ਪ੍ਰਾਪਤ ਕਰਨ ਵਾਲਿਆਂ ਦੇ ਨਾਂਅ ਲਿਖੇ ਗਏ ਹਨ, ਲਿਖਣਾ ਸਚਮੁਚ ਵਿਚ ਨਾਮੁਮਕਿਨ ਹਣਾ ਸੀ। ਇਸ ਵਿਚ ਸਾਡੀ ਇਹ ਲਿਖਤ ਭਾਵ ਗਲਾਤੀਆ ਦੇ ਰੋਮੀ ਇਲਾਕੇ ਦੀਆਂ ਕਲੀਸੀਆਵਾਂ ਦੇ ਨਾਂਅ ਖ਼ਤ ਸ਼ਾਮਿਲ ਹੈ। ਪੌਲੁਸ ਦੇ ਲਿਖੇ ਕਈ ਖਤਾਂ ਵਾਂਗ ਇਸ ਖ਼ਤ ਵਿਚ ਵੀ ਮਸੀਹ ਦੀ ਇੰਜੀਲ ਦੀਆਂ ਬੁਨਿਆਦੀ ਗੱਲਾਂ ਹਨ। ਇਸ ਵਿਚ ਤਾੜਨਾਵਾਂ, ਚਿਤਾਵਨੀਆਂ ਅਤੇ ਉਪਦੇਸ਼ ਵੀ ਹਨ। ਇਹ ਸਭ ਨਿੱਜੀ ਅਤੇ ਜਨਤਕ ਤੌਰ ਤੇ ਉਨ੍ਹਾਂ ਦੀਆਂ ਜਿੰਦਗੀਆਂ ਦੇ ਹਰ ਪਹਿਲ ਨੂੰ ਚਲਾਉਣ ਅਤੇ ਯਥਾਰਥ ਵਿਚ ਚਲਾਉਣ ਲਈ

ਬਣਾਇਆ ਗਿਆ ਸੀ।

ਅੱਜ ਬਹੁਤ ਸਾਰੇ ਪ੍ਰਚਾਰਕ ਅਤੇ ਸਿਖਾਉਣ ਵਾਲੇ ਜਿਹੜੇ ਇਹ ਜ਼ੋਰ ਦਿੰਦੇ ਹਏ ਕਿ ਨਵਾਂ ਨੇਮ ਹਰ ਯੁੱਗ ਦੇ ਸਭ ਮਸੀਹੀਆਂ ਲਈ ਹੁਕਮਾਂ ਅਤੇ ਸਿੱਖਿਆਵਾਂ ਦੀ ਪੁਸਤਕ ਬਣਾਉਣ ਲਈ ਨਹੀਂ ਸੀ, ਖ਼ੁਦਾ ਦੇ ਵਚਨ ਨੂੰ ਘੱਟ ਅਹਿਮੀਅਤ ਦਿੰਦੇ ਹਨ। ਉਹ ਇਸ ਗੱਲ ਤੰ ਸੁੰਸ਼ਟ ਹੋ ਜਾਂਦੇ ਹਨ ਕਿ ਨਿੱਜੀ ਕਲੀਸੀਆਵਾਂ ਤੋ ਆਉਣ ''ਪ੍ਰੇਮ ਪੱਤਰ'' ਸਨ ਜਿਹੜੀਆਂ ਉਸ ਸਮੇਂ ਦੇ ਖ਼ਾਸ ਹਾਲਾਤ ਨਾਲ ਨਜਿੱਠ ਰਹੀਆਂ ਸਨ। ਇਨ੍ਹਾਂ ਸਿਖਾਉਣ ਵਾਲਿਆਂ ਦੇ ਮੁਤਾਬਿਕ ਇਲਹਾਮ ਪ੍ਰਾਪਤ ਲੇਖਕਾਂ ਨੂੰ ਕੁਝ ਪਤਾ ਨਹੀਂ ਸੀ ਕਿ ਉਹ ਪ੍ਰਮਾਣਿਕ, ''ਪਵਿੱਤਰ ਲਿਖਤ'' ਨੂੰ ਲਿਖ ਰਹੇ ਹਨ, ਜਿਹੜੀ ਹਰ ਯੁੱਗ ਦੇ ਮਸੀਹੀਆਂ ਦੇ ਆਚਰਣ ਨੂੰ ਚਲਾਉਣ ਲਈ ਸੀ।

ਨਵੇਂ ਨੇਮ ਦੇ ਖ਼ਤ ਭਾਵੇਂ ਆਮ ਤਰ ਤੇ ਖ਼ਾਸ ਹਾਲਾਤ ਦੀ ਗੱਲ ਕਰਨ ਲਈ ਖ਼ਾਸ ਮੰਡਲੀਆਂ ਨੂੰ ਭੇਜੇ ਜਾਂਦੇ ਹਨ, ਪਰ ਇਹ ਵੀ ਸੱਚ ਹੈ ਕਿ ਉਨ੍ਹਾਂ ਨੂੰ ਪ੍ਰਮਾਣਿਕ ਮੰਨਿਆ ਜਾਂਦਾ ਸੀ ਅਤੇ ਇਕ ਦੂਜੇ ਨਾਲ ਸਾਂਝਾ ਕਰਨ ਲਈ ਦਿੱਤਾ ਜਾਂਦਾ ਸੀ। ਕੁਲੁੱਸੀਆਂ ਨੂੰ ਪੋਲੁਸ ਨੇ ਲਿਖਿਆ, ''ਅਤੇ ਜਾਂ ਇਹ ਪੱਤ੍ਰੀ ਤੁਹਾਡੇ ਵਿਚ ਪੜ੍ਹੀ ਗਈ ਹੋਵੇ ਤਾਂ ਇਉਂ ਕਰੋ ਭਈ ਏਹ ਲਾਉਦਿਕੀਆ ਦੀ ਕਲੀਸੀਆ ਵਿਚ ਭੀ ਪੜ੍ਹੀ ਜਾਵੇ ਅਤੇ ਜਿਹੜੀ ਪੱਤ੍ਰੀ ਲਾਉਦਿਕੀਆ ਤੋਂ ਆਵੇ ਉਹ ਤੁਸੀਂ ਭੀ ਪੜ੍ਹੋ'' (ਕੁਲੁੱਸੀਆਂ 4:16)। ਇਸ ਤੋਂ ਇਲਾਵਾ, ਪਤਰਸ ਨੇ ਲਿਖਿਆ:

> ... ਜਿਵੇਂ ਸਾਡੇ ਪਿਆਰੇ ਭਾਈ ਪੌਲੁਸ ਨੇ ਵੀ [ਦੂਜੀ ਆਮਦ ਸਬੰਧੀ] ਓਸ ਗਿਆਨ ਦੇ ਅਨੁਸਾਰ ਜੋ ਉਹ ਨੂੰ ਦਾਨ ਹੋਇਆ ਤੁਹਾਨੂੰ ਲਿਖਿਆ ਸੀ। ... ਉਨ੍ਹਾਂ ਵਿਚ ਕਈਆਂ ਗੱਲਾਂ ਦਾ ਸਮਝਣਾ ਔਖਾ ਹੈ ਜਿਨ੍ਹਾਂ ਨੂੰ ਕੱਚਘਰੜ ਅਤੇ ਡੋਲਣ ਵਾਲੇ ਲੋਕ ਆਪਣੀ ਬਰਬਾਦੀ ਲਈ ਮਰੋੜਦੇ ਹਨ ਜਿਵੇਂ ਓਹ ਹੋਰਨਾਂ ਲਿਖਤਾਂ ਨੂੰ ਭੀ ਕਰਦੇ ਹਨ (2 ਪਤਰਸ 3:15, 16)।

ਇਸ ਹਵਾਲੇ ਵਿਚ ਕਈ ਪ੍ਰਮੁੱਖ ਸਚਿਆਈਆਂ ਦਿੱਤੀਆਂ ਗਈਆਂ ਹਨ। (1) ਪਤਰਸ ਨੇ ਪੌਲੁਸ ਦੇ ਖ਼ਤਾਂ ਨੂੰ ਖ਼ੁਦਾ ਦੀ ਪ੍ਰੇਰਣਾ ਨਾਲ ਲਿਖੇ ਭਾਵ ਇਲਾਹੀ ''ਬੁੱਧ'' ਦਾ ਨਤੀਜਾ ਮੰਨਿਆ। (2) ਉਸ ਨੇ ਵੀ ਇਨ੍ਹਾਂ ਲਿਖਤਾਂ ਨੂੰ ''ਹੋਰਨਾਂ ਲਿਖਤਾਂ'' ਦੇ ਨਾਲ ਸਾਵਾਂ ਰੱਖਿਆ। (3) ਪਤਰਸ ਨੇ ਮਸੀਹੀ ਲੋਕਾਂ ਦੇ ਨਾਂਅ ਲਿਖਦਿਆਂ ਪਲੁਸ ਦੇ ਖ਼ਤਾਂ ਨੂੰ ਪਾਠਕਾਂ ਦੀ ਵੱਡੀ ਗਿਣਤੀ ਲਈ ਪ੍ਰਮਾਣਿਕ ਮੰਨਿਆ ਜਿਹੜੇ ''ਪੰਤੁਸ, ਗਲਾਤਿਆ, ਕੱਪਦੋਕਿਆ, ਅਸਿਆ ਅਤੇ ਬਿਥੁਨਿਆ ਵਿਚ ਖਿੰਡੇ ਹੋਏ ਹਨ'' (1 ਪਤਰਸ 1:1; ਵੇਖੋ 2 ਪਤਰਸ 3:1, 2)। (4) ਪਤਰਸ ਨੂੰ ਸਿਰਫ਼ ਇਹੀ ਪਤਾ ਨਹੀਂ ਸੀ ਕਿ ਉਸਦੇ ਖ਼ਤ ਏਸ਼ੀਆ ਮਾਈਨਰ ਦੇ ਵੱਡੇ ਹਿੱਸੇ ਵਿਚ ਵੰਡੇ ਜਾ ਰਹੇ ਹਨ ਬਲਕਿ ਉਸ ਨੇ ਇਹ ਵੀ ਸੰਕੇਤ ਦਿੱਤਾ ਕਿ ਪੌਲੁਸ ਦੇ ਖ਼ਤ ਉਸ ਇਲਾਕੇ ਵਿਚ ਥਾਂ ਥਾਂ ਵੰਡੇ ਗਏ ਸਨ। ਦੂਜੇ ਸ਼ਬਦਾਂ ਵਿਚ, ਨਵੇਂ ਨੇਮ ਦੀਆਂ ਲਿਖਤਾਂ ਦਾ ਪ੍ਰਚਾਰ ਅਤੇ ਸੰਗ੍ਰਹਿ ਸ਼ੁਰੂ ਵਿਚ ਹੀ ਹੋ ਚੁੱਕਿਆ ਸੀ। (5) ਪਤਰਸ ਨੇ ਉਨ੍ਹਾਂ ਨੂੰ ਜਿਨ੍ਹਾਂ ਨੇ ਲਿਖਤ ਨੂੰ ''ਮਰੋੜਨਾ'' ਜਾਂ ''ਘੁਮਾਉਣਾ'' (NKJV) ਸੀ, ਸਖ਼ਤ ਚਿਤਾਵਨੀ ਦਿੱਤੀ, ਅਜਿਹਾ ਕਰਨਾ ''ਬਰਬਾਦੀ'' ਦਾ ਕਾਰਣ ਬਣਦਾ ਹੈ।

**ਨੇਮਾਂ ਵਿਚ ਫ਼ਰਕ ਕਰਨਾ** (5:7)

ਗਲਾਤੀਆਂ 5:7 ਵਿਚ ਪੌਲੁਸ ਨੇ ਮਸੀਹੀ ਲੋਕਾਂ ਨੂੰ ਦੱਸਿਆ ਕਿ ਉਹ ਮਸੀਹ ਦੀ ਇੰਜੀਲ ਵਿਚ ਆਪਣੀ ਰੂਹਾਨੀ ਦੌੜ ''ਚੰਗੀ ਤਰ੍ਹਾਂ ਦੌੜ'' ਰਹੇ ਸਨ ਪਰ ਯਹੂਦੀ ਮਤ ਦੀ ਸਿੱਖਿਆ ਦੇਣ ਵਾਲਿਆਂ ਵੱਲੋਂ ਉਨ੍ਹਾਂ ਨੂੰ ''ਡੱਕ ਦਿੱਤਾ'' ਗਿਆ ਸੀ। ਉਸ ਨੇ ਇਨ੍ਹਾਂ ਨਵੇਂ ਮਸੀਹੀਆਂ ਨੂੰ ਸਮਝਾਉਣਾ ਜਾਰੀ ਰੱਖਿਆ ਕਿ ਸ਼ਰ੍ਹਾ ਅਤੇ ਇੰਜੀਲ ਦਾ ਆਪਸ ਵਿਚ ਕੋਈ ਮੇਲ ਨਹੀਂ ਹੈ। ਦੋਵਾਂ ਦੀ ਕੋਈ ਤੁਲਨਾ ਨਹੀਂ ਹੈ। ਮਸੀਹੀ ਆਦਮੀ ਲਈ ਦੋਹਾਂ ਵਿੱਚੋਂ ਇਕ ਨੂੰ ਚੁਣਨਾ ਜ਼ਰੂਰੀ ਹੈ, ਚਾਹੇ ਉਹ ਮੂਸਾ ਨੂੰ ਚੁਣੇ ਜਾਂ

ਮਸੀਹ ਨੂੰ, ਸੀਨਾ ਨੂੰ ਚੁਣੇ ਜਾਂ ਗੁਲਗੁਥਾ ਨੂੰ। ਧਰਮੀ ਠਹਿਰਾਏ ਜਾਣ ਦੇ ਵਸੀਲੇ ਦੇ ਰੂਪ ਵਿਚ ਦੋਹਾਂ ਵਿੱਚੋਂ ਕਿਸੇ ਇਕ ਨੂੰ ਦੂਜੇ ਨਾਲ ਮਿਲਾਉਣ ਦੀ ਕੋਈ ਵੀ ਕੋਸ਼ਿਸ਼ ਨਾਮੁਮਕਿਨ ਕੰਮ ਨੂੰ ਕਰਨਾ ਹੈ। ਸਾਡੇ ਆਪਣੇ ਸਮੇਂ ਵਿਚ ਵੀ ਖ਼ੁਦਾ ਦੀ ਖੋਜ ਕਰਨ ਵਾਲੇ ਚੰਗ ਭਲੇ ਲੋਕਾਂ ਨੂੰ ਦੋਹਾਂ ਨੇਮਾਂ ਵਿਚਕਾਰ ਇਹ ਨਿਰਣਾਇਕ ਫਰਕ ਕਰਨਾ ਕਦੇ ਸਿਖਾਇਆ ਨਹੀਂ ਗਿਆ। ਗੁਲਾਮ ਬਨਾਉਣ ਵਾਲਾ ਸ਼ਰ੍ਹਾ ਦਾ ਨੇਮ ਮੂਸਾ ਦੇ ਰਾਹੀਂ ਸੀਨਾ ਪਹਾੜ ਉੱਤੇ ਇਸਰਾਏਲੀਆਂ ਨੂੰ ਦਿੱਤਾ ਗਿਆ ਸੀ। ਇਸ ਦੇ ਬਿਲਕੁਲ ਉਲਟ, ਕਿਰਪਾ ਦਾ ਅਜ਼ਾਦ ਕਰਨ ਵਾਲਾ ਨੇਮ ਯਿਸੂ ਦੇ ਜ਼ਖ਼ਮਾਂ ਵਿੱਚੋਂ ਵਹਿਆ ਸੀ, ਜਦ ਉਹ ਗੁਲਗੁਥਾ ਦੀ ਸਲੀਬ ਉੱਤੇ ਦੁੱਖ ਝੱਲਦੇ ਹੋਏ ਮਰਿਆ ਸੀ।

ਨੇਕ ਨੀਅਤ ਪਰ ਗੁਮਰਾਹ ਧਾਰਮਿਕ ਜਮਾਤਾਂ ਆਪਣੇ ਪੈਰੋਕਾਰਾਂ ਉੱਤੇ ਮੂਸਾ ਦੀ ਸ਼ਰ੍ਹਾ ਦੀਆਂ ਸਿੱਖਿਆਵਾਂ ਥੋਪਦੀਆਂ ਜਾ ਰਹੀਆਂ ਹਨ। ਉਦਾਹਰਣ ਲਈ ਉਹ ਆਪਣੇ ਮੈਂਬਰਾਂ ਦੀ ਆਮਦਨੀ ਦਾ ਦਸਵਾਂ ਹਿੱਸਾ (ਦਸਵੰਧ) ਹੀ ਮੰਗਦੇ ਹਨ, ਕੁਝ ਖ਼ਾਸ ਭੋਜਨਾਂ ਨੂੰ ਖਾਣ ਤੋਂ ਮਨ੍ਹਾਂ ਕਰਦੇ ਹਨ, ਜਾਂ ਸੱਬਤ ਨੂੰ ਮਨਾਉਣ ਤੇ ਜ਼ੋਰ ਦਿੰਦੇ ਹਨ। ਪਰ ਨਵੇਂ ਨੇਮ ਵਿਚ ਅਜਿਹੀਆਂ ਸ਼ਰਤਾਂ ਲਈ ਕੋਈ ਥਾਂ ਨਹੀਂ ਹੈ ਕਿਉਂ ਜੋ ਉਨ੍ਹਾਂ ਨੂੰ ਮਿਟਾ ਦਿੱਤਾ ਗਿਆ ਹੈ।[128]

ਦੂਜਿਆਂ ਨੂੰ ਮੂਸਾ ਦੀ ਸ਼ਰ੍ਹਾ ਅਤੇ ਮਸੀਹ ਦੀ ਇੰਜੀਲ ਵਿਚਕਾਰ ਕੋਈ ਫ਼ਰਕ ਸਮਝਾਉਣ ਦੀ ਕੋਸ਼ਿਸ਼ ਕਰਨ ਵਾਲੇ ਨੂੰ ਕਈ ਤਰ੍ਹਾਂ ਦੇ ਜਵਾਬ ਮਿਲ ਸਕਦੇ ਹਨ। ਕੁਝ ਲੋਕ ਆਖਦੇ ਹਨ, ''ਮੈਂ ਤਾਂ ਖ਼ੁਦਾ ਨਾਲ ਵਫ਼ਾਦਾਰ ਹਾਂ। ਮੈਂ ਦਸ ਹੁਕਮਾਂ ਨੂੰ ਮੰਨਦਾ ਹਾਂ।'' ਇਸ ਸੋਚ ਵਿਚ ਨੁਕਸ ਹੈ ਕਿਉਂ ਜੋ ਸ਼ਰ੍ਹਾ ਨੂੰ ਮੁਕੰਮਲ ਤੌਰ ਤੇ ਮੰਨਣ ਅਤੇ ਆਪਣੀ ਖੂਬੀ ਦੇ ਰਾਹੀਂ ਧਰਮੀ ਹੋਣ ਦੇ ਯੋਗ ਕੋਈ ਵੀ ਨਹੀਂ ਹੈ। ਹੋਰ ਲੋਕ ਇਹ ਜਵਾਬ ਦੇ ਸਕਦੇ ਹਨ, ''ਪੁਰਾਣਾ ਨੇਮ ਵੀ ਤਾਂ ਖੁਦਾ ਦਾ ਵਚਨ ਹੀ ਹੈ।'' ਇਹ ਬਿਲਕੁਲ ਸਹੀ ਹੈ। ਪਰ ਪੁਰਾਣਾ ਨੇਮ ਖ਼ੁਦਾ ਦੇ ਪੁਰਾਣੇ ਨੇਮ ਦੇ ਲੋਕਾਂ ਭਾਵ ਇਸਰਾਏਲੀਆਂ ਲਈ ਖ਼ੁਦਾ ਦਾ ਵਚਨ ਸੀ, ਜਿਨ੍ਹਾਂ ਨੂੰ ਉਸ ਨੇ ਮਿਸਰ ਦੀ ਗੁਲਾਮੀ ਵਿੱਚੋਂ ਛੁਡਾਇਆ ਸੀ (ਕੂਚ 19:1–6)। ਸਭ ਕੌਮਾਂ ਲਈ ਨੇਮ ਦੇ ਰੂਪ ਵਿਚ ਇਸ ਨੂੰ ਕਦੇ ਦਿੱਤਾ ਹੀ ਨਹੀਂ ਗਿਆ ਸੀ ਅਤੇ ਇਹ ਪਾਪ ਮਿਟਾਉਣ ਦੇ ਯੋਗ ਵੀ ਨਹੀਂ ਸੀ। ਨਵਾਂ ਨੇਮ ਖ਼ੁਦਾ ਦੇ ਯਿਸੂ ਦੀ ਮੌਤ ਦੇ ਰਾਹੀਂ ਸਭ ਲੋਕਾਂ ਨੂੰ ਮੁਕਤੀ ਦੀ ਖ਼ੁਦਾ ਦੀ ਉਸ ਖੁਸ਼ਖ਼ਬਰੀ ਨੂੰ ਦੱਸਦਿਆਂ ਹਰ ਕੌਮ ਦੇ ਲੋਕਾਂ ਨੂੰ ਦੱਸਿਆ ਜਾਣਾ ਜ਼ਰੂਰੀ ਹੈ।[129] ਇਹ ਖੁਸ਼ਖ਼ਬਰੀ ਭਾਵ ''ਇੰਜੀਲ'' ਅੱਜ ਸਾਡੇ ਸਮੇਂ ਲਈ ਖ਼ੁਦਾ ਦਾ ਵਚਨ ਹੈ। ਇਹ ''ਅਬਦੀ ਇੰਜੀਲ'' ਹੈ ਅਤੇ ਇਸ ਦੇ ਬਾਅਦ ਕੋਈ ਹੋਰ ਇੰਜੀਲ ਕਦੇ ਨਹੀਂ ਹੋਵੇਗੀ।[130]

ਗਲਾਤੀਆਂ ਦੇ ਨਾ ਖ਼ਤ ਹਰ ਪੀੜ੍ਹੀ ਦੇ ਮਸੀਹੀ ਲੋਕਾਂ ਨੂੰ ਛੁਟਕਾਰਾ ਦੁਆਉਣ ਵਾਲੀ ਯਿਸੂ ਦੀ ਮੌਤ ਦੇ ਭਰੋਸਾ ਕਰਨ ਨੂੰ ਕਬੂਲ ਕਰਨ ਦੀ ਚੁਣੌਤੀ ਦਿੰਦਾ ਹੈ। ਸਾਨੂੰ ਪ੍ਰਭੂ ਦੇ ਰੂਪ ਵਿਚ ਉਸ ਦੇ ਅੱਗੇ ਸਮਰਪਣ ਅਜਿਹੀ ਵਫ਼ਾਦਾਰੀ ਨਾਲ ਹੁਕਮ ਮੰਨਦਿਆਂ ਕਰਮ ਕਰਨਾ ਜ਼ਰੂਰੀ ਹੈ ਜਿਸ ਦਾ ਸੰਕੇਤ ''ਹੇ ਪ੍ਰਭੂ'' ਵਿਚ ਮਿਲਦਾ ਹੈ (ਮੱਤੀ 7:21)। ਇਸ ਇੰਜੀਲ ਤੋਂ ਛੁੱਟ ਕਿਸੇ ਵੀ ਹੋਰ ਗੱਲ ਤੇ ਨਿਰਭਰ ਰਹਿਣ ਦਾ ਮਤਲਬ ਹੁਕਮ ਨਾ ਮੰਨਣਾ ਹੈ ਅਤੇ ਉਨ੍ਹਾਂ ਸਾਰੀਆਂ ਬਰਕਤਾਂ ਤੋਂ ਵਾਂਝੇ ਹੋਣਾ ਹੈ ਜਿਹੜੀਆਂ ''ਮਸੀਹ ਵਿਚ'' ਹੋਣ ਵਿਚ ਪਾਈਆਂ ਜਾਂਦੀਆਂ ਹਨ।

**''ਸਚਿਆਈ''** (5:7)

ਕੋਈ ਸਚਿਆਈ ਦੀ ਗੱਲ ਵੱਖੋ ਵੱਖ ਖੇਤਰਾਂ ਵਿਚ ਗੱਲ ਕਰ ਸਕਦਾ ਹੈ। ਇਕ ਉਦਾਹਰਣ ਕਾਨੂੰਨ ਦਾ ਖੇਤਰ ਹੈ। ਕਚਿਹਰੀ ਵਿਚ ਮਕਸਦ ਤੱਥਾਂ ਨੂੰ ਯਕੀਨੀ ਬਣਾਉਣ ਦਾ ਹੁੰਦਾ ਹੈ। ਗਵਾਹ ਨੂੰ ਮਾਮਲੇ ਨਾਲ ਜੁੜੀ ਜਾਣਕਾਰੀ ਦੇਣ ਲਈ ਕਿਹਾ ਜਾਂਦਾ ਹੈ। ਅਮਰੀਕੀ ਅਦਾਲਤ ਵਿਚ ਉਹ ''ਸੱਚ, ਪੂਰਾ ਸੱਚ ਅਤੇ ਸੱਚ ਦੇ ਸਿਵਾਏ ਹੋਰ ਕੁਝ ਨਹੀਂ ਬੋਲਣ ਦਾ ਵਚਨ ਦਿੰਦਾ ਹੈ। ਉਹ ਝੂਠ ਦੇ ਵਿਰੋਧ ਵਿਚ ਦਿੱਤੀ ਜਾਣ ਵਾਲੀ ਗਵਾਹੀ ਦੇ ਸੱਚ ਹੋਣ ਦੀ ਤਸਦੀਕ ਕਰਦਾ ਹੈ।

ਪਿਲਾਤੁਸ ਨੇ ਜਿਸ ਉੱਤੇ ਯਿਸੂ ਦਾ ਨਿਆਂ ਕਰਨ ਦਾ ਮੁਸ਼ਕਿਲ ਕੰਮ ਆਣ ਪਿਆ ਸੀ, ਖਿਝ ਕੇ ਪੁੱਛਿਆ ਸੀ, ''ਸਚਿਆਈ ਹੁੰਦੀ ਕੀ ਹੈ?'' (ਯੂਹੰਨਾ 18:38)। ਉਹ ਸਮਝ ਗਿਆ ਸੀ ਕਿ ਯਿਸੂ ਨੂੰ ਯਹੂਦੀਆਂ ਨੇ ਉਹਦੇ ਸਪੁਰਦ ਆਪਣੀ ਖਾਰ ਕਰਕੇ ਕੀਤਾ ਸੀ। ਉਹ ਨੂੰ ਯਕੀਨ ਸੀ ਕਿ ਪ੍ਰਭੂ ਬੇਕਸੂਰ ਹੈ ਪਰ ਯਿਸੂ ਵੱਲੋਂ ਉਹਦੇ ਨਾਲ ਹੁਣੇ ਹੁਣੇ ਕੀਤੇ ਗਏ ਇਕਰਾਰ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ ਸੀ। ਪਿਲਾਤੁਸ ਨੇ ਯਿਸੂ ਤੋਂ ਪੁੱਛਿਆ ਸੀ, ''ਤਾਂ ਫੇਰ ਤੂੰ ਪਾਤਸ਼ਾਹ ਹੈਂ?'' ਪ੍ਰਭੂ ਦਾ ਜਵਾਬ ਫੌਰੀ ਅਤੇ ਜ਼ੋਰਦਾਰ ਸੀ: ''ਸੱਚ ਵਚਨ, ਮੈਂ ਬਾਦਸ਼ਾਹ ਹੀ ਹਾਂ। ਮੈਂ ਇਸੇ ਲਈ ਜਨਮ ਧਾਰਿਆ ਅਤੇ ਇਸੇ ਲਈ ਜਗਤ ਵਿਚ ਆਇਆ ਹਾਂ ਭਈ ਸਚਿਆਈ ਉੱਤੇ ਸਾਖੀ ਦਿਆਂ। ...'' (ਯੂਹੰਨਾ 18:37)। ਇੱਥੇ ਸਚਿਆਈ ਦਾ ਸਵਾਲ ਇਹ ਸੀ ਕਿ ਯਿਸੂ ਖਰੀਸਤ ਹੀ ਮਸੀਹਾ ਹੈ।

ਪਿਲਾਤੁਸ ਨੂੰ ਕਹੀ ਯਿਸੂ ਦੀ ਇਹ ਗੱਲ 1 ਤਿਮੋਥਿਉਸ 6:13 ਵਿਚ ਪੌਲੁਸ ਦੇ ''ਮਸੀਹ ਯਿਸੂ ਜਿਹ ਨੇ ਪੁੰਤਿਉਸ ਪਿਲਾਤੁਸ ਦੇ ਸਾਹਮਣੇ ਇਕਰਾਰ ਕੀਤਾ ਸੀ'' ਦੀ ਹਵਾਲ ਦੀ ਬੁਨਿਆਦ ਲਗਦੀ ਹੈ। ''ਸਚਿਆਈ,'' ''ਪੱਕਾ ਇਕਰਾਰ'' ਹੈ ਜਿਹੜਾ ਹਰ ਉਸ ਵਿਅਕਤੀ ਨੂੰ ਕਰਨ ਲਈ ਜਿਹੜਾ ਮਸੀਹ ਦੇ ਕੋਲ ਆਉਂਦਾ ਹੈ ਭਾਵ ਇਹ ਕਿ ਯਿਸੂ ਸਚਮੁਚ ਵਿਚ ਬਾਦਸ਼ਾਹ, ਵਾਅਦਾ ਕੀਤਾ ਹੋਇਆ ਮਸੀਹਾ ਅਤੇ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਹੈ (ਵੇਖੋ ਮੱਤੀ 16:16; ਯੂਹੰਨਾ 11:27; ਰਸੂਲਾਂ ਦੇ ਕਰਤੱਬ 8:37)।

**ਸੱਚਿਆਈ ਨੂੰ ਭਾਲੋ** (5:11)

ਗਲਾਤੀਆਂ ਦੀ ਕਿਤਾਬ ਪੜ੍ਹਨ ਵਾਲੇ ਇਹੋ ਜਿਹੇ ਬਹੁਤ ਸਾਰੇ ਪਾਠਕਾਂ ਲਈ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਲੱਗੇ ਕਿ ਸੁੰਨਤ ਦੇ ਸਰੀਰਕ ਕਾਰਜ ਦਾ ਕੋਈ ਨਤੀਜਾ ਨਹੀਂ ਹੈ। ਪਾ ਵਿਚ ਪਈ ਮਨੁੱਖ ਜਾਤੀ ਨੂੰ ਛੁਡਾਉਣ ਦੀ ਖ਼ੁਦਾ ਦੀ ਸਨਾਤਨ ਮੰਸ਼ਾ ਇਹ ਸਰੀਰਕ, ਸੰਸਾਰਕ ਅਪ੍ਰੇਸ਼ਨ ਇਕ ਛੋਟੀ ਜਿਹੀ ਗੱਲ ਹੈ। ਇਹ ਕਿਵੇਂ ਹੋਇਆ ਕਿ ਖ਼ੁਦਾ ਦੇ ਚੁਣੇ ਹੋਏ ਲੋਕ ਜਿਵੇਂ ਆਪਣੇ ਵਾਅਦਾ ਕੀਤੇ ਹੋਏ ਮਸੀਹਾ ਦੀ ਰਾਹ ਤੱਕਦੇ ਹੋਏ ਤਰਸ ਰਹੇ ਸਨ (ਲੂਕਾ 2:25), ਬੇਲੋੜੇ ਲੱਗਣ ਵਾਲੇ ਸਰੀਰਕ ਕਾਰਜ ਨਾ ਕਰਕੇ ਐਨੇ ਬੁਰੀ ਤਰ੍ਹਾਂ ਨਾਲ ਇਹਦੇ ਕਰਕੇ ਠੋਕਰ ਖਾ ਸਕਦੇ ਸਨ।

ਉਨ੍ਹਾਂ ਨੇ ਆਪਣੇ ਨਿਰਾਲੇ ਨਜ਼ਰੀਏ ਕਰਕੇ ਠੋਕਰ ਖਾਧੀ। ਸੁੰਨਤ ਸ਼ਰ੍ਹਾ ਦੇ ਤਹਿਤ ਤਿੰਨ ਹਜ਼ਾਰ ਸਾਲ ਤਕ ਖ਼ੁਦਾ ਦਾ ਹੁਕਮ ਬਣੀ ਰਹੀ (ਲੇਵੀਆਂ 12:1–3)। ਇਹ ਉਸ ਸਮੇਂ ਤੋਂ ਘੱਟੋ ਘੱਟ 430 ਸਾਲ ਪਹਿਲਾਂ ਉਨ੍ਹਾਂ ਦੇ ਸਨਮਾਨਤ ਪੁਰਖੇ ਅਬਰਾਹਾਮ ਨਾਲ ਬੰਨ੍ਹੇ ਗਏ ਉਸ ਦੇ ਨੇਮ ਦਾ ਨਿਸ਼ਾਨ ਸੀ (3:17 ਤੇ ਟਿੱਪਣੀਆਂ ਵੇਖੋ)। ਜ਼ਾਹਿਰ ਹੈ ਕਿ ਇਸਰਾਏਲੀ ਲੋਕ ਮਿਸਰ ਵਿਚ ਆਪਣੀ ਗੁਲਾਮੀ ਦੌਰਾਨ ਸੁੰਨਤ ਕਰਵਾਉਂਦੇ ਸਨ। ਪਰ ਉਜਾੜ ਵਿਚ ਘੁੰਮਣ ਦੌਰਾਨ ਇਸ ਕਰਕੇ ਯਰਦਨ ਦਰਿਆ ਪਾਰ ਕਰਨ ਤੋਂ ਬਾਅਦ ਗਿਲਗਾਲ ਵਿਚ ਮਰਦਾਂ ਅਤੇ ਉਜਾੜ ਵਿਚ ਪੈਦਾ ਹੋਏ ਮੁੰਡਿਆਂ ਦੀ ਸੁੰਨਤ ਕੀਤੀ ਗਈ ਸੀ। ਕਨਾਨ ਉੱਤੇ ਫ਼ਤਹਿ ਪਾਉਣ ਤੋਂ ਪਹਿਲਾਂ ਉਨ੍ਹਾਂ ਦੀ ਸੁੰਨਤ ਕੀਤੀ ਗਈ ਸੀ (ਯਹੋਸ਼ੁਆ 5:2–9)। ਯਹੂਦੀਆਂ ਲਈ ਸੁੰਨਤ ਦਾ ਇਤਿਹਾਸਕ ਮਹੱਤਵ ਸਾਨੂੰ ਘੱਟੋ-ਘੱਟ ਕੁਝ ਸਮਝਣ ਵਿਚ ਮਦਦਗਾਰ ਹੋ ਸਕਦਾ ਹੈ। ਹੋ ਸਕਦਾ ਹੈ ਕਿ ਕੁਝ ਯਹੂਦੀ ਮਸੀਹੀ ਭਾਵੇਂ ਗਲਤ ਹੀ ਕਰ ਰਹੇ ਸਨ, ਉਹ ਗੈਰਕੌਮਾਂ ਉੱਤੇ ਇਸ ਰੀਤ ਨੂੰ ਥੋਪ ਰਹੇ ਸਨ।

ਉਨ੍ਹਾਂ ਨੂੰ ਠੋਕਰ ਲੱਗੀ ਸੀ ਕਿਉਂ ਜੋ ਯਿਸੂ ਉਹ ਮਸੀਹਾ ਨਹੀਂ ਸੀ ਜਿਹੋ ਜਿਹੇ ਮਸੀਹਾ ਦੀ ਉਹ ਉਮੀਦ ਕਰ ਹਰੇ ਸਨ। ਉਸ ਦੇ ਦੁੱਖ ਝੱਲਣ ਦੀਆਂ ਕੀਤੀਆਂ ਗਈਆਂ ਨਬੂਵਤਾਂ ਦੇ ਬਾਵਜੂਦ (ਜ਼ਬੂਰਾਂ 22; ਯਸਾਯਾਹ 53), ਯਹੂਦੀ ਲੋਕ ਇਕ ਸਿਆਸੀ ਬਾਦਸ਼ਾਹ ਦੀ ਉਮੀਦ ਕਰ ਰਹੇ ਸਨ। ਉਹ ਇਕ ਬਦਲਾ ਵਾਲੇ ਨੂੰ ਚਾਹ ਰਹੇ ਸਨ ਜਿਹੜਾ ਫੌਜ ਬਣਾ ਕੇ ਰੋਮੀ ਸਰਕਾਰ ਦੇ ਜੂਲੇ ਨੂੰ ਲਾਹ ਸੁੱਟੇ ਅਤੇ ਦੇਸ਼ਾਂ ਦੀ ਨਜ਼ਰ ਵਿਚ ਇਸਰਾਏਲ ਨੂੰ ਸਹੀ ਠਹਿਰਾਏ। ਜਦ ਯਿਸੂ ਉਨ੍ਹਾਂ ਦੀਆਂ ਉਮੀਦਾਂ

ਤੇ ਖਰਾ ਨਹੀਂ ਉੱਤਰਿਆ ਤਾਂ ਉਨ੍ਹਾਂ ਨੇ ਖ਼ੁਦਾ ਦੇ ਪਹਿਲਾਂ ਤੋਂ ਠਹਿਰਾਏ ਹੋਏ ਵਸੀਲੇ ਅਤੇ ਛੁਟਕਾਰੇ ਦੇ ਸਾਧਨ ਬਣ ਕੇ ਉਸ ਨੂੰ ਸਲੀਬ ਦੇ ਦਿੱਤਾ (ਰਸੂਲਾਂ ਦੇ ਕਰਤੱਬ 2:22–24)। ਇਸ ਨਾਲ ਉਹ ਲਿਖਤ ਪੂਰੀ ਹੋਈ ਜਿਸ ਵਿਚ ਕਿਹਾ ਗਿਆ ਸੀ ਕਿ ਯਿਸੂ ''ਤੁੱਛ ਅਤੇ ਮਨੁੱਖਾਂ ਵੱਲ ਤਿਆਗਿਆ ਹੋਇਆ ਸੀ, ਇਕ ਦੁਖੀਆ ਮਨੁੱਖ, ਸੋਗ ਦਾ ਜਾਣੂ'' ਸੀ (ਯਸਾਯਾਹ 53:3ੳ)। ਪਹਿਲਾਂ ਤੋਂ ਮਲੂਮ ''ਬਕੀਏ'' ਨੂੰ ਛੱਡ (ਰੋਮੀਆਂ 11:1–5) ਇਸਰਾਏਲ ਲਈ ਸਲੀਬ ਦਿੱਤਾ ਹੋਇਆ ਮਸੀਹ ''ਠੋਕਰ ਦੀ ਚੱਟਾਨ'' ਸੀ।

ਉਨ੍ਹਾਂ ਨੇ ਠੋਕਰ ਖਾਦੀ ਕਿਉਂ ਜੋ ਉਹ ਸਚਿਆਈ ਮੰਨਣ ਲਈ ਤਿਆਰ ਨਹੀਂ ਸਨ ਸਾਨੂੰ ਕਿਸੇ ਡਾਕਟ੍ਰਿਨ ਜਾਂ ਰੀਤ ਨੂੰ ਸਿਰਫ਼ ਇਸ ਕਰਕੇ ਨਹੀਂ ਮੰਨ ਲੈਣਾ ਚਾਹੀਦਾ ਕਿ ਕਿਉਂਕਿ ''ਇਹ ਪੁਰਾਣੇ ਜ਼ਮਾਨੇ ਤੋਂ ਚਲਦੀ ਆ ਰਹੀ ਹੈ।'' ਇਸ ਦੇ ਉਲਟ ਸਾਨੂੰ ਸਚਿਆਈ ਨੂੰ ਭ ਾਲਦੇ ਰਹਿਣਾ ਜ਼ਰੂਰੀ ਹੈ। ਖ਼ਦਾ ਦੇ ਪ੍ਰਤੀ ਸਾਡੀ ਨੈਤਿਕ ਜ਼ਿੰਮੇਵਾਰੀ ਇਹੀ ਹੈ।

ਉਨ੍ਹਾਂ ਨੇ ਠੋਕਰ ਖਾਧੀ ਕਿਉਂ ਜੋ ਆਦਤਾਂ ਆਦਮੀ ਨੂੰ ਸੁਰੱਖਿਆ ਦਾ ਝੂਠਾ ਅਹਿਸਾਸ ਕਰਵਾ ਸਕਦੀਆਂ ਹਨ। ਪ੍ਰਾਚੀਨ ਕਾਲ ਦੇ ਇਸਰਾਏਲੀਆਂ ਵਾਂਗ ਅਸੀਂ ਉਨ੍ਹਾਂ ਲੋਕਾਂ ਦੀ ਅਗਿਆਨਤਾ ਅਤੇ ਧੋਖੇ ਦੇ ਸ਼ਿਕਾਰ ਹੋ ਸਕਦੇ ਹਾਂ ਜਿਨ੍ਹਾਂ ਨੇ ''ਸਚਿਆਈ ਦੇ ਪ੍ਰੇਮ ਨੂੰ ਕਬੂਲ ਨਾ ਕੀਤਾ ਜਿਸ ਤੋਂ ਉਨ੍ਹਾਂ ਦੀ ਮੁਕਤੀ ਹੋ ਜਾਂਦੀ'' (2 ਥੱਸਲੁਨੀਕੀਆਂ 2:10)। ਇਹ ਵਚਨ ਭਾਵੇਂ ਮੁੱਖ ਤੌਰ ਤੇ ਉਨ੍ਹਾਂ ਲੋਕਾਂ ਦੇ ਸਬੰਧ ਵਿਚ ਹੈ ਜਿਹੜੇ ''ਕੁਧਰਮ ਉੱਤੇ ਪ੍ਰਸੰਨ'' ਹੁੰਦੇ ਰਹੇ (2 ਥੱਸਲੁਨੀਕੀਆਂ 2:12), ਪਰ ਇਸ ਵਿਚ ਸਚਿਆਈ ਦੇ ਪ੍ਰਤੀ ਉਦਾਸੀਨ ਹੋਣ ਦਾ ਸੰਕੇਤ ਵੀ ਹੈ।

**ਸੇਵਾ ਲਈ ਅਜ਼ਾਦ ਕੀਤੇ ਗਏ** (5:13)

ਮਸੀਹੀ ਆਦਮੀ ਦਾ ਚਾਨਣ ਸਭ ਤੋਂ ਵੱਧ ਪ੍ਰੇਮ ਭਰੀ ਸੇਵਕਾਈ ਵਿਚ ਹਲੀਮ ਰਹਿਣ ਦੇ ਰਾਹੀਂ ਸਭ ਤੋਂ ਵੱਧ ਚਮਕ ਸਕਦਾ ਹੈ। ਸਿਰਫ਼ ਖ਼ੁਦਾ ਦੀ ਕਿਰਪਾ ਦੀਆਂ ਜ਼ਬਰਦਸਤ ਗੱਲਾਂ ਕਰਨਾ ਹੀ ਕਾਫ਼ੀ ਨਹੀਂ ਹੈ। ਸਾਨੂੰ ਆਪਣੇ ਆਤਮਾ ਦੇ ਵਾਸ ਦਾ ਦਾਨ ਦੇਣ ਵਿਚ ਖ਼ੁਦਾ ਦਾ ਇਰਾਦਾ ਇਹ ਸੀ ਕਿ ਇਹ ਕਿਰਪਾ ''ਆਤਮਾ ਦੇ ਫਲ'' ਵਿਚ ਸਾਡੀਆਂ ਜ਼ਿੰਦਗੀਆਂ ਵਿਚ ਨਜ਼ਰ ਆਵੇ। ਇਹ ਫਲ ਉਸ ਬਦਲਾਅ ਨਾਲ ਆਉਂਦਾ ਹੈ ਜਿਹੜਾ ਸਾਡੇ ਖ਼ੁਦਾ ਦੇ ਰੂਹਾਨੀ ਸੁਭਾਅ ਨੂੰ ਆਪਣਾ ਲੈਣ ਤੇ ਆਤਮਾ ਸਾਡੇ ਵਿਹਾਰਾਂ ਅਤੇ ਸਾਡੇ ਕੰਮਾਂ ਵਿਚ ਲਿਆਉਂਦਾ ਹੈ।

ਪਤਰਸ ਨੇ ਖ਼ੁਦਾ ਦੇ ਉਨ੍ਹਾਂ ਵੱਡੇ ਵਾਅਦਿਆਂ ਦੀ ਗੱਲ ਕੀਤੀ ਜਿਹੜੇ ਉਸ ਨੇ ਸਾਨੂੰ ਦਿੱਤੇ ਸਨ। ''ਭਈ *[ਅਸੀਂ]* ਓਸ ਵਿਨਾਸ਼ ਤੋਂ ਛੁੱਟ ਕੇ ਜੋ ਕਾਮਨਾ ਦੇ ਕਾਰਨ ਜਗਤ ਵਿਚ ਹੈ ਉਨ੍ਹਾਂ ਦੇ ਦੁਆਰਾ *ਈਸ਼ੁਰੀ ਸੁਭਾਉ ਵਿਚ ਸਾਂਝੀ* ਹੋ'' ਜਾਈਏ (2 ਪਤਰਸ 1:4)। ਕਿਸੇ ਹੋਰ ਥਾਂ ਇਸ ਰੂਹਾਨੀ ਪ੍ਰਕਿਰਿਆ ਨੂੰ ਇਨ੍ਹਾਂ ਸ਼ਬਦਾਂ ਵਿਚ ਜ਼ਾਹਿਰ ਕੀਤਾ ਗਿਆ ਹੈ ਕਿ ਅਸੀਂ ''ਪ੍ਰਭੂ ਯਿਸੂ ਮਸੀਹ ਨੂੰ ਪਹਿਨ'' ਲਈਏ ''ਅਤੇ ਸਰੀਰ ਦੇ ਵਿਸ਼ਿਆਂ ਲਈ ਕੋਈ ਤਰੱਦਦ ਨਾ ਕਰੀਏ'' (ਰੋਮੀਆਂ 13:14)। ਕੋਈ ਵੀ ਜਿਹੜਾ ਮਸੀਹੀ ਬਣ ਚੁੱਕਿਆ ਹੈ ਉਸ ਨੂੰ ਚਾਹੀਦਾ ਹੈ ਕਿ ''ਪੁਰਾਣੀ ਇਨਸਾਨੀਅਤ ਨੂੰ ਉਹ ਦੀਆਂ ਕਰਨੀਆਂ ਸਣੇ ਲਾਹ *[ਸੁਟੇ]*। ਅਤੇ ਨਵੀਂ ਨੂੰ ਪਹਿਨ *[ਲਵੇ]* ਜੋ ਪੂਰਨ ਗਿਆਨ ਲਈ ਆਪਣੇ ਕਰਤਾਰ ਦੇ ਸਰੂਪ ਦੇ ਉੱਤੇ ਨਵੀਂ ਬਣਦੀ ਜਾਂਦੀ ਹੈ'' (ਕੁਲੁੱਸੀਆਂ 3:9, 10)।

ਪੌਲੁਸ ਇਸ ਜ਼ਬਰਦਸਤ ਗੱਲ ਨੂੰ ਬਿਲਕੁਲ ਸਾਫ਼ ਸਾਫ਼ ਸਮਝਦਾ ਸੀ ਜੋ ਖ਼ੁਦਾ ਦਾ ਇਰਾਦਾ ਸੀ, ਅਤੇ ਆਪਣੇ ਪੁੱਤਰ ਨੂੰ ਘੱਲ ਕੇ ਉਸ ਨੇ ਆਪਣੀ ਕਿਰਪਾ ਨੂੰ ਪੂਰਾ ਕੀਤਾ। ਯਿਸੂ ਨੇ ਸਾਡੇ ਲਈ ਉਹ ਕੀਤਾ ਜਿਹੜਾ ਅਸੀਂ ਆਪਣੇ ਲਈ ਕਰਨ ਦੇ ਅਯੋਗ ਸਾਂ। ਉਸ ਦੀ ਕੁਰਬਾਨੀ ਦੇ ਰਾਹੀਂ, ''ਸਾਡੇ ਵਿਚ ਜਿਹੜੇ ਸਰੀਰ ਦੇ ਨਹੀਂ ਸਗੋਂ ਆਤਮਾ ਦੇ ਅਨੁਸਾਰ ਚੱਲਦੇ ਹਾਂ ਸ਼ਰਾ ਦਾ ਰਾਸਤ ਹੁਕਮ ਪੂਰਾ'' ਕੀਤਾ ਗਿਆ ਹੈ (ਰੋਮੀਆਂ 8:4)। ਹੁਣ ਉਸ ਦੇ ਆਤਮਾ ਦੇ ਦਾਨ ਦੇ ਰਾਹੀਂ ਸਾਡੇ ਲਈ ਰੂਹਾਨੀ ਚਲਣ

ਨੂੰ ਮੁਮਕਿਨ ਕੀਤਾ ਗਿਆ ਹੈ ਇਸ ਕਰਕੇ ਸਾਡੇ ਲਈ ਇਸ ਨੂੰ ਗੰਭੀਰਤਾ ਨਾਲ ਲੈਣਾ ਜ਼ਰੂਰੀ ਹੈ।

ਜਿਵੇਂ ਕਿ 5: 16–26 ਵਿਚ ਪੌਲੁਸ ਨੇ ਸਾਫ਼ ਕੀਤਾ, ਆਤਮਾ ਵਿਚ ਚੱਲਣਾ ਹਮੇਸ਼ਾ ਸੰਘਰਸ਼ ਭਰਿਆ ਹੀ ਰਹੇਗਾ। ਸਾਡੇ ਅੰਦਰ ਪਰਮੇਸ਼ੁਰ ਦੇ ਆਤਮਾ ਦੇ ਕੰਮ ਕਰਨ ਨਾਲ ਅਸੀਂ ''ਆਤਮਾ ਨਾਲ ਦੇਹੀ ਦੇ ਕਾਰਜਾਂ ਨੂੰ'' ਮਰਦਿਆਂ ਵੇਖ ਸਕਦੇ ਹਾਂ (ਰੋਮੀਆਂ 8: 13)। ਖ਼ੁਦਾ ਦੀ ਤਾਰੀਫ਼ ਹੋਵੇ ਕਿ ਉਸ ਨੇ ਸਾਨੂੰ ਆਪਣੇ ਨਾਲ ਚੱਲਣ ਦੇ ਯੋਗ ਬਣਾ ਕੇ ਅਤੇ ਪਵਿੱਤਰ ਆਤਮਾ ਦਾ ਦਾਨ ਦੇ ਕੇ, ਫ਼ਤਹਿ ਦੁਆ ਦਿੱਤੀ ਹੈ।

**ਆਤਮਾ ਦਾ ਆਉਣਾ** (5: 16)

ਨਵੇਂ ਨੇਮ ਦੇ ਦਿਨਾਂ ਵਿਚ ਵੱਡੀਆਂ ਬਰਕਤਾਂ ਵਿੱਚੋਂ ਇਕ ਇਹ ਹੈ ਕਿ ਅਸੀਂ ਪਿੱਛੇ ਨੂੰ ਮੁੜਕੇ ਵੇਖ ਸਕਦੇ ਹਾਂ ਕਿ ਖ਼ੁਦਾ ਨੇ ਪੁਰਾਣੇ ਨੇਮ ਵਿਚ ਕਿਸ ਤਰ੍ਹਾਂ ਵਾਇਦੇ ਕੀਤੇ ਅਤੇ ਉਨ੍ਹਾਂ ਨੂੰ ਪੂਰਾ ਕਰਦੇ ਹੋਏ ਆਪਣਾ ਵਚਨ ਨਿਭਾਇਆ। ਇਨ੍ਹਾਂ ਵਿੱਚੋਂ ਸਭ ਤੋਂ ਵੱਡਾ ਵਾਅਦਾ ਮਸੀਹਾ (ਆਪਣੇ ਪੁੱਤਰ, ਯਿਸੂ ਨਾਸਰੀ) ਨੂੰ ਘੱਲਣਾ ਸੀ, ਜਿਸਦਾ ਮਿਸ਼ਨ ਗੁਆਚੇ ਹੋਇਆਂ ਨੂੰ ਛੁਡਾਉਣਾ ਸੀ। ਇਸ ਦੇਹ ਵਿਚ ਵੀ ''ਸਰੀਰਕ ਅਤੇ ਪਾਪ ਦੇ ਹੱਥ ਵਿਕਿਆ ਹੋਇਆ'' (ਰੋਮੀਆਂ 7: 14) ਜੀਉਂਦਾ ਰਹਿਣ ਦੇ ਵਿਹਾਰਕ ਸਾਧਨ ਦੇ ਨਾਲ ਨਾਲ, ਯਿਸੂ ਸਾਨੂੰ ਸੁਰਗ ਦੀ ਆਸ ਦੇਣ ਲਈ ਆਇਆ।

ਰੋਮੀਆਂ 7: 24 ਵਿਚ ਪੌਲੁਸ ਨੇ ਛੁਟਕਾਰਾ ਨਾ ਪਾਏ ਹੋਏ ਆਦਮੀ ਦਾ ਮਾਯੂਸੀ ਭਰਿਆ ਸਵਾਲ ਪੁੱਛਿਆ: ''ਮੈਂ ਕਿੱਡਾ ਮੰਦਭਾਗੀ ਮਨੁੱਖ ਹਾਂ! ਕੌਣ ਮੈਨੂੰ ਇਸ ਮੌਤ ਦੇ ਸਰੀਰ ਤੋਂ ਛੁਡਾਵੇਗਾ?'' ਪੌਲੁਸ ਦੇ ਆਪਣੇ ਲਈ ਇਹ ਸਵਾਲ ਅਲੰਕਾਰਿਕ ਸੀ ਕਿਉਂ ਜੋ ਉਸ ਨੂੰ ਇਸ ਦਾ ਜਵਾਬ ਚੰਗੀ ਤਰ੍ਹਾਂ ਪਤਾ ਸੀ। ਅਗਲੀ ਆਇਤ ਵਿਚ ਉਸ ਨੇ ਪੁਕਾਰ ਕੇ ਆਖਿਆ, ''ਮਸੀਹ ਸਾਡੇ ਪ੍ਰਭੂ ਦੇ ਵਸੀਲੇ ਪਰਮੇਸ਼ੁਰ ਦਾ ਧੰਨਵਾਦ ਹੋਵੇ! ਸੋ ਮੈਂ ਆਪ ਬੁੱਧ ਨਾਲ ਪਰਮੇਸ਼ੁਰ ਦੇ ਕਾਨੂੰਨ ਦੀ ਗੁਲਾਮੀ ਕਰਦਾ ਪਰ ਸਰੀਰ ਨਾਲ ਪਾਪ ਦੇ ਕਾਨੂੰਨ ਦੀ'' (ਰੋਮੀਆਂ 7: 25ੳ)। ਖ਼ੁਦਾ ਨੇ ਆਪਣੇ ਪੁੱਤਰ ਦੇ ਮੌਤ ਅਤੇ ਜੀ ਉੱਠਣ ਦੇ ਰਾਹੀਂ ਅਤੇ ਉਸ ਦੇ ਬਾਅਦ ਆਪਣੇ ਆਤਮਾ ਦੇ ਵਹਾਏ ਜਾਣ ਦੇ ਰੂਪ ਵਿਚ ਪਾਪ ਉੱਤੇ ਫ਼ਤਹਿ ਦੁਆਈ। ਉਸ ਨੇ ਨਬੀਆਂ ਦੇ ਰਾਹੀਂ ਆਤਮਾ ਦਾ ਵਾਅਦਾ ਕੀਤਾ,[131] ਅਤੇ ਸਮਾਂ ਪੂਰਾ ਹੋਣ ਤੇ ਆਪਣਾ ਵਚਨ ਪੂਰਾ ਕੀਤਾ।[132]

ਯੂਹੰਨਾ ਨੇ ਐਲਾਨ ਕੀਤਾ ਕਿ ਮਸੀਹ ਇਸ ਸੰਸਾਰ ਵਿਚ ''ਇਸ ਲਈ ਪਰਗਟ ਹੋਇਆ ਭਈ ਸ਼ੈਤਾਨ ਦੇ ਕੰਮਾਂ ਨੂੰ ਪ੍ਰਗਟ ਕਰੇ'' (1 ਯੂਹੰਨਾ 3: 8ਅ)। ਯਿਸੂ ਦਾ ਮਿਸ਼ਨ ਪਾਪ ਅਤੇ ਉਸ ਦੇ ਭਿਆਨਕ ਨਤੀਜਿਆਂ ਤੇ ਫ਼ਤਹਿ ਪਾਉਣਾ ਸੀ। ਪੌਲੁਸ ਨੇ ਸਮਝਾਇਆ ਕਿ ਖ਼ੁਦਾ ਦੇ ਜ਼ਬਰਦਸਤ ਵਾਅਦਿਆਂ ਦੇ ਰਾਹੀਂ ਅਸੀਂ ''ਓਸ ਵਿਨਾਸ ਤੋਂ ਛੁੱਟ ਕੇ ਜੋ ਕਾਮਨਾ ਦੇ ਕਾਰਨ ਜਗਤ ਵਿਚ ਹੈ ਉਨ੍ਹਾਂ ਦੇ ਦੁਆਰਾ ਈਸ਼ੁਰੀ ਸੁਭਾਉ ਵਿਚ ਸਾਂਝੀ ਹੋ'' ਜਾਈਏ (2 ਪਤਰਸ 1: 4)। ਮਸੀਹ ਦੀ ਸਲੀਬ ਅਤੇ ਪਵਿੱਤਰ ਆਤਮਾ ਦੇ ਵਾਸ ਦੇ ਰਾਹੀਂ, ਅਸੀਂ ਸ਼ੈਤਾਨ ਦੀ ਦੁਸ਼ਟ ਹਕੂਮਤ ਤੋਂ ਹੋਣ ਵਾਲੀ ਬਰਬਾਦੀ ਤੋਂ ਬਚ ਸਕਦੇ ਹਾਂ। ਪੌਲੁਸ ਨੇ ਲਿਖਿਆ, ''ਮੇਰੀ ਸਮਝ ਵਿਚ ਇਸ ਵਰਤਮਾਨ ਸਮੇਂ ਦੇ ਦੁਖ ਉਹ ਪਰਤਾਪ ਨਾਲ ਜੋ ਸਾਡੀ ਵੱਲ ਪਰਕਾਸ਼ ਹੋਣ ਵਾਲਾ ਹੈ ਮਿਚਾਉਣ ਦੇ ਜੋਗ ਨਹੀਂ'' (ਰੋਮੀਆਂ 8: 18)।

**ਵੱਡੀਆਂ ਜੰਗਾਂ** (5: 17)

ਆਓ ਵੇਖਦੇ ਹਾਂ ਕਿ ਪੌਲੁਸ ਗਲਾਤੀਆਂ 5: 17 ਵਿਚ ਕਿਹਦੀ ਗੱਲ ਕਰ ਰਿਹਾ ਸੀ। ਸਰੀਰ ਅਤੇ ਆਤਮਾ ਵਿਚਕਾਰ ਵਿਰੋਧ ਧਰਤੀ ਉੱਤੇ ਲੜੀ ਜਾਣ ਵਾਲੀ ਸਭ ਤੋਂ ਵੱਡੀ, ਸਭ ਤੋਂ ਖ਼ਤਰਨਾਕ ਜੰਗ ਨਾਲੋਂ ਘੱਟ ਨਹੀਂ। ਕਿਉਂਕਿ ਇਸ ਦਾ ਸਭ ਤੋਂ ਖ਼ਤਰਨਾਕ ਪਹਿਲੂ ਇਹ ਹੈ ਕਿ ਜ਼ਿਆਦਾਤਰ ਲੋਕਾਂ ਨੂੰ ਤਾਂ ਪਤਾ ਹੀ ਨਹੀਂ ਹੈ ਕਿ ਉਹ ਜੰਗ ਕਰ ਰਹੇ ਹਨ!

ਦੂਜੀ ਸੰਸਾਰ ਜੰਗ ਦੇ ਬਾਅਦ ਅਮਰੀਕਾ ਅਤੇ ਸੋਵੀਅਤ ਸੰਘ ਖ਼ਤਰਨਾਕ ਜੰਗ ਦੇ ਕੰਢੇ ਤੇ ਖੜਾ ਹੈ (ਜਿਸ ਨੂੰ ਅੱਜ ਅਸੀਂ ''ਸੀਤ ਯੁੱਧ'' ਜਾਂ ''ਠੰਡੀ ਜੰਗ'' ਆਖਦੇ ਹਾਂ)। ਇਹ ਦੋਵੇਂ ਪ੍ਰਮਾਣੂ ਮਹਾਂ ਸ਼ਕਤੀਆਂ ਮਹਾਂਸਾਗਰ ਦੇ ਪਾਰ ਇਕ ਦੂਜੇ ਉੱਤੇ ਘੂਰਦੀਆਂ ਰਹਿੰਦੀਆਂ ਸਨ। ਉਹ ਇਸ ਗੱਲ ਨੂੰ ਛੱਡ ਕੇ ਕਿ ਜੰਗ ਦੇ ਨਤੀਜੇ ਨਾਲ ਦੋਹਾਂ ਵਿੱਚੋਂ ਕੋਈ ਵੀ ਵਿਨਾਸ਼ਕ ਪ੍ਰਮਾਣੂ ਬਟਨ ਦੱਬ ਦਵੇਗਾ, ''ਦੋਹਾਂ ਦੀ ਬਰਬਾਦੀ'' ਹੋਵੇਗੀ, ਸਹਿਮਤ ਸਨ। ਉਸ ਪ੍ਰਮਾਣੂ ਸਰਵਨਾਸ਼ ਦਾ ਖ਼ਤਰਾ ਹੁਣ ਟਲ ਗਿਆ ਹੈ। ਪਰ ਹੁਣ ਨਵੇਂ ਖ਼ਤਰੇ ਪੈਦਾ ਹੋ ਗਏ ਹਨ।

''ਮਸੀਹੀ'' ਦਾ ਠੱਪਾ ਲੱਗੀ ਕਿਸੇ ਵੀ ਚੀਜ਼ ਨੂੰ ਅੱਜ ਦੁਨੀਆਂ ਵਿਚ ਖ਼ਤਰਾ ਹੈ। ਮਸੀਹੀ ਜਗਤ ਅਨੇਕਤਾਵਾਦ, ਸੰਸਾਰਕਵਾਦ, ਤੇਜ਼ੀ ਨਾਲ ਵੱਧਦੀ ਬਦਫਹਿਲੀ ਅਤੇ ਨਾਸਤਿਕਤਾ ਦੀ ਸਭ ਨੂੰ ਨਿਗਲ ਜਾਣ ਵਾਲੀ ਧਾਰਾ ਦੇ ਅੱਗੇ ਸੁੰਗੜ ਰਿਹਾ ਹੈ। ਤਾਂ ਵੀ ਇਹ ਗੱਲ ਸੱਚ ਹੈ ਕਿ ''ਧਰਮ ਕੌਮ ਦੀ ਉਨਤੀ ਕਰਦਾ ਹੈ, ਪਰ ਪਾਪ ਹਕੂਮਤਾਂ ਲਈ ਮੂੰਹ ਕਾਲਾ ਹੈ'' (ਕਹਾਉਤਾਂ 14:34)।

ਜਿਸ ਖ਼ਤਰਨਾਕ ਜੰਗ ਵਿਚ ਅਸੀਂ ਸਭ ਲੱਗੇ ਹੋਏ ਹਾਂ, ਉਸ ਦੇ ਅਬਦੀ ਨਤੀਜੇ ਹਨ। ਇਹ ਮਨੁੱਖ ਦੇ ਸਰੀਰ ਵਿਚ ਉਸ ਦੇ ਪਰਵਾਸ ਦੌਰਾਨ ਅਤੇ ਉਸ ਦੇ ਇਸ ਜੰਗ ਵਿਚ ਬਚ ਜਾਣ ਦੀ ਉਸ ਦੀ ਇਕ ਸੰਭਾਵਨਾ ਦੀ ਆਰਜ਼ੀ ਹਾਲਤ ਵਿਚਕਾਰ ਕਦੇ ਨਾ ਖ਼ਤਮ ਹੋਣ ਵਾਲੀ ਜੰਗ ਸਿਰਫ਼ ਆਤਮਾ ਉਸ ਨੂੰ ਉਨ੍ਹਾਂ ਅਬਦੀ ਖੇਤਰਾਂ ਵਿਚ ਉਕਾਬ ਦੇ ਖੰਭਾਂ ਦੇ ਲਿਜਾ ਸਕਦਾ ਹੈ ਜਿਸ ਨੂੰ ਖ਼ੁਦਾ ਦੇ ਇਰਾਦੇ ਵਿਚ ਮੂਲ ਵਿਚ ਰਚਿਆ ਗਿਆ ਸੀ (2 ਕੁਰਿੰਥੀਆਂ 5:4, 5)। ਇਹ ਜੰਗ ਸਚਮੁਚ ਮਾਇਨੇ ਰਖਦੀ ਹੈ, ਸਾਡਾ ਅਬਦੀ ਭਵਿੱਖ ਪੂਰੀ ਤਰ੍ਹਾਂ ਨਾਲ ਇਸੇ ਦੇ ਨਤੀਜੇ ਤੇ ਟਿਕਿਆ ਹੋਇਆ ਹੈ।

**ਰੂਹਾਨੀ ਬਦਲਾਅ** (5:17)

ਜੇ ਅਸੀਂ ਆਦਮ ਅਤੇ ਹੱਵ੍ਹਾ ਦੀ ਥਾਂ ਹੁੰਦੇ ਤਾਂ ਸਾਡੇ ਵਿੱਚੋਂ ਕਿਸ ਨੇ ਫ਼ਰਕ ਢੰਗ ਨਾਲ ਕੰਮ ਕਰਨਾ ਸੀ? ਇਹ ਸਮਝਣਾ ਔਖਾ ਨਹੀਂ ਹੈ ਕਿ ਉਹ ਐਨੀ ਅਸਾਨੀ ਨਾਲ ਕਿਉਂ ਅਤੇ ਕਿਵੇਂ ਠੱਗੇ ਗਏ ਸਨ, ਖ਼ਾਸਕਰ ਉਦੋਂ ਜਦੋਂ ਉਨ੍ਹਾਂ ਨੂੰ ਅਜੇ ਪਾਪ ਦਾ ਕੋਈ ਤਜਰਬਾ ਨਹੀਂ ਸੀ। ਫਿਰ ਵੀ ਆਪਣੇ ਕੰਮਾਂ ਲਈ ਜਵਾਬਦੇਹ ਉਨ੍ਹਾਂ ਨੂੰ ਹੀ ਠਹਿਰਾਇਆ ਗਿਆ ਸੀ ਅਤੇ ਅਦਨ ਵਿੱਚੋਂ ਕੱਢ ਦਿੱਤਾ ਗਿਆ ਸੀ।

ਬੇਸ਼ੱਕ ਖ਼ੁਦਾ ਸਾਥੋਂ ਜਿਨ੍ਹਾਂ ਨੂੰ ਨਾ ਸਿਰਫ਼ ਪਵਿੱਤਰ ਆਤਮਾ ਦੇ ਦਾਨ ਦੀ ਬਰਕਤ ਮਿਲੀ ਹੈ ਬਲਕਿ ਇਲਹਾਮ ਨਾਲ ਦੱਸੀ ਗਈ ਪਵਿੱਤਰ ਲਿਖਤ ਵਿਚ ਮੁਹੱਈਆ ਕਰਵਾਈ ਗਈ ਰੌਸ਼ਨੀ ਵੀ ਹੈ, ਵੱਧ ਦੀ ਉਮੀਦ ਕਰਦਾ ਹੈ। ਭਲਾ ਸਾਡਾ ਨਿਆਂ ਹੋਰ ਵੀ ਸਖ਼ਤੀ ਨਾਲ ਹੋਵੇਗਾ ਕਿ ਅਸੀਂ ਸੰਸਾਰਿਕਤਾ ਦੇ ਵਿਰੁੱਧ ਦਿੱਤੀਆਂ ਗਈਆਂ ਆਤਮਾ ਦੀਆਂ ਚਿਤਾਵਨੀਆਂ ਨੂੰ ਅਣਗੌਲਿਆਂ ਕਰਦੇ ਹਾਂ। ਸੱਭਿਅਤਾ ਵੱਲੋਂ ਰੋਜ਼-ਬ-ਰੋਜ਼ ਸੰਸਾਰਕ ਹੋਣ ਤੇ ਸਾਨੂੰ ਉਸ ਦੇ ਵਰਗੇ ਬਣਨ ਦੀ ਅਜ਼ਮਾਇਸ਼ ਦਾ ਸਾਹਮਣਾ ਕਰਨਾ ਜ਼ਰੂਰੀ ਹੈ (ਰੋਮੀਆਂ 12:1, 2)। ਸਾਨੂੰ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਇਹ ਸੰਸਾਰ ਆਰਜ਼ੀ ਹੈ ਪਰ ਸੁਰਗ ਅਬਦੀ ਭਾਵ ਹਮੇਸ਼ਾ ਤਕ ਰਹਿਣ ਵਾਲਾ (2 ਕੁਰਿੰਥੀਆਂ 4:16-18)।

**ਸਾਡੀਆਂ ਇੱਛਾਵਾਂ** (5:17)

ਸਾਡੇ ਅਸਲ ਮਨਾਂ ਦਾ ਪਤਾ ਉਸ ਤੋਂ ਨਹੀਂ ਲਗਦਾ ਜੋ ਅਸੀਂ ਕਰਦੇ ਹਾਂ ਬਲਕਿ ਉਸ ਤੋਂ ਲਗਦਾ ਹੈ ਜੋ ਅਸੀਂ ਅਸਲ ਵਿਚ ਕਰਨਾ ਚਾਹੁੰਦਾ ਹਾਂ। ਸਾਡੇ ਅੰਦਰ ਇੱਛਾ ਨੂੰ ਪੂਰਾ ਕਰਨ ਲਈ ਮਨ ਜਾਂ ਸਰੀਰ ਦੇ ਅੰਦਰ ਤਾਕਤ ਹੋਵੇ ਜਾਂ ਹੋ ਸਕਦਾ ਹੈ ਕਿ ਕੋਈ ਹੁਕਮ ਮੰਨਣ ਦੇ ਕੰਮ ਕਰਦਾ ਰਹੇ ਪਰ ਹਰ ਵਾਰ ਉਸ ਨੂੰ ਉਹ ਨਾਪਸੰਦ ਹੋਵੇ। ਇਸੇ ਤਰ੍ਹਾਂ ਨਾਲ ਹੋ ਸਕਦਾ ਹੈ ਕਿ ਕੋਈ (ਭਾਵੇਂ ਰੋ-ਰੋ ਕੇ) ਆਪਣੇ ਪ੍ਰਭੂ ਦੀ ਪ੍ਰੇਮ ਭਰੀ ਸੇਵਾ ਕਰੀ ਜਾਵੇ ਜਿਹਦੇ ਲਈ ਉਹ ਅਯੋਗ ਹੈ।

**‘‘ਤੁਸੀਂ ਸ਼ਰ੍ਹਾ ਦੇ ਮਤਹਿਤ ਨਹੀਂ ਹੋ’’** (5: 18)

ਮਸੀਹੀ ਆਦਮੀ ਲਈ ਇਹ ਸਰੀਰਕ ਜੀ ਉੱਠਣ ਦੀ ਆਖਰੀ ਫ਼ਤਹਿ ਵੱਲ ਅਗਾਂਹ ਨੂੰ ਵੇਖਦਿਆਂ ਪੌਲੁਸ ਨੇ ਕੁਰਿੰਥੀਆਂ ਨੂੰ ਲਿਖਿਆ:

> ਤਾਂ ਉਹ ਗੱਲ ਜਿਹੜੀ ਲਿਖੀ ਹੋਈ ਹੈ ਪੂਰੀ ਹੋ ਜਾਵੇਗੀ, ਮੌਤ ਫ਼ਤਹਿ ਦੀ ਬੁਰਕੀ ਹੋ ਗਈ। ਹੇ ਮੌਤ, ਤੇਰੀ ਫਤਹ ਕਿੱਥੇ ਹੈ? ਹੇ ਮੌਤ, ਤੇਰਾ ਡੰਗ ਕਿੱਥੇ ਹੈ? ਮੌਤ ਦਾ ਢੰਗ ਪਾਪ ਹੈ ਅਤੇ ਪਾਪ ਦਾ ਬਲ ਸ਼ਰਾ ਹੈ। ਪਰ ਧੰਨਵਾਦ ਹੈ ਪਰਮੇਸ਼ੁਰ ਦਾ ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਫਤਹ ਬਖਸ਼ਦਾ ਹੈ (1 ਕੁਰਿੰਥੀਆਂ 15:54–57)।

ਪਾਪ ਅਤੇ ਮੌਤ ਉੱਤ ਆਖ਼ਰੀ ਫ਼ਤਹਿ ਮੁਕੰਮਲ ਤੌਰ ਤੇ ਖ਼ੁਦਾ ਦੇ ਖੁੱਲ੍ਹੇ ਫ਼ਜ਼ਲ ਦਾ ਦਾਨ ਹੈ।

ਆਮ ਤੌਰ ਤੇ ਪੱਕੇ ਇਰਾਦੇ ਦੇ ਰਾਹੀਂ ਇਹ ਮਨੁੱਖ ਉਸ ਤਕ ਕਿਵੇਂ ਪੁੱਜ ਸਕਦਾ ਹੈ, ਖ਼ੁਦਾ ਨੇ ਆਪਣੇ ਫ਼ਜ਼ਲ ਨੂੰ ਮੁਹੱਈਆ ਕਰਵਾਇਆ ਹੈ। ਖ਼ੁਦਾ ਅੱਗੇ ਸ਼ਰ੍ਹਾ ਦੇ ਉਸ ਪੁਰਾਣੇ ਨੇਮ ਦੇ ਨੁਕਸਰਹਿਤ ਹੁਕਮ ਮੰਨਣ ਦੇ ਰਾਹੀਂ ‘‘ਰਾਸਤਬਾਜੀ’’ ਨੂੰ ਕਮਾਉਣ ਦਾ ਨਿਯਮ ਬਦਲ ਗਿਆ। ਇਹਦੀ ਥਾਂ ਹੁਣ ਅਸੀਂ ਖ਼ੁਦਾ ਦੇ ਉੱਤਮ ਫੈਸਲੇ ਨੂੰ ਸਾਡੀ ਥਾਂ ਉਹਦੇ ਪਿਆਰੇ ਅਤੇ ਪਾਪ ਰਹਿਤ ਪੁੱਤਰ ਦੇ ਮਰਨ ਨੂੰ ਵਿਸ਼ਵਾਸ ਨਾਲ ਕਬੂਲ ਕਰਦੇ ਹਾਂ। ਉਹਦੀ ਧਾਰਮਿਕਤਾ ਦੇ ਰਾਹੀਂ ਹੁਣ ਸਾਨੂੰ ਖ਼ੁਦਾ ਦੀ ਨਜ਼ਰ ਵਿਚ ਧਰਮੀ ਗਿਣਿਆ ਜਾਂਦਾ ਹੈ। ਇਹ ਧਾਰਮਿਕਤਾ ਕਿਰਪਾ ਦੇ ਉਸ ਦੇ ਨਵੇਂ ਨੇਮ ਨਾਲ ਮੇਲ ਖਾਂਦੀ ਹੈ ਜਿਸ ਦਾ ਵਾਅਦਾ ਇਸ ਦੇ ਸਦੀਆਂ ਪਹਿਲਾਂ ਕੀਤਾ ਗਿਆ ਸੀ। (ਯਿਰਮਿਯਾਹ 31:31–34) ਅਤੇ ਸਲੀਬ ਉੱਤੇ ਯਿਸੂ ਦੇ ਲਹੂ ਵਹਾਏ ਜਾਣ ਵਿਚ ਉਸ ਨੂੰ ਅਮਲੀ ਰੂਪ ਦਿੱਤਾ ਗਿਆ (ਲੂਕਾ 22:20; ਇਬਰਾਨੀਆਂ 9: 11–15)।

ਕੁਦਰਤ ਦੇ ਨਿਯਮ ਮੁਤਾਬਿਕ, ਜਦ ਕੋਈ ਇਨਸਾਨ ਖ਼ੁਦਾ ਦੇ ਇਕ ਨਿਯਮ ਨੂੰ ਤੋੜਦਾ ਹੈ ਤਾਂ ਉਹ ਅਪਰਾਧੀ ਬਣ ਜਾਂਦਾ ਹੈ, ਭਾਵੇਂ ਉਸ ਨੇ ਬਾਕੀ ਹਰ ਨਿਯਮ ਨੂੰ ਪੂਰਾ ਕੀਤਾ ਹੋਵੇ। ਨਿਯਮ ਤੋੜਨ ਵਾਲੇ ਦੁਆਰਾ ਹੋਣ ਕਰਕੇ ਉਸ ਨੂੰ ਉਸ ਕਾਨੂੰਨੀ ਸਿਸਟਮ ਦੇ ਰਾਹੀਂ ਢੁਕਵੀਂ ਸਜ਼ਾ ਦਿੱਤੀ ਜਾਣੀ ਲਾਜ਼ਮੀ ਹੈ। ਜਿਵੇਂ ਕਿ ਯਾਕੂਬ ਨੇ ਲਿਖਿਆ ਹੈ, ‘‘ਜੋ ਕੋਈ [ਮੂਸਾ ਦੀ] ਸਾਰੀ ਸ਼ਰਾ ਦੀ ਪਾਲਨਾ ਕਰੇ ਪਰ ਇਕ ਗੱਲ ਵਿਚ ਭੁੱਲ ਜਾਵੇ ਉਹ ਸਭਨਾਂ ਵਿਚ ਦੋਸ਼ੀ ਹੋਇਆ’’ (ਯਾਕੂਬ 2: 10)।[133]

ਅਦਾਲਤ ਵਿਚ ਨਿਰਦੋਸ਼ ਜਾਂ ਦੋਸ਼ੀ ਹੋਣ ਵਿਚਕਾਰ ਕੋਈ ਸਮਝੌਤਾ ਨਹੀਂ ਹੈ, ਜੁਰਮ ਭਾਵੇਂ ਛੋਟਾ ਹੋਵੇ ਜਾਂ ਵੱਡਾ। ਸਾਰੀ ਸੁਣਵਾਈ ਹੋ ਜਾਣ ਦੇ ਬਾਅਦ ਜੱਜਾਂ ਸਾਹਮਣੇ ਇਹ ਸਵਾਲ ਹੁੰਦਾ ਹੈ ਕਿ ‘‘ਤੁਹਾਨੂੰ ਦੋਸ਼ੀ ਕਿਵੇਂ ਲਗਦਾ ਹੈ?’’ ਜਵਾਬ ਜਾਂ ਤਾਂ ‘‘ਨਿਰਦੋਸ਼ ਵਿਚ ਹੁੰਦਾ ਹੈ’’ ਜਾਂ ‘‘ਦੋਸ਼ੀ’’ ਵਿਚ।

ਸ਼ਰ੍ਹਾ ਦੀਆਂ ਸ਼ਰਤਾਂ ਨੂੰ ਪੂਰਿਆਂ ਕਰਦੇ ਹੋਏ ‘‘ਜਿੰਨੇ ਸ਼ਰਾ ਦੇ ਕੰਮਾਂ ਉੱਤੇ ਭਰੋਸਾ ਰੱਖਦੇ ਹਨ ਓਹ ਸਰਾਪ ਦੇ ਹੇਠਾਂ ਹਨ।’’ ਸ਼ਰ੍ਹਾ ਆਪ ਪੂਰੀ ਤਰ੍ਹਾਂ ਨਾਲ ਹੁਕਮ ਮੰਨੇ ਜਾਣ ਦੀ ਸ਼ਰਤ ਰੱਖਦੀ ਸੀ ‘‘ਸਰਾਪਤ ਹੋਵੇ ਹਰੇਕ ਜਿਹੜਾ ਉਨ੍ਹਾਂ ਸਭਨਾਂ ਗੱਲਾਂ ਦੇ ਕਰਨ ਵਿਚ ਜਿਹੜੀਆਂ ਸ਼ਰਾ ਦੇ ਪੁਸਤਕ ਵਿਚ ਲਿਖੀਆਂ ਹਨ ਲੱਗਾ ਨਹੀਂ ਰਹਿੰਦਾ’’ (3: 10; ਵੇਖੋ ਵਿਵਸਥਾ ਸਾਰ 27:26)। ਇਕ ਵੀ ਬੰਦਾ (ਯਿਸੂ ਨੂੰ ਛੱਡ ਕੇ) ਸ਼ਰ੍ਹਾ ਨੂੰ ਪੂਰੀ ਤਰ੍ਹਾਂ ਨਾਲ ਮੰਨਣ ਦੇ ਯੋਗ ਨਹੀਂ ਸੀ।

ਕਿਸੇ ਵੀ ਆਦਮੀ ਲਈ ਜਿਹੜਾ ਪਵਿੱਤਰ ਲਿਖਤ ਅਤੇ ਦੋਹਾਂ ਨੇਮਾਂ ਤੋਂ ਜਾਣੂ ਹੋਵੇ, ਸ਼ਰ੍ਹਾ ਦਾ ਸਬਕ ਸਪੱਸ਼ਟ ਹੋਣਾ ਚਾਹੀਦਾ ਹੈ। ਪੁਰਾਣੇ ਨੇਮ ਦੇ ਰਾਹੀਂ ਮੁਕਤੀ ਪਾਉਣ ਦੀ ਕੋਸ਼ਿਸ਼ ਕਰਨਾ ਆਪਣੇ ਆਪ ਕਰ ਲੈਣ ਦੀ ਪੂਰੀ ਤਰ੍ਹਾਂ ਨਾਲ ਨਿਰਾਸ਼ਾ ਵਾਲੀ ਗੱਲ ਹੋਵੇਗੀ ਕਿਉਂ ਜੋ ਕੋਈ ਵੀ ਸ਼ਰ੍ਹਾ ਨੂੰ ਪੂਰੀ ਤਰ੍ਹਾਂ ਨਾਲ ਮੰਨਣ ਨਾਲ ਬਚਾਇਆ ਨਹੀਂ ਜਾ ਸਕਿਆ। ਯਿਸੂ ਵਿਚ ਨਿਹਚਾ ਦੇ ਰਾਹੀਂ ਕਿਰਪਾ ਦਾ ਨੇਮ ਫ਼ਰਕ ਹੈ। ਕੋਈ ਵੀ ਅਸਲ ਵਿਸ਼ਵਾਸੀ ਖ਼ੁਦਾ ਵੱਲੋਂ ਮੁਫ਼ਤ ਵਰਦਾਨ ਦੇ ਰੂਪ ਵਿਚ ਮੁਕਤੀ,

ਧਰਮੀ ਠਹਿਰਾਏ ਜਾਣ ਅਤੇ ਛੁਟਕਾਰੇ ਨੂੰ ਪਾ ਸਕਦਾ ਹੈ। ਜਦ ਇਹ ਯੁੱਗ ਆਪਣੇ ਆਖ਼ਰੀ ਸਿਰੇ ਤਕ ਪੁੱਜੇਗਾ ''ਮਹਾਂਦੂਤ ਦੀ ਅਵਾਜ਼ ਅਤੇ ਪਰਮੇਸ਼ੁਰ ਦੀ ਤੁਰਹੀ'' ਫੂਕੀ ਜਾਵੇਗੀ (1 ਥੱਸਲੁਨੀਕੀਆਂ 4:16, 17), ਉਦੋਂ ਖ਼ੁਦਾ ਦੇ ਜਲਾਲ ਵਿਚ ਵੜਨ ਦਾ ਇਕ ਇਕ ਤਰੀਕਾ ਅਮਲ ਨਹੀਂ (ਪੂਰੀ ਤਰ੍ਹਾਂ ਨਾਲ ਹੁਕਮ ਮੰਨਣਾ) ਬਲਕਿ ਨਿਹਚਾ ਹੋਵੇਗੀ।

ਕੋਈ ਕਿਸ ਨੇਮ ਦੇ ਇਕ ਉਨ੍ਹਾਂ ਨਿਯਮਾਂ ਨਾਲ ਕਿਉਂ ਜੁੜਿਆ ਰਹੇਗਾ ਜਿਹੜਾ ਸਿਰਫ਼ ਮਸੀਹ ਤਕ ਲੋਕਾਂ ਨੂੰ ਪਹੁੰਚਾਉਣ ਦੀ ਤਿਆਰੀ ਅਤੇ ਆਰਜ਼ੀ ਵਸੀਲਾ ਹੋਣ ਲਈ ਦਿੱਤਾ ਗਿਆ ਸੀ, ਪਰ ਮੁਕਤੀ ਦਾ ਰਾਹ ਹੋਣ ਲਈ ਕਦੇ ਨਹੀਂ? ਨਿਗਾਹਬਾਨ ਦਾ ਯੁੱਗ ਖ਼ਤਮ ਹੋ ਗਿਆ ਹੈ (3:23–25)। ਮਸੀਹਾ ਦੇ ਹੁਕਮ ਦੀ ਚਮਕੀਲੀ ਸਵੇਰ ਹੋ ਚੁੱਕੀ ਹੈ ਭਾਵ ਹੁਣ ਉਹ ਦਿਨ ਚੜ੍ਹ ਗਿਆ ਹੈ, ਜਦ ''ਮਨੁੱਖ ਸ਼ਰਾ ਦੇ ਕਰਮਾਂ ਦੇ ਬਾਝੋਂ ਨਿਹਚਾ ਹੀ ਨਾਲ ਧਰਮੀ ਠਹਿਰਾਇਆ ਜਾਂਦਾ ਹੈ'' (ਰੋਮੀਆਂ 3:28)।[134]

**''ਗੰਦ ਮੰਦ''** (5:19)

ਗਲਾਤੀਆਂ 5:19 ਵਿਚ ''ਗੰਦ ਮੰਦ'' ਸ਼ਬਦ ਵਿਚ ਅਜੋਕੇ ਮੀਡੀਆ ਰਾਹੀਂ ''ਮਨਪਰਚਾਵੇ'' ਦੇ ਰੂਪ ਵਿਚ ਫੈਲਾਏ ਜਾ ਰਹੇ ਹਰ ਤਰ੍ਹਾਂ ਦੇ ਕਾਮੁਕ ਇਸ਼ਾਰੇ ਅਤੇ ਅਸ਼ਲੀਲਤਾ ਆ ਜਾਂਦੀ ਹੈ। ਯਿਸੂ ਨੇ ਕਿਹਾ, ''ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੋਈ ਤੀਵੀਂ ਨੂੰ ਬੁਰੀ ਇੱਛਿਆ ਕਰ ਕੇ ਵੇਖਦਾ ਹੈ ਸੋ ਤਦੋਂ ਹੀ ਆਪਣੇ ਮਨੋਂ ਉਹ ਦੇ ਨਾਲ ਜ਼ਨਾਹ ਕਰ ਚੁੱਕਿਆ'' (ਮੱਤੀ 5:28)। ਆਤਮਾ ਦੇ ਰਾਹੀਂ ਚੱਲਣ ਦੇ ਚਾਹਵਾਨ ਦੇ ਧਿਆਨ ਵਿੱਚੋਂ ਯਿਸੂ ਦੇ ਸ਼ਬਦ ਅਜਿਹੇ ''ਮਨਪਰਚਾਵੇ'' ਨੂੰ ਕੱਢ ਦਿੰਦੇ ਹਨ।

ਕੁਝ ਮਨੋਵਿਗਿਆਨਕ ਅਤੇ ਹੋਰ ''ਅਧਕਾਰੀ'' ਹੋ ਸਕਦਾ ਹੈ ਕਿ ਪੋਰਨੋਗ੍ਰਾਫੀ[135] ਅਤੇ ਸੈਕਸ ਨਾਲ ਸਬੰਧਿਤ ਅਪਰਾਧਾਂ ਵਿਚਕਾਰ ਸਬੰਧਾਂ ਨੂੰ ਨਕਾਰ ਦੇਣ, ਪਰ ਸਬੂਤ ਇਨ੍ਹਾਂ ਵਿਚਲੇ ਸਬੰਧਾਂ ਨੂੰ ਦੱਸੀ ਜਾਂਦਾ ਹੈ। ਪੋਰਨੋਗ੍ਰਾਫ਼ੀ ਨੂੰ ਇਕ ਬੁਰੀ ਲਤ ਦੇ ਰੂਪ ਵਿਚ ਵਿਖਾਇਆ ਗਿਆ ਹੈ। ਅਜਿਹਾ ਦਿਮਾਗ਼ ਖ਼ਰਾਬ ਕਰਨ ਵਾਲਾ ਕਾਮ ਉਨ੍ਹਾਂ ਬੇਸ਼ਰਮ ਕਾਰੋਬਾਰੀਆਂ ਵੱਲੋਂ ਦਿੱਤਾ ਜਾਂਦਾ ਹੈ ਜਿਨ੍ਹਾਂ ਦਾ ਕਾਰੋਬਾਰ ਹਰ ਸਾਲ ਕਰੋੜਾਂ ਡਾਲਰ ਪਹੁੰਚ ਕੇ ਇਕ ਵੱਡਾ ਉਦਯੋਗ ਬਣ ਚੁੱਕਿਆ ਹੈ। ਮਨੁੱਖ ਦੇ ਨੀਚ ਸੁਭਾਅ ਨੂੰ ਆਕਰਸ਼ਿਤ ਕਰਕੇ ਇਹ ਜਵਾਨਾਂ ਅਤੇ ਬੁੱਢਿਆਂ ਸਭ ਦਾ ਇੱਕੋ ਜਿਹਾ ਦਿਮਾਗ ਖ਼ਰਾਬ ਕਰਦਾ ਹੈ, ਉਨ੍ਹਾਂ ਨੂੰ ਹਰ ਤਰ੍ਹਾਂ ਦੇ ਪਤਨ ਅਤੇ ਵਿਗਾੜ ਵੱਲ ਗੁਮਰਾਹ ਕਰਦਾ ਹੈ। ਜੇ ਇਹ ਮਜ਼ਾ ਲੈਣ ਵਾਲੇ ਅਸ਼ਲੀਲ ਤਸਵੀਰਾਂ ਵੇਖਣਾ ਬੰਦ ਵੀ ਕਰ ਦੇਣ, ਜੋ ਕਿ ਆਮ ਤੌਰ ਤੇ ਹੁੰਦਾ ਨਹੀਂ ਹੈ, ਤਾਂ ਲਗਦਾ ਨਹੀਂ ਹੈ ਕਿ ਕੋਈ ਗੰਭੀਰ ਮਸੀਹੀ ਇਸ ਗੱਲ ਤੋਂ ਇਨਕਾਰ ਕਰ ਸਕੇ ਕਿ ''ਗੰਦ ਮੰਦ'' ਸ਼ਬਦ ਸਾਫ਼–ਸਾਫ਼ ਇਸ ਵਰਤਮਾਨ ਮਹਾਮਾਰੀ ਨੂੰ ਗਲਤ ਠਹਿਰਾਉਂਦਾ ਹੈ।

ਇਹ ਤਸਵੀਰਾਂ ਭਾਵੇਂ ਸਿਨੇਮਾਘਰ ਵਿਚ ਵਿਖਾਈਆਂ ਜਾਣ, ਟੈਲਿਵਿਜ਼ਨ ਤੇ, ਕੰਪਯੂਟਰ ਤੇ ਜਾਂ ਕਿਤਾਬਾਂ ਵਿਚ ਹੈ ਤਾਂ ਇਹ ਦਿਮਾਗ ਨੂੰ ਖ਼ਰਾਬ ਕਰਨ ਵਾਲੀਆਂ, ਲੋਕਾਂ ਨੂੰ ਨਜਾਇਜ਼ ਕੰਮ ਕਰਨ ਲਈ ਉਕਸਾਉਣ ਵਾਲੀਆਂ ਅਤੇ ਮਨੁੱਖ ਦੇ ਸੁਭਾਵਕ, ਖ਼ੁਦਾ ਵੱਲੋਂ ਦਿੱਤੀਆਂ ਗਈਆਂ ਉਨ੍ਹਾਂ ਪ੍ਰਤੀਕਿਰਿਆਵਾਂ ਨੂੰ ਜਿਹੜੀਆਂ ਵਿਆਹ ਦੀ ਸੇਜ ਲਈ ਸੁਰੱਖਿਅਤ ਹਨ, ਡੂੰਘਾ ਨੁਕਸਾਨ ਪਹੁੰਚਾਉਂਦੀਆਂ ਹਨ।

**ਮੂਰਤੀਪੂਜਾ** (5:20)

ਬਹੁਤ ਸਾਰੇ ਲੋਕ ਇਸ ਪੜ੍ਹੇ–ਲਿਖੇ, ਆਧੁਨਿਕ ਸੰਸਾਰ ਵਿਚ ਰਹਿੰਦੇ ਹਨ, ਯੂਨਾਨੀ–ਰੋਮੀ ਕਾਲ ਦੀ ਕਾਫ਼ਿਰ ਮੂਰਤੀਪੂਜਾ ਨੂੰ ਆਦਿਕਾਲੀਨ ਅਤੇ ਮੂਰਖਤਾਭਰੀ ਆਖਣਗੇ ਪਰ ਕੀ ਅਜਿਹਾ ਹੋ ਸਕਦਾ ਹੈ ਕਿ ਸਾਨੂੰ ਆਪਦੇ ਸਮੇਂ ਦੀਆਂ ਮੂਰਤਾਂ ਦਾ ਸਾਹਮਣਾ ਕਰਨਾ ਪਵੇ। ਅਤੇ ਉਹ ਸਾਨੂੰ ਲੁਭਾਉਣ? ਭਲਾ ਅੱਜ ਦੇ ਅਜੋਕੇ ਹਲਾਤ ਨੂੰ ਪੁਰਾਣੇ ਜ਼ਮਾਨੇ ਦੀ ਮੂਰਤੀਪੂਜਾ ਨਾਲ ਮਿਲਾਇਆ ਜਾ ਸਕਦਾ ਹੈ?

ਪੌਲੁਸ ਨੇ ਅਫ਼ਸੁਸ ਦੇ ਭਾਈਆਂ ਨੂੰ ਸਮਝਾਇਆ, ''ਸੋ ਤੁਸੀਂ ਪਿਆਰਿਆਂ ਪੁੱਤਰਾਂ ਵਾਂਙੂ ਪਰਮੇਸ਼ੁਰ

ਦੀ ਰੀਸ ਕਰੋ'' (ਅਫ਼ਸੀਆਂ 5:1) ਅਤੇ ਫਿਰ ਇਕ ਸਦਮਾ ਪਹੁੰਚਾਉਣ ਵਾਲੀ ਵਿਰੋਧਸੂਚਕ ਗੱਲ ਜੋੜ ਦਿੱਤੀ:

> ਪਰ ਹਰਾਮਕਾਰੀ ਅਤੇ ਹਰ ਭਾਂਤ ਦੇ ਗੰਦ ਮੰਦ ਅਥਵਾ ਲੋਭ ਦਾ ਤੁਹਾਡੇ ਵਿਚ ਨਾਉਂ ਵੀ ਨਾ ਹੋਵੇ ਜਿਵੇਂ ਸੰਤਾ ਨੂੰ ਜੋਗ ਹੈ।... ਕਿਉਂ ਜੋ ਤੁਸੀਂ ਇਸ ਗੱਲ ਨੂੰ ਪੱਕ ਜਾਣਦੇ ਹੋ ਭਈ ਕਿਸੇ ਹਰਾਮਕਾਰ ਯਾ ਭ੍ਰਿਸ਼ਟ ਯਾ *ਲੋਭੀ* ਮਨੁੱਖ ਨੂੰ ਜੋ *ਮੂਰਤੀ ਪੂਜਕ* ਹੈ ਮਸੀਹ ਅਤੇ ਪਰਮੇਸ਼ੁਰ ਦੇ ਰਾਜ ਵਿਚ ਅਧਕਾਰ ਨਹੀਂ (ਅਫ਼ਸੀਆਂ 5:3–5)।

ਇਸੇ ਤਰ੍ਹਾਂ ਨਾਲ ਕੁਲੁੱਸੀਆਂ ਨੂੰ ਮਸੀਹ ਦੀ ਰੂਹਾਨੀ ਮੌਤ ਅਤੇ ਜੀ ਉੱਠਣ ਦੇ ਰਾਹੀਂ ਉਸ ਵਿੱਚੋਂ ਨਿੱਕਲ ਜਾਣ ਅਤੇ ਉਸ ਨੇ ਉਨ੍ਹਾਂ ਨੂੰ ਪਵਿੱਤਰ ਕੀਤੇ ਜਾਣ ਦੇ ਆਪਣੇ ਰਾਹ ਵਿਚ ਅੱਗੇ ਵਧਣ ਦੀ ਬੇਨਤੀ ਕੀਤੀ। ਉਨ੍ਹਾਂ ਨੇ ਅਜਿਹਾ ਉਸ ਨੂੰ ਮਾਰ ਕੇ ਜਿਹੜਾ ਅਜੇ ਵੀ ਉਨ੍ਹਾਂ ਦੇ ਸਰੀਰ ਵਿਚ ਪਾਪ ਵਾਲੀ ਚੀਜ਼ ਬਣਿਆ ਹੋਇਆ ਸੀ, ਕਰਨਾ ਸੀ: ''ਇਸ ਲਈ ਤੁਸੀਂ ਆਪਣੇ ਅੰਗਾਂ ਨੂੰ ਜੋ ਧਰਤੀ ਉੱਤੇ ਹਨ ਮਾਰ ਸੁੱਟੋ ਅਰਥਾਤ ਹਰਾਮਕਾਰੀ, ਗੰਦ ਮੰਦ, ... ਅਤੇ *ਲੋਭ* ਨੂੰ ਜਿਹੜਾ *ਮੂਰਤੀ ਪੂਜਾ* ਹੈ'' (ਕੁਲੁੱਸੀਆਂ 3:5; NKJV)।

ਭਲਾ ਲੋਭ ਸਚਮੁਚ ਐਨੀ ਮਾੜੀ ਗੱਲ ਹੋ ਸਕਦੀ ਹੈ ਕਿ ਇਹ ਲੋਕਾਂ ਨੂੰ, ਭਾਵੇਂ ਉਹ ਮਸੀਹੀ ਹੀ ਕਿਉਂ ਨਾ ਹੋਣ, ਸੁਰਗ ਵਿੱਚੋਂ ਕੱਢ ਦੇਣਾ ਸੀ? ''ਓਹ ਜਿਹੜੇ ਧਨਵਾਨ ਬਣਿਆ ਚਾਹੁੰਦੇ ਹਨ ਸੋ ਪਰਤਾਵੇ ਅਤੇ ਫਾਹੀ ਵਿਚ ਅਤੇ ਬਹੁਤਿਆਂ ਮੂਰਖਪੁਣੇ ਦਿਆਂ ਅਤੇ ਨੁਕਸਾਨ ਕਰਨ ਵਾਲਿਆਂ ਵਿਸ਼ਿਆਂ ਵਿਚ ਪੈਂਦੇ ਹਨ ਜੋ ਮਨੁੱਖਾਂ ਨੂੰ ਤਬਾਹੀ ਅਤੇ ਨਾਸ ਦੇ ਸਮੁੰਦਰ ਵਿਚ ਡੋਬ ਦਿੰਦੇ ਹਨ'' (1 ਤਿਮੋਥਿਉਸ 6:9)। ਜਿੱਥੇ ਧਨ ਦਾ ਅਨੰਦ ਖ਼ੁਦਾ ਵੱਲੋਂ ਮਿਲੀ ਵੱਡੀ ਬਰਕਤ ਦੇ ਰੂਪ ਵਿਚ ਲਿਆ ਜਾਣਾ ਚਾਹੀਦਾ ਹੈ ਉੱਥੇ ਹੀ ਇਸ ਵਿਚ ਖ਼ੁਦਾ ਨੂੰ ਛੱਡ ਕੇ ਧਨ ਉੱਤੇ ਮਾਣ ਅਤੇ ਭਰੋਸਾ ਕਰਨ ਦੀਆਂ ਅਜ਼ਮਾਇਸ਼ਾਂ ਵੀ ਹਨ (1 ਤਿਮੋਥਿਉਸ 6:17)। ਇਸ ਸਬੰਧ ਵਿਚ ਲੋਭ ਨੂੰ ਮੂਰਤੀਪੂਜਾ ਦੇ ਬਰਾਬਰ ਦੱਸਿਆ ਗਿਆ ਹੈ। ਕੋਈ ਚੀਜ਼ ਸਾਡੇ ਲਗਾਅ ਅਤੇ ਸਮਰਪਣ ਵਿਚ ਖ਼ੁਦਾ ਦੀ ਥਾਂ ਲੈ ਲਵੇ, ਜਾਂ ਕੋਈ ਵੀ ਚੀਜ਼ ਜਿਸ ਨੂੰ ਅਸੀਂ ਆਪਣੇ ਯਕੀਨ ਦੀ ਬੁਨਿਆਦ ਬਣਾ ਲਈਏ, ਉਹ ਸਾਡੇ ਲਈ ਮੂਰਤੀਪੂਜਾ ਬਣ ਚੁੱਕੀ ਹੈ।

ਉਸ ਧਨਵਾਨ ਜਵਾਨ ਨੂੰ ਜਿਹੜਾ ਯਿਸੂ ਦਾ ਚੇਲਾ ਬਣਨ ਲਈ ਆਇਆ ਸੀ, ਉਹਦੀ ਗੱਲ ਬੜੀ ਸਖ਼ਤ ਲੱਗੀ ਹੋਵੇਗੀ: ''ਤੇਰੇ ਵਿਚ ਇਕ ਗੱਲ ਦਾ ਘਾਟਾ ਹੈ। ਜਾਹ ਅਤੇ ਜੋ ਕੁਝ ਤੇਰਾ ਹੈ ਵੇਚ ਅਤੇ ਕੰਗਾਲਾਂ ਨੂੰ ਦੇਹ ਦਿਹ ਤਾਂ ਤੈਨੂੰ ਸੁਰਗ ਵਿਚ ਧਨ ਮਿਲੇਗਾ ਅਤੇ ਆ, ਮੇਰੇ ਪਿੱਛੇ ਹੋ ਤੁਰ'' (ਮਰਕੁਸ 10:21ਅ)। ਅਗਲੀ ਆਇਤ ਖ਼ਤਰਨਾਕ ਨਤੀਜੇ ਨੂੰ ਵਿਖਾਉਂਦੀ ਹੈ: ''ਪਰ ਉਹ ਇਸ ਗੱਲੋਂ ਭੈੜਾ ਪਿਆ ਅਤ ਉਦਾਸ ਹੋ ਕੇ ਚੱਲਿਆ ਗਿਆ ਕਿਉਂ ਜੋ ਉਹ ਵੱਡਾ ਮਾਲਦਾਰ ਸੀ'' (ਮਰਕੁਸ 10:22)। ਇਸ ਨੇਕ ਇਰਾਦੇ ਵਾਲੇ ਖੋਜੀ ਦੇ ਰਾਹ ਵਿਚ ਪ੍ਰਭੂ ਨੇ ਐਨੀ ਵੱਡੀ ਰੁਕਾਵਟ ਕਿਉਂ ਰੱਖ ਦਿੱਤੀ?

ਯਿਸੂ ਨੇ, ਜਿਸ ਨੇ ''ਉਹ ਦੀ ਵੱਲ ਵੇਖ ਕੇ ਉਹ ਨੂੰ ਪਿਆਰ ਕੀਤਾ'' (ਮਰਕੁਸ 10:21ੳ), ਸੀ ਉਸ ਰੁਕਾਵਟ ਨੂੰ ਵੇਖ ਲਿਆ ਸੀ ਜਿਹੜੀ ਉਸ ਵਿਚ ਪਹਿਲਾਂ ਤੋਂ ਸੀ। ਉਸ ਨੂੰ ਪਤਾ ਸੀ ਕਿ ਉਸ ਜਵਾਨ ਦਾ ਮੋਹ ਆਪਣੀ ਦੌਲਤ ਨਾਲ ਹੈ। ਬੇਸ਼ੱਕ ਉਸ ਆਦਮੀ ਦਾ ਮਨ ਸਾਫ਼ ਅਤੇ ਬੇਦਾਗ ਸੀ। ਪ੍ਰਭੂ ਨਾਲ ਆਪਣੀ ਮੁਲਾਕਾਤ ਤੋਂ ਪਹਿਲਾਂ ਉਸ ਦਾ ਇਸ ਤੱਥ ਨਾਲ ਕੋਈ ਸਬੰਧ ਨਹੀਂ ਸੀ ਕਿ ਉਹ ਇਕ ਮੂਰਤੀਪੂਜਕ ਹੋਵੇ। ਫਿਰ ਵੀ ਆਪਣੇ ਧਨ ਵਿਚ ਉਸ ਦਾ ਭਰੋਸਾ ਅਤੇ ਇਹ ਦੁੱਖ ਪਹੁੰਚਾਉਣ ਵਾਲੀ ਖੋਜ ਉਹਦੇ ਲਈ ਬਹੁਤ ਵੱਡੀ ਗੱਲ ਸੀ। ਪਹਾੜੀ ਉਪਦੇਸ਼ ਵਿਚ ਯਿਸੂ ਨੇ ਆਖਿਆ ਸੀ, ''ਕੋਈ ਮਨੁੱਖ ਦੋ ਮਾਲਕਾਂ ਦੀ ਸੇਵਾ ਨਹੀਂ ਕਰ ਸਕਦਾ ਕਿਉਂ ਜੋ ਇਕ ਨਾਲ ਵੈਰ ਅਤੇ ਦੂਏ ਨਾਲ

ਪ੍ਰੀਤ ਰੱਖੇਗਾ ਯਾ ਇਕ ਨਾਲ ਮਿਲਿਆ ਰਹੇਗਾ ਅਤੇ ਦੂਏ ਨੂੰ ਤੁੱਛ ਜਾਣੇਗਾ। ਤੁਸੀਂ ਪਰਮੇਸ਼ੁਰ ਅਤੇ ਮਾਯਾ ਦੋਹਾਂ ਦੀ ਸੇਵਾ ਨਹੀਂ ਕਰ ਸਕਦੇ ਹੋ'' (ਮੱਤੀ 6:24)।

ਸਾਨੂੰ ਆਪਣੀ ਸਮੀਖਿਆ ਮਨ ਨੂੰ ਛੂਹ ਲੈਣ ਵਾਲੀ ਇਸ ਲੜਾਈ ਦੇ ਮੱਧੇਨਜ਼ਰ ਕਰਨੀ ਚਾਹੀਦੀ ਹੈ। ਬੇਸ਼ੱਕ ਯਿਸੂ ਸਾਨੂੰ ਆਪਣੀ ਜਾਨ ਨਾਲੋਂ ਵੀ ਜ਼ਿਆਦਾ ਪਿਆਰ ਕਰਦਾ ਹੈ ਪਰ ਉਹ ਇਸ ਸੰਸਾਰ ਦੀਆਂ ਚੀਜ਼ਾਂ ਅਤੇ ਖ਼ੁਦਾ ਨਾਲ ਸਾਡੇ ਸਬੰਧਾਂ ਦੀ ਐਨੀ ਅਹਿਮ ਸਚਿਆਈ ਨਾਲ ਸਮਝੌਤਾ ਨਹੀਂ ਕਰ ਸਕਦਾ। ਮੂਰਤੀਪੂਜਾ ਖ਼ੁਦਾ ਅਤੇ ਮਨੁੱਖ ਵਿਚਕਾਰ ਰੁਕਾਵਟ ਹੈ। ਜਦ ਦੌਲਤ ਆਦਮੀ ਦੀ ਮਾਲਕ ਹੋ ਜਾਵੇ ਅਤੇ ਉਹ ਉਸ ਦਾ ਗੁਲਾਮ ਹੋ ਜਾਵੇ ਤਾਂ ਉਹ ਖ਼ੁਦਾ ਦਾ ਸੇਵਕ ਨਹੀਂ ਰਹਿ ਸਕਦਾ।

ਇਸ ਕਹਾਣੀ ਦਾ ਸਕਾਰਾਤਮਕ ਪਹਿਲੂ ਹੈ। ਜ਼ਾਹਿਰ ਹੈ ਕਿ ਯਿਸੂ ਦੇ ਸ਼ਬਦਾਂ ਤੋਂ ਪਰੇਸ਼ਾਨ ਚੇਲਿਆਂ ਨੇ ਪੁੱਛਿਆ, ''ਤਾਂ ਫਿਰ ਕੌਣ ਬਚ ਸਕਦਾ ਹੈ?'' (ਮਰਕੁਸ 10:26)। ਉਸ ਦਾ ਜਵਾਬ ਸੀ, ''ਮਨੁੱਖਾਂ ਕੋਲੋਂ ਇਹ ਅਣਹੋਣਾ ਹੈ ਪਰ ਪਰਮੇਸ਼ੁਰ ਕੋਲੋਂ ਸਭ ਕੁਝ ਹੋ ਸੱਕਦਾ ਹੈ'' (ਮਰਕੁਸ 10:27)। ਇਸ ਕਰਕੇ ਉਮੀਦ ਸਭ ਨੂੰ ਦਿੱਤੀ ਗਈ ਹੈ।

ਪੌਲੁਸ ਵੱਲੋਂ ਲਿਖੇ ਗਏ ਦੋ ਹਵਾਲੇ ਨਵੇਂ ਨੇਮ ਵਿਚ ਮੂਰਤੀਪੂਜਾ ਦੇ ਸਬੰਧ ਵਿਚ ਖ਼ਾਸ ਧਿਆਨ ਦੇਣ ਯੋਗ ਹਨ:

> ਕਿਉਂਕਿ ਬਾਹਲੇ ਅਜਿਹੇ ਚੱਲਣ ਵਾਲੇ ਹਨ ਜਿਨ੍ਹਾਂ ਦੀ ਗੱਲ ਕਈ ਵਾਰ ਮੈਂ ਤੁਹਾਡੇ ਨਾਲ ਕੀਤੀ ਹੈ ਅਤੇ ਹੁਣ ਭੀ ਰੁਦਨ ਕਰ ਕੇ ਆਖਦਾ ਹਾਂ ਜੋ ਓਹ ਮਸੀਹ ਦੀ ਸਲੀਬ ਦੇ ਵੈਰੀ ਹਨ। ਜਿਨ੍ਹਾਂ ਦਾ ਅੰਤ ਬਿਨਾਸ ਹੈ, ਜਿਨ੍ਹਾਂ ਦਾ ਈਸ਼ੁਰ ਢਿੱਡ ਹੈ, ਜਿਨ੍ਹਾਂ ਦਾ ਘੁਮੰਡ ਆਪਣੀ ਸ਼ਰਮ ਉੱਤੇ ਹੈ, ਜਿਨ੍ਹਾਂ ਦਾ ਮਨ ਪ੍ਰਿਥਵੀ ਦੀਆਂ ਵਸਤਾਂ ਉੱਤੇ ਲੱਗਿਆ ਹੋਇਆ ਹੈ। (ਫ਼ਿਲਿੱਪੀਆਂ 3:18, 19; NKJV)।
>
> ਹੁਣ ਹੇ ਭਰਾਵੋ, ਮੈਂ ਤੁਹਾਡੇ ਅੱਗੇ ਅਰਦਾਸ ਕਰਦਾ ਹਾਂ ਭਈ ਤੁਸੀਂ ਉਨ੍ਹਾਂ ਦੀ ਤਾੜ ਰੱਖੋ ਜਿਹੜਾ ਉਸ ਸਿੱਖਿਆ ਦੇ ਵਿਰੁੱਧ ਜੋ ਤੁਹਾਨੂੰ ਮਿਲੀ ਹੈ ਫੁੱਟ ਪਾਉਂਦੇ ਅਤੇ ਠੋਕਰ ਖੁਆਉਂਦੇ ਹਨ ਅਤੇ ਉਨ੍ਹਾਂ ਤੋਂ ਲਾਂਭੇ ਰਹੋ। ਕਿਉਂ ਜੋ ਇਹੋ ਜੇਹੇ ਸਾਡੇ ਪ੍ਰਭੂ ਮਸੀਹ ਦੀ ਨਹੀਂ ਸਗੋਂ ਆਪਣੇ ਢਿੱਡ ਦੀ ਸਵੇਾ ਕਰਦੇ ਹਨ ਅਤੇ ਚਿਕਨੀਆਂ ਚੋਪੜੀਆਂ ਗੱਲਾਂ ਨਾਲ ਭੋਲਿਆਂ ਦੇ ਦਿਲਾਂ ਨੂੰ ਠੱਗਦੇ ਹਨ (ਰੋਮੀਆਂ 16:17, 18; NKJV)।

ਬੇਸ਼ੱਕ ਇਨ੍ਹਾਂ ਹਵਾਲਿਆਂ ਵਿਚਲੇ ਲੋਕਾਂ ਦਾ ਕਲੀਸੀਆ ਵਿਚ ਅਸਰ ਸੀ, ਪਰ ਫਿਰ ਵੀ ਪੌਲੁਸ ਉਨ੍ਹਾਂ ਨੂੰ ਮੂਰਤੀਪੂਜਕ ਮੰਨਦਾ ਸੀ। ਉਨ੍ਹਾਂ ਦਾ ਟੀਚਾ ਮਸੀਹ ਦੇ ਕੰਮ ਲਈ ਸੇਵਾ ਨਾਲੋਂ ਸੰਸਾਰਕ ਲਾਭ ਸੀ। ਉਹ ਆਪਣੀ ਸਰੀਰਕ ਭੁੱਖ (''ਆਪਣੇ ਢਿੱਡ ਦੀ'') ਮਿਟਾਉਣਾ ਚਾਹੁੰਦੇ ਸਨ। 2 ਤਿਮੋਥਿਉਸ 3:4 ਦੀ ਭਾਸ਼ਾ ਵਰਤੀਏ ਤਾਂ ਉਹ ''ਪਰਮੇਸ਼ੁਰ ਦੇ ਨਹੀਂ ਸਗੋਂ ਭੋਗ ਵਿਲਾਸ ਦੇ'' ਚਾਹੁਣ ਵਾਲੇ ਸਨ। ਉਹ ਸੁੱਖ ਨੂੰ ਉਹ ਥਾਂ ਦੇਣ ਨੂੰ ਤਿਆਰ ਸਨ ਜਿਹੜਾ ਸਿਰਫ਼ ਅਤੇ ਸਿਰਫ਼ ਖ਼ੁਦਾ ਦਾ ਸੀ।

ਕੁਝ ਦੇਸ਼ ਖ਼ੁਦਾ ਦੇ ਇੰਤਜ਼ਾਮ ਨੂੰ ਭੁਲਾ ਕੇ ਆਪਣੀ ਹੀ ਸ਼ਕਤੀ ਉੱਤੇ ਭਰੋਸਾ ਕਰਕੇ ਮੂਰਤੀਪੂਜਕ ਬਣ ਸਕਦਾ ਹੈ। ਅਸੀਂ ਇਹ ਕਦੇ ਨਾ ਸੋਚੀਏ ਕਿ ਮੂਰਤੀਪੂਜਾ ਗੁਜ਼ਰੇ ਜ਼ਮਾਨੇ ਦੀ ਗੱਲ ਹੋ ਗਈ ਹੈ। ਸ਼ੈਤਾਨ ਅੱਜ ਵੀ ਸਰਗਰਮ ਹੈ ਪਰ ਉਸ ਪੁਰਾਣੇ ਵਿਰੋਧੀ ਨੇ ਮੂਰਤੀਪੂਜਾ ਦੇ ਉਨ੍ਹਾਂ ਰੂਪਾਂ ਨੂੰ ਬਦਲ ਦਿੱਤਾ ਹੈ, ਜਿਨ੍ਹਾਂ ਦਾ ਸਾਹਮਣਾ ਸਾਨੂੰ ਕਰਨਾ ਪੈਂਦਾ ਹੈ। ਹੋ ਸਕਦਾ ਹੈ ਕਿ ਸਾਨੂੰ ਉਹ ਮੂਰਤੀਆਂ ਨਾ ਲੱਗਣ ਪਰ ਹੈਣ ਉਹ ਮੂਰਤਾਂ ਹੀ। ਮੂਰਤੀਪੂਜਾ ਅੱਜ ਵੀ ਉਵੇਂ ਹੀ ਖ਼ਤਮ ਨਹੀਂ ਹੋਈ ਹੈ ਜਿਵੇਂ ਸ਼ੈਤਾਨ ਖ਼ਤਮ ਨਹੀਂ ਹੋਇਆ ਹੈ।

**ਦੁਸ਼ਮਣੀ ਦੀ ਪਰੀਖਿਆ** (5:20)

''ਵੈਰ ਭਾਵ'' ਸ਼ਬਦ ਵਿਚ ''ਵਿਰੁੱਧ ਭਾਵਨਾ'' ਦਾ ਸੰਕੇਤ ਮਿਲਦਾ ਹੈ। ਕਈ ਵਾਰ ਕਿਸੇ ਦੂਜੇ ਪ੍ਰਤੀ ਅਜਿਹਾ ਨਕਾਰਾਤਮਕ ਵਿਹਾਰ ਕਿਸੇ ਹੋਰ ਤਰ੍ਹਾਂ ਦੀ ਵਿਆਖਿਆ ਨੂੰ ਨਕਾਰ ਸਕਦਾ ਹੈ। ਅਸੀਂ ਉਸ ਵਿਅਕਤੀ ਨੂੰ ਨਾਪਸੰਦ ਕਰਦੇ ਹੁੰਦੇ ਹਾਂ ਅਤੇ ਸਾਡਾ ਮੰਨਣਾ ਹੁੰਦਾ ਹੈ ਕਿ ਅਸੀਂ ਉਸ ਭਾਵਨਾ ਨੂੰ ਬਦਲ ਨਹੀਂ ਸਕਦੇ। ਨਿੱਜੀ ਖਿਝ ਦੇ ਪ੍ਰਤੀ ਮਨੁੱਖੀ ਰੁਝਾਨ ਨੂੰ ਸਾਡਾ ਪ੍ਰਭੂ ਸਮਝਦਾ ਸੀ। ਉਦਾਹਰਣ ਲਈ ਉਸ ਦੀ ਮਰੀਅਮ, ਮਾਰਥਾ ਅਤੇ ਲਾਜ਼ਰ ਨਾਲ ਇਕ ਖ਼ਾਸ ਨੇੜਤਾ ਸੀ (ਯੂਹੰਨਾ 11:3, 5)। ਇਸ ਤੋਂ ਛੁੱਟ ਉਸ ਦਾ ਯੂਹੰਨਾ ਨਾਲ ਨਜ਼ਦੀਕੀ ਰਿਸ਼ਤਾ ਸੀ, ''ਉਸ ਚੇਲੇ ਨੂੰ ਜਿਹਦੇ ਨਾਲ ਉਹ ਪਿਆਰ ਕਰਦਾ ਸੀ'' (ਯੂਹੰਨਾ 19:26; ਵੇਖੋ 20:2)। ਅਸੀਂ ਜਾਣਦੇ ਹਾਂ ਕਿ ਯਿਸੂ ਹਰ ਕਿਸੇ ਨਾਲ ਪਰੋਪਕਾਰੀ ਅਗਾਪੇ (*agapē*) ਪ੍ਰੇਮ ਨੂੰ ਵਿਖਾਉਂਦਾ ਸੀ ਪਰ ਕਿਉਂ ਜੋ ਕੁਝ ਖ਼ਾਸ ਲੋਕ ਉਸ ਨੂੰ ਖ਼ਾਸ ਤੌਰ ਤੇ ਪਿਆਰੇ ਸਨ, ਜਿਸ ਕਰਕੇ ਜਜ਼ਬਾਤੀ ਲਗਾਅ ਕਾਰਣ ਉਹ ਉਨ੍ਹਾਂ ਨਾਲ ਦੋਸਤਾਨਾ ਪਿਆਰ ਕਰਦਾ ਸੀ, ਇਸ ਕਰਕੇ ਅਜਿਹਾ ਲਗਦਾ ਹੈ ਕਿ ਕੁਝ ਲੋਕਾਂ ਦੇ ਪ੍ਰਤੀ ਉਸ ਅੰਦਰ ਵੀ ਵੈਰਭਾਵ ਹੈ ਸੀ। ਆਖ਼ਰ ਸਾਨੂੰ ਯਾਦ ਰੱਖਣ ਦੀ ਲੋੜ ਹੈ ਕਿ ਉਹ, ਉਹ ਸੀ ਜਿਹੜਾ ''ਸਾਰੀਆਂ ਗੱਲਾਂ ਵਿਚ ਸਾਡੇ ਵਾਂਗੂ ਪਰਤਾਇਆ ਗਿਆ ਪਰ ਉਹ ਪਾਪ ਤੋਂ ਰਹਿਤ ਰਿਹਾ'' (ਇਬਰਾਨੀਆਂ 4:15)।

ਪਰੀਖਿਆ ਵਿਚ ਪੈਣਾ, ਭਾਵੇਂ ਇਹ ਸਾਨੂੰ ਫਸਾ ਵੀ ਲਵੇ, ਪਾਪ ਨਹੀਂ ਹੈ। ਸਾਨੂੰ ਆਪਣੇ ਸਾਥੀ ਦੇ ਪ੍ਰਤੀ ਪਰਵਾਹ ਕਰਨ ਵਾਲੇ ਹੋਣਾ ਆਪਣੇ ਪ੍ਰਭੂ ਤੋਂ ਸਿੱਖਣਾ ਚਾਹੀਦਾ ਹੈ। ਸਾਨੂੰ ਚੰਗਾ ਲੱਗੇ ਜਾਂ ਨਾ, ਪਰ ਸਾਨੂੰ ਪਿਆਰ (*agapaō*, ਅਗਾਪਾਓ) ਕਰਨ ਦਾ ਹੁਕਮ ਹੈ। ਜਿਵੇਂ ਅਸੀਂ ਕਿਸੇ ਹੋਰ ਵਿਅਕਤੀ ਨਾਲ ਪਿਆਰ ਕਰਨਾ ਭਾਵ ਉਸ ਦੀ ਭਲਿਆਈ ਚਾਹੁਣਾ ਅਤੇ ਉਹਦੇ ਲਈ ਕੰਮ ਕਰਨਾ ਸਿੱਖਦੇ ਹਾਂ ਉਵੇਂ ਹੀ ਅਸੀਂ ਦੁਸ਼ਮਣੀ ਜਾਂ ਨਫ਼ਰਤ ਵਿਚ ਪਿਆਰ ਨਾ ਕਰਨ ਦੀਆਂ ਭਾਵਨਾਵਾਂ ਨੂੰ ਨਾ ਆਉਣ ਦੇਣਾ ਵੀ ਚੁਣ ਸਕਦੇ ਹਾਂ। ਯੂਹੰਨਾ ਨੇ ਚਿਤਾਵਨੀ ਦਿੱਤੀ, ''ਹਰ ਕੋਈ ਜਿਹੜਾ ਆਪਣੇ ਭਰਾ ਨਾਲ ਵੈਰ ਰੱਖਦਾ ਹੈ ਸੋ ਖੂਨੀ ਹੈ ਅਤੇ ਤੁਸੀਂ ਜਾਣਦੇ ਹੋ ਭਈ ਕਿਸੇ ਖੂਨੀ ਵਿਚ ਸਦੀਪਕ ਜੀਵਨ ਨਹੀਂ ਟਿਕਦਾ'' (1 ਯੂਹੰਨਾ 3:15)। ਪਿਆਰੇ ਚੇਲੇ ਨੇ ਅੱਗੇ ਆਖਿਆ:

> ਜੇ ਕੋਈ ਆਖੇ ਭਈ ਮੈਂ ਪਰਮੇਸ਼ੁਰ ਨਾਲ ਪ੍ਰੇਮ ਰੱਖਦਾ ਹਾਂ ਅਤੇ ਆਪਣੇ ਭਰਾ ਨਾਲ ਵੈਰ ਰੱਖੇ ਤਾਂ ਉਹ ਝੂਠਾ ਹੈ ਕਿਉਂਕਿ ਜਿਹੜਾ ਆਪਣੇ ਭਰਾ ਨਾਲ ਜਿਸ ਨੂੰ ਉਹ ਨੇ ਵੇਖਿਆ ਹੈ ਪ੍ਰੇਮ ਨਹੀਂ ਰੱਖਦਾ ਉਹ ਪਰਮੇਸ਼ੁਰ ਨਾਲ ਜਿਸ ਨੂੰ ਉਹ ਨੇ ਨਹੀਂ ਵੇਖਿਆ ਪ੍ਰੇਮ ਰੱਖ ਹੀ ਨਹੀਂ ਸੱਕਦਾ। ਅਤੇ ਸਾਨੂੰ ਉਸ ਕੋਲੋਂ ਇਹ ਹੁਕਮ ਮਿਲਿਆ ਹੈ ਭਈ ਜਿਹੜਾ ਪਰਮੇਸ਼ੁਰ ਨਾਲ ਪ੍ਰੇਮ ਰੱਖਦਾ ਹੈ ਉਹ ਆਪਣੇ ਭਰਾ ਨਾਲ ਵੀ ਪ੍ਰੇਮ ਰੱਖੇ (1 ਯੂਹੰਨਾ 4:20, 21)।

**ਸੇਵਕ ਬਣ ਕੇ ਰਹਿਨੁਮਾਈ ਦੇ ਰਾਹੀਂ ਝਗੜੇ ਨੂੰ ਨਿਪਟਾਉਣਾ** (5:20)

ਮਿਨਿਸਟਰਾਂ (ਸੇਵਕਾਂ), ਐਲਡਰਾਂ (ਬਜ਼ੁਰਗਾਂ) ਅਤੇ ਡੀਕਨਾਂ (ਸੇਵਾਦਾਰਾਂ) ਲਈ ਖ਼ਾਸ ਤੌਰ ਤੇ ਬੁਲਾਈ ਗਈ ਇਕ ਸਭਾ ਵਿਚ ਇਹ ਸਵਾਲ ਕੀਤਾ ਗਿਆ: ''ਇੱਕਵੀਂ ਸਦੀ ਵਿਚ ਲੀਡਰਸ਼ਿਪ ਦੇ ਆਦਰਸ਼ਾਂ ਦੇ ਸਬੰਧ ਵਿਚ ਕਿਹੜੀਆਂ ਅਜਿਹੀਆਂ ਅਹਿਮ ਦਿੱਕਤਾਂ ਹਨ ਜਿਨ੍ਹਾਂ ਨੂੰ ਦੂਰ ਕੀਤਾ ਜਾਣਾ ਜ਼ਰੂਰੀ ਹੈ?'' ਇਕ ਜਵਾਬ ਜਿਹੜਾ ਆਮ ਸਹਿਮਤੀ ਦੇ ਨਾਲ ਹੈਰਾਨ ਕਰ ਦੇਣ ਵਾਲਾ ਸੀ ਉਹ ਇਹ ਸੀ ਕਿ ''ਕਲੀਸੀਆ ਦੇ ਆਗੂਆਂ ਵੱਲੋਂ ਆਪਣੀ ਸੇਵਾ ਕਰਾਉਣ ਦੀ ਕੋਸ਼ਿਸ਼। ਅਜਿਹਾ ਵਿਹਾਰ ਉਸ ਵਿਹਾਰ ਨਾਲੋਂ ਬਿਲਕੁਲ ਉਲਟ ਹੈ ਜਿਹੜਾ ਸਾਡੇ ਪ੍ਰਭੂ ਨੇ ਚਾਹਿਆ ਅਤੇ ਜਿਸ ਦਾ ਉਸ ਨੇ ਨਮੂਨਾ ਵੀ ਦਿੱਤਾ।'' ਯਿਸੂ ''ਆਪਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੇ ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ'' (ਮੱਤੀ 20:28)। ਜਬਦੀ ਦੇ ਹੱਦੋਂ ਵੱਧ

ਜਾਂ ਬਹੁਤੇ ਜੋਸ਼ ਵਾਲੇ ਪੁੱਤਰਾਂ ਨੂੰ ਇਹ ਗੱਲ ਕਹੀ ਗਈ ਸੀ, ਜਿਹੜੇ ਲਗਦਾ ਹੈ ਕਿ ਇਸ ਚਰਚਾ ਵਿਚਲੇ ਸਵਾਲ ਦੀ ਉਦਾਹਰਣ ਹਨ (3 ਯੂਹੰਨਾ 9, 10 ਵਿਚ ਦਿਉਤ੍ਰਿਫੇਸ ਦੇ ਮਾਮਲੇ ਨੂੰ ਵੀ ਵੇਖੋ)।

ਇਕ ਵਾਰ ਇਕ ਐਲਡਰ ਨੇ ਇਕ ਮੰਡਲੀ ਨੂੰ ਆਖਿਆ, ‘‘ਕਲੀਸੀਆ ਵਿਚ ਫੁੱਟ ਦਾ ਇਕ ਵੱਡਾ ਕਾਰਣ ਉਹ ਮੈਂਬਰ ਹਨ ਜਿਹੜੇ ਐਲਡਰਾਂ ਦੇ ਇਖ਼ਤਿਆਰ ਨੂੰ ਮੰਨਣ ਤੋਂ ਇਨਕਾਰ ਕਰਦੇ ਹਨ।’’ ਉਸ ਦੇ ਕਹਿਣ ਦਾ ਮਤਲਬ ਪੂਰੀ ਤਰ੍ਹਾਂ ਨਾਲ ਸਮਝ ਵਿਚ ਆਉਂਦਾ ਹੈ, ਪਰ ਅਜਿਹੀ ਗੱਲ ਕਿਸੇ ਹੋਰ ਮੁਸ਼ਕਿਲ ਦਾ ਸੰਕੇਤ ਹੋ ਸਕਦੀ ਹੈ। ‘‘ਇਖ਼ਤਿਆਰ’’ (*exousia*) ਸ਼ਬਦ ਭਾਵੇਂ ਰਸੂਲਾਂ ਦੇ ਸਬੰਧ ਵਿਚ ਵਰਤਿਆ ਗਿਆ ਹੈ, ਪਰ ਨਵੇਂ ਨੇਮ ਵਿਚ ਇਸ ਦੀ ਵਰਤੋਂ ਐਲਡਰਾਂ (ਬਜ਼ੁਰਗਾਂ), ਜਾਂ ਇਵੈਂਜਲਿਸਟਾਂ (ਇੰਜੀਲ ਦੇ ਪ੍ਰਚਾਰਕਾਂ) ਦੇ ਸਬੰਧ ਵਿਚ ਕਿਤੇ ਨਹੀਂ ਮਿਲਦੀ।[136] ਕਿਉਂ ਭਲਾ? ਕਾਰਣ ਮੱਤੀ 20:25, 26 ਵਿਚ ਦਿੱਤਾ ਗਿਆ ਹੈ ਜਿੱਥੇ ਯਿਸੂ ਨੇ ਚੇਲਿਆਂ ਨੂੰ ਦੱਸਿਆ, ‘‘ਤੁਸੀਂ ਜਾਣਦੇ ਹੋ ਜੋ ਪਰਾਈਆਂ ਕੌਮਾਂ ਦੇ *ਸਰਦਾਰ* ਉਨ੍ਹਾਂ ਉੱਤੇ ਹੁਕਮ ਚਲਾਉਂਦੇ ਹਨ ਅਤੇ ਉਹ ਜਿਹੜੇ ਵੱਡੇ ਹਨ ਉਨ੍ਹਾਂ *ਉੱਤੇ ਧੌਂਸ ਜਮਾਉਂਦੇ ਹਨ।* ਤੁਹਾਡੇ ਵਿਚ ਅਜਿਹਾ ਨਾ ਹੋਵੇ ਪਰ ਜੋ ਕੋਈ ਤੁਹਾਡੇ ਵਿੱਚੋਂ ਵੱਡਾ ਹੋਣਾ ਚਾਹੇ ਸੋ ਤੁਹਾਡਾ ਟਹਿਲੂਆ ਹੋਵੇ।’’ ਗੈਰਕੌਮਾਂ ਦਾ ਨਮੂਨਾ ਆਪਣੇ ਚੇਲਿਆਂ ਲਈ ਲੀਡਰਸ਼ਿਪ ਲਈ ਦਿੱਤੇ ਯਿਸੂ ਦੇ ਨਮੂਨੇ ਨਾਲੋਂ ਬਿਲਕੁਲ ਉਲਟ ਸੀ (ਵੇਖੋ 1 ਪਤਰਸ 5:1–4)।

ਹਰ ਕੋਈ ਜਿਹੜਾ ਖ਼ੁਦਾ ਦੀ ਇੰਜੀਲ ਦਾ ਪ੍ਰਚਾਰ ਕਰਦਾ ਹੈ, ਉਸ ਨੂੰ ਚਾਹੀਦਾ ਹੈ ਕਿ ਇਖ਼ਤਿਆਰ ਨਾਲ ਇਸ ਦਾ ਪ੍ਰਚਾਰ ਕਰੇ। ਪਰ ਇਹ ਇਖ਼ਤਿਅਰ ਉਸ ਦਾ ਆਪਣਾ ਨਹੀਂ ਬਲਕਿ ਉਸ ਨੂੰ ਖ਼ੁਦਾ ਵੱਲੋਂ ਦਿੱਤਾ ਗਿਆ ਹੈ। ਕਲੀਸੀਆ ਦੇ ਕਈ ਝਗੜੇ ਉਨ੍ਹਾਂ ਪ੍ਰਚਾਰਕਾਂ ਅਤੇ/ਜਾਂ ਐਲਡਰਾਂ ਦੇ ਹੰਕਾਰੀ ਰਵੱਈਏ ਕਰਕੇ ਹੁੰਦੇ ਹਨ ਜਿਹੜੇ ਸੇਵਾਦਾਰ ਬਣ ਕੇ ਲੀਡਰਸ਼ਿਪ ਦੇ ਮਾਡਲ ਨੂੰ ਸਮਝ ਨਹੀਂ ਸਕੇ। ਸਾਰਾ ਇਖ਼ਤਿਆਰ ਪ੍ਰਭੂ ਯਿਸੂ ਨੂੰ ਦਿੱਤਾ ਗਿਆ ਸੀ (ਮੱਤੀ 28:18–20), ਅਤੇ ਉਸ ਨੇ ਉਸ ਮਕਾਸ਼ਫ਼ੇ ਨੂੰ ਜਿਹੜਾ ਉਸ ਨੇ ਹੁਣੇ ਹੁਣੇ ਉਨ੍ਹਾਂ ਉੱਤੇ ਪ੍ਰਗਟ ਕਰਨਾ ਸ਼ੁਰੂ ਕੀਤਾ ਸੀ, ਸਾਰੇ ਜਗਤ ਵਿਚ ਜਾ ਕੇ ਉਸ ਨੂੰ ਪੂਰਾ ਕਰਨ ਲਈ ਆਪਣੇ ਰਸੂਲਾਂ ਨੂੰ ਦੇ ਦਿੱਤਾ।[137] ਰਸੂਲਾਂ ਨੇ ਵੀ ਹੰਕਾਰ ਭਰੇ ਇਖ਼ਤਿਆਰ ਨਾਲ ਜਿਵੇਂ ਕਿ ਉਹ ਮਾਲਕ ਅਤੇ ਹਾਕਮ ਹੋਣ, ਆਪਣੀ ਸੇਵਾ ਨਹੀਂ ਕਰਨੀ ਸੀ। ਇਸ ਦੇ ਉਲਟ ਉਨ੍ਹਾਂ ਨੇ ਆਪਣੇ ਪ੍ਰਭੂ ਯਿਸੂ ਨੇ ਜਿਹੜਾ ਹਲੀਮ, ਦੀਨ ਮਨ ਦੇ ਨਾਲ ਸੰਸਾਰ ਨੂੰ ਬਚਾਉਣ ਲਈ ਅਤੇ ਆਪਣੀ ਜਾਨ ਦੇਣ ਲਈ ਆਇਆ ਸੀ, ਕੰਮ ਕਰਨਾ ਸੀ।

**ਏਕਤਾ ਨੂੰ ਵਧਾਵਾ ਦੇਣਾ** (5:20)

ਸਾਡੇ ਪ੍ਰਭੂ ਦੇ ਮਨ ਵਿਚ ਸਭ ਤੋਂ ਉੱਪਰ ਏਕਤਾ ਦੀ ਗੱਲ ਹੈ। ਯੂਹੰਨਾ 17 ਵਿਚ ਉਸ ਨੇ ਉਨ੍ਹਾਂ ਬਾਰਾਂ ਚੇਲਿਆਂ ਦੀ ਏਕਤਾ ਲਈ ਅਤੇ ਉਨ੍ਹਾਂ ਦੀ ਏਕਤਾ ਲਈ ਜਿਨ੍ਹਾਂ ਨੇ ਉਨ੍ਹਾਂ ਦੇ ਸੰਦੇਸ਼ ਦੇ ਰਾਹੀਂ ਉਸ ਉੱਤੇ ਵਿਸ਼ਵਾਸ ਕਰਨਾ ਸੀ, ਦੁਆ ਕੀਤੀ। ਆਖ਼ਰ ਯਿਸੂ ਲੋਕਾਂ ਨੂੰ ਬਚਾਏ ਹੋਏ ਸਮਾਜ ਵਿਚ ਇਕੱਠਾ ਕਰਨ ਦੇ ਅਹਿਮ ਮਕਸਦ ਨੂੰ ਲੈ ਕੇ ਧਰਤੀ ਉੱਤੇ ਆਇਆ ਸੀ। ਪੌਲੁਸ ਨੇ ਸਮਝਾਇਆ:

> ਕਿਉਂ ਜੋ ਉਹ ਸਾਡਾ ਮਿਲਾਪ ਹੈ ਜਿਸ ਨੇ ਦੋਹਾਂ ਨੂੰ ਇਕ ਕੀਤਾ ਅਤੇ ਆਪਣੇ ਸਰੀਰ ਵਿਚ ਵੈਰ ਵਿਰੋਧ ਵਾਲੀ ਜੁਦਾਈ ਦੀ ਕੰਧ ਨੂੰ ਢਾਹ ਦਿੱਤਾ। ਅਤੇ ਸ਼ਰਾ ਨੂੰ ਬਿਧੀਆਂ ਅਤੇ ਕਨੂੰਨਾਂ ਸਣੇ ਅਕਾਰਥ ਕਰ ਦਿੱਤਾ ਤਾਂ ਜੋ ਦੋਹਾਂ ਤੋਂ ਆਪ ਵਿਚ ਇਕ ਨਵਾਂ ਇਨਸਾਨ ਰਚ ਕੇ ਮੇਲ ਕਰਾਵੇ। ਅਤੇ ਸਲੀਬ ਦੇ ਰਾਹੀਂ ਵੈਰ ਵਿਰੋਧ ਦਾ ਕੁੱਠਾ ਕਰ ਕੇ ਉਸੇ ਨਾਲ ਦੋਹਾਂ *[ਯਹੂਦੀਆਂ ਅਤੇ ਗੈਰਕੌਮਾਂ]* ਨੂੰ ਇਕ ਸਰੀਰ ਬਣਾ ਕੇ ਪਰਮੇਸ਼ੁਰ ਨਾਲ ਮਿਲਾਵੇ (ਅਫ਼ਸੀਆਂ 2:14–16)।

ਇਸ ਨੂੰ ਪੂਰਾ ਕਰਨ ਲਈ ਉਸ ਨੂੰ ਸਲੀਬ ਉੱਤੇ ਦੁੱਖ ਝੱਲ ਕੇ ਆਪਣੇ ਲਹੂ ਨਾਲ ਕੀਮਤ ਚੁਕਾਉਣੀ

ਪਈ। ਉਸ ਖੌਫ਼ਨਾਕ ਘਟਨਾ ਵਿਚ ਉਸ ਸਾਰੀ ਮਨੁੱਖ ਜਾਤੀ ਦੇ ਪਾਪਾਂ ਦਾ ਪ੍ਰਤੀਕ ਬਣ ਗਿਆ (2 ਕੁਰਿੰਥੀਆਂ 5:21)। ਇਸ ਨਾਲੋਂ ਵੱਧ ਸਫ਼ਾਈ ਨਾਲ ਖ਼ੁਦਾ ਦੇ ਮਨ ਦੀ ਗੱਲ ਨੂੰ ਉਹ ਹੋਰ ਕਿਵੇਂ ਵਖਾ ਸਕਦਾ ਸੀ? ਜਿਵੇਂ ਕਿ ਅਖ਼ੀਰ ਵਿਚ ਪਤਰਸ ਨੂੰ ਇਹ ਸਮਝ ਆ ਗਿਆ ਕਿ ''ਪਰਮੇਸ਼ੁਰ ਕਿਸੇ ਦਾ ਪੱਖ ਨਹੀਂ ਕਰਦਾ। ਸਗੋਂ ਹਰੇਕ ਕੌਮ ਵਿੱਚੋਂ ਜੋ ਕੋਈ ਉਸ ਤੋਂ ਡਰਦਾ ਅਤੇ ਧਰਮ ਦੇ ਕੰਮ ਕਰਦਾ ਹੈ ਸੋ ਉਹ ਨੂੰ ਭਾਉਂਦਾ ਹੈ'' (ਰਸੂਲਾਂ ਦੇ ਕਰਤੱਬ 10:34, 35)।

ਇਸੇ ਤਰ੍ਹਾਂ ਆਪਣੇ ਖ਼ੁਦਾ ਨਾਲ ਸਾਡੇ ਲਈ ਬੁਨਿਆਦੀ ਸਬਕ ਨੂੰ ਸਮਝਣਾ ਅਤੇ ਅਮਲ ਵਿਚ ਲਿਆਉਣਾ ਅੱਜ ਵੀ ਔਖਾ ਹੈ। ਕਈ ਵਾਰ ਲੋਕਾਂ ਦੇ ਮਨ ਵਿਚ ਰਹਿੰਦਾ ਹੈ ਕਿ ਉਹ ਉੱਚੀ ਜਾਤ ਦੇ ਹਨ, ਭਾਵੇਂ ਅਸੀਂ ਆਪਣੇ ਆਪ ਨੂੰ ਉਨ੍ਹਾਂ ਨਾਲ ਮਿਲਾਉਣਾ ਨਹੀਂ ਚਾਹਾਂਗੇ ਜਿਹੜੇ ''ਉੱਤਮ ਜਾਤ'' ਵਰਗੇ ਰੁਤਬੇ ਦੀ ਗੱਲ ਕਰਦੇ ਹਨ। ਪੌਲੁਸ ਦੇ ਸ਼ਬਦ ਅਜਿਹੇ ਸਭ ਵਿਚਾਰਾਂ ਵਿਚ ਖਲਲ ਪਾਉਂਦੇ ਹਨ:

> ਕਿਉਂ ਜੋ ਮਸੀਹ ਯਿਸੂ ਉੱਤੇ ਨਿਹਚਾ ਕਰਨ ਕਰਕੇ ਤੁਸੀਂ ਸੱਭੇ ਪਰਮੇਸ਼ੁਰ ਦੇ ਪੁੱਤਰ ਹੋ। ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿਚ ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ। ਨਾ ਯਹੂਦੀ ਨਾ ਯੂਨਾਨੀ, ਨਾ ਗੁਲਾਮ ਨਾ ਅਜ਼ਾਦ, ਨਾ ਨਰ ਨਾ ਨਾਰੀ ਹੋ ਸਕਦਾ ਹੈ ਕਿਉਂ ਜੋ *ਤੁਸੀਂ ਸੱਭੇ ਮਸੀਹ ਯਿਸੂ ਵਿਚ ਇੱਕੋ ਹੀ ਹੋ।* ਅਤੇ ਜੇ ਤੁਸੀਂ ਮਸੀਹ ਦੇ ਹੋ ਤਾਂ ਅਬਰਾਹਾਮ ਦੀ ਅੰਸ ਅਤੇ ਵਚਨ ਦੇ ਅਨੁਸਾਰ ਅਧਕਾਰੀ ਹੋ (3:26–29)।

ਕੋਈ ਵੀ ਗੱਲ ਜਿਹੜੀ ਖ਼ੁਦਾ ਦੀ ਸੰਤਾਨ ਦੀ ਏਕਤਾ ਨੂੰ ਭੰਗ ਕਰਦੀ ਅਤੇ ਉਨ੍ਹਾਂ ਵਿਚ ਫੁੱਟ ਪਾਉਂਦੀ ਹੈ, ਉਹ ਸ਼ੈਤਾਨ ਵੱਲੋਂ ਹੈ ਅਤੇ ਸਾਡੇ ਵਿਚਕਾਰ ਉਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ''ਪੱਖਪਾਤ'' ਜਾਂ ''ਆਦਮੀਆਂ ਦੀ ਕਦਰ'' ਖ਼ੁਦਾ ਦੇ ਮਨ ਤੋਂ ਬਿਲਕੁਲ ਬਾਹਰੀ ਗੱਲ ਹੈ। ਜਦ ਝਗੜਿਆਂ ਨਾਲ ਸ਼ਾਂਤੀ ਭੰਗ ਹੁੰਦੀ ਹੈ ਤਾਂ ਕਲੀਸੀਆ ਨੂੰ ਸਭਾ ਵਿਚ ਇਕੱਠੇ ਹੋ ਕੇ ਉਨ੍ਹਾਂ ਨਾਲ ਨਜਿੱਠਣਾ ਜ਼ਰੂਰੀ ਹੈ। ਜਦ ਅਜਿਹੇ ਰਵੱਈਆਂ ਨਾਲ ਦੇਹ ਦੀ ਸ਼ਾਂਤੀ ਭੰਗ ਹੁੰਦੀ ਹੈ, ਜਦ ਕੁਝ ਕੁ ਲੋਕ ਸਬੰਧਾਂ ਦੇ ਟੁੱਟ ਜਾਣ ਦੇ ਬਾਅਦ ਮੇਲ ਲਈ ਤਿਆਰ ਨਹੀਂ ਹੁੰਦੇ, ਜਦ ਅਪਮਾਨ ਭਰਿਆ ਵਿਹਾਰ ਹੋ ਜਾਵੇ ਜਿਹੜਾ ਖ਼ੁਦਾ ਅਤੇ ਉਸ ਦੇ ਪੁੱਤਰ ਯਿਸੂ ਮਸੀਹ ਨੂੰ ਅਪਮਾਨਿਤ ਕਰਦਾ ਹੋਵੇ, ਤਾਂ ਅਜਿਹੇ ਹਾਲਾਤ ਵੱਲ ਧਿਆਨ ਦੇਣਾ ਜ਼ਰੂਰੀ ਹੁੰਦਾ ਹੈ।

ਕੁਰਿੰਥੁਸ ਵਿਚ ਹਾਲਾਤ ਇਹ ਸੀ ਕਿ ''ਅਜਿਹੀ ਹਰਾਮਕਾਰੀ ਜੋ ਪਰਾਈਆਂ ਕੌਮਾਂ ਵਿਚ ਭੀ ਨਹੀਂ ਹੁੰਦੀ ਭਈ ਇਕ ਜਣਾ ਆਪਣੇ ਪਿਉ ਦੀ ਤੀਵੀਂ ਰੱਖਦਾ ਹੈ'' (1 ਕੁਰਿੰਥੀਆਂ 5:1)। ਵਿਸ਼ਵਾਸੀ ਲੋਕ ਕਾਫ਼ਰਾਂ ਦੀਆਂ ਅਦਾਲਤਾਂ ਵਿਚ ਆਪਣੇ ਮੁਕੱਦਮੇ ਦੇ ਫੈਸਲੇ ਲਈ ਇਕ ਦੂਜੇ ਉੱਤੇ ਮੁਕੱਦਮਾ ਕਰ ਰਹੇ ਸਨ (1 ਕੁਰਿੰਥੀਆਂ 6:6)। ਪਹਿਲੇ ਮਾਮਲੇ ਵਿਚ ਪੌਲੁਸ ਨੇ ਹੁਕਮ ਦਿੱਤਾ, ''ਤੁਸੀਂ ਉਸ ਕੁਕਰਮੀ ਨੂੰ ਆਪਣੇ ਵਿੱਚੋਂ ਛੇਕ ਦਿਓ'' (1 ਕੁਰਿੰਥੀਆਂ 5:13)। ਦੂਜੇ ਮਾਮਲੇ ਵਿਚ ਉਸ ਨੇ ਆਖਿਆ, ''ਤੁਸੀਂ ਆਪਣੇ ਨਾਲ ਹੋਈ ਜਿਆਦਤੀ ਨੂੰ ਬਰਦਾਸ਼ਤ ਕਿਉਂ ਨਹੀਂ ਕਰ ਲੈਂਦੇ? ਯਿਸੂ ਦੀ ਦੇਹ ਨੂੰ ਦੋ ਫਾੜ ਕਰਨ ਵਾਲੀ ਫੁਟ ਦਾ ਵਿਖਾਵਾ ਕਰਕੇ ਤੁਸਾਂ ਮਸੀਹ ਦੇ ਨਾਮ ਨੂੰ ਪਹਿਲਾਂ ਹੀ ਬਦਨਾਮ ਕਰ ਦਿੱਤਾ ਹੈ!'' (ਵੇਖੋ 1 ਕੁਰਿੰਥੀਆਂ 6:7.)

ਪੌਲੁਸ ਇਸ ਤੋਂ ਪੂਰੀ ਤਰ੍ਹਾਂ ਨਾਲ ਵਾਕਿਫ਼ ਸੀ ਕਿ ਕੁਝ ਮਤਭੇਤ ਅਜਿਹੇ ਹਨ ਜਿਨ੍ਹਾਂ ਨੂੰ ਰੋਕਿਆ ਨਹੀਂ ਜਾ ਸਕਦਾ। ਉਸ ਦੇ ਕਹਿਣ ਤੋਂ ਭਾਵ ਸੀ ਕਿ ਖ਼ੁਦਾ ਦੇ ਕੰਮ ਨੂੰ ਕਰਨ ਲਈ ਅਤੇ ਇਹ ਵਿਖਾਉਣ ਲਈ ਕਿ ਅਸਲ ਚੇਲੇ ਕੌਣ ਹਨ, ਇਨ੍ਹਾਂ ਨੂੰ ਵੀ ਕੀਤਾ ਜਾ ਸਕਦਾ ਹੈ (1 ਕੁਰਿੰਥੀਆਂ 11:18, 19)। ਤਾਂ ਵੀ ਜਦ ਮਸੀਹ ਦੀ ਦੇਹ ਦੇ ਕਿਸੇ ਅੰਗ ਵੱਲੋਂ ਇਸ ਨੂੰ ਨੁਕਸਾਨ ਪਹੁੰਚਾਇਆ ਜਾਂਦਾ ਹੈ ਤਾਂ ਉਸ ਵਿਅਕਤੀ ਦਾ ਵਿਹਾਰ ਐਨਾਂ ਨਿੰਦਣ ਯੋਗ ਹੈ ਕਿ ਉਸ ਦਾ ਪਾਪ ਸਾਹਮਣੇ ਲਿਆਇਆ ਹੀ ਜਾਣਾ

ਚਾਹੀਦਾ ਹੈ। ਇਸ ਤੋਂ ਇਲਾਵਾ ਉਸ ਆਦਮੀ ਨੂੰ ਦੇਹ ਦੀ ਸੰਗਤੀ ਵਿੱਚੋਂ ਕੱਢ ਕੇ ਸਜ਼ਾ ਵੀ ਦਿੱਤੀ ਜਾਣੀ ਚਾਹੀਦੀ ਹੈ (1 ਕੁਰਿੰਥੀਆਂ 5:11; 2 ਕੁਰਿੰਥੀਆਂ 2:6)। ਰੋਮੀਆਂ 16:17 ਵਿਚ ਪੌਲੁਸ ਦੇਹ ਵਿਚ ਵਿਗਾੜ ਪਾਉਣ ਵਾਲਿਆਂ ਲਈ ਬਿਲੁਕਲ ਇਹੀ ਗੱਲ ਕਹਿ ਰਿਹਾ ਸੀ।

ਸਿਵਾਏ ਇਸ ਦੇ ਕਿ ਅਜਿਹੇ ਲੋਕ ''ਉਸ ਸਿੱਖਿਆ ਦੇ ਵਿਰੁੱਧ ਜੋ ਤੁਹਾਨੂੰ ਮਿਲੀ ਹੈ'' (ਰੋਮੀਆਂ 16:17) ਪੌਲੁਸ ਨੇ ਉਨ੍ਹਾਂ ਕਾਰਣਾਂ ਜਾਂ ਵਸੀਲਿਆਂ ਨੂੰ ਵਿਸਤਾਰ ਨਾਲ ਨਹੀਂ ਦੱਸਿਆ ਜਿਨ੍ਹਾਂ ਦੇ ਰਾਹੀਂ ਕੋਈ ''ਫੁੱਟ'' ਅਤੇ ''ਰੁਕਾਵਟ'' (ਠੋਕਰ ਦਾ ਸਬਬ) ਬਣਦਾ ਹੈ। ਇਹ ਸਭ ਕੰਮ ''ਸਰੀਰ ਦੇ ਕੰਮ'' ਹਨ ਜਿਨ੍ਹਾਂ ਤੋਂ ਮਸੀਹੀ ਆਦਮੀ ਨੂੰ ਬਚਣਾ ਜ਼ਰੂਰੀ ਹੈ (ਗਲਾਤੀਆਂ 5:19–21)। ਉਹ ਆਤਮਾ ਵਿਚ ਚੱਲਣ ਦੇ ਉਲਟ ਹਨ। ਖ਼ੁਦਾ ਦੀ ਕਲੀਸੀਆ ਜਿਸ ਵਿਚ ਮਸੀਹੀ ਲੋਕਾਂ ਨੂੰ ਨਾਗਰਿਕਤਾ ਮਿਲੀ ਹੈ (ਫ਼ਿਲਿੱਪੀਆਂ 3:20), ਖ਼ੁਦਾ ਦੀ ਸੰਤਾਨ ਦੀ ਇਕ ਬਸਤੀ ਹੈ ਜਿਨ੍ਹਾਂ ਨੂੰ ਇਸ ਮੌਜੂਦਾ ਬੁਰੇ ਸੰਸਾਰ ਵਿਚ ਵੀ ਜਿਸ ਵਿਚ ਅਸੀਂ ਰਹਿੰਦੇ ਹਾਂ, ਉਸ ਉੱਚ, ਰੂਹਾਨੀ ਖੇਤਰ ਭਾਵ ''ਪਰਮੇਸ਼ੁਰ ਦੇ ਰਾਜ'' ਦੇ ਰੂਪ ਵਿਚ ਰਹਿਣ ਲਈ ਸੱਦਿਆ ਗਿਆ (ਗਲਾਤੀਆਂ 5:21)। ਉਨ੍ਹਾਂ ਨੂੰ ''ਸੰਤ,'' ਜਾਂ ''ਪਵਿੱਤਰ ਲੋਕ'' ਬਣ ਕੇ ਰਹਿਣਾ ਜ਼ਰੂਰੀ ਹੈ ਕਿਉਂ ਜੋ ਉਨ੍ਹਾਂ ਨੂੰ ਇਹੀ ਬਣਾਇਆ ਗਿਆ ਹੈ। ਕਲੀਸੀਆ ਦੀ ਗੱਲ ਭਾਵੇਂ ਅਸੀਂ ਸਥਾਨਕ ਮੰਡਲੀ ਦੇ ਰੂਪ ਵਿਚ ਕਰੀਏ ਜਾਂ ਸਾਰੀ ਦੁਨੀਆਂ ਦੀਆਂ ਸਭ ਕਲੀਸੀਆਵਾਂ ਦੇ ਰੂਪ ਵਿਚ ਸਾਰੀ ਕਲੀਸੀਆ ਮਸੀਹ ਦੀ ਦੇਹ ਹੈ ਜਿਹੜੀ ਖ਼ੁਦਾ ਦੇ ਅਬਦੀ ਰਾਜ ਦਾ ਦੁਨਿਆਵੀ ਮੁਜ਼ਾਹਰਾ ਹੈ। ਖ਼ੁਦਾ ਦਾ ਇਹੀ ਟੀਚਾ ਹੈ ਕਿ ਇਹ ਇਸ ਦੇ ਮੈਂਬਰਾਂ ਦੀਆਂ ਪਵਿੱਤਰ ਜ਼ਿੰਦਗੀਆਂ ਦੇ ਰਾਹੀਂ ਨਜ਼ਰ ਆਵੇ ਤਾਂ ਜੋ ਪਾਪੀ ਸੰਸਾਰ ਇਸ ਦੇ ਫ਼ਰਕ ਨੂੰ ਵੇਖ ਸਕੇ। ਸਾਡੇ ਲਈ ਹਨੇਰੇ ਵਿਚ ਚਾਨਣ ਵਾਂਗ ਭਾਵ ਉਸ ਰੌਸ਼ਨੀ ਵਿਚ ਚਮਕਣਾ ਜ਼ਰੂਰੀ ਹੈ ਜਿਹੜੀ ਨਾ ਸਿਰਫ਼ ਮਸੀਹ ਦੀ ਖੂਬਸੂਰਤੀ ਨੂੰ ਚਮਕਾਉਂਦੀ ਹੋਵੇ ਬਲਕਿ ਸੰਸਾਰ ਵਿਚਲੀ ਬੁਰਿਆਈ, ਜ਼ੁਲਮ ਅਤੇ ਬਦਕਾਰੀ ਨੂੰ ਵੀ ਸਾਹਮਣੇ ਲਿਆਉਂਦੀ ਹੋਵੇ (ਮੱਤੀ 5:14–16; 2 ਕੁਰਿੰਥੀਆਂ 4:6; ਅਫ਼ਸੀਆਂ 5:8–11)।

ਸਾਨੂੰ ਸੱਚੇ ਦਿਲੋਂ ਉਸ ਏਕਤਾ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿਹਦੇ ਲਈ ਯੂਹੰਨਾ ਨੇ ਯੂਹੰਨਾ 17:21 ਵਿਚ ਦੁਆ ਕੀਤੀ ਸੀ: ''ਜੋ ਓਹ ਸਭ ਇੱਕੋ ਹੋਣ ਜਿਸ ਤਰ੍ਹਾਂ, ਹੇ ਪਿਤਾ, ਤੂੰ ਮੇਰੇ ਵਿਚ ਅਤੇ ਮੈਂ ਤੇਰੇ ਵਿਚ ਹਾਂ ਜੋ ਓਹ ਵੀ ਸਾਡੇ ਵਿਚ ਹੋਣ ਤਾਂ ਜੋ ਜਗਤ ਸੱਚ ਮੰਨੇ ਭਈ ਤੈਂ ਮੈਨੂੰ ਘੱਲਿਆ।'' ਇਸ ਦੁਆ ਦਾ ਮਕਸਦ ਇਹ ਹੈ ਕਿ ਉਸ ਦੇ ਚੇਲੇ, ਇਸ ਬਾਕੀ ਦੇ ਰਹਿੰਦੇ ਸੰਸਾਰ ਦੇ ਯੁੱਗ ਦੀਆਂ ਸਦੀਆਂ ਦੌਰਾਨ ਅਜਿਹੀ ਹੀ ਏਕਤਾ ਵਿਚ ਸਿੱਧ ਕੀਤੇ ਜਾਣ ਜਿਹੜੀ ਪਿਤਾ ਦੇ ਨਾਲ ਯਿਸੂ ਦੀ ਹੈ। ਮਸੀਹ ਦੀ ਬਚਾਉਣ ਵਾਲੀ ਇੰਜੀਲ ਲੈ ਕੇ ਦੂਜਿਆਂ ਤਕ ਪਹੁੰਚਣ ਦੀ ਸਾਡੀ ਕਾਮਯਾਬੀ ਅਜਿਹੀ ਹੀ ਏਕਤਾ ਉੱਤੇ ਨਿਰਭਰ ਹੈ।

ਯਿਸੂ ਦੀ ਦੁਆ ਤੋਂ ਸਾਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਫੁੱਟ ਸਚਮੁਚ ਵਿਚ ਕਿੰਨੀ ਬੁਰੀ ਅਤੇ ਤਬਾਹਕੁੰਨ ਹੈ। ਕੋਈ ਕਹਿ ਸਕਦਾ ਹੈ, ''ਹਰ ਕਲੀਸੀਆ ਵਿਚ ਕੋਈ ਨਾ ਕੋਈ ਅਜਿਹਾ ਹੁੰਦਾ ਹੀ ਹੈ ਜਿਹੜਾ ਗੜਬੜ ਕਰੇ।'' ਪੌਲੁਸ ਨੇ ਅਜਿਹੀ ਇਜਾਜ਼ਤ ਨਹੀਂ ਦਿੱਤੀ। ਇਕ ਅਰਥ ਵਿਚ ਉਸ ਨੇ ਬਿਲਕੁਲ ਇਸ ਦੇ ਉਲਟ ਕਿਹਾ। ''ਘਰ ਨੂੰ ਸਾਫ਼ ਕਰੋ!'' ਅਜਿਹੇ ਕੈਂਸਰ ਦੇ ਫੈਲ ਕੇ ਪੂਰੀ ਰੂਹਾਨੀ ਦੇਹ ਨੂੰ ਜਿਸ ਦੇ ਤੁਸੀਂ ਅੰਗ ਹੋ, ਛੂਤ ਫੈਲਾਉਣ ਵਾਲੇ ਅਤੇ ਸੰਸਾਰ ਵਿਚ ਇਸ ਦੇ ਰੱਬੀ ਮਕਸਦ ਨੂੰ ਨਾਕਾਮ ਕਰਨ ਤੋਂ ਪਹਿਲਾਂ, ਅਜਿਹੇ ਆਦਮੀ ਤੋਂ ਪਿੱਛਾ ਛੁਡਾ ਸਕੋ। ਸਾਡੇ ਪ੍ਰਭੂ ਦੀ ਰੂਹਾਨੀ ਦੇਹ ਵਿਚ ਫੁੱਟ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਹ ਸੁਰਗੀ ਖੇਤਰ ਉਹ ਛੋਟਾ ਰੂਪ ਹੈ ਜਿਸ ਨੂੰ ਗੁਆਚੇ ਹੋਏ ਅਤੇ ਹਨ੍ਹੇਰੇ ਭਰੇ ਇਸ ਨਿਰਾਸ ਸੰਸਾਰ ਵਿਚ ਉਸ ਦੀ ਵਡਿਆਈ ਵਿਖਾਉਣ ਲਈ ਬਣਾਇਆ ਗਿਆ ਹੈ।

**ਨਸ਼ੇ ਨਾਲ ਨਜਿੱਠਣਾ** (5:21)

ਆਦਤਨ ਸ਼ਰਾਬੀ ਅਤੇ ਸ਼ਰਾਬ ਦੇ ਆਦੀ ਹੋਣ ਵਿਚ ਸਰੀਰਕ ਅਤੇ ਮਨੋਵਿਗਿਆਨਕ ਪਹਿਲੂ ਪਾਏ ਜਾਂਦੇ ਹਨ। ਸ਼ਰਾਬੀ ਆਦਮੀ ਦੇ ਸਿਰਫ਼ ਬਾਹਰੀ ਵਿਹਾਰ ਨੂੰ ਵੇਖਣ ਵਾਲੇ ਬਹੁਤਿਆਂ ਨੂੰ ਇਹ ਅਨੋਖਾ ਲਗਦਾ ਹੈ। ਪਰ ਇਸ ਤਰ੍ਹਾਂ ਨਾਲ ਕੰਮ ਕਰਨ ਲਈ ਆਪਣੇ ਵੱਸ ਵਿਚ ਨਾ ਹੋਣ ਵਾਲੇ ਵਿਅਕਤੀ ਬਾਰੇ ਇਸ ਵਿਚ ਹਾਸੇ ਵਾਲੀ ਕੋਈ ਗੱਲ ਨਹੀਂ ਹੈ। ਇਸ ਵਿਸ਼ੇ ਤੇ ਕਹਾਉਤਾਂ 23:29–35 (NIV) ਵਿਚ ਇਸ ਨੂੰ ਸੁਲੇਮਾਨ ਦੀ ਗੱਲ ਨੂੰ ਕਈਆਂ ਨੇ ਮਨਪਰਚਾਵੇ ਦੀ ਕਹਿ ਦਿੱਤਾ ਹੈ:

> ਕੌਣ ਹਾਏ ਹਾਏ ਕਰਦਾ ਹੈ? ਕੌਣ ਹਮਸੋਸ ਕਰਦਾ ਹੈ?
> ਕੌਣ ਝਗੜਾਲੂ ਹੈ? ਕੌਣ ਕੁੜ੍ਹਦਾ ਹੈ?
> ਕੌਣ ਐਵੇਂ ਘਾਇਲ ਹੁੰਦਾ ਹੈ? ਅਤੇ ਕਿਹਦੀਆਂ ਅੱਖਾਂ ਵਿੱਚ ਲਾਲੀ ਰਹਿੰਦੀ ਹੈ?
> ਓਹੋ ਹਨ ਜਿਹੜੇ ਮੈ ਉੱਤੇ ਚਿਰ ਲਾਉਂਦੇ ਹਨ,
>     ਅਤੇ ਰਲੀ ਹੋਈ ਸ਼ਰਾਬ ਦੀ ਭਾਲ ਕਰਦੇ ਹਨ।
> ਜਦੋਂ ਸ਼ਰਾਬ ਲਾਲ ਹੋਵੇ, ਜਦ ਉਹ ਪਿਆਲੇ ਵਿਚ ਚਮਕੇ,
>     ਅਤੇ ਜਦ ਉਹ ਸਹਿਜ ਨਾਲ ਹੇਠਾਂ ਉਤਰੇ,
>     ਤਾਂ ਤੂੰ ਉਸ ਦੀ ਵੱਲ ਨਾ ਤੱਕ!
> ਓੜਕ ਉਹ ਸੱਪ ਦੀ ਨਿਆਈ ਡੱਸਦੀ,
>     ਅਤੇ ਠੂਹੇ ਵਾਂਗੂ ਡੰਗ ਮਾਰਦੀ ਹੈ!
> ਤੇਰੀਆਂ ਅੱਖੀਆਂ ਅਣੋਖੀਆਂ ਚੀਜਾਂ ਵੇਖਣਗੀਆਂ,
>     ਅਤੇ ਤੇਰਾ ਮਨ ਉਲਟੀ ਗੱਲਾਂ ਉਚਰੇਗਾ!
> ਤੂੰ ਸਗੋਂ ਉਹ ਦੇ ਵਰਗਾ ਬਣ ਜਾਏਂਗਾ ਜਿਹੜਾ ਸਮੁੰਦਰ ਵਿਚ ਲੰਮਾ ਪਵੇ,
>     ਅਥਵਾ ਮਸਤੂਲ ਦੇ ਸਿਰੇ ਉੱਤੇ ਲੇਟ ਜਾਵੇ।
> ਤੂੰ ਆਖੇਂਗਾਂ ਭਈ ਮੈਂ ਮਾਰ ਤਾਂ ਖਾਧੀ ਪਰ ਮੈਨੂੰ ਪੀੜ ਨਾ ਹੋਈ,
>     ਮੈਂ ਕੁੱਟਿਆ ਤਾਂ ਗਿਆ ਪਰ ਮੈਨੂੰ ਕੁਝ ਸੁੱਧ ਨਹੀਂ ਸੀ।
> ਮੈਂ ਸੁਰਤ ਵਿਚ ਕਦ ਆਵਾਂਗਾ?
> ਮੈਂ ਫੇਰ ਉਸ ਦੀ ਭਾਲ ਕਰਾਂਗਾ!

ਇਨ੍ਹਾਂ ਸਤਰਾਂ ਨੂੰ ਪੜਨ ਵਾਲੇ ਵਿਅਕਤੀ ਜਿਸ ਨੂੰ ਇਨ੍ਹਾਂ ਵਿਚ ਲੁਕੀ ਤ੍ਰਾਸਦੀ ਨਜ਼ਰ ਨਹੀਂ ਆਉਂਦੀ, ਹੋ ਸਕਦਾ ਹੈ ਕਿ ਉਸ ਨੇ ਆਪਣੇ ਕਿਸੇ ਅਜ਼ੀਜ਼ ਲਈ ਜਿਸ ਨੂੰ ਸ਼ਰਾਬ ਦੀ ਲਤ ਲਗ ਗਈ ਹੋਵੇ, ਅਫ਼ਸੋਸ ਨਾ ਕੀਤਾ ਹੋਵੇ। ਅਜਿਹਾ ਵਿਅਕਤੀ ਕੁਝ ਨਾ ਕੁਝ ਭੂਤ ਚੰਬੜੇ ਵਿਅਕਤੀ ਵਰਗਾ ਲਗਦਾ ਹੈ ਕਿਉਂ ਜੋ ਉਸ ਨੇ ਆਪਣੇ ਸਰੀਰ ਨੂੰ ਐਨਾਂ ਖ਼ਰਾਬ ਕਰ ਲਿਆ ਹੈ ਕਿ ਉਸ ਦਾ ਸਧਾਰਣ ਰਸਾਇਣਕ ਸੰਤੁਲਨ ਵਿਗੜ ਗਿਆ ਹੈ। ਉਹ ਸਰੀਰਕ ਅਤੇ ਮਾਨਸਕਿ ਤੌਰ ਤੇ ਇਸੇ ਉੱਤੇ ਨਿਰਭਰ ਹੈ। ਸ਼ਾਇਦ ਉਸ ਨੇ ਸਿਰਫ਼ ਥੋੜੀ ਦੇਰ ਦੇ ਮਜ਼ੇ ਲਈ ਇਹਦੇ ਨਾਲ ਪ੍ਰਯੋਗ ਕਰਨਾ ਚੁਣਿਆ ਸੀ, ਪਰ ਹੁਣ ਉਹ ਪੂਰੀ ਤਰ੍ਹਾਂ ਨਾਲ ਇਸ ਦਾ ਗੁਲਾਮ ਹੋ ਚੁਕਿਆ ਹੈ। ਪਸੰਦ ਦੇ ਨਤੀਜਿਆਂ ਦਾ ਵਰਣਨ ਕਰਦੇ ਹੋਏ ਸੁਲੇਮਾਨ ਨੇ ਉਸ ਦੀ ਪ੍ਰਭਾਵਸ਼ਾਲੀ ਤਸਵੀਰ ਖਿੱਚੀ ਹੈ! ਉਸ ਨੇ ਸਰੀਰਕ ਦੁਰਦਸ਼ਾ, ਸਮਾਜਕ ਕੁਮੇਲ ਅਤੇ ਮਦਹੋਸ਼ੀ ਦੀ ਹਾਲਤ ਨੂੰ ਵਿਖਾਇਆ ਹੈ। ਇਸ ਤੋਂ ਛੁਟ ਉਸ ਨੇ ਕੀਮਤੀ ਸਮਾਂ, ਸਾਫ਼ ਸਾਫ਼ ਵੇਖਣ, ਮਾਨਸਕ ਸੰਤੁਲਨ, ਤਕਲੀਫ਼ ਸਹਿਣ ਦੀ ਸੁਭਾਵਿਕ ਪ੍ਰਤੀਕਿਰਿਆ ਉੱਤੇ ਗੱਲ ਕੀਤੀ (ਖ਼ੁਦਾ ਵੱਲੋਂ ਦਿੱਤਾ ਗਿਆ ਸੰਕੇਤ ਕਿ ਸਰੀਰਕ ਤੌਰ ਤੇ ਕੁਝ ਗਲਤ ਹੋ ਰਿਹਾ ਹੈ ਅਤੇ ਉਸ ਉੱਤੇ

ਫੌਰਨ ਧਿਆਨ ਦੇਣ ਦੀ ਲੋੜ ਹੈ)। ਫਿਰ ਘਟੀਆ ਲਤ ਦੀ ਤ੍ਰਾਸਦੀ ਆਉਂਦੀ ਹੈ ਜਿਸ ਦੀ ''ਮਦਦ ਹੁੰਦੀ'' ਹੈ ਉਹ ਸਿਰਫ਼ ਇਕ ਹੋਰ ਪੈਗ ਪੀਣ ਵੱਲ ਜਾਣ ਨਾਲ ਹੀ ਹੈ।

ਕਿਸੇ ਸ਼ਰਾਬੀ ਲਈ ਪਿਆਰ ਅਤੇ ਸਮਝ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਵਿਚ ਅਸੀਂ ਹਾਲਾਤ ਨੂੰ ਬਾਈਬਲ ਦੀ ਸਪੱਸ਼ਟ ਸਿੱਖਿਆ ਨੂੰ ਬਦਲਣ ਜਾਂ ਵਿਗਾੜਨ ਦੇ ਉਕਸਾਵੇ ਵਿਚ ਨਾ ਆ ਜਾਈਏ। ਸਾਨੂੰ ਉਸ ਸੰਦਰਭ ਵਿਚ ਮੁੜਨਾ ਜ਼ਰੂਰੀ ਹੈ ਜਿਸ ਵਿਚ ਸ਼ਰਾਬੀਪੁਣੇ ਦੀ ਇਹ ਚਰਚਾ ਹੈ ਜਿਸ ਨੂੰ ਪੌਲੁਸ ਨੇ ''ਸਰੀਰ ਦੇ ਕੰਮ'' ਆਖਿਆ (5:19–21)। ਸਰਾਬੀ ਆਦਮੀ ਨੂੰ ਭਾਵੇਂ ਨੂੰ ਭਾਵੇਂ ਉਹ ਘਰ ਦਾ ਜੀਅ ਹੋਵੇ, ਪਿਆਰ ਕਰਨ ਦੀ ਲੋੜ ਦੇ ਬਾਵਜੂਦ ਅਸੀਂ ਪੌਲੁਸ ਦੀ ਚਿਤਾਵਨੀ ਨੂੰ ਨਜ਼ਰਅੰਦਾਜ਼ ਕਰਨ ਦੀ ਹਿੰਮਤ ਨਾ ਕਰੀਏ। ਬੁਰਿਆਈਆਂ ਦੀ ਇਸ ਫ਼ਹਰਿਸਤ ਦੇ ਅਖ਼ੀਰ ਵਿਚ ਉਸ ਨੇ ਆਖਿਆ ਕਿ ''ਜਿਹੜੇ ਇਹੋ ਜਿਹੇ ਕੰਮ ਕਰਦੇ ਹਨ ਓਹ ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ'' (5:21)।

ਬੇਸ਼ੱਕ ਅੰਤਮ ਨਿਆਂ ਦਾ ਕੰਮ ਖ਼ੁਦਾ ਅਤੇ ਉਸ ਦੇ ਮਸੀਹ ਦਾ ਹੈ, ਜਿਸ ਨੂੰ ਉਸ ਨੇ ਸੰਸਾਰ ਦਾ ਨਿਆਂ ਕਰਨ ਦਾ ਅੰਤਮ ਕਾਰਜ ਸੌਂਪ ਪਿੱਤਾ ਹੈ।[138] ਇਸ ਤੋਂ ਛੁੱਟ ਇਹ ਸ਼ਬਦ (5:19–21) ਸਾਡੇ ਕੋਲ ਇਲਹਾਮ ਦੇ ਰਾਹੀਂ ਉਸ ਆਦਮੀ ਦੀ ਕਲਮ ਦੀ ਮਾਰਫ਼ਤ ਪੁੱਜੇ ਹਨ ਜਿਸ ਨੂੰ ਖ਼ੁਦਾ ਵੱਲੋਂ ''ਪ੍ਰਚਾਰਕ ਅਤੇ ਰਸੂਲ ਅਤੇ ਉਪਦੇਸ਼ਕ ਥਾਪਿਆ ਗਿਆ'' (2 ਤਿਮੋਥਿਉਸ 1:11)। ਪੌਲੁਸ ਨੇ ਮਨੁੱਖ ਜਾਤੀ ਨੂੰ ''ਪਰਮੇਸ਼ੁਰ ਨਾਲ ਮੇਲ ਮਿਲਾਪ ਕਰ'' ਲੈਣ ਲਈ ਆਖਦਿਆਂ ਮਸੀਹ ਦੇ ਰਾਜਦੂਤ ਦੀ ਭੂਮਿਕਾ ਨਿਭਾਈ (2 ਕੁਰਿੰਥੀਆਂ 5:20; ਵੇਖੋ ਅਫ਼ਸੀਆਂ 6:20)। ਖ਼ੁਦਾ ਉਹਦੇ ਰਾਹੀਂ ਗੱਲ ਕਰ ਰਿਹਾ ਸੀ ਇਸ ਕਰਕੇ ਸਾਨੂੰ ਚਾਹੀਦਾ ਹੈ ਕਿ ਉਸ ਦੇ ਸ਼ਬਦਾਂ ਦੇ ਅਰਥ ਨੂੰ ਬਦਲਣ ਦੇ ਲਾਲਚ ਵਿਚ ਕਦੇ ਨਾ ਪਈਏ।

ਘਰ ਦਾ ਜੀਅ ਹੋਵੇ ਜਾਂ ਕੋਈ ਦੋਸਤ, ਅਸੀਂ ਕਿਸੇ ਸ਼ਰਾਬੀ ਨੂੰ ਭਾਵੇਂ ਕਿਨ੍ਹਾਂ ਵੀ ਪਿਆਰ ਕਿਉਂ ਨਾ ਕਰਦੇ ਹੋਈਏ, ਸ਼ਰਾਬੀ ਹੋਣਾ ਸਰੀਰ ਦਾ ਇਕ ਕੰਮ ਹੈ ਭਾਵ ਇਕ ਅਜਿਹਾ ਪਾਪ ਹੈ ਜਿਹੜਾ ਆਦਮੀ ਨੂੰ ਸੁਰਗ ਤੋਂ ਬਾਹਰ ਰੱਖ ਸਕਦਾ ਹੈ! ਅਸੀਂ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਉਣਾ ਚਾਹੁੰਦੇ, ਨਾ ਹੀ ਖ਼ੁਦਾ ਇਹ ਚਾਹੁੰਦਾ ਹੈ (2 ਪਤਰਸ 3:9)। ਫਿਰ ਵੀ ਇੱਥੇ ਦੱਸੀਆਂ ਗਈਆਂ ਬੁਰਿਆਈਆਂ ਵਿੱਚੋਂ ਕੋਈ ਵੀ ਬੁਰਿਆਈ ਕਰਨ ਵਾਂਗ ਸ਼ਰਾਬੀ ਆਦਮੀ ਆਪਣੇ ਹੀ ਪਾਪ ਲਈ ਜ਼ਿੰਮੇਵਾਰ ਹੈ। ਉਸ ਨੂੰ ਖ਼ੁਦਾ ਨਾਲ ਮੇਲ ਮਿਲਾਪ ਕਰ ਲੈਣ ਦੀ ਲੋੜ ਹੈ। ਬਹੁਤ ਵਾਰ ਮਾਪੇ ਆਪਣੇ ਕਿਸੇ ਪਿਆਰੇ ਨੂੰ ਖ਼ੁਦਾ ਦੀ ਇੱਛਾ ਦੇ ਖਿਲਾਫ਼ ਬਗਾਵਤ ਕਰਦਿਆਂ ਵੇਖ ਕੇ ਆਪਣੀ ਧਰਮ ਸਿੱਖਿਆ ਨੂੰ ਬਦਲ ਲੈਂਦੇ ਹਨ, ਕਿਉਂ ਜੋ ਉਹ ਆਪਣੇ ਬੱਚੇ ਨੂੰ ਬੇਦੀਨ ਹੁੰਦਿਆਂ ਵੇਖ ਕੇ ਬਰਦਾਸ਼ਤ ਨਹੀਂ ਕਰ ਸਕਦੇ ਜਿਸ ਨੂੰ ਹਮੇਸ਼ਾ ਦੀ ਸਜ਼ਾ ਮਿਲ ਜਾਣ ਦਾ ਖ਼ਤਰਾ ਹੈ। ਮੱਤੀ 10:37 ਵਿਚ ਇਸ ਮਾਮਲੇ ਤੇ ਪ੍ਰਭੂ ਨੇ ਆਪ ਕੁਝ ਇਸ ਤਰ੍ਹਾਂ ਆਖਿਆ: ''ਜੋ ਕੋਈ ਪਿਉ ਯਾ ਮਾਂ ਨੂੰ ਮੇਰੇ ਨਾਲੋਂ ਵੱਧ ਪਿਆਰ ਕਰਦਾ ਹੈ ਮੇਰੇ ਯੋਗ ਨਹੀਂ ਅਤੇ ਜੋ ਕੋਈ ਪੁੱਤਰ ਯਾ ਧੀ ਨੂੰ ਮੇਰੇ ਨਾਲੋਂ ਵੱਧ ਪਿਆਰ ਕਰਦਾ ਹੈ ਮੇਰੇ ਯੋਗ ਨਹੀਂ।'' ਕਿਸੇ ਵੀ ਮਸੀਹੀ ਦੇ ਲਗਾਅ ਦੀਆਂ ਤਰਜੀਹਾਂ ਵਿਚ ਖ਼ੁਦਾ ਦੂਜਾ ਥਾਂ ਕਦੇ ਕਬੂਲ ਨਹੀਂ ਕਰੇਗਾ। ਅਸੀਂ ਆਪਣੇ ਗੁਆਚੇ ਹੋਏ ਅਜ਼ੀਜ਼ ਨਾਲ ਭਾਵੇਂ ਕਿੰਨਾਂ ਵੀ ਪਿਆਰ ਕਿਉਂ ਨਾ ਕਰਦੇ ਹੋਈਏ, ਪ੍ਰਭੂ ਨਾਲੋਂ ਵਧਕੇ ਉਸਨੂੰ ਕਦੇ ਪਿਆਰ ਨਾ ਕਰੀਏ। ਇਲਹਾਮ ਨਾਲ ਦੱਸੇ ਵਚਨ ਵਿਚ ਖ਼ੁਦਾ ਵੱਲੋਂ ਪਰਗਟ ਕੀਤੀਆਂ ਗਈਆਂ ਗੱਲਾਂ ਨੂੰ ਬਿਨਾਂ ਸਮਝੌਤਾ ਕੀਤੇ ਜਾਂ ਉਨ੍ਹਾਂ ਨੂੰ ਬਦਲੇ ਸਾਨੂੰ ਉਸ ਨੂੰ ਬਚਾਉਣ ਅਤੇ ਸੁਧਾਰਣ ਲਈ ਜੋ ਕੁਝ ਵੀ ਸਾਡੇ ਵੱਸ ਵਿਚ ਹੋਵੇ, ਕਰਨਾ ਚਾਹੀਦਾ ਹੈ। ਅਸੀਂ ਉਸ ਸੰਦੇਸ਼ ਦੇ ਅਧਾਰ ਤੇ ਇਹ ਸਮਝਦੇ ਹਾਂ ਕਿ ਮਸੀਹ ਆਖ਼ਰੀ ਦਿਨ ਆਖ਼ਰੀ ਨਿਆਂ ਦਾ ਐਲਾਨ ਕਰੇਗਾ (ਯੂਹੰਨਾ 12:48)।

**ਬਦਮਸਤੀ ਦਾ ਪਾਪ** (5:21)

ਅੱਜ ਭਾਵੇਂ ਜੇ ਕੋਈ ਹੋਵੇ ਤਾਂ ਬਹੁਤ ਘੱਟ ਹੋਵੇਗਾ ਜਿਹੜਾ ਡਾਇਓਨਿਸਿਫ਼ ਦੇ ਸਨਮਾਨ ਵਿਚ ਸ਼ਰਾਬੀਆਂ ਦੇ ਊਧਮ ਮਚਾਉਣ ਵਾਲੇ ਵਿਚ ਹਿੱਸਾ ਲਵੇਗਾ ਪਰ ਫਿਰ ਵੀ ਬਹੁਤ ਸਾਰੇ ਲੋਕ ਬਦਮਸਤੀ (*kōmos*, ਕੋਮੋਸ) ਦੇ ਪਾਪ ਦੇ ਦੋਸ਼ੀ ਹੋ ਸਦੇ ਹਨ। ਕਈ ਵਾਰ ਲੋਕ ਉਤੇਜਕ ਘਟਨਾਵਾਂ ਦੇ ਸਬੰਧ ਵਿਚ ਕ੍ਰੋਧ ਵਿਚ ਆ ਕੇ ਆਪਾ ਗੁਆ ਬੈਠਦੇ ਹਨ। ਜਵਾਨ ਭੀੜ ਦੇ ਹੁੜਦੰਗੀ ਵਿਹਾਰ ਕਰਕੇ ਅੰਤਰਰਾਸ਼ਟਰੀ ਸ਼ੌਕਰ ਮੈਚਾਂ ਵਿੱਚੋਂ ਦੰਦ ਤੁੜਵਾ ਕੇ ਅਤੇ ਅੱਖਾਂ ਦੇ ਆਲੇ ਦੁਆਲੇ ਨੀਲ ਪੁਆ ਕੇ ਵਾਪਸ ਆਉਂਦੇ ਹਨ। ਕਈਆਂ ਨੇ ਤਾਂ ਜੇਲ੍ਹ ਵਿਚ ਰਾਤ ਵੀ ਕੱਟੀ ਹੈ। ਖ਼ਬਰਾਂ ਵਿਚ ਅਜਿਹੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਹਨ ਜਿਨ੍ਹਾਂ ਵਿਚ ਖੇਡਾਂ ਦੇ ਸ਼ੌਕੀਨ, ਉਤੇਜਨਾ ਜਾਂ ਕ੍ਰੋਧ ਵਿਚ ਐਨਾਂ ਆਪਣੇ ਆਪ ਤੋਂ ਬਾਹਰ ਹੋ ਗਏ ਕਿ ਉਨ੍ਹਾਂ ਨੇ ਦਰਸ਼ਕਾਂ ਦੇ ਉੱਪਰ ਡਿੱਗ ਕੇ ਕਈਆਂ ਨੂੰ ਮਿੱਧ ਕੇ ਮਾਰ ਦਿੱਤਾ।

ਹੁੜਦੰਗੀ ਜਾਂ ਬੇਕਾਬੂ ਵਿਹਾਰ ਕਿਸੇ ਦਾ ਵੀ ਹੋ ਸਕਦਾ ਹੈ। ਕਈ ਸਾਲ ਪਹਿਲਾਂ ਕਾਲਜ ਦੇ ਇਕ ਫੁਟਬਾਲ ਗੇਮ ਦੌਰਾਨ ਇਕ ਖਿਡਾਰੀ ਜਿਹੜਾ ਆਪਣੇ ਵਿਰੋਧੀਆਂ ਨੂੰ ਗੁੱਝੀ ਸੱਟ ਮਾਰਨ ਲਈ ਮਸ਼ਹੂਰ ਸੀ, ਉਸ ਨੇ ਦੂਜੀ ਟੀਮ ਦੇ ਇਕ ਅਹਿਮ ਖਿਡਾਰੀ ਨੂੰ ਜ਼ਖ਼ਮੀ ਕਰ ਦਿੱਤਾ। ਇਕ ਮਸੀਹੀ ਆਦਮੀ ਨੇ ਪ੍ਰਤੀਕਿਰਿਆ ਵਜੋਂ ਰੌਲਾ ਪਾਉਂਦੇ ਹੋਏ ਆਖਿਆ, ''ਇਸ ਨੂੰ ਮਾਰ ਸੁੱਟ! ਇਸ ਨੂੰ ਮਾਰ ਸੁੱਟ।'' ਇਸ ਖ਼ਰਾਬ ਖੇਡ ਉੱਤੇ ਪ੍ਰਤੀਕਿਰਿਆ ਦਿੱਤੀ। ਬੇਪਰਵਾਹੀ ਨਾਲ ਬੋਲੇ ਗਏ ਇਨ੍ਹਾਂ ਸ਼ਬਦਾਂ ਨਾਲ ਉਹ ਇਸ ਕਰਤੂਤ ਦੇ ਸ਼ਿਕਾਰ ਨੂੰ ਮਿਲੇ ਜ਼ਖ਼ਮ ਦਾ ਅਣਜਾਣੇ ਵਿਚ ਜਸ਼ਨ ਮਿਲਾ ਰਿਹਾ ਸੀ!

ਮੌਕਾ ਜੋ ਵੀ ਹੋਵੇ, ਪਰ ਅਸੀਂ ਸਾਰੇ ਉਸ ਸ਼ਕਤੀ ਅਤੇ ਹੋਣ ਵਾਲੇ ਨੁਕਸਾਨ ਤੋਂ ਜਾਣੂ ਹਾਂ ਜਿਹੜਾ ਹਜੂਮ ਦੀ ਮਨੋਵਿਰਤੀ ਨਾਲ ਹੋ ਸਕਦਾ ਹੈ (ਵੇਖੋ ਰਸੂਲਾਂ ਦੇ ਕਰਤੱਬ 19:28–34)। ਸੰਜਮ ਅਤੇ ਸਾਦਗੀ ਰੂਹਾਨੀ ਗੁਣ ਹਨ ਅਤੇ ਉਨ੍ਹਾਂ ਦੀ ਗੈਰਮੌਜੂਦਗੀ ਭਾਵੇਂ ਉਹ ਸਾਡੀ ਬੋਲਚਾਲ ਦੇ ਸਬੰਧ ਵਿਚ ਹੀ ਕਿਉਂ ਨਾ ਹੋਵੇ, ਦੂਜਿਆਂ ਨੂੰ ਨੁਕਸਾਨ ਪਹੁੰਚਾਉਣ ਵਾਲੀ ਹੋ ਸਕਦੀ ਹੈ।

ਇੱਥੇ ਕੁਝ ਸੁਣਨ ਵਾਲਿਆਂ ਦੀ ਨਜ਼ਰ ਵਿਚ ਜ਼ਖ਼ਮੀ ਆਦਮੀ ਲਈ ਜਸ਼ਨ ਮਨਾਉਣ ਵਿਚ ਉਹਦਾ ਸਾਥ ਦੇਣ ਵਾਲਿਆਂ ਦੇ ਨਾਲ ਨਾਲ ਇਸ ਮਸੀਹੀ ਲਈ ਇੱਜ਼ਤ ਖ਼ਤਮ ਹੋ ਗਈ ਸੀ। ਮੈਨੂੰ ਇਹ ਮੰਨਣਾ ਪਵੇਗਾ ਕਿ ਇਸ ਘਟਨਾ ਵਿਚ ਮੇਰੀ ਪ੍ਰਤੀਕਿਰਿਆ ਰੂਹਾਨੀ ਆਦਮੀ ਵਾਲੀ ਨਹੀਂ ਸੀ ਕਿਉਂ ਜੋ ਇਸ ਹੁੜਦੰਗੀ ਰਵੱਈਏ ਉੱਤੇ ਮੈਂ ਉਹਦੇ ਉੱਤੇ ਗੁੱਸੇ ਨਾਲ ਚੀਕਿਆ ਸਾਂ। ਭਲਾ ਇਸ ਰਵੱਈਏ ਵਿਚ ''ਬਦਮਸਤੀ''(*kōmos*) ਵਾਲੀ ਗੱਲ ਨਹੀਂ ਸੀ?

**ਰਾਜ ਵਿੱਚੋਂ ਕੱਢੇ ਜਾਣ ਦੇ ਵਿਰੁੱਧ ਚਿਤਾਵਨੀਆਂ** (5:21)

ਪੌਲੁਸ ਨੇ ਗਲਾਤੀਆ ਦੇ ਮਸੀਹੀਆਂ ਨੂੰ ਪਹਿਲਾਂ ਚਿਤਾ ਦਿੱਤਾ ਕਿ ਜਿਹੜੇ ਲੋਕ ਸਰੀਰ ਦੇ ਕੰਮ ਕਰਦੇ ਹਨ (ਆਤਮਾ ਦੀ ਹਦਾਇਤ ਨੂੰ ਮੰਨਣ ਦੀ ਥਾਂ) ਉਹ ''ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ'' (5:21)। ਇਨ੍ਹਾਂ ਅਪਰਾਧੀਆਂ ਨੂੰ ਪਰਮੇਸ਼ੁਰ ਦੀ ਸਨਾਤਨ ਮਿਰਾਸ ਨਹੀਂ ਮਿਲੇਗੀ ਜਿਹੜੀ ਉਸ ਨੇ ਉਨ੍ਹਾਂ ਲਈ ਤਿਆਰ ਕੀਤੀ ਹੈ ਜਿਹੜੇ ਉਸ ਨਾਲ ਪਿਆਰ ਕਰਦੇ ਹਨ ਅਤੇ ਉਸ ਦੇ ਹੁਕਮ ਨੂੰ ਮੰਨਦੇ ਹਨ।

ਇਸ ਨਿਯਮ ਨੂੰ ਪੁਰਾਣੇ ਨੇਮ ਵਾਲੇ ਇਸਰਾਏਲ ਦੀ ਉਦਾਹਰਣ ਨਾਲ ਸਮਝਾਇਆ ਜਾ ਸਕਦਾ ਹੈ। ਲੋਕ ਮਿਸਰ ਦੀ ਗੁਲਾਮੀ ਦੇ ਜੂਲੇ ਹੇਠ ਕਰਾਹ ਰਹੇ ਸਨ, ਪਰ ਖ਼ੁਦਾ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਸਤਾਅ ਤੋਂ ਚਮਤਕਾਰੀ ਢੰਗ ਨਾਲ ਛੁਡਾ ਲਿਆ। ਉਸ ਨੇ ਉਨ੍ਹਾਂ ਨੂੰ ਆਪਣਾ ਸ਼ਾਨਦਾਰ ਦੇਸ਼, ਕਨਾਨ ਦੇਸ਼ ਦੇਣ ਦਾ ਵਾਅਦਾ ਕੀਤਾ। ਇਹ ਇਕ ਅਜਿਹਾ ਦੇਸ਼ ਸੀ ''ਜਿੱਥੇ ਦੁੱਧ ਅਤੇ ਸ਼ਹਿਤ ਵਗਦਾ ਸੀ'' (ਕੂਚ 3:8)। ਖ਼ੁਦਾ ਦੇ ਰੱਖਿਆਕਾਰੀ ਖੰਭਾਂ ਦੀ ਛਾਂ ਹੇਠ ਆਪਣੀਆਂ ਮਿਹਨਤਾਂ ਤੋਂ ਅਰਾਮ ਦੀ ਭਗਤੀ ਭਰੀ ਆਸ ਅਤੇ ਸੁਰੱਖਿਆ, ਸਦੀਆਂ ਤਕ ਸਖ਼ਤ ਮਿਹਨਤ ਕਰਵਾਉਣ ਵਾਲੇ ਗੁਲਾਮ ਬਣੇ ਰਹਿਣਾ,

ਗੁਲਾਮੀ ਵਿਚ ਪੈਦਾ ਹੋਣ ਵਾਲਿਆਂ ਲਈ ਇਸ ਨਾਲੋਂ ਕੀਮਤੀ ਵਾਅਦਾ ਹੋਰ ਕੀ ਹੋ ਸਕਦਾ ਸੀ?

ਉਸ ਵਾਅਦਾ ਕੀਤੇ ਹੋਏ ਅਰਾਮ ਦੇ ਰਾਹ ਵਿਚ ਕੀ ਹੋ ਗਿਆ? ਇਸਰਾਏਲੀ ਸ਼ਿਕਾਇਤ ਕਰਦੇ, ਬੁੜਬੁੜਾਉਂਦੇ ਅਤੇ ਕੋਹਰਾਮ ਮਚਾਉਂਦੇ ਰਹੇ। ਉਨ੍ਹਾਂ ਨੇ ਆਪਣੀ ਬੇਪਰਤੀਤੀ ਅਤੇ ਬਗਾਵਤ ਨਾਲ ਯਹੋਵਾਹ ਦਾ ਕ੍ਰੋਧ ਭੜਕਾਇਆ। ਜ਼ਬੂਰਾਂ 95:10, 11 ਦੀ ਭਾਸ਼ਾ ਤੋਂ ਲੈਂਦਿਆਂ ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਸਮਝਾਇਆ ਕਿ ਇਸਰਾਏਲੀਆਂ ਨਾਲ ਅਖ਼ੀਰ ਵਿਚ ਖ਼ੁਦਾ ਦਾ ਧੀਰਜ ਜਵਾਬ ਦੇ ਗਿਆ:

> ਇਸ ਕਾਰਨ ਮੈਂ ਉਸ ਪੀੜ੍ਹੀ ਤੋਂ ਗਰੰਜ ਹੋਇਆ,
> ਅਤੇ ਆਖਿਆ ਕਿ ਓਹ ਦਿਲੋਂ ਕੁਰਾਹੇ ਪੈਂਦੇ ਹਨ,
> ਅਤੇ ਉਨ੍ਹਾਂ ਮੇਰੇ ਰਾਹਾਂ ਨੂੰ ਨਾ ਜਾਤਾ,
> ਜਿਵੇਂ ਮੈਂ ਆਪਣੇ ਗੁੱਸੇ ਵਿਚ ਸੌਂਹ ਖਾਧੀ,
> ਕਿ ਏਹ ਮੇਰੇ ਅਰਾਮ ਵਿਚ ਕਦੇ ਨਾ ਵੜਨਗੇ (ਇਬਰਾਨੀਆਂ 3:10, 11)।

ਖ਼ੁਦਾ ਦੇ ਰੂਹਾਨੀ ਇਸਰਾਏਲ ਦੇ ਰੂਪ ਵਿਚ ਇਹ ਦੁੱਖਦ ਘਟਨਾ ਅੱਜ ਸਾਨੂੰ ਕੀ ਸੰਦੇਸ਼ ਦਿੰਦੀ ਹੈ? ਇਬਰਾਨੀਆਂ 3:12 ਵਿਚ ਇਸ ਸਵਾਲਾ ਦਾ ਜਵਾਬ ਦਿੱਤਾ ਗਿਆ ਹੈ: ''ਹੇ ਭਰਾਵੋ, ਵੇਖਣਾ ਭਈ ਜੀਉਂਦੇ ਦੇ ਪਰਮੇਸ਼ੁਰ ਤੋਂ ਬੇਮੁਖ ਹੋਣ ਕਰਕੇ ਕਿਤੇ ਤੁਹਾਡੇ ਵਿਚ ਕਿਸੇ ਦਾ ਬੇਪਰਤੀਤਾ ਬੁਰਾ ਦਿਲ ਨਾ ਹੋਵੇ।'' ਲੇਖਕ ਨੇ ਅੱਗੇ ਇਸਰਾਏਲੀਆਂ ਦੇ ਹੁਕਮ ਨਾ ਮੰਨਣ ਅਤੇ ਬੇਪਰਤੀਤੀ ਦੀ ਨਕਲ ਕਰਦਿਆਂ ''ਪਾਪ ਦੇ ਧੋਖੇ ਨਾਲ ਕਠੋਰ'' ਨਾ ਹੋਣ ਦੇ ਵਿਰੁੱਧ ਚਿਤਾਵਨੀ ਦਿੱਤੀ (ਇਬਰਾਨੀਆਂ 3:13, 18, 19)।

ਵਾਅਦਾ ਕੀਤਾ ਹੋਇਆ ਅਰਾਮ ਜਿਸ ਦੀ ਉਸ ਨੇ ਗੱਲ ਕੀਤੀ ਸੀ, ਕਨਾਨ ਦੇਸ਼ ਨਹੀਂ ਸੀ: ''ਜੇ ਯਹੋਸ਼ੁਆ ਨੇ ਉਨ੍ਹਾਂ ਨੂੰ ਅਰਾਮ ਦਿੱਤਾ ਹੁੰਦਾ ਤਾਂ ਪਰਮੇਸ਼ੁਰ ਉਹ ਦੇ ਮਗਰੋਂ ਕਿਸੇ ਹੋਰ ਦਿਨ ਦੀ ਗੱਲ ਨਾ ਕਰਦਾ'' (ਇਬਰਾਨੀਆਂ 4:8)।[139] ਸਾਰੇ ਬਾਗੀ ਇਸਰਾਏਲੀ ਉਜਾੜ ਵਿਚ ਆਪਣੇ ਚਾਲੀ ਸਾਲਾਂ ਦੇ ਪ੍ਰਵਾਸ ਦੌਰਾਨ ਮਾਰੇ ਗਏ ਸਨ। ਉਹਦੇ ਬਾਅਦ ਯਹੋਸ਼ੁਆ ਕਨਾਨ ਦੇ ਦੀ ਇਸਰਾਏਲੀਆਂ ਵਿਚ ਇਕ ਨਵੀਂ ਪੀੜ੍ਹੀ ਨੂੰ ਲੈ ਗਿਆ। ਉਸ ਨੇ ਕਿਹਾ ਕਿ ''ਯਹੋਵਾਹ ਨੇ ਉਨ੍ਹਾਂ ਨੂੰ ਆਲਿਓਂ ਦੁਆਲਿਓਂ ਸੁੱਖ ਦਿੱਤਾ ਜਿਵੇਂ ਉਸ ਉਨ੍ਹਾਂ ਦੇ ਪਿਉ ਦਾਦਿਆਂ ਨਾਲ ਸੌਂਹ ਖਾਧੀ ਸੀ'' (ਯਹੋਸ਼ੁਆ 21:44ੳ)। ਪਰ ਲੇਖਕ ਦੇ ਧਿਆਨ ਵਿਚ ਸੁਰਗ ਦਾ ਹੋਰ ਵੀ ਵੱਡਾ ਅਰਾਮ ਸੀ। ਉਸ ਨੇ ਲਿਖਿਆ, ''ਗੱਲ ਕਾਹਦੀ, ਪਰਮੇਸ਼ੁਰ ਦੀ ਪਰਜਾ ਲਈ ਸਬਤ ਦਾ ਅਰਾਮ ਅਜੇ ਬਾਕੀ ਰਹਿੰਦਾ ਹੈ। ਕਿਉਂਕਿ ਜਿਹੜਾ ਉਸ ਦੇ ਅਰਾਮ ਵਿਚ ਵੜ ਗਿਆ ਉਹ ਨੇ ਆਪ ਆਪਣਿਆਂ ਕੰਮਾਂ ਤੋਂ ਵਿਹਲਿਆਂ ਹੋ ਕੇ ਅਰਾਮ ਕੀਤਾ ਜਿਵੇਂ ਪਰਮੇਸ਼ੁਰ ਨੇ ਆਪਣਿਆਂ ਕੰਮਾਂ ਤੋਂ'' (ਇਬਰਾਨੀਆਂ 4:9, 10)।

ਆਪਣੇ ਖ਼ਤ ਪਾਉਣ ਵਾਲਿਆਂ ਲਈ ਪੌਲੁਸ ਆਖ਼ਰੀ ਚਿਤਾਵਨੀ ਦੇਣ ਲੱਗਾ। ਮੂਲ ਵਿਚ ਇਹ ਉਸ ਦੇ ਆਪਣੇ ਸਮੇਂ ਵਿਚ ਯਹੂਦੀ ਮਸੀਹੀਆਂ ਨੂੰ ਦਿੱਤੀ ਗਈ ਸੀ। ਪਰ ਇਹ ਹਰ ਪੀੜ੍ਹੀ ਦੇ ਹਰ ਵਿਸ਼ਵਾਸੀ ਲਈ ਵੀ ਹੈ ''ਸੋ ਆਓ, ਅਸੀਂ ਓਸ ਅਰਾਮ ਵਿਚ ਵੜਨ ਦਾ ਜਤਨ ਕਰੀਏ ਭਈ ਕੋਈ ਉਨ੍ਹਾਂ ਵਾਂਙੁ ਅਣਆਗਿਆਕਾਰੀ ਦੇ ਕਾਰਨ ਡਿੱਗ ਨਾ ਪਵੇ'' (ਇਬਰਾਨੀਆਂ 4:11)।

ਆਖ਼ਰੀ ਅਰਾਮ ਜਿਸ ਦੀ ਉਸ ਨੇ ਗੱਲ ਕੀਤੀ ਉਹ ਸੁਰਗ ਵਿਚ ਖ਼ੁਦਾ ਦੇ ਨਾਲ ਸੁਰਗੀ ਆਰਾਮ ਹੈ। ਹਰ ਯੁੱਗ ਵਿਚ ਖ਼ੁਦਾ ਦੇ ਲੋਕ ਜਿਹੜੇ ਪਾਪ ਦੇ ਗੁਲਾਮ ਰਹੇ ਸਨ ਪਰ ਹੁਣ ਛੁਡਾਏ ਗਏ ਹਨ, ਉਨ੍ਹਾਂ ਨੂੰ ਆਪਣੀ ਮੌਤ ਦੇ ਯਰਦਨ ਪਾਰ ਜਾ ਕੇ ਆਪਣੇ ਬੋਝ ਲਾਹ ਕੇ ਉੱਥੇ ਅਸਲ ਅਰਾਮ ਮਿਲੇਗਾ। ਖ਼ੁਦਾ ਨੇ ਅਰਾਮ ਦਾ ਇਹ ਜ਼ਬਰਦਸਤ ਥਾਂ ਸਾਡੇ ਲਈ ਤਿਆਰ ਕੀਤੀ ਹੈ (ਇਬਰਾਨੀਆਂ 11:10), ਪਰ ਅਸੀਂ ਅਜੇ ਉੱਥੇ ਨਹੀਂ ਅੱਪੜੇ ਹਾਂ। ਇਕ ਬਜ਼ੁਰਗ ਮਸੀਹੀ ਅੱਗੇ ਇਕ ਵਾਰ ਬੇਨਤੀ

ਕੀਤੀ ਗਈ ਕਿ ਉਹ ਆਰਾਮ ਕਰੇ ਅਤੇ ਬਹੁਤਾ ਔਖਾ ਕੰਮ ਨਾ ਕਰੇ। ਇਸ ਸਲਾਹ ਤੇ ਉਸ ਦਾ ਜਵਾਬ ਸੀ, ''ਸੁਰਗ ਅਰਾਮ ਕਰਨ ਦੀ ਥਾਂ ਹੈ; ਧਰਤੀ ਕੰਮ ਕਰਨ ਦੀ ਥਾਂ ਹੈ।'' ਉਹ ਬਿਲਕੁਲ ਸਹੀ ਸੀ। ਸਾਡੇ ਛੁਟਕਾਰੇ ਅਤੇ ਸਾਡੇ ਯਰਦਨ ਪਾਰ ਜਾਣ ਵਿਚਕਾਰ ਵਕਫ਼ਾ ਸਾਡੇ ਲਈ ਲੇਖਕ ਦੀ ਗੰਭੀਰ ਚਿਤਾਵਨੀ ਉੱਤੇ ਧਿਆਨ ਦੇਣ ਦਾ ਸਮਾਂ ਹੈ।

ਆਪਣੇ ਜ਼ਬਰਦਸਤ ਰੂਪਕ ਨਾਲ ਇਬਰਾਨੀਆਂ ਦੀ ਕਿਤਾਬ ਦੀ ਇਹ ਉਦਾਹਰਣ ਉਹੀ ਸੰਦੇਸ਼ ਦਿੰਦੀ ਹੈ ਜਿਹੜੀ ਪੌਲੁਸ ਗਲਾਤੀਆ ਦੇ ਭਾਈਆਂ ਨੂੰ ਦੇ ਰਿਹਾ ਸੀ। ਇਬਰਾਨੀਆਂ ਦੀ ਕਿਤਾਬ ਵਿਚ ਤਸਵੀਰ ਵਾਅਦਾ ਕੀਤੇ ਹੋਏ ਦੇਸ਼ (ਸੁਰਗੀ ਕਨਾਨ) ਦੀ ਹੈ, ਜਦ ਕਿ ਗਲਾਤੀਆਂ ਵਿਚ ਇਹ ''ਪਰਮੇਸ਼ੁਰ ਦਾ ਰਾਜ'' ਹੈ। ਇਬਰਾਨੀਆਂ ਵਿਚ, ਦਿੱਕਤ ਨਿਹਚਾ ਵਿਚ ਕਮਜ਼ੋਰ ਹੋਣ ਅਤੇ ਨਿਹਚਾ ਤੋਂ ਡਿੱਗਣ (ਬੇਦੀਨੀ) ਦੇ ਖ਼ਤਰੇ ਦੀ ਸੀ; ਜਦ ਕਿ ਗਲਾਤੀਆਂ ਵਿਚ ਹੋਰ ਗੱਲਾਂ ਦੇ ਨਾਲ ਨਾਲ ਇਹ ਮੁਸ਼ਕਿਲ ਸਦਾਚਾਰੀ ਅਤੇ ਸੋਚ ਦੇ ਪਾਪਾਂ ਦੀ ਸੀ ਜਿਨ੍ਹਾਂ ਕਰਕੇ ਮਸੀਹੀ ਲੋਕ ਆਪਣੀ ਵਿਰਾਸਤ ਤੋਂ ਹੱਥ ਧੋ ਸਕਦੇ ਸਨ।

### ਚਾਰ ਪ੍ਰੇਮ (5:22)

''ਪ੍ਰੇਮ'' ਲਈ ਕੋਇਨੀ ਯੂਨਾਨੀ ਵਿਚ ਚਾਰ ਸ਼ਬਦ ਹਨ: (*agapē*, ਅਗਾਪੇ) (*philia*, ਫਿਲਿਆ), (*storgē*, ਸਟੋਰਜ), ਅਤੇ (*erōs* ਇਰੋਸ)। ਇਨ੍ਹਾਂ ਵਿੱਚੋਂ ਤਿੰਨ ਤਾਂ ਨਵੇਂ ਨੇਮ ਵਿਚ ਮਿਲਦੇ ਹਨ।[140] ਬਾਈਬਲ ਵਿਚ ਅਤੇ ਪ੍ਰਾਚੀਨ ਯੂਨਾਨੀ ਸਾਹਿਤ ਵਿਚ ਇਨ੍ਹਾਂ ਤਿੰਨਾਂ ਸ਼ਬਦਾਂ ਦੀ ਵਰਤੋਂ ਕਿਵੇਂ ਕੀਤੀ ਗਈ ਹੈ?

ਨਵੇਂ ਨੇਮ ਵਿਚ *erōs* ਸ਼ਬਦ ਦੀ ਵਰਤੋਂ ਨਾ ਤਾਂ ਨਾਂਉਂ ਅਤੇ ਨਾ ਹੀ ਕਿਰਿਆ ਰੂਪ ਵਿਚ ਹੋਈ ਹੈ। ਇਸ ਸ਼ਬਦ ਦਾ ਸਬੰਧ ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ ''*erotic*'' (ਇਰੌਟਿਕ, ਕਾਮੁਕ) ਨਾਲ ਹੈ। ਯੂਨਾਨੀ ਵਿਚ ਇਹ ਜਨੂਨੀ ਪਿਆਰ ਦਾ ਸੰਕੇਤ ਦਿੰਦਾ ਹੈ ਪਰ ਹਮੇਸ਼ਾ ਵਾਸਨਾ ਦੇ ਅਰਥ ਨਾਲ ਨਹੀਂ। ਉਦਾਹਰਣ ਲਈ ਇਹ ਕਿਸੇ ਗੁਲਾਮ ਦੇ ਅਜ਼ਾਦ ਹੋਣ ਦੀ ''ਤੀਬਰ ਇੱਛਾ'' ਨੂੰ ਵਿਖਾ ਸਕਦਾ ਹੈ। ਤਾਂਵੀਂ ਕਈ ਮਾਮਲਿਆਂ ਵਿਚ ਇਸ ਸ਼ਬਦਾ ਦਾ ਸੰਕੇਤ ਵਾਸਨਾ ਨਾਲ ਸਬੰਧਿਤ ਹੀ ਸੀ।

ਪ੍ਰਾਚੀਨ ਕਾਲ ਦੇ ਸੰਸਾਰ ਯੂਨਾਨੀਆਂ ਵਿਚਕਾਰ *erōs* (ਇਰੋਸ) ਦੇ ਸਬੰਧ ਵਿਚ ਇਕ ਵਿਸ਼ਾਲ ਸ਼ਬਦਕੋਸ਼ ਬਣਾਇਆ ਗਿਆ। ਇਸ ਦੇ ਉਲਟ ਸਪਤਤੀ ਅਨੁਵਾਦ (LXX) ਵਿਚ ''*erotic*'', ਸ਼ਬਦ ਦੀ ਸ਼ਬਦਾਵਲੀ ਬੜੀ ਸੀਮਤ ਹੈ। ਕਈ ਹਵਾਲਿਆਂ ਵਿਚ (*erastēs*) ਸ਼ਬਦ ਦਾ ਅਰਥ ਯਾਰ ਦੇ ਸਭ ਤੋਂ ਘਟੀਆ ਅਰਥ ਵਿਚ ਵਰਤਿਆ ਗਿਆ ਹੈ।[141] ਇਹ ਮਿਲਾਵਟੀ ਸ਼ਬਦਾਵਲੀ ਆਮ ਤੌਰ ਤੇ ਇਸਰਾਏਲ ਦੀ ਮੂਰਤੀਪੂਜਾ ਅਤੇ ਬਾਹਰੀ ਸਮਝੌਤਿਆਂ ਲਈ ਉਪਮਾ ਹੈ। ਨਵੇਂ ਨੇਮ ਵਿਚ ਇਹਰੋਸ ਸ਼ਬਦ ਦਾ ਬਿਲਕੁਲ ਨਾ ਹੋਣਾ ਪੱਛਮੀ ਸੱਭਿਅਤਾ ਵਿਚ *erotic* (ਕਾਮੁਕ) ਉੱਤੇ ਦਿੱਤੇ ਜਾਣ ਵਾਲੇ ਮੌਜੂਦਾ ਦੌਰ ਨਾਲੋਂ ਨਾਟਕੀ ਤੌਰ ਤੇ ਅੱਡ ਹੈ। ਇਹ ਇਸ ਗੱਲ ਨੂੰ ਵਿਖਾਉਂਦਾ ਹੈ ਕਿ ਪ੍ਰੇਮ ਦੀ ਨਵੇਂ ਨੇਮ ਦੀ ਧਾਰਣਾ ਸਾਡੀ ਧਾਰਣਾ ਨਾਲੋਂ ਕਿੰਨੀ ਫ਼ਰਕ ਹੈ।

*ਸਟੋਰਜ।* ਨਵੇਂ ਨੇਮ ਵਿਚ ਨਾ ਤਾਂ ਨਾਂਉਂ ਸ਼ਬਦ *storgē* (ਸਟੋਰਜ) ਹੈ ਅਤੇ ਨਾ ਇਸ ਨਾਲ ਮੇਲ ਖਾਂਦਾ ਕਿਰਿਆ ਸ਼ਬਦ (*storgeō*, ਸਟੋਰਜਿਓ) ਹੈ, ਹਾਂ ਇਸ ਨਾਲ ਸਬੰਧਿਤ ਇਕ ਵਿਸ਼ੇਸ਼ਣ ਸ਼ਬਦ ਜ਼ਰੂਰ ਹੈ। ਇਹ ਸ਼ਬਦ *astorgos* (ਅਸਟੋਰਗੋਸ) ਹੈ ਜਿਸ ਦਾ ਅਰਥ ਹੈ ''ਬਿਨਾਂ ਸੁਭਾਵਕ ਲਗਾਅ ਦੇ।'' ਮੂਲ *storgē* ਨਾਲ ਅਗੇਤਰ (''ਬਿਨਾ–'' ਜਾਂ ''ਬੇ'') ਅਰਥ ਨੂੰ ਜੋੜਦਿਆਂ ਮਿਲਾਇਆ ਜਾਂਦਾ ਹੈ ਜੋ ਆਪਣੇ ਆਪ ਵਿਚ ''ਪਰਿਵਾਰ ਦਾ ਮੋਹ'' ਜਾਂ ''ਭਾਈਚਾਰੇ ਦਾ ਪ੍ਰੇਮ'' ਨਾਲ ਮਿਲਦਾ ਹੈ।[142] ਇਸ ਕਰਕੇ ਵਿਸ਼ੇਸ਼ਣ ਖ਼ਾਸ ਸ਼ਬਦ *astorgos* (ਅਸਟੋਰਗੋਸ) ਵਿਚ ''ਪ੍ਰੇਮ ਰਹਿਤ, ਆਪਣੇ ਸਕਿਆਂ ਲਈ ਲਗਾਅ ਦੀ ਕਮੀ'' ਦਾ ਸੰਕੇਤ ਹੈ। ਨਵੇਂ ਨੇਮ ਵਿਚ ਰੋਮੀਆਂ 1:31

ਅਤੇ 2 ਤਿਮੋਥਿਉਸ 3:3 ਵਿਚ ਬੁਰਿਆਈਆਂ ਦੀ ਪੌਲੁਸ ਦੀ ਫ਼ਹਰਿਸਤ ਵਿਚ ਇਸ ਦਾ ਨਕਾਰਨ ਵਾਲਾ ਵਿਸ਼ੇਸ਼ਣ ਰੂਪ *astorgos* ਮਿਲਦਾ ਹੈ। NASB ਵਿਚ ਦੋਹਾਂ ਹਵਾਲਿਆਂ ਵਿਚ ਇਸ ਸ਼ਬਦਾ ਦਾ ਅਨੁਵਾਦ ''ਨਿਰਮੋਹਾ'' ਕੀਤਾ ਗਿਆ ਹੈ।

ਮਰਕੁਸ 7 ਵਿਚ ਸਾਡੇ ਪ੍ਰਭੂ ਵੱਲੋਂ ਸੁਭਾਵਕ ਲਗਾਅ ਦੀ ਇਸ ਕਮੀ ਦੀ ਗੱਲ ਕੀਤੀ ਗਈ ਹੈ। ਉਸ ਨੇ ਆਪਣੇ ਸਮੇਂ ਦੇ ਕੁਝ ਲੋਕਾਂ ਬਾਰੇ ਦੱਸਿਆ ਜਿਹੜੇ ਆਪਣੇ ਮਾਪਿਆਂ ਪ੍ਰਤੀ ਆਪਣੇ ਫ਼ਰਜ਼ ਤੋਂ ਬਚਣ ਲਈ ਫ਼ਰਜ਼ ਪੂਰਾ ਕਰਦੇ ਹੋਏ ''ਕੁਰਬਾਨ'' ਸ਼ਬਦ ਬੋਲ ਕੇ ਆਪਣੇ ਆਪ ਨੂੰ ਸਹੀ ਠਹਿਰਾਉਂਦੇ ਹਨ। ਯਿਸੂ ਨੇ ਕਿਹਾ ਕਿ ਉਹ ''ਪਰਮੇਸ਼ੁਰ ਦੇ ਬਚਨ ਨੂੰ ਆਪਣੀ ਰੀਤ ਨਾਲ ਅਕਾਰਥ ਕਰਦੇ'' ਸਨ (ਮਰਕੁਸ 7:11–13)।

*Philia*. ਇਸ ਸ਼ਬਦ ਦਾ ਮੂਲ ਫਿਲਾਸਫ਼ੀ (''ਗਿਆਨ ਦਾ ਪ੍ਰੇਮ''), ਫਿਲਾਨਰੋਪੀ (''ਮਨੁੱਖ ਜਾਤੀ ਦਾ ਪ੍ਰੇਮ''), ਅਤੇ ਫਿਲਾਡੈਲਫੀਆ (''ਭਾਈਚਾਰੇ ਦਾ ਪ੍ਰੇਮ'') ਵਰਗੇ ਆਮ ਅੰਗ੍ਰੇਜ਼ੀ ਸ਼ਬਦਾਂ ਵਿਚ ਮਿਲਦਾ ਹੈ। ਇਹ ਉਹ ਸ਼ਬਦ ਹੈ ਜਿਹੜਾ ਪ੍ਰੇਮ ਦੇ ਲਗਾਅ ਜਾਂ ਦੋਸਤੀ ਵਾਲੀ ਕਿਸਮ ਦਾ ਸੰਕੇਤ ਦਿੰਦਾ ਹੈ। ਇਹ ਅਜਿਹਾ ਪ੍ਰੇਮ ਹੈ ਜਿਹੜਾ ਸਾਡੀਆਂ ਭਾਵਨਾਵਾਂ ਨੂੰ ਆਪਣੇ ਵੱਲ ਖਿੱਚਦਾ ਹੈ। ਸਾਨੂੰ ਆਪਣੇ ਪ੍ਰੇਮ ਵਿਚ ਕੁਝ ਕਸ਼ਿਸ਼ ਨਜ਼ਰ ਆਉਂਦੀ ਹੈ। ਇਹ ਕਸ਼ਿਸ਼ ਕੋਈ ਸਲਾਹੁਣਯੋਗ ਵਿਅਕਤੀ, ਖ਼ੂਬਸੂਰਤ ਨਜ਼ਾਰੇ, ਕਿਸੇ ਚੰਗੀ ਲੱਗਣ ਵਾਲੀ ਗਤੀਵਿਧੀ, ਜਾਂ ਅਸਲ ਵਿਚ ਕੋਈ ਵੀ ਚੀਜ਼ ਹੋ ਸਕਦੀ ਹੈ।

ਗਲਤ ਢੰਗ ਨਾਲ ਪ੍ਰੇਮ ਕਰਨਾ ਪਾਪ ਬਣ ਸਕਦਾ ਹੈ। ਯਿਸੂ ਨੇ ਆਖਿਆ ਕਿ ਕਪਟੀ ਲੋਕ ''ਸਮਾਜਾਂ ਅਤੇ ਚੌਂਕਾਂ ਦੇ ਖੂੰਜਿਆਂ ਵਿਚ ਖੜੇ ਹੋਕੇ ਪ੍ਰਾਰਥਨਾ ਕਰਨੀ ਪਸੰਦ *[phileō]* ਕਰਦੇ ਹਨ ਜੋ ਮਨੁੱਖ ਉਨ੍ਹਾਂ ਨੂੰ ਵੇਖਣ। ਮੈ ਤੁਹਾਨੂੰ ਸੱਚ ਆਖਦਾ ਹਾਂ ਜੋ ਉਹ ਆਪਣਾ ਫਲ ਪਾ ਚੁੱਕੇ'' (ਮੱਤੀ 6:5)। ਮਸੀਹ ਨੇ ਇਹ ਚਿਤਾਵਨੀ ਵੀ ਦਿੱਤੀ:

> ਜੋ ਕੋਈ ਪਿਉ ਯਾ ਮਾਂ ਨੂੰ ਮੇਰੇ ਨਾਲੋਂ ਵੱਧ ਪਿਆਰ *[phileō]* ਕਰਦਾ ਹੈ ਮੇਰੇ ਯੋਗ ਨਹੀਂ ਅਤੇ ਜੋ ਕੋਈ ਪੁੱਤਰ ਯਾ ਧੀ ਨੂੰ ਮੇਰੇ ਨਾਲੋਂ ਵੱਧ ਪਿਆਰ ਕਰਦਾ ਹੈ ਮੇਰੇ ਯੋਗ ਨਹੀਂ। ਅਤੇ ਜੋ ਕੋਈ ਆਪਣੀ ਸਲੀਬ ਚੁੱਕ ਕੇ ਮੇਰੇ ਮਗਰ ਨਾ ਤੁਰੇ ਮੇਰੇ ਯੋਗ ਨਹੀਂ (ਮੱਤੀ 10:37, 38)।

ਇਹ ਹਵਾਲਾ ਸਾਡੇ ਅਜੋਕੇ ਸੰਸਾਰ ਦੀ ਗੱਲ ਕਰਦਾ ਹੈ। ਅਸੀਂ ਇਕ ਅਜਿਹੇ ਸਮੇਂ ਵਿਚ ਰਹਿੰਦੇ ਹਾਂ ਜਦ ਉਨ੍ਹਾਂ ਦੇ ਜਿਨ੍ਹਾਂ ਨੂੰ ਅਸੀਂ ਪਿਆਰ ਕਰਦੇ ਹਾਂ ਜੋ ਹੋ ਸਕਦਾ ਹੈ ਕਿ ਜੋ ਸ਼ਾਇਦ ਸਾਡੇ ਬੱਚੇ ਹੋਵਨ, ਨਿਹਚਾ ਨੂੰ ਤਿਆਗ ਦੇਣ ਅਤੇ ਗਲਤ ਸਿੱਖਿਆ ਦੇ ਮਗਰ ਜਾਣ ਦਾ ਖ਼ਤਰਾ ਹੈ। ਅਜਿਹੇ ਮਾਮਲਿਆਂ ਵਿਚ ਜ਼ਰੂਰੀ ਹੈ ਕਿ ਅਸੀਂ ਆਪਣੀ ਥਿਓਲੋਜੀ (ਧਰਮਸਿੱਖਿਆ) ਨੂੰ ਬਦਲ ਕੇ ਉਨ੍ਹਾਂ ਨੂੰ ਸਹੀ ਠਹਿਰਾਉਣ ਦੀ ਪਰੀਖਿਆ ਵਿਚ ਨਾ ਪਈਏ। ਸਚਮੁਚ ਸਾਨੂੰ ਸਭ ਤੋਂ ਵਧਕੇ ਯਿਸੂ ਨਾਲ ਪ੍ਰੇਮ ਕਰਨਾ ਜ਼ਰੂਰੀ ਹੈ।

ਸੱਚੇ ਮਿੱਤਰ (*philos*) ਦਾ ਹੋਣਾ ਇਕ ਬਹੁਤ ਵੱਡੀ ਗੱਲ ਹੈ। ਅਸੀਂ ਇਕੱਠੇ ਹੋ ਕੇ ਖੁਸ਼ ਹੁੰਦੇ ਹਾਂ ਅਤੇ ਸਾਨੂੰ ਆਪਣੇ ਦੋਸਤ ਚੰਗੇ ਲਗਦੇ ਹਨ ਅਤੇ ਸਾਨੂੰ ਉਨ੍ਹਾਂ ਵੱਲੋਂ ਪਸੰਦ ਕੀਤਾ ਜਾਣਾ ਚੰਗਾ ਲਗਦਾ ਹੈ। *philia* (ਫਿਲਿਆ) ਹੀ ਹੈ ਅਤੇ ਇਸ ਵਿਚ ਕੁਝ ਗਲਤ ਨਹੀਂ ਹੈ। ਅਬਰਾਹਾਮ ਨੂੰ ਵੀ ''ਪਰਮੇਸ਼ੁਰ ਦਾ ਮਿੱਤਰ'' ਆਖਿਆ ਗਿਆ ਸੀ (ਯਾਕੂਬ 2:23)। ਇਕ ਖ਼ਾਸ ਅਰਥ ਵਿਚ ਲਾਜ਼ਰ ਯਿਸੂ ਦਾ ''ਮਿੱਤਰ'' ਸੀ (ਯੂਹੰਨਾ 11:11)। ਯੂਹੰਨਾ ਨੇ ਜਦ ਇਹ ਲਿਖਿਆ ਕਿ ''ਤੂੰ ਸਾਡੇ ਮਿੱਤਰਾਂ ਨੂੰ ਨਾਂਉਂ ਲੈ ਕੇ ਸੁੱਖ ਸਾਂਦ ਆਂਖੀਂ'' (3 ਯੂਹੰਨਾ 14), ਤਾਂ ਉਹ ਕਲੀਸੀਆ ਵਿਚਲੇ ਆਪਣੇ ਪਿਆਰੇ ਭਾਈਆਂ ਲਈ ਇਹ ਆਖ ਰਿਹਾ ਸੀ। ਬਾਰ੍ਹਾਂ ਨਾਲ ਗੱਲ ਕਰਦਿਆਂ ਯਿਸੂ ਨੇ ਆਖਿਆ, ''ਜੇ ਤੁਸੀਂ ਓਹ ਕੰਮ ਕਰੋ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੰਦਾ ਹਾਂ ਤਾਂ ਤੁਸੀਂ ਮੇਰੇ ਮਿੱਤ੍ਰ ਹੋ'' (ਯੂਹੰਨਾ 15:14)।

ਅਸੀਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਚੇਲੇ ਯਿਸੂ ਨਾਲ ਬੇਹੱਦ ਪਿਆਰ ਕਰਦੇ ਸਨ, ਭਾਵੇਂ ਅਸੀਂ *phileō* ਦੀ ਗੱਲ ਕਰੀਏ ਜਾਂ *agapaō* ਦੀ। ਇਨ੍ਹਾਂ ਦੋਹਾਂ ਕਿਰਿਆ ਸ਼ਬਦਾਂ ਦੀ ਵਰਤੋਂ ਯੂਹੰਨਾ 21:15–17 ਅਤੇ ਯਿਸੂ ਦੀ ਯਾਦਗਾਰ ਗੱਲਬਾਤ ਵਿਚ ਕੀਤੀ ਗਈ ਹੈ। ਵਿਦਵਾਨ ਉਸ ਸੰਦਰਭ ਵਿਚ ਦੋਹਾਂ ਸ਼ਬਦਾਂ ਦੇ ਮਹੱਤਵ ਤੇ ਅਸਹਿਮਤ ਹਨ। ਕਈਆਂ ਦਾ ਮੰਨਣਾ ਹੈ ਕਿ ਯੂਹੰਨਾ ਵੱਲੋਂ ਇਕ ਵਾਰ *agapaō* (ਅਗਾਪਾਓ) ਅਤੇ ਦੂਜੀ ਵਾਰ *phileō* (ਫਿਲਿਓ) ਦੀ ਵਰਤੋਂ ਨੀਰਸਤਾ ਤੋਂ ਬਚਣ ਲਈ ਸ਼ੈਲੀ ਵਿਚ ਬਦਲਾਅ ਤੋਂ ਵਧਕੇ ਹੋਰ ਕੁਝ ਨਹੀਂ ਵਿਖਾਉਂਦੀ। ਹੋਰਨਾਂ ਨੂੰ ਆਪਣੇ ਬਦਲਾਅ ਵਿਚ ਵਧੇਰੇ ਅਹਿਮੀਅਤ ਨਜ਼ਰ ਆਉਂਦੀ ਹੈ। ਪਤਰਸ ਨੇ ਪਹਿਲਾਂ ਆਪਣੀ ਬੇਹਤਰ ਵਫ਼ਾਦਾਰੀ ਦੀ ਸ਼ੇਖੀ ਮਾਰੀ ਸੀ ਪਰ ਬਾਅਦ ਵਿਚ ਤਿੰਨ ਵਾਰ ਆਪਣੇ ਪ੍ਰਭੂ ਦਾ ਇਨਕਾਰ ਕਰਕੇ ਉਹ ਬੁਰੀ ਤਰ੍ਹਾਂ ਨਾਲ ਨਾਕਾਮ ਰਿਹਾ ਸੀ। ਇਸ ਵਾਰ ਉਹ ਯਿਸੂ ਲਈ ਆਪਣੇ ਸਮਰਪਿਤ ਪ੍ਰੇਮ (*agapaō*, ਅਗਾਪਾਓ) ਬਾਰੇ ਪੱਕਾ ਦਾਅਵਾ ਕਰਨ ਲਈ ਤਿਆਰ ਨਹੀਂ ਸੀ; ਇਸ ਕਰਕੇ ਉਹ ਉਹਦੇ ਲਈ ਸਿਰਫ਼ ਆਪਣੇ ਲਗਾਅ (*phileō*, ਫਿਲਿਓ) ਦੀ ਗੱਲ ਕਰ ਸਕਿਆ।[143]

*Agapē*. ਹੁਣ ਅਸੀਂ ਗਲਾਤੀਆਂ 5:22 ਵਿਚ ਉਸ ਸ਼ਬਦ ਤੇ ਆਉਂਦੇ ਹਾਂ ਜਿਸ ਨੂੰ ਪੌਲੁਸ ਨੇ ''ਆਤਮਾ ਦਾ ਫਲ'' ਦੀ ਆਪਣੀ ਫਹਰਿਸਤ ਵਿਚ ਸਭ ਤੋਂ ਪਹਿਲਾਂ ਰੱਖਿਆ। ਕਈ ਥਾਂ ਭਾਵੇਂ ''ਪ੍ਰੇਮ'' ਲਈ ਇਹ ਯੂਨਾਨੀ ਸ਼ਬਦ ਇਕ ਦੂਜੇ ਨਾਲ ਮੇਲ ਖਾਂਦੇ ਹੁੰਦੇ ਹਨ। ਜਿਸ ਕਰਕੇ ਉਨ੍ਹਾਂ ਨੂੰ ਸਮਾਨਅਰਥੀ ਕਿਹਾ ਜਾਂਦਾ ਹੈ, ਪਰ ਹਰ ਸ਼ਬਦ ਦੂਜਿਆਂ ਨਾਲੋਂ ਫ਼ਰਕ ਹੈ ਅਤੇ ਉਸ ਦਾ ਆਪਣਾ ਹੀ ਰਸ ਹੈ। ਨਵੇਂ ਨੇਮ ਵਿਚ ਹੋਈ ਇਸ ਸ਼ਬਦ ਦੀ ਵਰਤੋਂ *agapē* ਪ੍ਰੇਮ ਦੇ ਸਭ ਤੋਂ ਸ਼ਾਨਦਾਰ ਗੁਣਾਂ ਨੂੰ ਵਿਖਾਉਂਦੀ ਹੈ। ਨਿਗੇਲ ਟਰਨਰ ਨੇ ਲਿਖਿਆ ਹੈ:

> ਕ੍ਰਿਸਚਿਅਨ ਗ੍ਰੀਕ ਵਿਚ ਨਾਂਉਂ ਸ਼ਬਦ *agapē* ਅਤੇ ਕਿਰਿਆ ਸ਼ਬਦ *agapaō* ਸਾਡੇ ਲਈ ਮਸੀਹ ਦੇ ਪ੍ਰੇਮ ਦੇ ਨਾਲ ਨਾਲ ਲੋੜੀਂਦੇ ਮਸੀਹੀ ਲਗਾਅ, ਵਿਸ਼ਵਾਸੀਆਂ ਦੇ ਪਰਮੇਸ਼ੁਰ ਅਤੇ ਮਨੁੱਖ ਲਈ ਪ੍ਰੇਮ ਅਤੇ ਸਾਡੇ ਅਤੇ ਮਸੀਹ ਲਈ ਪਰਮੇਸ਼ੁਰ ਦੇ ਪ੍ਰੇਮ ਨੂੰ ਦਰਸਾਉਂਦਾ ਹੈ। ਇਹਦਾ ਮਤਲਬ ਇਹ ਹੋਇਆ ਕਿ ਪਰਮੇਸ਼ੁਰ ਅਤੇ ਮਨੁੱਖ ਦੀ ਪੂਰੀ ਤਰ੍ਹਾਂ ਨਾਲ ਸੰਗਤੀ ਹੈ ਜੋ ਕਿ ਇਕ ਅਲੌਕਿਕ ਕਿਰਪਾ ਹੈ।[144]

ਪਰਮੇਸ਼ੁਰ ਨੇ ਆਪਣੇ ਸੰਤਾਂ (''ਪਵਿੱਤਰ ਲੋਕਾਂ'') ਦੇ ਮਨਾਂ ਵਿਚ ਆਪਣਾ ਪ੍ਰੇਮ ''ਪਾਇਆ ਹੋਇਆ'' ਹੈ, ਤਾਂ ਜੋ ਇਹ ਕਿਰਪਾ ਨਾਲ ਮਿਲਿਆ ਹੋਇਆ ਦਾਨ ਹੈ (ਰੋਮੀਆਂ 5:5)।

ਇਸ ਪ੍ਰੇਮ ਨੂੰ ਇਸ ਤਰ੍ਹਾਂ ਨਾਲ ਨਾ ਸਮਝਿਆ ਜਾਵੇ ਜਿਵੇਂ ਸਿਰਫ਼ ਮਹਿਸੂਸ ਕੀਤਾ ਜਾਂਦਾ ਹੈ, ਅਤੇ ਅਸੀਂ ਸਵਾਲ ਵੀ ਕਰ ਸਕਦੇ ਹਾਂ ਕਿ ਇਸ ਦੇ ਅਰਥ ਵਿਚ ''ਲਗਾਅ'' ਹੈ ਜਾਂ ਨਹੀਂ। ਮਸੀਹੀ ਆਦਮੀ ਨੂੰ ਅਜਿਹੇ ਪ੍ਰੇਮ ਨੂੰ ਕੁਝ ਰਿਸ਼ਤੇਦਾਰਾਂ ਨੂੰ ਜਾਂ ਜਿਨ੍ਹਾਂ ਨੂੰ ਉਹ ਪਸੰਦ ਕਰਦਾ ਹੋਵੇ, ਉਨ੍ਹਾਂ ਤਕ ਸੀਮਤ ਰੱਖਣ ਦੀ ਸਹੂਲਤ ਨਹੀਂ ਹੈ। ਖ਼ੁਦਾ ਸਾਰੀ ਮਨੁੱਖਜਾਤੀ ਨਾਲ ਪਿਆਰ ਕਰਦਾ ਹੈ ਅਤੇ ਉਨ੍ਹਾਂ ਨੂੰ ਬਰਕਤ ਦਿੰਦਾ ਹੈ, ਭਾਵੇਂ ਉਹ ਚੰਗੇ ਹੋਣ ਤੇ ਭਾਵੇਂ ਮੰਦੇ। ਮਸੀਹ ਨੂੰ ਮੰਨਣ ਵਾਲਿਆਂ ਨੂੰ ਇਸੇ ਤਰ੍ਹਾਂ ਨਾਲ ਸਰਗਰਮੀ ਨਾਲ ਪ੍ਰੇਮ ਕਰਨ ਦਾ ਹੁਕਮ ਦਿੱਤਾ ਗਿਆ ਹੈ (ਮੱਤੀ 5:43–48)।

*Agapē* ਜੋ ਕਿ ਦੂਜਿਆਂ ਦੀ ਬੇਹਤਰੀ ਲਈ ਨਿਰਸਵਾਰਥ ਹੋ ਕੇ ਕੰਮ ਕਰਦਾ ਹੈ, ਪਿਤਾ ਵੱਲੋਂ ਮਿਲਦਾ ਹੈ (1 ਯੂਹੰਨਾ 4:16, 19)। ਸਾਡੇ ਪ੍ਰੇਮ ਦੇ ਪਰਮੇਸ਼ੁਰ ਦੇ ਪ੍ਰੇਮ ਵਰਗਾ ਹੋਣ ਲਈ, ਪਰਿੱਪਕ ਪ੍ਰੇਮ ਹੋਣਾ ਜ਼ਰੂਰੀ ਹੈ ਜਿਸ ਵਿਚ ਸਭ ਨਾਲ ਪ੍ਰੇਮ ਕੀਤਾ ਜਾਏ। ਇਹ ਪਸੰਦ ਜਾਂ ਨਾਪਸੰਦ ਦੀ ਸਨਕ ਨਹੀਂ ਹੋਣੀ ਚਾਹੀਦੀ ਜੋ ਸੁਭਾਵਕ ਮਨੁੱਖ ਭਾਵ ਆਮ ਆਦਮੀ ਲਈ ਆਮ ਹੈ। ਹਰ ਮਸੀਹੀ ਦਾ ਜਿਹੜਾ ਆਪਣੇ ਸੁਰਗੀ ਪਿਤਾ ਵਰਗਾ ਬਣਨਾ ਚਾਹੁੰਦਾ ਹੈ, ਟੀਚਾ ਇਸ ਸਿੱਧ ਪ੍ਰੇਮ ਨੂੰ ਪਾਉਣ ਦਾ ਹੋਣਾ ਜ਼ਰੂਰੀ ਹੈ।

**ਯਿਸੂ ਦਾ ਪ੍ਰੇਮ** (5:22)

ਯਿਸੂ ਦੇ ਸ਼ਬਦ ਅਤੇ ਕੰਮ ਕਈ ਅਰਥਾਂ ਵਾਲੇ ਅਗਾਪੇ ਸ਼ਬਦ ਨਾਲ ਭਰੇ ਹਨ ਜੋ ਮਸੀਹੀ ਜਗਤ ਤੋਂ ਪਹਿਲਾਂ ਦੇ ਡਿਕਸ਼ਨਰੀਆਂ ਬਨਾਉਣ ਵਾਲਿਆਂ ਕੋਲ ਨਹੀਂ ਸਨ। ਯਿਸੂ ਨੇ ਕਿਹੋ ਜਿਹਾ ਪ੍ਰੇਮ ਵਿਖਾਇਆ? ਪ੍ਰੇਮ ਨੂੰ ਉਸ ਨੇ ਕੀ ਕਰਨ ਲਈ ਪ੍ਰੇਰਿਆ?

*ਉਸ ਨੇ ਦਲੇਰੀ ਨਾਲ ਆਪਣੇ ਵੈਰੀਆਂ ਦਾ ਮੁਕਾਬਲਾ ਕੀਤਾ।* ਮਸੀਹ ਦਾ ਪ੍ਰੇਮ ਹਮੇਸ਼ਾ ਖੁਸ਼ਮਿਜ਼ਾਜ਼ ਨਹੀਂ ਹੁੰਦਾ ਸੀ। ਕਈ ਵਾਰ ਇਸ ਨਾਲ ਕਈ ਲੋਕਾਂ ਨੂੰ ਠੋਕਰ ਲਗਦੀ ਸੀ। ਇਕ ਮੌਕੇ ਤੇ ਤਾਂ ਉਸ ਨੇ ਸਜ਼ਾ ਵੀ ਦੇ ਦਿੱਤੀ ਸੀ ਜਦ ਯਿਸੂ ਨੇ ਗ੍ਰੰਥੀਆਂ ਅਤੇ ਫਰੀਸੀਆਂ ਨੂੰ ਇਕ ਤੋਂ ਇਕ ਇਕ ਸਖ਼ਤ ਹਾਏ ਪਾਉਂਦਿਆਂ ਕਿਹਾ ਸੀ, ''ਹੇ ਸੱਪੋ, ਹੇ ਨਾਗਾਂ ਦੇ ਬੱਚਿਓ! ਤੁਸੀਂ ਨਰਕ ਦੇ ਡੰਨੋਂ ਕਿਸ ਬਿਧ ਭੱਜੋਗੇ?'' (ਮੱਤੀ 23:33)। ਭਲਾ ਸਾਨੂੰ ਸ਼ਬਦਾਂ ਵਿਚ ਕੋਈ ਮੋਹ ਨਜ਼ਰ ਆਉਂਦਾ ਹੈ? ਪ੍ਰਭੂ ਨੇ ਇਨ੍ਹਾਂ ਲੋਕਾਂ ਨੂੰ ਝਾੜ ਪਾਈ, ਤੁਹਾਨੂੰ ਉਸ ਤੇ ਸ਼ੱਕ ਹੈ ਕਿ ਉਹ ਉਨ੍ਹਾਂ ਨੂੰ ਪਿਆਰ ਕਰਦਾ ਸੀ? ਉਹ ਉਨ੍ਹਾਂ ਨੂੰ ਤੌਬਾ ਤਕ ਲਿਆਉਣ, ਅੰਤ ਦੇ ਦਿਨ ਉਨ੍ਹਾਂ ਨੂੰ ਦੋਸ਼ੀ ਠਹਿਰਾਉਣ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਜਦ ਉਹ ''ਸਚਿਆਈ ਨਾਲ ਸੰਸਾਰ ਦਾ ਨਿਆਉਂ ਕਰੇਗਾ'' (ਰਸੂਲਾਂ ਦੇ ਕਰਤੱਬ 17:31; ਵੇਖੋ 2 ਪਤਰਸ 3:9)। ਉਹ ਉਨ੍ਹਾਂ ਨਾਲ ਬੇਹੱਦ ਪਿਆਰ ਕਰਦਾ ਸੀ ਇਸ ਕਰਕੇ ਉਹਦੇ ਲਈ ਸਚਿਆਈ ਨਾਲ ਉਨ੍ਹਾਂ ਦਾ ਸਾਹਮਣਾ ਕਰਨਾ ਜ਼ਰੂਰੀ ਸੀ।

*ਉਸ ਨੇ ਵਫ਼ਾਦਾਰੀ ਨਾਲ ਆਪਣੇ ਮਿਸ਼ਨ ਨੂੰ ਪੂਰਾ ਕੀਤਾ।* ਯਿਸੂ ਉਸ ਹਕੀਕਤ ਨੂੰ ਜਾਣਦਾ ਸੀ ਜਿਸ ਤੋਂ ਉਹ ਸਾਨੂੰ ਬਚਾ ਰਿਹਾ ਸੀ ਅਤੇ ਉਸ ਨੂੰ ਉਸ ਸ਼ਾਨਦਾਰ ਜਲਾਲ ਦਾ ਓਨਾ ਹੀ ਪਤਾ ਸੀ ਜਿਸ ਲਈ ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ ਆ ਕੇ ਉਹ ਸਾਨੂੰ ਬਚਾ ਰਿਹਾ ਸੀ। ਉਸ ਨੂੰ ਮੁਕਤੀ ਅਤੇ ਜਹਨੰਮ ਦੇ ਅਰਥ ਦੀ ਪੂਰੀ ਸਮਝ ਸੀ, ਇਸੇ ਕਰਕੇ ਉਸ ਨੇ ਧਰਤੀ ਉੱਤੇ ਆਉਣ ਦੌਰਾਨ ਉਸ ਮੁਸ਼ਕਿਲ ਪਰੀਖਿਆ ਨੂੰ ਝੱਲ ਲਿਆ। ਸਭ ਤੋਂ ਵੱਡੀ ਗੱਲ ਇਹ ਕਿ ਉਸ ਨੇ ਗੁਆਚੇ ਹੋਏ ਮਨੁੱਖ ਲਈ ਪ੍ਰੇਮੀ ਪਿਤਾ ਕੋਲ ਵਾਪਸ ਮੁੜਨ ਦੀ ਪੁਕਾਰ ਕੀਤੀ।

ਸਾਡੇ ਵਿੱਚੋਂ ਕੌਣ ਹੈ ਜਿਹੜਾ ਅਜਿਹੇ *agapē* ਨੂੰ ਵਿਖਾਉਣ ਦੇ ਨੇੜੇ ਵੀ ਪੁੱਜਿਆ ਹੋਵੇ? ਸਾਨੂੰ ਆਪਣੀ ਨਿੱਜੀ ਭਲਿਆਈ ਦੀ ਐਨੀ ਫਿਕਰ ਹੁੰਦੀ ਹੈ ਕਿ ਆਪਣੇ ਘਰ ਦੀ ਸੁੱਖ ਸੁਵਿਧਾ ਨੂੰ ਬਹੁਤ ਘੱਟ ਹੈ ਕਿ ਅਸੀਂ ਛੱਡ ਸਕੀਏ। ਜਦ ਕਿ ਕਰੋੜਾਂ ਲੋਕ ਹਨ੍ਹੇਰੇ ਵਿਚ ਭਟਕਦੇ ਹੋਏ ਪ੍ਰੇਮਹੀਣ ਵਜੂਦ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਉਸ ਨੇ ਹੁਕਮ ਮੰਨਦੇ ਹੋਏ ਉਸ ਸਜ਼ਾ ਨੂੰ ਆਪਣੇ ਉੱਤੇ ਲੈ ਲਿਆ ਜਿਸ ਦੇ ਹੱਕਦਾਰ ਅਸੀਂ ਸਾਂ। ਕਿਸੇ ਮਨੁੱਖ ਨੇ ਐਨਾਂ ਪਿਆਰ ਨਹੀਂ ਕੀਤਾ ਜਿੰਨਾਂ ਪ੍ਰਭੂ ਯਿਸੂ ਕਰਦਾ ਹੈ ਜਾਂ ਇਵੇਂ ਪ੍ਰੇਮ ਨਹੀਂ ਵਿਖਾਇਆ ਜਿਵੇਂ ਯਿਸੂ ਨੇ ਵਿਖਾਇਆ। ਨਵੇਂ ਨੇਮ ਵਿਚ ''ਨਰਕ'' (*gehenna*) ਸ਼ਬਦ ਬਾਰਾਂ ਵਾਰ ਆਇਆ ਹੈ। ਜਿਸ ਵਿੱਚੋਂ ਗਿਆਰਾਂ ਵਾਰ ਇਸ ਨੂੰ ਯਿਸੂ ਨੇ ਹੀ ਵਰਤਿਆ ਹੈ ਅਤੇ ਇਕ ਵਾਰ ਉਸ ਦੇ ਭਰਾ ਯਾਕੂਬ ਨੇ (ਯਾਕੂਬ 3:6)। ਯਿਸੂ ਇਸ ਭਿਆਨਕ ਸ਼ਬਦ ਦੇ ਅਰਥ ਨੂੰ ਸਮਝਦਾ ਸੀ ਜੋ ਕਿ ਹਮੇਸ਼ਾ ਦੀ ਸਜ਼ਾ ਪਾਏ ਹੋਇਆਂ ਦੀ ਹਾਲਤ ਨੂੰ ਵਿਖਾਉਂਦਾ ਹੈ। ਇਸ ਕਰਕੇ ਉਸ ਨੇ ਗਤਸਮਨੀ ਵਿਚ ਹੀ ਆਪਣੀ ਮਰਜ਼ੀ ਨਾਲ ਸੰਤਾਪ ਵਿਚ ਪਏ ਹੋਏ ਪਸੀਨੇ ਦੀਆਂ ਵੱਡੀਆਂ ਵੱਡੀਆਂ ਬੂਦਾਂ ਵਹਾਈਆਂ; ਉਸ ਨੇ ਸਲੀਬ ਦੀ ਬੇਹੱਦ ਤਕਲੀਫ਼ ਨੂੰ ਸਹਿਣਾ ਚੁਣ ਕੇ ਪਿਤਾ ਦੀ ਇੱਛਾ ਅੱਗੇ ਆਪਣੇ ਆਪ ਨੂੰ ਸੌਂਪ ਦਿੱਤਾ। ਨਰਕ ਦੇ ਕਾਰਣ ਹੀ ਉਸ ਨੇ ਗੁਲਗੁਥਾ ਦਾ ਤਕਲੀਫ਼ਦੇਹ ਦੁੱਖ ਅਤੇ ਜ਼ਲਾਲਤ ਝੱਲੀ। ਇਸੇ ਕਰਕੇ ਉਹ ਸਾਡੇ ਗੁਆਚੇ ਹੋਏ ਸੰਸਾਰ ਲਈ ਸਰਾਪ ਬਣ ਗਿਆ ਜੋ ਕਿ ਪਾਪ ਦਾ ਪ੍ਰਤੀਕ ਹੈ। ਇਸੇ ਕਰਕੇ ਜਦ ਉਸ ਦੇ ਪ੍ਰੇਮੀ ਪਿਤਾ ਨੇ ਉਸ ਤੋਂ ਮੂੰਹ ਭੁਆਂ ਲਿਆਂ ਤਾਂ ਉਸ ਨੂੰ ਨਿਰਾਸ਼ਾ ਵਿਚ ਪਰੇਸ਼ਾਨੀ ਭਰਿਆ ਇਕੱਲਾਪਣ ਸਹਿਣਾ ਪਿਆ। ਭਲਾ ਰੱਬੀ ਪ੍ਰੇਮ ਦਾ ਇਹ ਸਭ ਤੋਂ ਵੱਡਾ ਸਬੂਤ ਨਹੀਂ ਹੈ? ਬਾਈਬਲ ਇਹ ਦੱਸਦੀ ਹੈ ਕਿ ਛੁਟਕਾਰੇ ਦੀ ਖ਼ੁਦਾ ਦੀ ਯੋਜਨਾ ਜਿਹੜੀ ''ਜਗਤ ਦੀ ਨੀਂਹ ਧਰਣ ਤੋਂ

ਅੱਗੋ ਹੀ'' ਬਣਾਈ ਗਈ ਸੀ (1 ਪਤਰਸ 1:20; ਵੇਖੋ ਰਸੂਲਾਂ ਦੇ ਕਰਤੱਬ 2:23, 24), ਉਸ ਦੇ ਵੱਡੇ ਪ੍ਰੇਮ ਦੇ ਕਰਕੇ (ਵੇਖੋ ਯੂਹੰਨਾ 3:16) ਯਿਸੂ ਨੇ ਦੱਸਿਆ:

> ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ *[agapaō]* ਜੋ ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਜਾਵੇ। ਪਰਮੇਸ਼ੁਰ ਨੇ ਪੁੱਤਰ ਨੂੰ ਜਗਤ ਵਿਚ ਇਸ ਲਈ ਨਹੀਂ ਘਲਿਆ ਜੋ ਉਹ ਜਗਤ ਨੂੰ ਦੋਸ਼ੀ ਠਹਿਰਾਵੇ ਸਗੋਂ ਇਸ ਲਈ ਜੋ ਜਗਤ ਉਹ ਦੇ ਰਾਹੀਂ ਬਚਾਈਆ ਜਾਵੇ। ਜਿਹੜਾ ਉਸ ਉੱਤੇ ਨਿਹਚਾ ਕਰਦਾ ਹੈ ਉਹ ਦੋਸ਼ੀ ਨਹੀਂ ਠਹਿਰਦਾ ਪਰ ਜਿਹੜਾ ਨਿਹਚਾ ਨਹੀਂ ਕਰਦਾ ਉਹ ਦੋਸ਼ੀ ਠਹਿਰਾਵੇ ਚੁੱਕਿਆ ਕਿਉਂਕਿ ਉਸ ਨੇ ਪਰਮੇਸ਼ੁਰ ਦੇ ਇਕਲੌਤੇ ਪੁੱਤਰ ਦੇ ਨਾਮ ਉੱਤੇ ਨਿਹਚਾ ਨਹੀਂ ਕੀਤੀ ਹੈ। ਅਤੇ ਦੋਸ਼ੀ ਠਹਿਰਨ ਦਾ ਇਹ ਕਾਰਣ ਹੈ ਕਿ ਚਾਨਣ ਜਗਤ ਵਿਚ ਆਇਆ ਅਤੇ ਮਨੁੱਖਾਂ ਨੇ ਏਸ ਲਈ ਭਈ ਉਨ੍ਹਾਂ ਦੇ ਕੰਮ ਭੈੜੇ ਸਨ ਅਨ੍ਹੇਰੇ ਨੂੰ ਚਾਨਣ ਨਾਲੋਂ ਵਧੀਕ ਪਿਆਰ ਕੀਤਾ *[agapaō]* (ਯੂਹੰਨਾ 3:16–19)।

*ਨਿਚੋੜ।* ਮਸੀਹ ਵਿਚ ਵਿਖਾਏ ਗਏ ਖ਼ੁਦਾ ਦੇ ਪਿਆਰ ਦੇ ਸੰਦੇਸ਼ ਦਾ ਸਾਹਮਣਾ ਹੋਣ ਤੇ ਲੋਕ ਆਪੋ ਆਪਣੇ ਮਨਾਂ ਦੀ ਬੁਨਿਆਦੀ ਹਾਲਤ ਦੇ ਮੁਤਾਬਿਕ ਹੀ ਉਸ ਨੂੰ ਮੰਨਣਗੇ। ਸਚਿਆਈ ਦੇ ਪ੍ਰਤੀ ਇਮਾਨਦਾਰ ਅਤੇ ਸਚਿਆਈ ਨਾਲ ਪ੍ਰੇਮ ਕਰਨ ਵਾਲੇ ਮਨਾਂ ਵਿਚ ਇਸ ਸੰਦੇਸ਼ ਦੇ ਰੂਹਾਨੀ ਹੋਣ ਦੀ ਗੂੰਜ ਸੁਣਾਈ ਦਿੰਦੀ ਹੈ। ਉਨ੍ਹਾਂ ਦੀ ਇਮਾਨਦਾਰੀ ਅਤੇ ਲਗਨ ਦੇ ਕਾਰਣ ਉਹ ਯਿਸੂ ਨੂੰ ਪ੍ਰਭੂ ਮੰਨ ਕੇ ਉਸ ਨੂੰ ਕਬੂਲ ਕਰ ਲੈਂਦੇ ਹਨ। ਪਾਪੀ ਲੋਕ ਆਪਣੇ ਬੁਰੇ ਮਨ ਦੇ ਕ੍ਰੋਧ ਨੂੰ ਵਿਖਾ ਕੇ ਵਾਪਸ ਚਲੇ ਜਾਣਗੇ ਕਿਉਂ ਜੋ ਉਹ ਸੰਸਾਰ ਨਾਲ ਪਿਆਰ ਕਰਦੇ ਹਨ। ਪਸੰਦ ਤਾਂ ਨੈਤਿਕ ਹੈ ਪਰ ਇਸ ਦਾ ਨਤੀਜਾ ਜਾਂ ਤਾਂ ਹਮੇਸ਼ਾ ਦੀ ਜ਼ਿੰਦਗੀ ਹੈ ਜਾਂ ਹਮੇਸ਼ਾ ਦੀ ਸਜ਼ਾ (ਵੇਖੋ ਯੂਹੰਨਾ 3:36)।

ਸਾਨੂੰ ਉਨ੍ਹਾਂ ਲੋਕਾਂ ਨਾਲ ਹਮਦਰਦੀ ਕਰਨੀ ਜ਼ਰੂਰੀ ਹੈ ਜਿਹੜੇ ਕਦੇ ਮਸੀਹ ਨੂੰ ਜਾਣ ਨਹੀਂ ਸਕੇ। ਜਦ ਤਕ ਅਸੀਂ ਮਸੀਹ ਦੇ ਮਿਸ਼ਨ ਤੇ ਮਹੱਤਵ ਨੂੰ ਸਮਝ ਕੇ ਆਪਣੀ ਜ਼ਿੰਦਗੀ ਉਸ ਮਿਸ਼ਨ ਲਈ ਨਹੀਂ ਦਿੰਦੇ, ਉਦੋਂ ਤਕ ਬਹੁਤ ਸਾਰੇ ਲੋਕ ਮਸੀਹ ਨੂੰ ਕਦੇ ਜਾਣ ਨਹੀਂ ਸਕਣਗੇ। ਮਸੀਹ ਦੀ ਦੇਹ ਦੇ ਅੰਗਾਂ ਦੇ ਰੂਪ ਵਿਚ ਉਨ੍ਹਾਂ ਸਭ ਗੁਣਾਂ ਅਤੇ ਯੋਗਤਾਵਾਂ ਨਾਲ ਜਿਹੜੀਆਂ ਖ਼ੁਦਾ ਨੇ ਸਾਨੂੰ ਦਿੱਤੀਆਂ ਸਨ ਜੇ ਅਸੀਂ ਸਾਰੇ ਤਨੋ ਮਨੋ ਹੋ ਕੇ ਇਸ ਮਿਸ਼ਨ ਲਈ ਆਪਣੇ ਆਪ ਨੂੰ ਦੇ ਦਈਏ ਤਾਂ ਬਹੁਤ ਸਾਰੇ ਲੋਕ ਮਸੀਹ ਨੂੰ ਜਾਣ ਸਕਣਗੇ। ਯਿਸੂ ਦੇ ਪ੍ਰੇਮ ਨੂੰ ਵਿਖਾਉਣਾ ਅਤੇ ਇਹ ਯਕੀਨੀ ਬਨਾਉਣਾ ਕਿ ਸੰਸਾਰ ਸਾਡੇ ਖ਼ੁਦਾ ਅਤੇ ਸਾਡੇ ਮੁਕਤੀਦਾਤੇ ਨੂੰ ਸੁਣੇ, ਸਾਡੀ ਹੀ ਜ਼ਿੰਮੇਵਾਰੀ ਹੈ।

**ਅਨੰਦ ਨੂੰ ਬਰਕਰਾਰ ਰੱਖਣਾ** (5:22)

ਫ਼ਿਲਿੱਪੀਆਂ ਦੀ ਕਿਤਾਬ ਤੇ ਆਪਣੇ ਟੀਕਾ ਵਿਚ ਡੇਵਿਡ ਸਟਿਵਰਟ ਨੇ ਲਿਖਿਆ ਹੈ, ''ਫਿਲਿੱਪੀਆਂ ਦੇ ਨਾਂਅ ਪੂਰੇ ਖ਼ਤ ਵਿਚ ਰਸੂਲ ਬਾਰ-ਬਾਰ ਆਨੰਦ ਕਰਨ ਲਈ ਆਖਦਾ ਹੈ। ਇਹ ਉਪਦੇਸ਼ ਇਸ ਹੁਕਮ ਵਿਚ ਆਪਣੇ ਚਰਮ ਨੂੰ ਪਹੁੰਚਦੇ ਹਨ ਕਿ 'ਪ੍ਰਭੂ ਵਿਚ ਸਦਾ ਅਨੰਦ ਕਰੋ ਫਿਰ ਕਹਿੰਦਾ ਹਾਂ ਅਨੰਦ ਕਰੋ' (ਫ਼ਿਲਿੱਪੀਆਂ 4:4)।'' ਇਸ ਦੇ ਬਾਅਦ ਸਟਿਵਰਟ ਨੇ ਉਨ੍ਹਾਂ ਗੱਲਾਂ ਦਾ ਜ਼ਿਕਰ ਕੀਤਾ ਜਿਹੜੀਆਂ ਮਸੀਹੀ ਵਿਅਕਤੀ ਤੋਂ ਇਸ ਅਨੰਦ ਨੂੰ ਖੋਹ ਸਕਦੀਆਂ ਹਨ, ਸੰਖੇਪ ਪਰ ਉਪਯੋਗੀ ਹਿੱਸਾ ਸਨ। ਇਨ੍ਹਾਂ ਵਿਚ ਉਸ ਨੇ ਮੁਸ਼ਕਿਲਾਂ, ਲੋਕਾਂ ਅਤੇ ਚੀਜ਼ਾਂ ਦੀ ਗੱਲ ਕੀਤੀ।[145] ਕਈ ਵਾਰ ਇਹ ਤਿੰਨੇ ਅਤੇ ਹੋਰ ਕਈ ਗੱਲਾਂ ਇੱਕੋ ਹੀ ਘਟਨਾ ਜਾਂ ਹਾਲਤ ਵਿਚ ਮਿਲ ਸਕਦੀਆਂ ਹਨ। ਸਾਨੂੰ ਉਨ੍ਹਾਂ ਸਭ ਗੱਲਾਂ ਦੀ ਚੌਕਸੀ ਕਰਨੀ ਜ਼ਰੂਰੀ ਹੈ ਜਿਹੜੀਆਂ ਸਾਨੂੰ ਆਪਣੇ ਅਨੰਦ ਤੋਂ ਭਟਕਾ ਸਕਦੀਆਂ ਹਨ। ਆਪਣੇ ਸਾਹਮਣੇ ਆਈਆਂ ਰੁਕਾਵਟਾਂ ਦੀ ਬਜਾਇ ਸਾਨੂੰ ਛੁਡਾਉਣ ਲਈ ਖ਼ੁਦਾ ਅਤੇ

ਉਹਦੀ ਸ਼ਕਤੀ ਉੱਤੇ ਧਿਆਨ ਦੇਣਾ ਚਾਹੀਦਾ ਹੈ।

**ਸ਼ਾਂਤੀ ਦੀ ਤਲਾਸ਼** (5:22)

ਇਹ ਜ਼ਬਰਦਸਤ ਸ਼ਬਦ ''ਸ਼ਾਂਤੀ'' (*eirēnē*) ਕਿੰਨਾਂ ਕੀਮਤੀ ਹੈ। ਇਸ ਵਿਚ ਹੈਰਾਨੀ ਵਾਲੀ ਗੱਲ ਹੈ ਕਿ ਸਦੀਆਂ ਤੋਂ ਮਾਪਿਆਂ ਨੇ ਖੂਬਸੂਰਤ ਛੋਟੀ ਜਿਹੀ ਬੱਚੀ ਨੂੰ ਵੇਖ ਕੇ ਉਸ ਦਾ ਨਾਮ ''ਆਇਰੀਨ'' ਰੱਖਿਆ ਹੋਵੇ ਜੋ ਕਿ ''ਸ਼ਾਂਤੀ'' ਲਈ ਯੂਨਾਨੀ ਭਾਸ਼ਾ ਦੇ ਸ਼ਬਦ ਤੋਂ ਲਿਆ ਗਿਆ ਹੈ? ਇਹ ਦਿਲਚਸਪੀ ਵਾਲੀ ਗੱਲ ਹੈ ਕਿ ਮੁੱਢਲੇ ਮਸੀਹੀ ਲੇਖਕ ਇਰੇਨਿਉਸ (ਲਗਭਗ 130–200 ਈਸਵੀ) ਨੂੰ ਆਪਣਾ ਨਾਂਅ ਯੂਨਾਨੀ ਸ਼ਬਦ *eirēnē* ਤੋਂ ਹੀ ਮਿਲਿਆ ਸੀ। ਇਸ ਤੋਂ ਛੁੱਟ ਅੰਗ੍ਰੇਜ਼ੀ ਵਿਸ਼ੇਸ਼ਣ ਸ਼ਬਦ ''*eirēnē*'' ਇਸੇ ਸ਼ਬਦ ਤੋਂ ਨਿੱਕਲਿਆ ਹੈ। ਅਸੀਂ ਆਇਰੇਨਿਕ (ਜਾਂ ਸ਼ਾਂਤ) ਦ੍ਰਿਸ਼ ਦੀ ਗੱਲ ਕਰ ਸਕਦੇ ਹਾਂ।

ਸੱਚੇ ਸੁੱਚੇ ਲੋਕਾਂ ਲਈ ਕਿਸੇ ਤਰ੍ਹਾਂ ਦੀ ਜੰਗ ਨੂੰ ਆਪਣੀ ਅੱਖੀ ਵੇਖ ਚੁੱਕੇ ਲੋਕਾਂ ਲਈ ਸ਼ਾਂਤੀ ਇਕ ਵੱਡਾ ਖਜ਼ਾਨਾ ਹੁੰਦਾ ਹੈ। ਸ਼ਾਂਤੀ ਜੰਗ ਦਾ ਬਿਲਕੁਲ ਉਲਟ ਹੈ। ਜੰਗ ਨਾਲ ਹੋਣ ਵਾਲੀ ਤਬਾਹੀ ਨੂੰ ਵੇਖਣਾ ਕੰਬਾਅ ਦੇਣ ਵਾਲਾ ਹੁੰਦਾ ਹੈ। ਜਿੱਥੇ ਕਿਸੇ ਵਕਤ ਅਸਮਾਨ ਛੂਹੰਦੀਆਂ ਸ਼ਾਨਦਾਰ ਇਮਾਰਤਾਂ ਹੁੰਦੀਆਂ ਸਨ ਅੱਜ ਉੱਥੇ ਮਲਬੇ ਦੇ ਢੇਰ ਹਨ। ਇਸ ਤੋਂ ਵੀ ਖ਼ਤਰਨਾਕ ਗੱਲ ਮਾਰੇ ਗਏ ਜਾਂ ਜ਼ਖ਼ਮੀ ਹੋਏ ਲੋਕਾਂ ਦੀ ਗਿਣਤੀ ਹੈ। ਬਚ ਕੇ ਵਾਪਸ ਆਉਣ ਵਾਲਿਆਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਦੀ ਅੰਗਹੀਣਤਾ ਨਾਲ ਆਉਣਾ ਪੈਂਦਾ ਹੈ। ਉਨ੍ਹਾਂ ਦਾ ਦੁੱਖ ਜੰਗ ਦੇ ਉਜੱੜਪੁਣੇ ਨੂੰ ਵਿਖਾਉਂਦਾ ਹੈ।

ਸ਼ਾਂਤੀ ਭਾਵੇਂ ਜੰਗ ਦਾ ਉਲਟ ਹੈ ਪਰ ਜੰਗ ਸਿਰਫ਼ ਹਥਿਆਰਾਂ ਦੀ ਜੰਗ ਤਕ ਸੀਮਿਤ ਨਹੀਂ ਹੁੰਦੀ। ਦੁਨੀਆਂ ਦੇ ਕਈ ਹਿੱਸਿਆਂ ਵਿਚ ਗ੍ਰਹਿ ਯੁੱਧ ਅਤੇ ਗੈਂਗਵਾਰ ਨਾਲ ਲੋਕਾਂ ਦੀ ਜ਼ਿੰਦਗੀ ਖ਼ਤਰੇ ਵਿਚ ਪੈਂਦੀ ਹੈ। ਕੰਮ ਕਰਨ ਦੀ ਥਾਂ, ਪਰਿਵਾਰਾਂ ਅਤੇ ਇੱਥੋਂ ਤਕ ਕਿ ਮਸੀਹੀ ਲੋਕਾਂ ਵਿਚਕਾਰ ਵੀ ਦੁਸ਼ਮਣੀ ਪਾਈ ਜਾਦੀ ਹੈ।

ਮਸੀਹ ਦੀ ਸ਼ਾਂਤੀ ਸੰਤਾਪ ਦੇ ਕ੍ਰੋਧ ਅਤੇ ਨਰਾਜ਼ਗੀ ਨੂੰ ਇਕ ਬੜੇ ਹੀ ਬੇਮਿਸਾਲ ਖੂਬਸੂਰਤ ਸੰਸਾਰ ਵਿਚ ਬਦਲ ਸਕਦੀ ਹੈ। ਪਰ ਭਾਵੇਂ ਮਸੀਹੀ ਲੋਕ ਵੀ ਕਿਉਂ ਨਾ ਹੋਣ ਜ਼ਿੰਦਗੀ ਹਮੇਸ਼ਾ ਇਵੇਂ ਨਹੀਂ ਮਿਲਦੀ। ਇਬਰਾਨੀਆਂ ਦੇ ਲੇਖਕ ਨੇ ਮਸੀਹੀ ਲੋਕਾਂ ਨੂੰ ਹੀ ਲਿਖਿਆ ਸੀ, ''ਸਭਨਾਂ ਨਾਲ ਮੇਲ ਰੱਖਣ ਦਾ ਪਿੱਛਾ ਕਰੋ ਅਤੇ ਪਵਿੱਤਰਤਾਈ ਦਾ ਜਿਹ ਦੇ ਬਿਨਾ ਕੋਈ ਪ੍ਰਭੂ ਨੂੰ ਨਾ ਵੇਖੇਗਾ'' (ਇਬਰਾਨੀਆਂ 12:14)। ਸ਼ਾਂਤੀ ਸਾਨੂੰ ਆਪਣੇ ਆਪ ਨਹੀਂ ਮਿਲ ਜਾਦੀ ਸਾਨੂੰ ਇਕ ਦੂਜੇ ਨੂੰ ਨੁਕਸਾਨ ਪਹੁੰਚਾਉਣ ਦੀ ਬਜਾਇ ''ਆਤਮਾ ਦੁਆਰਾ'' ਚੱਲਣ ਦੀ ਅਸਲ ਕੋਸ਼ਿਸ਼ ਕਰਨੀ ਜ਼ਰੂਰੀ ਹੈ (ਗਲਾਤੀਆਂ 5:15, 16)।

ਯਿਸੂ ''ਸ਼ਾਂਤੀ ਦਾ ਰਾਜਕੁਮਾਰ'' ਬਣ ਕੇ ਆਇਆ। ਸ਼ਾਂਤੀ ਦੁਆਉਣ ਵਾਲੇ ਦੀ ਆਪਣੀ ਭੂਮਿਕਾ ਵਿਚ ਉਸ ਨੇ ਮਨੁੱਖਜਾਤੀ ਨੂੰ ਸਾਡੇ ਪਵਿੱਤਰ ਪਰਮੇਸ਼ੁਰ ਨਾਲ ਮੇਲ ਮਿਲਾਪ ਕਰਨ ਦਾ ਤਰੀਕਾ ਦੱਸਿਆ। ਯਿਸੂ ''ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ'' (2 ਕੁਰਿੰਥੀਆਂ 5:21)। ਆਗਿਆਕਾਰੀ ਨਿਹਚਾ ਨਾਲ ਇੰਜੀਲ ਦੀ ਗੱਲ ਮੰਨਣ ਵਾਲਿਆਂ ਦੀ ''ਆਪਣੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਵੱਲ ਸ਼ਾਂਤੀ'' ਹੋ ਗਈ ਹੈ (ਰੋਮੀਆਂ 5:1)। ਮਸੀਹ ਉਨ੍ਹਾਂ ਨੂੰ ਇਕ ਦੂਜੇ ਨਾਲ ਮੇਲ ਕਰਨ ਲਈ ਆਖਦੇ ਹੋਏ, ਉਨ੍ਹਾਂ ਨੂੰ ਆਪਣੀ ਇੱਕੋ ਦੇਹ ਵਿਚ ਮਿਲਾ ਲੈਂਦਾ ਹੈ (ਅਫ਼ਸੀਆਂ 2:14–22)। ਜੇ ਅਸੀਂ ਨੇਮ ਦੇ ਇਸ ਸਬੰਧ ਵਿਚ ਆ ਗਏ ਹਾਂ ਤਾਂ ਸਾਨੂੰ ''ਪਰਮੇਸ਼ੁਰ ਦੀ ਸ਼ਾਂਤੀ ਜੋ ਸਾਡੀ ਸਮਝ ਤੋਂ ਪਰੇ ਹੈ'' ਮਿਲ ਸਕਦੀ ਹੈ। ਇਹੀ ਸ਼ਾਂਤੀ ''ਮਸੀਹ ਯਿਸੂ ਵਿਚ *[ਸਾਡੇ]* ਮਨਾਂ ਅਤੇ ਸੋਚਾਂ ਦੀ ਰਾਖੀ ਕਰੇਗੀ'' (ਫ਼ਿਲਿੱਪੀਆਂ 4:7)। ਇਹ ਸ਼ਾਂਤੀ ਜੋ ਕਿ ਖ਼ੁਦਾ ਦੀ ਸ਼ਾਂਤੀ ਹੈ, ਆਤਮਾ ਦਾ ਉਹ ਫਲ ਹੈ ਜਿਸ ਦੀ ਗੱਲ ਗਲਾਤੀਆਂ 5:22 ਵਿਚ ਪੌਲੁਸ ਨੇ ਕੀਤੀ ਹੈ।

ਬਹੁਤ ਸਾਰੇ ਲੋਕਾਂ ਨੇ ਮਸੀਹ ਅਤੇ ਇਸ ਦੀ ਇੰਜੀਲ ਨੂੰ ਸਿਰਫ਼ ਇਸ ਕਰਕੇ ਨਹੀਂ ਕਬੂਲਿਆ ਕਿਉਂ ਜੋ ਉਨ੍ਹਾਂ ਦੇ ਮਨ ਬੁਰੇ ਸਨ। ਉਨ੍ਹਾਂ ਨੇ ਆਪਣੇ ਬੁਰੇ ਰਾਹਾਂ ਦੇ ਹਨ੍ਹੇਰੇ ਨੂੰ ਤਰਜੀਹ ਦਿੱਤੀ (ਯੂਹੰਨਾ 3:19–21; ਰੋਮੀਆਂ 1:18–32)। ਅਫ਼ਸੋਸ ਦੀ ਗੱਲ ਹੈ ਕਿ ਅੱਜ ਵੀ ਬਹੁਤ ਸਾਰੇ ਲਕੋ ਉਸ ਤੋਂ ਨਫ਼ਰਤ ਕਰਦੇ ਹਨ ਭਾਵੇਂ ਉਸ ਨੇ ਉਨ੍ਹਾਂ ਲਈ ਵੀ ਆਪਣੀ ਜਾਨ ਦਿੱਤੀ। ਹਨ੍ਹੇਰਾ ਬੜ੍ਹੀ ਮਜ਼ਬੂਤੀ ਨਾਲ ਅਤੇ ਹਮਲਾਵਰ ਤਰੀਕੇ ਨਾਲ ਯੂਨੀਵਰਸਿਟੀਆਂ ਵਿਚ, ਮੀਡੀਆ ਵਿਚ ਅਤੇ ਸਰਕਾਰਾਂ ਵਿਚ ਨਿਹਚਾ ਉੱਤੇ ਹਮਲਾ ਕਰੀ ਜਾ ਰਿਹਾ ਹੈ। ਇਹ ਤਾਂ ਬਿਲਕੁਲ ਉਵੇਂ ਹੈ ਜਿਵੇਂ ਨਬੀ ਨੇ ਆਖਿਆ ਸੀ:

> ‘‘ਦੁਸ਼ਟ ਉੱਛਲਦੇ ਸਮੁੰਦਰ ਵਾਂਗੂ ਹਨ,
> ਕਿਉਂ ਜੋ ਉਹ ਚੈਨ ਨਹੀਂ ਕਰ ਸਕਦਾ,
> ਅਤੇ ਉਹ ਦੀਆਂ ਲਹਿਰਾਂ ਚਿੱਕੜ ਅਤੇ ਗੰਦ ਉਛਾਲਦੀਆਂ ਹਨ।
> ਮੇਰਾ ਪਰਮੇਸ਼ੁਰ ਆਖਦਾ ਹੈ, ਦੁਸ਼ਟਾਂ ਲਈ ਸ਼ਾਂਤੀ ਨਹੀਂ’’ (ਯਸਾਯਾਹ 57:20, 21)।

**ਯਿਸੂ ਦਾ ਧੀਰਜ ਨਾਲ ਸਹਿਣਾ** (5:22)

ਯਿਸੂ ਸਾਡੀ ਤਕਲੀਫ਼ ਨੂੰ ਸਮਝਦਾ ਹੈ ਕਿਉਂ ਜੋ ਉਸ ਨੇ ਆਪ ਵੀ ਸਾਡੇ ਵਾਂਗ ਉਨ੍ਹਾਂ ਤਕਲੀਫ਼ਾਂ ਨੂੰ ਸਹਿਆ ਹੈ (ਇਬਰਾਨੀਆਂ 2:17, 18; 4:15)। ਬੇਸ਼ੱਕ ਕਈ ਵਾਰ ਉਸ ਦਾ ਧੀਰਜ ਵੀ ਜਵਾਬ ਦੇ ਦਿੰਦਾ ਸੀ। ਆਪਣੇ ਤਿੰਨ ਸਾਲਾਂ ਦੀ ਸੇਵਕਾਈ ਦੌਰਾਨ ਉਸ ਨੇ ਖ਼ੁਦਾ ਦੀ ਸਚਿਆਈ ਨੂੰ ਦੱਸਣ ਅਤੇ ਬਿਮਾਰੀਆਂ ਤੋਂ ਦੁਖੀ ਅਤੇ ਭੂਤ ਚੰਬੜੇ ਲੋਕਾਂ ਨੂੰ ਚੰਗਿਆਈ ਦਿੱਤੀ। ਫਿਰ ਵੀ ਬਹੁਤਿਆਂ ਨੇ ਉਸ ਦੇ ਅਜੂਬੇ ਕੰਮਾਂ ਨੂੰ ਨਾਸ਼ੁਕਰਗੁਜ਼ਾਰੀ ਅਤੇ ਬੇਪਰਤੀਤੀ ਨਾਲ ਮੰਨਿਆ। ਉਸ ਨੇ ਖੁਰਾਜ਼ੀਨ, ਬੈਤਸੈਦਾ ਅਤੇ ਕਫ਼ਰਨਾਹੁਮ ਸ਼ਹਿਰਾਂ ਉੱਤੇ ਹਾਏ ਕਹੀ, ਜਿੱਥੇ ਉਸ ਨੇ ਚਮਤਕਾਰ ਕੀਤੇ ਸਨ ਪਰ ਉਨ੍ਹਾਂ ਨੇ ਤੌਬਾ ਨਹੀਂ ਕੀਤੀ ਸੀ (ਮੱਤੀ 11:20–24)। ਇਕ ਉਦਾਹਰਣ ਜਿਸ ਤੋਂ ਇਹ ਪਤਾ ਲਗਦਾ ਹੈ ਕਿ ਕਿਵੇਂ ਲੋਕਾਂ ਨੇ ਯਿਸੂ ਨੂੰ ਖਿਝਾ ਦਿੱਤਾ ਸੀ, ਮਰਕੁਸ 9 ਵਿਚ ਉਸ ਦੇ ਚੇਲਿਆਂ ਕੋਲ ਲਿਆਂਦੇ ਗਏ ‘‘ਮਿਰਗੀ’’ ਵਾਲੇ ਮੁੰਡੇ ਦੀ ਘਟਨਾ ਹੈ। ਉਹ ਉਸ ਮੁੰਡੇ ਵਿੱਚੋਂ ਬਦਰੂਹ ਨੂੰ ਕੱਢ ਨਹੀਂ ਸਕੇ ਸਨ। ਜਿਸ ਕਰਕੇ ਗ੍ਰੰਥੀਆਂ ਨੂੰ ਉਨ੍ਹਾਂ ਦੀ ਅਤੇ ਯਿਸੂ ਦੀ ਬਦਨਾਮੀ ਕਰਨ ਦਾ ਮੌਕਾ ਮਿਲ ਗਿਆ। ਮੁੰਡੇ ਨੂੰ ਚੰਗਾ ਕਰਨ ਤੋਂ ਪਹਿਲਾਂ ਯਿਸੂ ਨੇ ਪੁਕਾਰ ਕੇ ਆਖਿਆ, ‘‘ਹੇ ਬੇ ਪਰਤੀਤ ਪੀਹੜੀ, ਕਦ ਤੋੜੀ ਮੈਂ ਤੁਹਾਡੇ ਸੰਗ ਰਹਾਂਗਾ? ਕਦ ਤੋੜੀ ਤੁਹਾਡੀ ਸਹਾਂਗਾ?’’ (ਮਰਕੁਸ 9:19)।

ਵਿਰੋਧ ਦੇ ਬਾਵਜੂਦ ਯਿਸੂ ਆਪਣੀ ਸੇਵਕਾਈ ਵਿਚ ਲੱਗਾ ਰਿਹਾ ਜੋ ਕਿ ਸਲੀਬ ਉੱਤੇ ਉਹਦੀ ਕੁਰਬਾਨੀ ਨਾਲ ਖ਼ਤਮ ਹੋਈ। ਉਹਦੇ ਧੀਰਜ ਨਾਲ ਸਹਿਣ ਦੀ ਉਦਾਹਰਣ ਨੂੰ ਇਸ ਘਟਨਾ ਨਾਲ ਬੇਹਤਰੀਨ ਢੰਗ ਨਾਲ ਵਿਖਾਇਆ ਗਿਆ ਹੈ। ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਦੇ ਅਨੁਸਾਰ ਯਿਸੂ ‘‘ਆਪੇ ਸਲੀਬ ਚੁੱਕੀ’’ ਸਲੀਬ ਉੱਤੇ ਦਿੱਤੇ ਜਾਣ ਵਾਲੀ ਥਾਂ ਗਲਗਥਾ ਤਕ ਗਿਆ ਸੀ (ਯੂਹੰਨਾ 19:17)।[146] ਬੇਰਹਿਮੀ ਨਾਲ ਕੋੜੇ ਖਾਣ ਨਾਲ ਬੁਰੀ ਤਰ੍ਹਾਂ ਨਾਲ ਕਮਜ਼ੋਰ ਹੋਣ ਕਰਕੇ ਉਹ ਜਿੱਥੋਂ ਤਕ ਲਿਜਾ ਸਕਿਆ ਉੱਥੋਂ ਤਕ ਲੈ ਗਿਆ ਹੋਵੇਗਾ। ਅਖ਼ੀਰ ਵਿਚ ਸਲੀਬ ਦੇ ਸ਼ਤੀਰ ਦਾ ਬੋਝ ਐਨਾਂ ਭਾਰਾ ਹੋ ਗਿਆ ਕਿ ਉਸ ਤੋਂ ਚੁੱਕਿਆ ਨਹੀਂ ਜਾ ਰਿਹਾ ਹੋਵੇਗਾ, ਜਿਸ ਕਰਕੇ ਉਹ ਉਹਦੇ ਭਾਰ ਨਾਲ ਡਿੱਗ ਗਿਆ ਹੋਵੇਗਾ। ਇੰਜੀਲ ਦੇ ਤਿੰਨ ਹੋਰ ਵਿਰਤਾਂਤ ਇਹ ਦੱਸਦੇ ਹਨ ਕਿ ਕੁਰੇਨੇ ਵਾਸੀ ਸ਼ਮਊਨ ਨੂੰ ਬੇਗਾਰ ਵਿਚ ਗਲਗਥਾ ਤਕ ਸਲੀਬ ਨੂੰ ਪਹੁੰਚਾਉਣ ਲਈ ਰਾਹ ਵਿੱਚੋਂ ਫੜਿਆ ਗਿਆ ਸੀ। (ਮੱਤੀ 27:32; ਮਰਕੁਸ 15:21; ਲੂਕਾ 23:26)।

ਬਾਈਬਲ ਵਿਚ ਯਿਸੂ ਦੀ ਕਿਹੋ ਜਿਹੀ ਤਸਵੀਰ ਨੂੰ ਵਿਖਾਉਣ ਦਾ ਸੁਝਾਅ ਦਿੱਤਾ ਗਿਆ ਹੈ? ਉਹ ਨੀਂਦ ਨਾ ਮਿਲਣ ਕਰਕੇ ਬੁਰੀ ਤਰ੍ਹਾਂ ਨਾਲ ਚੂਰ ਹੋਇਆ ਹੋਇਆ ਸੀ। ਉਹਦੀ ਪਿੱਠ ਕੋੜਿਆਂ

ਦੀ ਮਾਰ ਨਾਲ ਲਹੂ ਲੁਹਾਨ ਸੀ ਅਤੇ ਕੰਡਿਆਂ ਦਾ ਤਾਜ ਉਹਦੇ ਮੱਥੇ ਵਿਚ ਖੋਭਿਆ ਹੋਇਆ ਸੀ। ਘਸੀਟਦੇ ਹੋਏ ਉਸ ਵੱਡੇ ਭਾਰ ਨੂੰ ਲੈ ਕੇ ਤੰਗ ਗਲੀਆਂ ਦੇ ਵਿੱਚੋਂ ਦੀ ਲੰਘਦਿਆਂ ਬੇਸ਼ੱਕ ਉਹ ਕੰਬ ਰਿਹਾ ਸੀ। ਜ਼ਲੀਲ ਕੀਤੇ ਜਾਣ, ਠੱਠਾ ਕੀਤੇ ਜਾਣ ਅਤੇ ਥੱਪੜ ਮਾਰੇ ਜਾਣ ਤੋਂ ਪਰੇਸ਼ਾਨ ਸੀ। ਉਸ ਨੇ ਤਾਅਨੇ ਅਤੇ ਠੱਠੇ ਸਿਰਫ਼ ਰੋਮੀ ਸਿਪਾਹੀਆਂ ਤੋਂ ਹੀ ਨਹੀਂ ਬਲਕਿ ਪ੍ਰਧਾਨ ਜਾਜਕਾਂ ਅਤੇ ਗ੍ਰੰਥੀਆਂ ਤੋਂ ਵੀ ਸਹੇ। ਉਸ ਨੇ ਇਹ ਸਭ ਸਹਿਆ, ਭਾਵੇਂ ਖ਼ੁਦਾ ਹੋਣ ਕਰਕੇ ਉਹ ਆਪਣੀ ਮਦਦ ਲਈ ਸੁਰਗ ਤੋਂ ਫ਼ਰਿਸ਼ਤਿਆਂ ਦੀ ਫ਼ੌਜ ਸੱਦ ਕੇ ਇਹ ਸਭ ਖ਼ਤਮ ਕਰ ਸਕਦਾ ਸੀ (ਮੱਤੀ 26:53)।

ਯਿਸੂ ਡਟਿਆ ਰਿਹਾ, ਉਦੋਂ ਵੀ ਜਦੋਂ ਉਸ ਦੀਆਂ ਵੀਣ੍ਹੀਆਂ ਵਿਚ ਅਤੇ ਪੈਰਾਂ ਵਿਚ ਮੇਖਾਂ ਠੋਕੀਆਂ ਗਈਆਂ। ਉਸ ਨੇ ਯਹੂਦੀ ਆਗੂਆਂ ਦੇ, ਕੋਲ ਦੀ ਲੰਘਣ ਵਾਲਿਆਂ ਦੇ ਅਤੇ ਉਹਦੇ ਨਾਲ ਸਲੀਬ ਉੱਤੇ ਦਿੱਤੇ ਗਏ ਮੁਜਰਮਾਂ ਦੇ ਠੱਠੇ ਝੱਲ ਲਏ। ਉਸ ਨੇ ਆਪਣੇ ਸੁਰਗੀ ਪਿਤਾ ਤੋਂ ਅੱਡ ਹੋ ਕੇ ਸੰਸਾਰ ਦੇ ਪਾਪਾਂ ਦਾ ਬੋਝ ਆਪਣੇ ਉੱਤੇ ਲੈ ਲਿਆ (ਮੱਤੀ 27:39−46)। ਸਚਮੁਚ ਵਿਚ ਇਸ ਕੰਮ ਨਾਲ ਪ੍ਰਭੂ ਦੀ ਸ਼ਕਤੀ ਅਤੇ ਉਸ ਦੇ ਸੰਜਮ ਦਾ ਪਤਾ ਲਗਦਾ ਹੈ। ਇਸ ਤੋਂ ਧੀਰਜ ਨਾਲ ਸਹਿਣ ਅਤੇ ਆਪਣੇ ਆਪ ਨੂੰ ਵੱਸ ਵਿਚ ਰੱਖਣ ਦੀ ਉਦਾਹਰਣ ਵੀ ਦਿੱਤੀ ਜਿਹੜੀ ਦੁਨੀਆਂ ਵਿਚ ਨਾ ਇਸ ਤੋਂ ਪਹਿਲਾਂ ਕਦੇ ਵੇਖੀ ਗਈ ਸੀ ਅਤੇ ਨਾ ਕਦੇ ਵੇਖੀ ਜਾਵੇਗੀ।

ਹਰ ਮਸੀਹੀ ਨੂੰ ਮਸੀਹ ਦੀ ਨਕਲ ਕਰਨ ਲਈ ਸਮਰਪਤ ਹੋਣਾ ਜ਼ਰੂਰੀ ਹੈ। ਇੱਥੋ ਤਕ ਕਿ ਉਸ ਦੀ ਇਸ ਗੱਲ ਵਿਚ ਨਕਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦ ਹੈ ਕਿ ਉਹ ਆਪਣੀ ਸਭ ਤੋਂ ਵੱਡੀ ਪਰੀਖਿਆ ਵਿਚ ਕਿਵੇਂ ਕਾਇਮ ਰਿਹਾ। ਸਾਡੇ ਅੰਦਰ ਧੀਰਜ, ਸਹਿਨਸ਼ੀਲਤਾ ਅਤੇ ਮਜ਼ਬੂਤੀ ਹੋਣੀ ਜ਼ਰੂਰੀ ਹੈ। ਅਜਿਹਾ ਸਾਨੂੰ ਯਿਸੂ ਦੀ ਦੂਜੀ ਆਮਦ ਅਤੇ ਹਮੇਸ਼ਾ ਦੀ ਜ਼ਿੰਦਗੀ ਨੂੰ ਧਿਆਨ ਵਿਚ ਰੱਖਦਿਆਂ ਕਰਨਾ ਚਾਹੀਦਾ ਹੈ (ਯਾਕੂਬ 5:7, 8)।

**ਦਿਆਲਗੀ ਦਾ ਅਸਰ** (5:22)

''ਦਿਆਲਗੀ'' ਸ਼ਬਦ ਨੂੰ ਵੇਖਣ ਤੇ ਸਾਡੇ ਧਿਆਨ ਵਿਚ ਕੁਝ ਅਜਿਹੇ ਲੋਕਾਂ ਦੀਆਂ ਤਸਵੀਰਾਂ ਆ ਸਕਦੀਆਂ ਹਨ ਜਿਨ੍ਹਾਂ ਨੂੰ ਅਸੀਂ ਜਾਣਦੇ ਹੁੰਦੇ ਹਾਂ। ਸਾਡੀ ਸਰੀਰਕ ਅਤੇ ਭਾਵਨਾਤਮਕ ਹਾਲਤ ਵਿਚ ਉਨ੍ਹਾਂ ਵੱਲੋਂ ਸਾਡੀ ਦੇਖਭਾਲ ਲਈ ਉਨ੍ਹਾਂ ਦੀ ਸ਼ਾਂਤੀ ਭਰੀ ਮੁਸਕਾਨ ਨਾਲ ਸਾਨੂੰ ਸ਼ਾਂਤੀ ਮਿਲਦੀ ਹੈ ਅਤੇ ਅਸੀਂ ਸ਼ੁਕਰਗੁਜ਼ਾਰ ਭਰੀਆਂ ਜੋਸ਼ਪੂਰਣ ਭਾਵਨਾਵਾਂ ਨਾਲ ਗੱਲ ਕਰਦੇ ਹਾਂ। ਵਿਰੋਧ ਦਾ ਸਾਹਮਣਾ ਕਰਨ ਜਾਂ ਤਨਾਅ ਨਾਲ ਭਰੇ, ਅਧੂਰਾਪਣ ਜਾਂ ਇਕੱਲਾਪਣ ਮਹਿਸੂਸ ਕਰਨ ਤੇ ਸਾਨੂੰ ਕਿਸੇ ਜਿਹੇ ਸ਼ਖ਼ਸ ਦੀ ਲੋੜ ਹੁੰਦੀ ਹੈ ਜਿਹੜਾ ਸਾਨੂੰ ਸਮਝ ਸਕੇ ਅਤੇ ਸਾਨੂੰ ਤਸੱਲੀ ਦੇ ਸਕੇ। ਅਜਿਹਾ ਕੌਣ ਹੋਵੇਗਾ ਜਿਹੜਾ ਜ਼ਿੰਦਗੀ ਵਿਚ ਕਦੇ ਉਦਾਸ ਨਾ ਹੋਇਆ ਹੋਵੇ, ਜਦ ਉਸ ਨੂੰ ਲੱਗਾ ਹੋਵੇ ਕਿ ਚਾਰੇ ਪਾਸੇ ਹਨੇਰਾ ਹੀ ਹਨੇਰਾ ਹੈ। ਹੋ ਸਕਦਾ ਹੈ ਕਿ ਉਹ ਸਮਾਂ ਨੌਕਰੀ ਦੇ ਛੁੱਟ ਜਾਣ ਦਾ ਹੋਵੇ, ਪਰਿਵਾਰਿਕ ਮੁਸ਼ਕਿਲਾਂ ਦਾ ਹੋਵੇ, ਸ਼ੱਕ ਹੋਣ ਦਾ ਹੋਵੇਗਾ, ਜਾਂ ਨਾ ਸੁੱਧਰਣ ਵਾਲੇ ਸਬੰਧਾਂ ਦਾ ਹੋਵੇ। ਇਹ ਕਿਸੇ ਨਵੇਂ ਥਾਂ ਜਾਣ ਦਾ ਹੋ ਸਕਦਾ ਹੈ ਜਿੱਥੇ ਕੋਈ ਮਦਦ ਕਰਨ ਵਾਲਾ ਨਾ ਹੋਵੇ। ਫਿਰ ਸਾਡੀ ਜੋ ਵੀ ਲੋੜ ਹੋਵੇ ਉਸ ਵਿਚ ਮਦਦ ਕਰਨ ਲਈ ਤਿਆਰ ਹੋ ਕੇ ਕੋਈ ਸੱਜਣ ਬਣ ਕੇ ਆ ਜਾਂਦਾ ਹੈ। ਮਨ ਨੂੰ ਕਿੰਨਾਂ ਸਕੂਨ ਮਿਲਦਾ ਹੈ! ਭਲਾ ਅਸੀਂ ਅਜਿਹੀ ਦਿਆਲਗੀ ਨੂੰ ਜਿਹੜੀ ਸਾਡੇ ਨਾਲ ਕੀਤੀ ਗਈ ਹੋਵੇ, ਕਦੇ ਭੁਲਾ ਸਕਦੇ ਹਾਂ?

ਅੱਠ ਤੋਂ ਵੀ ਵੱਧ ਸਾਲ ਪਹਿਲਾਂ ਦੀ ਗੱਲ ਹੈ, ਇਕ ਵਾਰ ਮੈਨੂੰ ਮਸ਼ਹੂਰ ਪੁਰਾਣੇ ''ਰੁਬਰਟੋ ਕੈਰੋਲਾ ਯੂਨੀਵਰਸਿਟੈਟ'' (ਜਰਮਨੀ ਦੀ ਦਾ ਯੂਨੀਵਰਸਿੱਟੀ ਆਫ਼ ਹੈਡਲਬਰਗ'') ਵਿਚ ਅਧਿਐਨ ਕਰਨ ਲਈ ਚੁਣ ਲਿਆ ਗਿਆ। ਬਾਹਰਲੇ ਦੇਸ਼ ਵਿਚ ਇਕ ਜਵਾਨ ਦੇ ਰੂਪ ਵਿਚ ਮੈਨੂੰ ਡਰ ਲਗਦਾ ਸੀ। ਖ਼ਾਸਕਰ ਉਦੋਂ ਜਦੋਂ ਅਜੇ ਬਹੁਤੀ ਦੇਰ ਨਹੀਂ ਹੋਈ ਸੀ ਕਿ ਅਮਰੀਕਾ ਨੂੰ ਆਪਣੇ ਸਭ ਤੋਂ ਵੱਡੇ ਦੁਸ਼ਮਣ (ਨਾਜ਼ੀ ਜਰਮਨੀ) ਦਾ ਸਾਹਮਣਾ ਕਰਨਾ ਪਿਆ ਸੀ। ਹੈਡਲਬਰਗ ਸ਼ਹਿਰ ਵਿਚ ਇਕੱਲਿਆ

ਘੁੰਮਦੇ ਘੁੰਮਦੇ, ਇਸ ਦੇ ਸ਼ਾਨਦਾਰ ਥਾਂਵਾਂ ਨੂੰ ਵੇਖਦਿਆਂ ਮੇਰੀ ਮੁਲਾਕਾਤ ਇਕ ਅਜਨਬੀ ਨਾਲ ਹੋ ਗਈ। ਇਕ ਕਲੀਨਸ਼ੇਵ ਜਵਾਨ ਮੇਰੇ ਨਾਲ ਗੱਲਾਂ ਕਰਨ ਲਈ ਰੁਕ ਗਿਆ ਅਤੇ ਮੈਨੂੰ ਕਹਿਣ ਲੱਗਾ ਕਿ ਮੈਂ ਉਸ ਨੂੰ ਸ਼ਹਿਰ ਦਾ ਆਲਾ ਦੁਆਲਾ ਵਿਖਾਉਣ ਦਾ ਮਾਣ ਬਖਸ਼ਾਂ। ਬੇਸ਼ੱਕ ਮੈਂ ਖੁਸ਼ੀ ਖੁਸ਼ੀ ਮੰਨ ਗਿਆ। ਉਸ ਦਾ ਰਵੱਈਆ ਵਧੀਆ ਅਤੇ ਸੱਭਿਅ ਸੀ ਅਤੇ ਮੈ ਉਸ ਦੀ ਦਿਆਲਗੀ ਨੂੰ ਕਦੇ ਭੁੱਲ ਨਹੀਂ ਸਕਿਆ।

ਲੂਕਾ 10 ਅਧਿਆਇ ਵਿਚ ਯਿਸੂ ਨੇ ਇਕ ਦ੍ਰਿਸ਼ਟਾਂਤ ਦੱਸਿਆ ਜਿਹੜਾ ਸਾਨੂੰ ਖ਼ੁਦਾ ਦੇ ਤਿਆਗ ਦੇ ਆਦਰਸ਼ ਦੀ ਡੂੰਘੀ ਸਮਝ ਦਿੰਦਾ ਹੈ। ਉਨ੍ਹਾਂ ਯਹੂਦੀਆਂ ਦੇ ਮਨ ਵਿਚ ਜਿਹੜੇ ਯਿਸੂ ਦੀ ਗੱਲ ਸੁਣ ਰਹੇ ਸਨ, ਉਸ ਦੀ ਕਹਾਣੀ ਤੋਂ ਇਕ ਸਵਾਲ ਉੱਠਿਆ ਹੋਵੇਗਾ ਕਿ ਇਕ ਸਾਮਰੀ ਆਦਰਸ਼ ਯਹੂਦੀਆਂ ਨਾਲੋਂ ਬੇਹਤਰ ਕਿਵੇਂ ਕਰ ਸਕਦਾ ਹੈ? ਇਹ ਦਿਲ ਦਹਿਲਾ ਦੇਣ ਵਾਲੀ ਕਹਾਣੀ ਹੈ ਜਿਹੜੀ ਦਿਆਲਗੀ ਦਾ ਵੱਡਾ ਸਬਕ ਦਿੰਦੀ ਹੈ।

ਇਸ ਕਹਾਣੀ ਵਿਚ ਇਕ ਆਦਮੀ ਜ਼ਖ਼ਮੀ ਅਤੇ ਦੁਖੀ ਸੜਕ ਦੇ ਕੰਢੇ ਪਿਆ ਹੈ। ਜਿਸ ਦੇ ਕੱਪੜੇ ਉਤਾਰ ਕੇ ਉਸ ਨੂੰ ਕੁੱਟ ਮਾਰ ਕੇ ਅਧਮੋਇਆ ਛੱਡ ਦਿੱਤਾ ਗਿਆ ਸੀ (ਲੂਕਾ 10:30)। ''ਅਜਿਹਾ ਹੋਇਆ ਕਿ ਪਹਿਲਾਂ ਇਕ ਯਾਜਕ ਅਤੇ ਫਿਰ ਇਕ ਲੇਵੀ ਉਧਰੋਂ ਦੀ ਲੰਘਿਆ।'' ਇਹ ਸਾਫ਼ ਸਾਫ਼ ਦੱਸਿਆ ਗਿਆ ਹੈ ਕਿ ਦੋਹਾਂ ਨੇ ਉਸ ਨੂੰ ਵੇਖਿਆ ਪਰ ''ਲਾਂਭੇ ਹੋ ਕੇ'' ਨਿੱਕਲ ਗਏ (ਲੂਕਾ 10:31, 32)। ਯਹੂਦੀਆਂ ਨੂੰ ''ਕੌਮਾਂ ਲਈ ਜੋਤ'' (ਯਸਾਯਾਹ 42:6–8; ਵੇਖੋ 49:6) ਭਾਵ ਆਪਣੇ ਸਿਰਜਣਹਾਰ ਦੀ ਸੇਵਾ ਵਿਚ ਸਭ ਕੌਮਾਂ (ਗੈਰਕੌਮਾਂ) ਲਈ ਨਮੂਨਾ ਬਣਨ ਲਈ ਦਿੱਤਾ ਗਿਆ ਸੀ। ਇਸਰਾਏਲੀਆਂ ਨੇ ਇਕ ਅਜਿਹੀ ਕੌਮ ਬਣਨਾ ਸੀ ਜਿਸ ਦੇ ਦੋ ਸਭ ਤੋਂ ਵੱਡੇ ਹੁਕਮ ਖ਼ੁਦਾ ਨਾਲ ਪਿਆਰ ਕਰਨ ਅਤੇ ਆਪਣੇ ਗੁਆਂਢੀ ਨਾਲ ਪਿਆਰ ਕਰਨ ਤੇ ਅਧਾਰਿਤ ਸਨ (ਲੂਕਾ 10:25–28)। ਦੂਜੇ ਹੁਕਮ ਨੂੰ ਪੂਰਾ ਕਰਨ ਨਾਲ ਹੀ ਗੈਰਕੌਮਾਂ ਨੂੰ ਪਤਾ ਲੱਗਣਾ ਸੀ ਕਿ ਪਹਿਲੇ ਹੁਕਮ ਦਾ ਮਤਲਬ ਕੀ ਹੈ। ਯਾਜਕ ਅਤੇ ਲੇਵੀ ਦੋਵੇਂ ਹੀ ਖ਼ੁਦਾ ਦੇ ਆਪਣੇ ਲੋਕਾਂ ਲਈ ਸਭ ਤੋਂ ਵੱਡਾ ਨਮੂਨਾ ਸਨ, ਪਰ ਉਨ੍ਹਾਂ ਨੇ ਹੀ ਖ਼ੁਦਾ ਦੇ ਮਨ ਨੂੰ ਨਹੀਂ ਸਮਝਿਆ। ਸਾਮਰੀ ਦੀ ਪ੍ਰਤੀਕਿਰਿਆ ਕਿੰਨੀ ਫ਼ਰਕ ਹੈ:

> ਅਤੇ ਜਾਂ ਉਹ [ਜ਼ਖ਼ਮੀ ਆਦਮੀ] ਨੂੰ ਵੇਖਿਆ ਤਾਂ ਤਰਸ ਖਾ ਕੇ ਉਹ ਦੇ ਕੋਲ ਗਿਆ ਅਤੇ ਤੇਲ ਅਰ ਮੈ ਲਾਕੇ ਉਹ ਦੇ ਘਾਵਾਂ ਨੂੰ ਬੰਨ੍ਹਿਆ ਅਰ ਆਪਣੀ ਅਸਵਾਰੀ ਤੇ ਉਹ ਨੂੰ ਚੜ੍ਹਾ ਕੇ ਸਰਾਂ ਵਿਚ ਲਿਆਂਦਾ ਅਤੇ ਉਹ ਦੀ ਟਹਿਲ ਟਕੋਰ ਕੀਤੀ (ਲੂਕਾ 10:33ਅ, 34)।

ਉਸ ਨੇ ਆਪਣੀ ਜੇਬ ਵਿੱਚੋਂ ਉਸ ਜ਼ਖ਼ਮੀ ਦੇ ਰਾਤ ਠਹਿਰਣ ਦਾ ਖਰਚਾ ਹੀ ਨਹੀਂ ਚੁੱਕਿਆ ਬਲਕਿ ਵਾਪਸ ਆਉਣ ਤੇ ਉਸ ਆਦਮੀ ਦੀ ਸੇਵਾ ਟਹਿਲ ਵਿਚ ਆਉਣ ਵਾਲਾ ਖ਼ਰਚ ਚੁਕਾਉਣ ਦਾ ਵਾਅਦਾ ਵੀ ਕੀਤਾ (ਲੂਕਾ 10:35)। ਕਿੰਨਾ ਨਕਲ ਕੀਤੇ ਜਾਣ ਯੋਗ ਵਿਹਾਰ ਹੈ ਆਪਣੇ ਆਪ ਨੂੰ ਉਸ ਸਾਮਰੀ ਦਾ, ਜਿਸ ਨੂੰ ਤੁੱਛ ਮੰਨਿਆ ਜਾਂਦਾ ਸੀ। ਆਪਣੀ ਦਿਆਲਗੀ ਨਾਲ ਉਸ ਨੇ ਉਸ ਜ਼ਖ਼ਮੀ ਆਦਮੀ ਦਾ ''ਗੁਆਂਢੀ'' ਹੋਣਾ ਸਾਬਿਤ ਕਰ ਦਿੱਤਾ (ਲੂਕਾ 10:36, 37)।

ਖ਼ੁਦਾ ਆਪਣੇ ਲੋਕਾਂ ਵਿਚ ਦਿਆਲਗੀ ਦੇ ਵਿਹਾਰ ਨੂੰ ਵੇਖਣਾ ਚਾਹੁੰਦਾ ਹੈ। ਦੂਜਿਆਂ ਵੱਲੋਂ ਸਾਡੇ ਨਾਲ ਕੀਤੀ ਗਈ ਦਿਆਲਗੀ ਦੇ ਕੰਮਾਂ ਦਾ ਅਨੰਦ ਲੈਣਾ ਹੀ ਕਾਫ਼ੀ ਨਹੀਂ ਹੈ ਜਾਂ ਸਾਡੇ ਨਾਲ ਖ਼ੁਦਾ ਦੀ ਦਿਆਲਗੀ ਤੇ ਅੰਦਰੋਂ ਅੰਦਰ ਖੁਸ਼ ਹੋਣਾ ਹੀ ਕਾਫ਼ੀ ਨਹੀਂ ਹੈ। ਇਹ ਵਿਹਾਰ ਸਾਡੀਆਂ ਆਪਣੀਆਂ ਜ਼ਿੰਦਗੀਆਂ ਵਿਚ ਰੋਜ਼ ਕੰਮ ਕਰਨਾ ਚਾਹੀਦਾ ਹੈ। ਅਸੀਂ ਆਪਣੇ ਆਪ ਨੂੰ ਸਖ਼ਤ ਅਤੇ ਬੇਪਰਵਾਹ ਬਣਾਉਣ ਲਈ ਥਕਾਵਟ, ਚਿੜਚਿੜੇਪਣ ਅਤੇ ਤਣਾਅ ਨੂੰ ਅੱਗੇ ਨਾ ਆਉਣ ਦਈਏ। ਇਸ ਦੇ ਉਲਟ ਹਰ ਹਾਲਤ ਵਿਚ ਆਤਮਾ ਦੁਆਰਾ ਚਲਾਏ ਜਾ ਕੇ ਖ਼ੁਦਾ ਦੀ ਦਿਆਲਗੀ ਨੂੰ ਵਿਖਾਉਂਦੇ ਰਹੀਏ।

ਸਾਡਾ ਦਿਆਲਤਾ ਭਰਿਆ ਰਵੱਈਆ ਅਤੇ ਕੰਮ ਯਕੀਨਨ ਹੀ ਦੂਜਿਆਂ ਨੂੰ ਮਸੀਹ ਲਈ ਪ੍ਰਭਾਵਿਤ ਕਰਦੀ ਹੈ (ਵੇਖੋ ਮੱਤੀ 5:14–16; 1 ਪਤਰਸ 2:12)।

**ਭਲਾ ਮਨੁੱਖ** (5:22)

ਮਨੁੱਖ ਲਈ ਜਿਸ ਵਿਚ ਯਿਸੂ ਵੀ ਸ਼ਾਮਿਲ ਹੈ ''ਭਲਾ'' (*agathos*) ਸ਼ਬਦ ਦੀ ਵਰਤੋਂ ਘੱਟ ਹੀ ਕੀਤੀ ਜਾਂਦੀ ਹੈ। ਇਕ ਵਾਰ ਇਕ ਆਦਮੀ ਨੇ ਉਸ ਨੂੰ ''ਸਤ ਗੁਰੂ'' ਆਖ ਕੇ ਬੁਲਾਇਆ ਸੀ। ਉਸ ਮੌਕੇ ਤੇ ਯਿਸੂ ਦਾ ਜਵਾਬ ਸੀ ''ਤੂੰ ਮੈਨੂੰ ਸਤ ਕਿਉਂ ਕਹਿੰਦਾ ਹੈ? ਸੱਤ ਕੋਈ ਨਹੀਂ ਪਰ ਨਿਰਾ ਇੱਕੋ ਪਰਮੇਸ਼ੁਰ'' (ਮਰਕੁਸ 10:17, 18)। ਸੰਭਵ ਤੌਰ ਤੇ ਯਿਸੂ ਉਸ ਨੂੰ ਇਹ ਵੇਖਣ ਲਈ ਪਰਖ ਰਿਹਾ ਸੀ ਕਿ ਉਸ ਨੂੰ ਯਿਸੂ ਦੀ ਅਸਲ ਪਹਿਚਾਣ ਹੈ ਜਾਂ ਨਹੀਂ।

ਬਹੁਤ ਘੱਟ ਲੋਕਾਂ ਨੂੰ ''ਭਲਾ'' ਆਖਿਆ ਜਾਂਦਾ ਹੈ। ਆਪਣੇ ਚੇਲਿਆਂ ਦੇ ਬੇਨਤੀ ਤੇ ਜਦ ਯਿਸੂ ਉਨ੍ਹਾਂ ਨੂੰ ਸਮਝਾ ਰਿਹਾ ਸੀ ਕਿ ਦੁਆ ਕਿਵੇਂ ਕਰਨੀ ਚਾਹੀਦੀ ਹੈ ਤਾਂ ਉਸ ਨੇ ਹੈਰਾਨ ਕਰਨ ਵਾਲੇ ਸ਼ਬਦ ਬੋਲੇ ਸਨ, ''ਸੋ ਜੋ ਤੁਸੀਂ *ਬੁਰੇ* ਹੋ ਕੇ ਆਪਣਿਆਂ ਬਾਲਕਾਂ ਨੂੰ *ਚੰਗੀਆਂ* ਦਾਤਾਂ ਦੇਣੀਆਂ ਜਾਣਦੇ ਹੋ ਤਾਂ ਉਹ ਸੁਰਗੀ ਪਿਤਾ ਕਿੰਨਾ ਵਧੀਕ ਆਪਣੇ ਮੰਗਣ ਵਾਲਿਆਂ ਨੂੰ ਪਵਿੱਤਰ ਆਤਮਾ ਦੇਵੇਗਾ?'' (ਲੂਕਾ 11:13)। ਨਵੇਂ ਨੇਮ ਵਿਚ ਕਈ ਚੀਜ਼ਾਂ ਅਤੇ ਖੂਬੀਆਂ ਨੂੰ ''ਚੰਗਾ'' ਆਖਿਆ ਗਿਆ ਹੈ (ਜਿਵੇਂ, ''ਅੱਛਾ/ਚੰਗਾ ਫਲ,'' ''ਸ਼ੁੱਭ ਕਰਮ/ਚੰਗੇ ਕੰਮ,'' ਅਤੇ ''ਸਾਫ਼/ਸ਼ੁੱਧ ਅੰਤਹਕਰਣ/ਨੇਕ ਨੀਅਤੀ''), ਪਰ ਕੁਝ ਹੀ ਲੋਕਾਂ ਨੂੰ ''ਭਲੇ'' (*agathos*) ਕਿਹਾ ਗਿਆ ਹੈ।

ਜਿਨ੍ਹਾਂ ਨੂੰ ''ਭਲਾ'' ਆਖਿਆ ਗਿਆ ਹੈ ਉਨ੍ਹਾਂ ਵਿੱਚੋਂ ਇਕ ਬਰਨਬਾਸ ਹੈ (ਰਸੂਲਾਂ ਦੇ ਕਰਤੱਬ 11:22, 24)। ਇਸ ਆਦਮੀ ਤੋਂ ਜਿਨਾਂ ਚੰਗੀ ਤਰ੍ਹਾਂ ਵਾਕਫ਼ ਹੁੰਦੇ ਹਾਂ ਉੱਨਾਂ ਹੀ ਸਾਨੂੰ ਆਤਮਾ ਦੇ ਉਸ ਫਲ ਦੀ ਗਹਿਰਾਈ ਨਾਲ ਸਮਝ ਹੁੰਦੀ ਹੈ ਜਿਸ ਨੂੰ ''ਭਲਿਆਈ'' (*agathōsunē*) ਕਿਹਾ ਗਿਆ ਹੈ। ਉਸ ਦੀ ਜ਼ਿੰਦਗੀ ਦੀ ਪਛਾਣ ਖੁੱਲ੍ਹਦਿਲੀ, ਦਿਲੇਰੀ, ਪ੍ਰੇਮ ਅਤੇ ਦੂਜਿਆਂ ਵਿਚ ਭਰੋਸਾ ਸੀ। ਬਰਨਬਾਸ ਆਪਣੇ ਵੱਡੇ ਕੰਮਾਂ ਜਾਂ ਪੱਤਰੀਆਂ ਦੇ ਕਾਰਣ ਨਹੀਂ ਬਲਕਿ ਆਤਮਾ ਅਤੇ ਆਪਣੀ ਨਿਹਚਾ ਨਾਲ ਜ਼ਿੰਦਗੀ ਵਿਚ ਆਉਣ ਵਾਲੀ ਭਲਿਆਈ ਕਰਕੇ ਮੁੱਢਲੀ ਕਲੀਸੀਆ ਵਿਚ ਦੂਜਿਆਂ ਨਾਲੋਂ ਹਟ ਕੇ ਨਜ਼ਰ ਆਉਂਦਾ ਸੀ।

**ਵਫ਼ਾਦਾਰੀ ਦੀ ਲੋੜ** (5:22)

*Pistis* (''ਵਫ਼ਾਦਾਰੀ'') ਸ਼ਬਦ ਜਿਸ ਦੇ ਨਵੇਂ ਨੇਮ ਵਿਚ ਜਿਸ ਦੇ ਕਈ ਅਰਥ ਹਨ, ਦਾ ਅਨੁਵਾਦ ਆਮ ਤੌਰ ਤੇ ''ਨਿਹਚਾ'' ਵਜੋਂ ਹੋਇਆ ਹੈ। ਸਾਡੀ ਮੁਕਤੀ ਲਈ ਪਰਮੇਸ਼ੁਰ ਵਿਚ ਪਰਤੀਤ ਅਤੇ ਯਿਸੂ ਦੇ ਮਸੀਹ ਹੋਣ ਵਿਚ ਪਰਤੀਤ ਜ਼ਰੂਰੀ ਹੈ। ਆਓ ਇਨ੍ਹਾਂ ਹਵਾਲਿਆਂ ਤੇ ਗੌਰ ਕਰਦੇ ਹਾਂ:

> ਜਿਹੜਾ ਉਸ ਉੱਤੇ ਨਿਹਚਾ ਕਰਦਾ ਹੈ ਉਹ ਦੋਸ਼ੀ ਨਹੀਂ ਠਹਿਰਦਾ ਪਰ ਜਿਹੜਾ ਨਿਹਚਾ ਨਹੀਂ ਕਰਦਾ ਉਹ ਦੋਸ਼ੀ ਠਹਿਰਾਵੇ ਚੁੱਕਿਆ ਕਿਉਂਕਿ ਉਸ ਨੇ ਪਰਮੇਸ਼ੁਰ ਦੇ ਇਕਲੌਤੇ ਪੁੱਤਰ ਦੇ ਨਾਮ ਉੱਤੇ ਨਿਹਚਾ ਨਹੀਂ ਕੀਤੀ ਹੈ (ਯੂਹੰਨਾ 3:18)।

> ਜਿਹੜਾ ਪੁੱਤਰ ਉੱਤੇ ਨਿਹਚਾ ਕਰਦਾ ਹੈ ਸਦੀਪਕ ਜੀਉਣ ਉਸ ਦਾ ਹੈ ਪਰ ਜੋ ਪੁੱਤਰ ਨੂੰ ਨਹੀਂ ਮੰਨਦਾ ਸੋ ਜੀਉਣ ਨਾ ਵੇਖੇਗਾ ਸਗੋਂ ਪਰਮੇਸ਼ੁਰ ਦਾ ਕ੍ਰੋਧ ਉਸ ਉੱਤੇ ਰਹਿੰਦਾ ਹੈ (ਯੂਹੰਨਾ 3:36)।

> ਇਸ ਲਈ ਮੈਂ ਤੁਹਾਨੂੰ ਆਖਿਆ ਜੋ ਤੁਸੀਂ ਆਪਣੇ ਪਾਪਾਂ ਵਿਚ ਮਰੋਗੇ ਕਿਉਂਕਿ ਜੇ ਤੁਸੀਂ ਪਰਤੀਤ ਨਾ ਕਰੋ ਕਿ ਮੈਂ ਉਹੋ ਹਾਂ ਤਾਂ ਆਪਣੇ ਪਾਪਾਂ ਵਿਚ ਮਰੋਗੇ (ਯੂਹੰਨਾ 8:24)।

ਅਤੇ ਨਿਹਚਾ ਬਾਝੋਂ ਉਹ ਦੇ ਮਨ ਨੂੰ ਭਾਉਣਾ ਅਣਹੋਣਾ ਹੈ ਕਿਉਂਕਿ ਜਿਹੜਾ ਪਰਮੇਸ਼ੁਰ ਦੀ ਵੱਲ ਆਉਂਦਾ ਹੈ ਉਹ ਨੂੰ ਪਰਤੀਤ ਕਰਨੀ ਚਾਹੀਦੀ ਹੈ ਭਈ ਉਹ ਹੈ, ਨਾਲੇ ਇਹ ਭਈ ਉਹ ਆਪਣਿਆਂ ਤਾਲਿਬਾਂ ਦਾ ਫਲ-ਦਾਤਾ ਹੈ (ਇਬਰਾਨੀਆਂ 11:6)।

**ਯਿਸੂ ਦੀ ਨਰਮਾਈ** (5:23)

''ਆਤਮਾ ਦਾ ਫਲ'' ਦੇ ਸਬੰਧ ਵਿਚ ਯਿਸੂ ਦੇ ਨਮੂਨੇ ਨਾਲੋਂ ਵਧਕੇ ਨਾ ਕੋਈ ਹੋ ਸਕਦਾ ਹੈ ਅਤੇ ਨਾ ਕੋਈ ਉਸ ਦੀ ਬਰਾਬਰੀ ਕਰ ਸਕਦਾ ਹੈ। ''ਨਰਮਾਈ'' (*prautēs*) ਦੇ ਸਬੰਧ ਵਿਚ, ਸਾਡੇ ਲਈ ਦੁੱਖ ਝੱਲਣ ਅਤੇ ਮਰਨ ਦੇ ਰਾਹੀਂ ਉਸ ਨੇ ਨਿਮਰਤਾ, ਹਲੀਮੀ ਅਤੇ ਸੰਜਮ ਦੀਆਂ ਖੂਬੀਆਂ ਨੂੰ ਆਪਣੀ ਜ਼ਿੰਦਗੀ ਵਿਚ ਵਿਖਾ ਦਿੱਤਾ। ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਹਰ ਮਸੀਹੀ ਲਈ ਨਕਲ ਕਰਨ ਵਾਸਤੇ ਯਿਸੂ ਨੂੰ ਨਮੂਨੇ ਵਜੋਂ ਵਰਤਿਆ। ਪ੍ਰਭੂ ਦੇ ਸਲੀਬ ਦਿੱਤੇ ਜਾਣ ਵੱਲ ਇਸ਼ਾਰਾ ਕਰਦਿਆਂ ਉਸ ਨੇ ਲਿਖਿਆ, ''ਤੁਸੀਂ ਉਹ ਨੂੰ ਸੋਚੋ ਜਿਹ ਨੇ ਆਪਣੇ ਉੱਤੇ ਪਾਪੀਆਂ ਦੀ ਐਡੀ ਲਾਗਬਾਜ਼ੀ ਸਹਿ ਲਈ ਭਈ ਨਾ ਹੋਵੇ ਜੋ ਤੁਸੀਂ ਅੱਕ ਕੇ ਆਪਣੇ ਜੀ ਵਿਚ ਢਿੱਲੇ ਪੈ ਜਾਓ'' (ਇਬਰਾਨੀਆਂ 12:3)। ਇਸੇ ਤਰ੍ਹਾਂ ਨਾਲ ਪਤਰਸ ਨੇ ਵੀ ਯਿਸੂ ਨੂੰ ਉਸ ਨਮੂਨੇ ਦੇ ਰੂਪ ਵਿਚ ਵਿਖਾਇਆ ਜਿਸ ਦਾ ਪਾਲਣ ਸਾਨੂੰ ਕਰਨਾ ਚਾਹੀਦਾ ਹੈ: ''ਉਹ ਗਾਲੀਆਂ ਖਾ ਕੇ ਗਾਲੀ ਨਾ ਦਿੰਦਾ ਸੀ ਅਤੇ ਦੁਖ ਪਾ ਕੇ ਦਬਕਾ ਨਾ ਦਿੰਦਾ ਸੀ ਸਗੋਂ ਆਪਣੇ ਆਪ ਨੂੰ ਉਹ ਦੇ ਹੱਥ ਸੌਂਪਦਾ ਸੀ ਜਿਹੜਾ ਜਥਾਰਥ ਨਿਆਉਂ ਕਰਦਾ ਹੈ'' (1 ਪਤਰਸ 2:23)।

ਯਿਸੂ ਦੀ ਨਰਮਾਈ ਅਤੇ ਨਿਮਰਤਾ ਬੜੇ ਜ਼ਬਰਦਸਤ ਢੰਗ ਨਾਲ ਵਿਖਾਈ ਗਈ ਜਦ ਯਾਜਕ ਅਤੇ ਸਿਪਾਹੀ ਉਸ ਉੱਤੇ ਥੁੱਕ ਰਹੇ ਅਤੇ ਉਸ ਨੂੰ ਥੱਪੜ ਮਾਰ ਰਹੇ ਸਨ, ਜਦ ਰੋਮੀ ਚਾਬੁਕਾਂ ਨਾਲ ਉਸ ਦੀ ਪਿੱਠ ਛਿੱਲੀ ਜਾ ਰਹੀ ਸੀ ਅਤੇ ਜਦ ਭੀੜ ਦੇ ਲੋਕ ਗੰਦ ਪਾ ਰਹੇ ਸਨ, ''ਉਹ ਨੂੰ ਸਲੀਬ ਦਿਓ! ਸਲੀਬ ਦਿਓ!'' (ਯੂਹੰਨਾ 19:6)। ਇਹ ਗੁਣ ਤਿੰਨਾਂ ਜਣਿਆਂ ਦੇ ਆਪੋ ਆਪਣੀ ਸਲੀਬ ਉੱਤੇ ਹੋਣ ਵੇਲੇ ਉੱਧਰੋਂ ਦੀ ਲੰਘਣ ਵਾਲਿਆਂ ਵੱਲੋਂ ਹੋਰ ਵੀ ਵਿਖਾਏ ਗਏ ਸਨ। ਸਜ਼ਾ ਪਾਏ ਹੋਏ ਲੋਕ ਜਦੋਂ ਤੜਪ ਰਹੇ ਸਨ ਤਾਂ ਬੇਰਹਿਮ ਯਾਜਕਾਂ, ਗ੍ਰੰਥੀਆਂ ਅਤੇ ਬਜ਼ੁਰਗਾਂ ਨੇ ਤਾਅਨੇ ਮਾਰਦਿਆਂ ਉਨ੍ਹਾਂ ਨੂੰ ਜਵਾਬ ਦਿੱਤਾ ਸੀ (ਮੱਤੀ 27:42, 43ੳ)। ਯਿਸੂ ਨੇ ਕਿਵੇਂ ਜਵਾਬ ਦਿੱਤਾ? ਉਸ ਨੇ ਜਵਾਬ ਦਿੱਤਾ ਸੀ, ''ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਓਹ ਨਹੀਂ ਜਾਣਦੇ ਕਿ ਕੀ ਕਰਦੇ ਹਨ'' (ਲੂਕਾ 23:34; ASV)।

ਇਹ ਦੇਹਧਾਰੀ ਹੋਏ ਖ਼ੁਦਾ ਦੀ ਨਿਮਰਤਾ ਦੀ ਉੱਤਮ ਅਵਸਥਾ ਸੀ! ਕਾਸ਼ ਖ਼ੁਦਾ ਸਾਨੂੰ ਇਸ ਨਿਮਰਤਾ ਨੂੰ ਸਿਖਾਏ, ਤਾਂ ਜੋ ਅਸੀਂ ਉਸ ਵਡਿਆਈ ਵਿੱਚੋਂ ਜਿਹੜੀ ਆਪਣੀ ਅਤੇ ਆਤਮਾ ਦੀ ਉਸ ਸਨਾਤਨ ਖੇਤਰ ਦੀ ਝਲਕ ਦੇਣ ਲਈ ਉਸ ਥੋੜੀ ਦੇਰ ਲਈ ਪ੍ਰਗਟ ਹੋਈ ਸੀ, ਕੁਝ ਵਿਖਾ ਸਕੀਏ। ਸਾਨੂੰ ਇਸ ਸੰਸਾਰ ਵਿਚ ਮਸੀਹ ਦੀ ਨਿਮਰਤਾ ਦੀ ਨਕਲ ਕਰਨੀ ਜ਼ਰੂਰੀ ਹੈ ਤਾਂ ਜੋ ਸਾਡੇ ਆਲੇ ਦੁਆਲੇ ਦੇ ਲੋਕਾਂ ਨੂੰ ਪਤਾ ਲਗ ਸਕੇ ਕਿ ਖ਼ੁਦਾ ਕੌਣ ਹੈ ਅਤੇ ਉਹ ਉਨ੍ਹਾਂ ਨੂੰ ਕਿਨਾਂ ਪਿਆਰ ਕਰਦਾ ਹੈ (ਯੂਹੰਨਾ 1:14, 18; 3:16, 17)।

**ਦਾਊਦ ਦੀ ਨਰਮਾਈ, 1** (5:23)

ਪੁਰਾਣੇ ਨੇਮ ਦੇ ਸਮਿਆਂ ਵਿਚ ਯਹੂਦੀ ਲੋਕਾਂ ਦੇ ਵਿਚਾਰ ਨਾਲ ''ਨਰਮਾਈ'' (''ਨਿਮਰਤਾ''KJV; ASV) ਨੂੰ ਕਿਨਾਂ ਉੱਚਾ ਦਰਜਾ ਪ੍ਰਾਪਤ ਸੀ? ਪ੍ਰਾਚੀਨ ਯੂਨਾਨੀਆਂ ਵਿਚਕਾਰ ਇਸ ਨੂੰ ਬਹੁਤ ਘੱਟ ਮੰਨਿਆ ਜਾਂਦਾ ਸੀ। ਉਨ੍ਹਾਂ ਦੀ ਨਜ਼ਰ ਵਿਚ ਇਹ ''ਕਮਜ਼ੋਰੀ'' ਵਾਂਗ ਹੀ ਸੀ, ਜਿਵੇਂ ਕਿ ਅੱਜ ਸਾਡੇ ਸਮੇਂ ਦੇ ਸੰਸਾਰਿਕ ਲੋਕਾਂ ਵਿਚਕਾਰ ਵੀ ਮੰਨਿਆ ਜਾਂਦਾ ਹੈ।

ਦਾਊਦ ਬਿਨਾਂ ਕਿਸੇ ਸ਼ੱਕ ਦੇ ਪੁਰਾਣੇ ਨੇਮ ਦੇ ਸਭ ਤੋਂ ਮਜ਼ਬੂਤ ਅਤੇ ਨਿਡਰ ਲੋਕਾਂ ਵਿੱਚੋਂ ਸੀ। ਜ਼ਬੂਰਾਂ 132 ਵਿਚ ਜ਼ਬੂਰ ਦਾ ਇਕ ਹਵਾਲਾ (131; LXX) ਸਾਨੂੰ ਲੜਾਈ ਦੇ ਵਿਚਕਾਰ ਸ਼ਕਤੀ ਦੇ ਵਿਚਾਰ ਨੂੰ ਜਾਂਚਣ ਵਿਚ ਮਦਦ ਕਰਦਾ ਹੈ। ਜ਼ਬੂਰ ਇਵੇਂ ਸ਼ੁਰੂ ਹੁੰਦਾ ਹੈ:

> ਹੇ ਯਹੋਵਾਹ, ਦਾਊਦ ਲਈ ਚੇਤੇ ਰੱਖ,
> ਉਹ ਦੇ ਸਾਰੇ ਦੁੱਖ [*prautēs*, ''ਨਿਮਰਤਾ''; LXX];
> ਜਿਹ ਨੇ ਯਹੋਵਾਹ ਦੀ ਸੌਂਹ ਖਾਧੀ
> ਅਤੇ ਯਾਕੂਬ ਦੇ ਕਾਦਰ ਲਈ ਸੁੱਖਣਾ ਸੁੱਖੀ,
> ਭਈ ਮੈਂ ਜ਼ਰੂਰ ਆਪਣੇ ਘਰੇਲੂ ਤੰਬੂ ਵਿਚ ਨਾ ਜਾਵਾਂਗਾ,
> ਨਾ ਆਪਣੇ ਪਲੰਘ ਦੇ ਵਿਛਾਉਣੇ ਉੱਤੇ ਚੜ੍ਹਾਂਗਾ,
> ਨਾ ਆਪਣੀਆਂ ਅੱਖੀਆਂ ਨੂੰ ਨੀਂਦ,
> ਨਾ ਆਪਣੀਆਂ ਪਲਕਾਂ ਨੂੰ ਊਂਘ ਆਉਣ ਦਿਆਂਗਾ,
> ਜਦ ਤੀਕ ਮੈਂ ਯਹੋਵਾਹ ਲਈ ਕੋਈ ਥਾਂ ਨਾ ਲੱਭਾਂ,
> ਅਤੇ ਯਾਕੂਬ ਦੇ ਕਾਦਰ ਲਈ ਕੋਈ ਡੇਅਰਾ (ਜ਼ਬੂਰ 132:1–5)।

ਇੱਥੇ ਸਾਡੀ ਚਿੰਤਾ ਮੁੱਖ ਤੌਰ ਤੇ ਦੂਜੀ ਸਤਰ ਹੈ ਜਿਸ ਵਿਚ ਇਬਰਾਨੀ ਲਿਖਤ ਵਿਚ ''ਦੁੱਖ'' LXX ਵਿਚ (NASB ਵਾਂਗ) ''ਨਿਮਰਤਾ'' (*prautēs*) ਸ਼ਬਦ ਨੂੰ ਬਦਲ ਦਿੱਤਾ ਗਿਆ ਹੈ। ਮੂਲ ਇਬਰਾਨੀ ਲਈ ਦੋਹਾਂ ਵਿੱਚੋਂ ਕੋਈ ਵੀ ਸ਼ਬਦ ਵਿਹਾਰਕ ਅਨੁਵਾਦ ਹੈ।

ਜ਼ਬੂਰਾਂ 132 ਵਾਲਾ ਦੁੱਖ ਉਹ ਬੋਝ ਹੈ ਜਿਹੜਾ ਦਾਊਦ ਨੇ ਯਹੋਵਾਹ ਦੇ ਘਰ ਦੇ ਵੱਲੋਂ ਆਪਣੇ ਉੱਤੇ ਚੁੱਕਿਆ ਸੀ, ਅਰਾਮ ਦੀ ਉਹ ਥਾਂ ਜਿਸ ਨੂੰ ਉਹ ਉਹਦੇ ਲਈ ਬਣਾਉਣ ਲਈ ਐਨੇ ਭਗਤੀ ਭਰੇ ਢੰਗ ਨਾਲ ਉਡੀਕਦਾ ਸੀ। ਜ਼ਬੂਰ ਦਾ ਇਹ ਪ੍ਰਮੁੱਖ ਵਿਸ਼ਾ ਚੌਕਸ ਪਾਠਕ ਲਈ ਬਿਲਕੁਲ ਸਹੀ ਹੈ।

ਜ਼ਬੂਰ ਦਾਊਦ ਦੇ ਨਾਂਅ ਨਹੀਂ ਹੈ। ਉਸ ਨੂੰ ਸੰਖੇਪ ਵਿਚ ਦੁਹਰਾਇਆ ਗਿਆ ਹੈ ਅਤੇ ਜ਼ਬੂਰ ਵਿਚ ਬਾਰ ਬਾਰ ਉਸ ਦੇ ਰਾਜਘਰਾਣੇ ਦੀ ਗੱਲ ਕੀਤੀ ਗਈ ਹੈ। ਪਰ ਖ਼ੁਦਾ ਦਾ ਘਰ ਜਿੱਥੇ ਉਸ ਦੀ ਹਜ਼ੂਰੀ ਦੇ ਸੰਦੂਕ ਦੇ ਸਾਹਮਣੇ ਬੰਦਗੀ ਲਈ ਇਕੱਠੇ ਹੋਏ ਉਸ ਦੇ ਲੋਕ ਆਏ ਸਨ, ਮੁੱਖ ਫੋਕਸ ਹੈ। ਦਾਊਦ ਦੀ ਗੱਦੀ ਭਾਵੇਂ ਸੁਰਗ ਵਿਚ ਹੋਣੀ ਸੀ ਪਰ ਇਹ ਸਮਝਿਆ ਗਿਆ ਕਿ ਉਸ ਦੇ ਪੈਰਾਂ ਦੀ ਚੌਂਕੀ ਧਰਤੀ ਉੱਤੇ ਹੈ ਅਤੇ ਹੋਰ ਸਾਫ਼ ਢੰਗ ਨਾਲ ਉਹਦੀ ਹੈਕਲ ਵਿਚ ਹੈ (1 ਇਤਿਹਾਸ 28:2; ਜ਼ਬੂਰਾਂ 132:7)। ਸਭ ਤੋਂ ਵਧ ਕੇ ਸਾਨੂੰ ਇਤਿਹਾਸਕ ਸਥਿਤੀ ਅਤੇ ਜ਼ਬੂਰ ਦੇ ਪਿੱਛੇ ਦੀ ਕਹਾਣੀ ਵਿਚ ਸੰਦੂਕ ਦੀ ਭੂਮਿਕਾ ਨੂੰ ਯਾਦ ਰੱਖਣਾ ਜ਼ਰੂਰੀ ਹੈ।

ਜ਼ਬੂਰ ਆਪਣੇ ਆਪ ਵਿਚ ਬਾਅਦ ਦੇ ਸਮਿਆਂ ਦੇ ਮੁਸਾਫ਼ਰਾਂ ਦੇ ਮੂਹੋਂ ਨਿੱਕਲਦੀ ਹੋਈ ਵੇਦਨਾ ਤੇ ਪੁਕਾਰ ਹੈ। ਉਹ ਆਪਣੀ ਕੌਮੀ ਰਾਜਧਾਨੀ ਅਤੇ ਦਾਊਦ ਦੇ ਸ਼ਹਿਰ ਭਾਵ ਉਸ ਥਾਂ ਦੇ ਨੇੜੇ ਪਹੁੰਚਣ ਤੇ ਜਿਸ ਨੂੰ ਖ਼ੁਦਾ ਨੇ ਬੰਦਗੀ ਲਈ ਚੁਣਿਆ ਸੀ, ਗਾਉਂਦੇ ਹੁੰਦੇ ਸਨ। ਇਹ ਇਨ੍ਹਾਂ ਪੰਦਰਾਂ ''ਯਾਤਰਾ ਦੇ ਗੀਤਾਂ'' (ਜ਼ਬੂਰਾਂ 120–134) ਵਿੱਚੋਂ ਇਕ ਹੈ ਜੋ ਆਪਣੇ ਸਫ਼ਰ ਦੇ ਮੁੱਕ ਜਾਣ ਦੇ ਨੇੜੇ ਯਰੂਸ਼ਲਮ ਪੁੱਜਣ ਦੇ ਮੁਸਾਫ਼ਰਾਂ ਵਲੋਂ ਗਾਇਆ ਜਾਂ ਦੁਹਰਾਇਆ ਜਾਣ ਵਾਲਾ ਭਜਨ ਸੀ।

ਇਸ ਭਜਨ ਦੇ ਪਿਛੋਕੜ ਲਈ ਸੰਦੂਕ ਦੀ ਅਹਿਮੀਅਤ ਨੂੰ ਵਧਾ ਚੜ੍ਹਾ ਕੇ ਨਹੀਂ ਵਿਖਾਇਆ ਜਾ ਸਕਦਾ। ਅਸਲ ਵਿਚ ਇਸੇ ਹੀ ਜ਼ਬੂਰ ਵਿਚ ਸੰਦੂਕ ਦਾ ਜ਼ਿਕਰ ਹੈ। ਇਸ ਸਬੰਧ ਵਿਚ ਦਾਊਦ ਦੀ ਪਰਖ ਅਤੇ ਦੁੱਖ ਦੀ ਕਹਾਣੀ ਇਸ ਨੂੰ ਸਮਝਣ ਲਈ ਮੁੱਖ ਗੱਲ ਹੈ। ਸਭ ਤੋਂ ਪਹਿਲਾਂ ਇਸ ਦੇ ਸਥਾਪਤ ਕੀਤੇ ਜਾਣ ਤਕ ਉਡੀਕ ਦੇ ਸਾਲ ਹਨ (ਜ਼ਬੂਰਾਂ 132:6)। ਦੂਜਾ ਦਾਊਦ ਦਾ ਅਨੰਦ ਕਰਨਾ ਉਜ਼ਾਹ ਦੀ ਮੌਤ ਤੇ ਅਚਾਨਕ ਕ੍ਰੋਧ, ਦੁੱਖ, ਅਤੇ ਭੈ ਵਿਚ ਬਦਲ ਗਿਆ, ਜਿਸ ਦਾ ਸੰਦੂਕ ਨੂੰ ਛੂਹਣ ਦਾ ਇਰਾਦਾ ਇਸ ਨੂੰ ਉਸ ਗੱਡੇ ਤੋਂ ਡਿੱਗਣ ਤੋਂ ਬਚਾਉਣਾ ਸੀ ਜਿਸ ਉੱਤੇ ਇਸ ਨੂੰ ਲਿਜਾਇਆ ਜਾ

ਰਿਹਾ ਸੀ (2 ਸਮੂਏਲ 6:1–11)। ਅਖ਼ੀਰ ਵਿਚ ਦਾਊਦ ਦੀ ਪਤਨੀ ਮੀਕਲ ਦੀ ਪ੍ਰਤੀਕਿਰਿਆ ਹੋਰ ਵੀ ਸਖ਼ਤ ਸਿੱਖਿਆ ਸੀ। ਉਸ ਨੇ ਉਹਦੇ ਲਈ ਜੋ ਉਸ ਨੂੰ ਲੱਗਾ ਕਿ ਬੇਸ਼ਰਮੀ ਵਾਲਾ ਵਿਹਾਰ ਹੈ (ਉਸ ਦਾ ਟੱਪਣਾ ਅਤੇ ਨੱਚਣਾ), ਉਸ ਨੂੰ ਐਨੀ ਬੁਰੀ ਤਰ੍ਹਾਂ ਨਾਲ ਜ਼ਲੀਲ ਕੀਤਾ ਕਿ ਇਸ ਝਗੜੇ ਨਾਲ ਉਨ੍ਹਾਂ ਦਾ ਵਿਆਹ ਟੁੱਟ ਗਿਆ (2 ਸਮੂਏਲ 6:16–23)।

ਜ਼ਬੂਰਾਂ 132 ਦਾ ਮੁੱਖ ਫੋਕਸ ਆਪਣੇ ਪਿਆਰੇ ਯਹੋਵਾਹ ਦੀ ਯੋਗ ਦੀ ਹੈਕਲ ਬਣਾਉਣ ਦੀ ਦਾਊਦ ਦੀ ਇੱਛਾ। ਪਹਿਲੀ ਆਇਤ ਵਿਚ *prautēs*, ''ਨਰਮਾਈ'' ਦੀ ਵਰਤੋਂ ਇਸੇ ਸੰਦਰਭ ਵਿਚ ਹੋਈ ਹੈ। ਬੇਸ਼ੱਕ ਇਹ ਸਾਫ਼ ਕਿਹਾ ਗਿਆ ਹੈ ਕਿ ਦਾਊਦ ਯਹੋਵਾਹ ਦੇ ਮਨ ਦੇ ਅਨੁਸਾਰੀ ਸੀ (1 ਸਮੂਏਲ 13:14), ਪਰ ਇਸ ਨੇਕ ਕੰਮ ਨੂੰ ਕਰਨ ਦੀ ਉਸ ਦੀ ਇੱਛਾ ਤੋਂ ਇਨਕਾਰ ਕਰਕੇ ਕਿਸੇ ਹੋਰ ਲਈ ਛੱਡ ਦਿੱਤਾ ਗਿਆ। ਸਰੀਰਕ ਪੱਧਰ ਤੇ ਇਹ ਉਹਦੇ ਪੁੱਤਰ ਸੁਲੇਮਾਨ ਲਈ ਛੱਡਿਆ ਗਿਆ ਸੀ ਕਿਉਂ ਜੋ ਦਾਊਦ ਜੰਗ ਕਰਨ ਵਾਲਾ ਆਦਮੀ ਸੀ ਜਿਸ ਦੇ ਹੱਥ ਖ਼ੂਨ ਨਾਲ ਰੰਗੇ ਹੋਏ ਸਨ (1 ਇਤਹਾਸ 22:6–10; 28:3)।[147] ਦੂਰ ਇਕ ਰੂਹਾਨੀ ਪੱਧਰ ਤੇ, ਇਹ ਕੰਮ ਮਸੀਹ ਨੇ ਕਰਨਾ ਸੀ।

ਪੁਰਾਣੇ ਨੇਮ ਦਾ ਇਸਰਾਏਲ ਨਿਮਰਤਾ ਦੇ ਗੁਣ ਨੂੰ ਕਿੰਨੀ ਅਹਿਮੀਅਤ ਦਿੰਦਾ ਸੀ? ਪੁਰਾਣੇ ਨੇਮ ਦੇ ਸਾਰੇ ਪਾਤਰਾਂ ਵਿੱਚੋਂ ਦਾਊਦ ਸੰਭਵ ਤੌਰ ਤੇ ਸਭ ਤੋਂ ਪਿਆਰਾ ਅਤੇ ਸਭ ਦਾ ਲਾਡਲਾ ਨਾਇਕ ਸੀ। ''ਦਾਊਦ'' ਦੇ ਨਾਂਅ ਦਾ ਅਰਥ ਹੀ ਅਸਲ ਵਿਚ ''ਪਿਆਰਾ'' ਹੈ। ਯਕੀਨਨ ਹੀ ਉਹ ਉਸ ਅਰਥ ਵਿਚ ਜਿਸ ਵਿਚ ਅੱਜ ਅਸੀਂ ਇਸ ਸ਼ਬਦ ਨੂੰ ਵਰਤਦੇ ਹਾਂ, ਇਕ ਫ਼ੌਜੀ ਹੀਰੋ ਸੀ। ਇਹ ਜ਼ਬੂਰ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਨਿਮਰਤਾ ਦੇ ਗੁਣ ਲਈ ਉਸ ਦੇ ਬਹੁਤ ਦਿਨਾਂ ਦੇ ਬਾਅਦ ਵੀ ਯਹੂਦੀ ਲੋਕ ਉਸ ਨੂੰ ਬੇਹੱਦ ਇੱਜ਼ਤ ਦਿੰਦੇ ਸਨ। ਗਲਾਤੀਆਂ 5:23 ਵਿਚ ਪੌਲੁਸ ਨੇ ''ਆਤਮਾ ਦਾ ਫਲ'' ਵਿਚ ਇਸੇ ਗੁਣ ਨੂੰ ਸ਼ਾਮਿਲ ਕੀਤਾ।

ਪਵਿੱਤਰ ਲਿਖਤ ਦੀ ਸਚਿਆਈ ਵਿੱਚੋਂ ਬੇਹਤਰੀਨ ਗਵਾਹੀਆਂ ਵਿੱਚੋਂ ਇਹ ਹੈ ਕਿ ਇਹ ਆਪਣੇ ਵਿਰਤਾਂਤਾਂ ਵਿੱਚੋਂ ਸਿਵਾਇ ਇਸ ਦੇ ਕਿ ਜਿਹੜਾ ਦੇਹਧਾਰੀ ਹੋਇਆ ਪਰਮੇਸ਼ੁਰ ਸੀ ਉਹ ਵਾਅਦਾ ਕੀਤਾ ਹੋਇਆ ਮਸੀਹ ਅਤੇ ਮੁਕਤੀਦਾਤਾ ਯਿਸੂ ਨਾਸਰੀ ਹੈ, ਕਿਸੇ ਹੋਰ ਨੂੰ ਦੋਸ਼ ਰਹਿਤ ਨਹੀਂ ਵਿਖਾਉਂਦੀ। ਦਾਊਦ ਵਿਚ ਬਹੁਤ ਸਾਰੀਆਂ ਸਲਾਹੁਣ ਯੋਗ ਖੂਬੀਆਂ ਸਨ ਅਤੇ ਉਹ ਸਭ ਖੂਬੀਆਂ ਪ੍ਰਭੂ ਦੇ ''ਪਰਛਾਵਿਆਂ'' ਵਿਚ ਰਾਜਾ ਦਾਊਦ ਹੀ ਹੈ ਜਿਹੜਾ ਉਸ ਦੀ ਭੂਮਿਕਾ ਨਾਲ ਪੂਰਾ ਪੂਰਾ ਮੇਲ ਖਾਂਦਾ ਹੈ। ਮੰਨਿਆ ਕਿ ਉਹ ਪਰਛਾਵਾਂ ਧੁੰਦਲਾ ਜਿਹਾ ਹੈ, ਪਰ ਫਿਰ ਵੀ ਉਸ ਦੀਆਂ ਉਨ੍ਹਾਂ ਵੱਡੀਆਂ ਖਾਮੀਆਂ ਲਈ, ਨਿਆਂ ਅਤੇ ਪਵਿੱਤਰਤਾਈ ਲਈ ਉਸ ਦੇ ਜਨੂੰਨ ਦੀ ਯਥਾਰਥਤਾ ਉੱਤੇ ਕੌਣ ਸ਼ੱਕ ਕਰ ਸਕਦਾ ਹੈ? ਸ਼ੇਰ ਵਰਗੀ ਦਲੇਰੀ ਅਤੇ ਵਿਸ਼ਵਾਸ ਵਿਚ ਕਦੇ ਨਾ ਡੋਲਣ ਵਾਲਾ ਉਹ ਖ਼ੁਦਾ ਵਾਸਤੇ ਲੜਦਾ ਸੀ। ਆਪਣੇ ਪਾਪ ਲਈ ਜੋ ਕਿ ਕਈ ਵਾਰ ਬੜਾ ਹੀ ਖ਼ਤਰਨਾਕ ਪਾਪ ਹੁੰਦਾ ਸੀ, ਫਟਕਾਰ ਪੈਣ ਤੇ ਉਹ ਉਸ ਨੂੰ ਮੰਨ ਕੇ ਤੌਬਾ ਕਰਨ ਵਿਚ ਗੰਭੀਰ ਹੋ ਜਾਂਦਾ ਸੀ। ਪਵਿੱਤਰ ਲਿਖਤ ਵਿਚ ਪਰਮੇਸ਼ੁਰ ਦੀ ਵਡਿਆਈ ਕਰਨ ਵਿਚ ਅਸਮਾਨ ਦੀਆਂ ਸਚਿਆਈਆਂ ਤਕ ਦਾਨ ਕਰਨ ਜਾਂ ਆਪਣੇ ਪਾਪ ਲਈ ਸੋਗ ਭਰੇ ਪਸਚਾਤਾਪ ਵਿਚ ਪਤਾਲ ਦੀਆਂ ਡੂੰਘਿਆਈਆਂ ਵਿਚ ਡੁੱਬ ਜਾਣ ਲਈ ਆਪਣੇ ਭਜਨਾਂ ਵਿਚ ਦਾਊਦ ਦੇ ਵਰਗਾ ਹੋਰ ਕੌਣ ਹੈ? ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਦਾਊਦ ਇਕ ਨਬੀ ਸੀ ਅਤੇ ਉਸ ਦੇ ਲਿਖੇ ਜ਼ਬੂਰ ਇਲਹਾਮ ਨਾਲ ਮਿਲੀ ਪਵਿੱਤਰ ਦੀ ਅਗਵਾਈ ਨਾਲ ਦਿੱਤੀ ਗਈ ਬਾਈਬਲ ਵਿਚ ਦਰਜ ਹਨ (ਲੂਕਾ 24:44, 45; ਰਸੂਲਾਂ ਦੇ ਕਰਤੱਬ 2:25–36)।

ਜ਼ਬੂਰਾਂ 132 ਇਸ ਗੱਲ ਦਾ ਠੋਸ ਸਬੂਤ ਹੈ ਕਿ ਬਾਅਦ ਵਿਚ ਯਹੂਦੀ ਲੋਕ ਨਿਮਰਤਾ ਦੇ ਗੁਣ ਦੇ ਬੇਹੱਦ ਪ੍ਰਸ਼ੰਸਕ ਸਨ। ਇਹ ਉਨ੍ਹਾਂ ਦੀਆਂ ਵੱਡੀਆਂ ਖੂਬੀਆਂ ਵਿੱਚੋਂ ਇਕ ਸੀ ਜਿਹਦੇ ਲਈ ਉਹ ਦਾਊਦ ਦੀ ਤਾਰੀਫ਼ ਕਰਦੇ ਸਨ। ਉਸ ਦੀ ਨਿਮਰਤਾ ਉਸ ਦੀ ਕਮਜ਼ੋਰੀ ਨਹੀਂ ਸੀ ਬਲਕਿ ਵੱਡੇ

ਵਿਰੋਧ ਦਾ ਸਾਹਮਣਾ ਕਰਦੇ ਹੋਏ ਉਸ ਦੀ ਨਰਮਾਈ ਸੀ। ਇਹ *prautēs* ਭਾਵ ''ਨਿਮਰਤਾ'' ਜਾਂ ''ਨਰਮਾਈ'' ਉਨ੍ਹਾਂ ਮਸੀਹੀ ਆਤਮਾ ਦੁਆਰਾ ਚਲਾਏ ਜਾਣ ਵਾਲੇ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਮਿਲਣ ਵਾਲਾ ਫਲ ਹੈ।

**ਦਾਊਦ ਦੀ ਨਰਮਾਈ, ਭਾਗ 2** (5:23)

ਦਾਊਦ ਦੀ ਜ਼ਿੰਦਗੀ ਵਿਚ ਦੂਜਿਆਂ ਨਾਲ ਉਸ ਦੀ ਗੱਲਬਾਤ ਦੇ ਦੌਰਾਨ ਨਰਮਾਈ ਜਾਂ ਹਲੀਮੀ ਦਾ ਗੁਣ ਵੀ ਬਾਰ ਬਾਰ ਵਿਖਾਇਆ ਗਿਆ ਹੈ। ਇਸ ਦੀਆਂ ਕੁਝ ਉਦਾਹਰਣਾਂ ਇਸ ਤਰ੍ਹਾਂ ਹਨ।

*ਉਸ ਦੇ ਭਰਾ।* ਦਾਊਦ ਨੂੰ ਕਈ ਤਕਲੀਫ਼ਾ ਝੱਲਣੀਆਂ ਪਈਆਂ, ਇੱਥੋਂ ਤਕ ਕਿ ਆਪਣੇ ਪਰਿਵਾਰ ਤੋਂ ਵੀ। ਜਦ ਉਸ ਦੇ ਭਰਾ ''ਬਹਾਦਰੀ ਨਾਲ'' ਸ਼ਾਊਲ ਦੀ ਫ਼ੌਜ ਵਿਚ ਸੇਵਾ ਕਰ ਰਹੇ ਸਨ ਤਾਂ ਯੱਸੀ ਦਾ ਸੱਭ ਤੋਂ ਛੋਟਾ ਬੇਟਾ ਹੋਣ ਕਰਕੇ ਦਾਊਦ ਨੂੰ ਆਪਣੇ ਪਿਤਾ ਦੇ ਇੱਜੜ ਨੂੰ ਚਰਾਉਣ ਲਈ ਜਾਣਾ ਪੈਂਦਾ ਸੀ। ਯੱਸੀ ਨੇ ਦਾਊਦ ਨੂੰ ਆਪਣੇ ਭਰਾਵਾਂ ਲਈ ਖਾਣ ਪੀਣ ਦਾ ਸਮਾਨ ਦੇ ਕੇ ਘੱਲਿਆ, ਪਰ ਉਨ੍ਹਾਂ ਨੇ ਨਜਾਇਜ਼ ਹੀ ਉਸ ਉੱਤੇ ਅੱਗੇ ਅੱਗੇ ਜੰਗ ਦੇ ਰੋਮਾਂਚ ਨੂੰ ਵੇਖਣ ਦਾ ਇਲਜ਼ਾਮ ਲਾ ਦਿੱਤਾ (1 ਸਮੂਏਲ 17:28–30)। ਉਨ੍ਹਾਂ ਨੇ ਉਸ ਦੀ ਸਖ਼ਤ ਆਲੋਚਣਾ ਤੋਂ ਉਸ ਨੂੰ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਜਾਂ ਉਨ੍ਹਾਂ ਨੂੰ ਵਫ਼ਾਦਾਰੀ ਨਾਲ ਖ਼ੁਦਾ ਦੀ ਸੇਵਾ ਕਰਨ ਤੋਂ ਨਹੀਂ ਰੋਕਿਆ।

*ਰਾਜਾ ਸ਼ਾਊਲ।* ਬਾਅਦ ਵਿਚ ਜਦ ਦਾਊਦ ਰਾਜੇ ਦੇ ਸੰਗੀਤਕਾਰ ਵਜੋਂ ਸੇਵਾ ਕਰ ਰਿਹਾ ਸੀ, ਤਾਂ ਸ਼ਾਊਲ ਨੇ ਦੋ ਵਾਰ ਉਸ ਨੂੰ ਨੇਜ਼ੇ ਨਾਲ ਕੰਧ ਵਿਚ ਵਿੰਨ੍ਹ ਸੁੱਟਣ ਦੀ ਕੋਸ਼ਿਸ਼ ਕੀਤੀ (1 ਸਮੂਏਲ 18:10, 11; 19:9, 10)। ਇਸ ਦੇ ਬਾਅਦ ਵੀ ਸ਼ਾਊਲ ਦਾਊਦ ਨੂੰ ਫੜ ਕੇ ਉਸ ਮਾਰ ਸੁੱਟਣ ਲਈ ਆਪਣੀ ਫ਼ੌਜ ਨਾਲ ਲੈ ਕੇ ਏਨਗਦੀ ਨਾਮਕ ਜੰਗਲ ਨੂੰ ਛਾਣ ਲਿਆ। ਦਾਊਦ ਉਸੇ ਗੁਫ਼ਾ ਵਿਚ ਚਲਿਆ ਗਿਆ ਜਿੱਥੇ ਸ਼ਾਊਲ ਅਤੇ ਉਸ ਦੇ ਆਦਮੀ ਲੁਕੇ ਹੋਏ ਸਨ। ਦਾਊਦ ਦੇ ਆਦਮੀ ਨੇ ਉਸ ਨੂੰ ਇਸ ਮੌਕੇ ਦਾ ਫ਼ਾਇਦਾ ਚੁੱਕ ਕੇ ਆਪਣੇ ਸਤਾਉਣ ਵਾਲੇ ਨੂੰ ਮਾਰ ਸੁੱਟਣ ਲਈ ਆਖਿਆ (1 ਸਮੂਏਲ 24:1–7)।

ਆਪਣੇ ਸਾਥੀਆਂ ਦੀ ਸ਼ਾਊਲ ਨੂੰ ਮਾਰ ਸੁੱਟਣ ਦੀ ਜਾਇਜ਼ ਲੱਗਣ ਵਾਲੀ ਸਲਾਹ ਤੋਂ ਇਨਕਾਰ ਕਰਨ ਨਾਲੋਂ ਵੀ ਵਧਕੇ ਦਾਊਦ ਦੇ ਖ਼ੂਬਸੂਰਤ ਹਲੀਮ ਮਨ ਨੂੰ ਸ਼ਾਇਦ ਇਸ ਤੋਂ ਵਧੀਆ ਢੰਗ ਨਾਲ ਹੋਰ ਕਿਤੇ ਨਹੀਂ ਵੇਖਿਆ ਜਾ ਸਕਦਾ। ਆਖ਼ਰ ਸ਼ਾਊਲ ਨੂੰ ਖ਼ੁਦਾ ਵੱਲੋਂ ਪਹਿਲਾਂ ਹੀ ਠੁਕਰਾਇਆ ਜਾ ਚੁੱਕਿਆ ਸੀ ਅਤੇ ਦਾਊਦ ਯਹੋਵਾਹ ਦਾ ਮਸਹ ਕੀਤਾ ਹੋਇਆ ਸੀ। ਦਾਊਦ ਨੂੰ ਇਹ ਪਤਾ ਸੀ, ਪਰ ਉਹ ਸਿਰਫ਼ ਖ਼ੁਦਾ ਦੀ ਇੱਛਾ ਨੂੰ ਪੂਰਾ ਕਰਨ ਦੇ ਸ਼ਾਹੀ ਤਾਕਤ ਦੇ ਮਿਲਣ ਦੇ ਸਹੀ ਸਮੇਂ ਅਤੇ ਢੰਗ ਦੀ ਉਡੀਕ ਕਰਨਾ ਚਾਹੁੰਦਾ ਸੀ: ''ਯਹੋਵਾਹ ਨਾ ਕਰੇ ਭਈ ਮੈਂ ਆਪਣੇ ਸਵਾਮੀ ਨਾਲ ਜੋ ਯਹੋਵਾਹ ਵੱਲੋਂ ਮਸਹ ਕੀਤਾ ਹੋਇਆ ਹੈ ਅਜਿਹਾ ਕੰਮ ਕਰਾਂ'' (1 ਸਮੂਏਲ 24:6)। ਦਾਊਦ ਦਾ ਅੰਤਹਕਰਣ ਇਸ ਹਕੀਕਤ ਤੋਂ ਪਰੇਸ਼ਾਨ ਸੀ ਕਿ ''ਉਸ ਨੇ ਸ਼ਾਊਲ ਦੀ ਚੱਦਰ ਦਾ ਪੱਲਾ ਕੱਟ ਲਿਆ'' (1 ਸਮੂਏਲ 24:5)। ਜਿਹੜਾ ਬੰਦਾ ਸਚਮੁਚ ਵਿਚ ਹਲੀਮ ਹੈ ਉਸ ਦੀ ਇਕ ਹੋਰ ਖੂਬੀ ਉਸਦੀ ਅਧੀਨਗੀ ਹੈ।

*ਅਬਸ਼ਾਲੋਮ।* ਦਾਊਦ ਦੀ ਹਲੀਮੀ ਉਦੋਂ ਵੀ ਬੜੀ ਸਪੱਸ਼ਟਤਾ ਨਾਲ ਵਿਖਾਈ ਗਈ ਸੀ ਜਦੋਂ ਉਸ ਦੇ ਪਿਆਰੇ ਪੁੱਤਰ ਅਬਸ਼ਾਲੋਮ ਨੇ ਗੱਦੀ ਹਥਿਆਉਣ ਲਈ ਉਹਦੇ ਖਿਲਾਫ਼ ਸਾਜ਼ਿਸ਼ ਕੀਤੀ (2 ਸਮੂਏਲ 15:10–12)। ਆਪਣੀ ਜਾਨ ਅਤੇ ਆਪਣੇ ਪਰਿਵਾਰ ਦੇ ਲੋਕਾਂ ਨੂੰ ਬਚਾਉਣ ਲਈ ਦਾਊਦ ਨੂੰ ਯਰੂਸ਼ਲਮ ਤੋਂ ਭੱਜਣਾ ਪਿਆ ਸੀ (2 ਸਮੂਏਲ 15:13–18)। ਆਪਣਾ ਭਵਿੱਖ ਯਹੋਵਾਹ ਦੇ ਹੱਥ ਵਿਚ ਦਿੰਦਿਆਂ ਉਸ ਨੇ ਇਹ ਕੰਮ ਹਲੀਮੀ ਨਾਲ ਕੀਤਾ ਸੀ (2 ਸਮੂਏਲ 15:25, 26)। ਉਸ ਦੇ ਨੱਸ ਜਾਣ ਤੇ ਸ਼ਾਊਲ ਦੇ ਘਰਾਣੇ ਦੇ ਸ਼ਿਮਈ ਨਾਮ ਇਕ ਆਦਮੀ ਨੇ ਉਸ ਨੂੰ ਸ਼ਰਾਪ ਦਿੱਤਾ ਪਰ ਰਾਜੇ ਨੇ ਉਸ ਨੂੰ ਕੁਝ ਨਹੀਂ ਕਿਹਾ (2 ਸਮੂਏਲ 16:5–14)। ਯਰੂਸ਼ਲਮ ਵਿਚ ਵੜਨ ਅਤੇ

ਗੱਦੀ ਉੱਤੇ ਬੈਠ ਜਾਣ ਦੇ ਬਾਅਦ ਅਬਸ਼ਾਲੋਮ ਨੇ ਆਪਣੇ ਪਿਤਾ ਦੀਆਂ ਰਖੈਲਾਂ ਨਾਲ ਜਿਹੜੀਆਂ ਮਹਿਲ ਦੀ ਦੇਖਭਾਲ ਲਈ ਪਿੱਛੇ ਛੁੱਟ ਗਈਆਂ ਸਨ, ਸੌਂ ਕੇ ਆਪਣੇ ਪਿਤਾ ਨੂੰ ਅਪਮਾਨਿਤ ਕੀਤਾ (2 ਸਮੂਏਲ 16:20–23)। ਅਬਸ਼ਾਲੋਮ ਭਾਵੇਂ ਆਪਣੇ ਪਿਤਾ ਨੂੰ ਮਾਰ ਸੁੱਟਣ ਦੀ ਕੋਸ਼ਿਸ਼ ਵਿਚ ਸੀ (2 ਸਮੂਏਲ 17), ਪਰ ਦਾਊਦ ਆਪਣੇ ਪੁੱਤਰ ਦੀ ਜਾਨ ਬਖ਼ਸਣਾ ਚਾਹੁੰਦਾ ਸੀ। ਉਸ ਨੇ ਆਪਣੇ ਤਿੰਨ ਜਰਨੈਲਾਂ ਨੂੰ ਹਦਾਇਤ ਕੀਤੀ, ''ਮੇਰੇ ਕਾਰਣ ਉਸ ਜਵਾਨ ਅਬਸ਼ਾਲੋਮ ਨਾਲ ਨਰਮ ਵਰਤਾਓ ਕਰਨਾ'' (2 ਸਮੂਏਲ 18:5)। ਫਿਰ ਵੀ ਇਨ੍ਹਾਂ ਵਿੱਚੋਂ ਇਕ ਯੋਆਬ ਨੇ ਅਬਸ਼ਾਲੋਮ ਨੂੰ ਮਾਰ ਸੁੱਟਿਆ (2 ਸਮੂਏਲ 18:14, 15)।

ਖ਼ੁਦਾ ਦੇ ਬੰਦੇ ਦਾਊਦ ਦਾ ਜ਼ਿਕਰ ਇਬਰਾਨੀਆਂ 11 ਅਧਿਆਇ ਵਿਚ ਇਕ ਨਿਹਚਾਵਾਨ ਦੇ ਰੂਪ ਵਿਚ ਹੋਇਆ ਹੈ ਜਿਸ ਨੇ ਖ਼ੁਦਾ ਦਾ ਹੁਕਮ ਮੰਨਿਆ ਅਤੇ ਉਸ ਦੇ ਅਧੀਨ ਰਿਹਾ। ਵੱਡੀ ਅਜ਼ਮਾਇਸ਼ ਦਾ ਸਾਹਮਣਾ ਕਰਦਿਆਂ ਉਸ ਨੇ ਨਰਮਾਈ, ਜਾਂ ਹਲੀਮੀ ਵਿਖਾਈ।

**ਸੰਜਮ** (5:23)

''ਸੰਜਮ'' ਲਈ ਯੂਨਾਨੀ ਸ਼ਬਦ *enkrateia* (ਐਨਕ੍ਰੇਟੀਆ), ਮੂਲ ਸ਼ਬਦ *kratos* (ਕ੍ਰੇਟੋਸ) ਤੋਂ ਬਣਿਆ ਹੈ ਜਿਸ ਦਾ ਅਰਥ ਹੈ ''ਸ਼ਕਤੀ,'' ''ਤਾਕਤ,'' ''ਸਰਦਾਰੀ,'' ਜਾਂ ''ਕੰਟਰੋਲ।'' *Kratos* ਨੇ ਅੰਗ੍ਰੇਜ਼ੀ ਦੇ ''*dēmocracy*'' (ਡੈਮੋਕ੍ਰੇਸੀ ਭਾਵ ਲੋਕਤੰਤਰ) *autocracy* (''ਤਾਨਾਸ਼ਾਹੀ,'') *theocarys* (''ਧਰਮਤੰਤਰ'') ਵਰਗੇ ਸ਼ਬਦਾਂ ਨੂੰ ਪ੍ਰਭਾਵਿਤ ਕੀਤਾ ਹੈ। ਇਨ੍ਹਾਂ ਵਿੱਚੋਂ ਹਰ ਸ਼ਬਦਾ ਪਹਿਲਾ ਹਿੱਸਾ ਯੂਨਾਨੀ ਭਾਸ਼ਾ ਤੋਂ ਲਿਆ ਗਿਆ ਹੈ। ਸ਼ਬਦ *dēmocracy* ਤੋਂ ਭਾਵ ਲੋਕਾਂ ਦੀ ਹਕੂਮਤ ਹੈ। (1) (*dēmos*) ਦਾ ਅਰਥ ''ਲੋਕ'' ਹੈ (2) (*autos*) ''ਖੁਦਮੁਖ਼ਤਿਆਰੀ ਜਾਂ ਨਿਰਕੁਸ਼ਤਾ'' ਵੱਲ ਇਸ਼ਾਰਾ ਕਰਦਾ ਹੈ, ਕਿਉਂ ਜੋ ''*auto*'' ਦਾ ਅਰਥ ਹੈ ''ਖੁਦ।'' ''ਆਟੋਕ੍ਰੇਸੀ'' ਸ਼ਬਦ ਕਿਸੇ ਹਾਕਮ ਜਾਂ ਤਾਨਾਸ਼ਾਹ ਵੱਲੋਂ ਚਲਾਈ ਗਈ ਹਕੂਮਤ ਵਿਖਾਉਂਦਾ ਹੈ। (3) ''*Theocracy*'' ਤੋਂ ਭਾਵ ਖ਼ੁਦਾ ਦੀ ਹਕੂਮਤ ਕਿਉਂ ਜੋ ਖ਼ੁਦਾ ਜਾਂ ਰੱਬ ਲਈ *theos* ਸ਼ਬਦ ਹੈ। ਧਰਮਤੰਤਰ ਦੀ ਸਭ ਤੋਂ ਵਧੀਆ ਉਦਾਹਰਣ ਇਸਰਾਏਲ ਵਿਚ ਖ਼ੁਦਾ ਦੀ ਹਕਮੂਤ ਹੈ। ਜਿੱਥੇ ਨਿਆਂ ਪ੍ਰਣਾਲੀ, ਕਾਨੂੰਨ, ਸਿਆਸਤ, ਸਮਾਜਿਕ ਅਤੇ ਧਾਰਮਿਕ ਭਾਵ ਹਰ ਇਖ਼ਤਿਆਰ ਯਹੋਵਾਹ ਖ਼ੁਦਾ ਕੋਲ ਸੀ।

ਖ਼ੁਦਾ ਦੀ ਹਕੂਮਤ ਭਾਵੇਂ ਬਿਲਕੁਲ ਮੁਕੰਮਲ ਸੀ, ਪਰ ਕਿਵੇ ਵੀ ਅਰਥ ਵਿਚ ਤਾਨਾਸ਼ਾਹ ਨਹੀਂ ਸੀ ਬਲਕਿ ਧਾਰਮਿਕਤਾ ਅਤੇ ਭਲਿਆਈ ਅਤੇ ਪ੍ਰੇਮ ਦੀ ਮੂਰਤ ਸੀ। ਕਿਹਾ ਗਿਆ ਹੈ ਕਿ, ''ਸੱਤਾ ਭਰਸ਼ਟ ਕਰ ਦਿੰਦੀ ਹੈ ਅਤੇ ਸੰਪੂਰਣ ਸੱਤਾ ਬਿਲਕੁਲ ਭਰਸ਼ਟ ਕਰ ਦਿੰਦੀ ਹੈ।''[148] ਨਾਸਵਾਨ ਮਨੁੱਖਾਂ ਲਈ ਇਹ ਬਿਲਕੁਲ ਸੱਚ ਹੈ ਪਰ ਖ਼ੁਦਾ ਲਈ ਇਹ ਬਿਲੁਕਲ ਸੱਚ ਨਹੀਂ ਹੈ। ਉਹਦੀ ਇੱਛਾ ਮਨੁੱਖ ਨੂੰ ਬਰਕਤ ਦੇਣ ਦੀ ਹੈ, ਜਿਸ ਨੂੰ ਉਸ ਨੇ ਆਪਣੇ ਹੀ ਸਰੂਪ ਉੱਤੇ ਬਣਾਇਆ। ਧਰਤੀ ਉੱਤੇ ਆਪਣੇ ਵਜੂਦ ਦੇ ਦੁਖਦ ਨਾਟਕ ਦੇ ਮੁੱਢਲੇ ਦ੍ਰਿਸ਼ਾਂ ਵਿਚ ਮਨੁੱਖ ਜਾਤੀ ਨੇ ਖ਼ੁਦਾ ਦੇ ਸਰਵਸ਼ਕਤੀਮਾਨ ਹੋਣ ਨੂੰ ਨਕਾਰ ਦਿੱਤਾ। ਉਸ ਨੂੰ ਆਪਣਾ ਹੀ ਨੁਕਸਾਨ ਉਠਾਉਣਾ ਪਿਆ। ਕਿਉਂ ਜੋ ਉਸ ਨੇ ਪੂਰੀ ਤਰ੍ਹਾਂ ਨਾਲ ਉਸ ਸਰੂਪ ਨੂੰ ਵਿਗਾੜ ਦਿੱਤਾ ਅਤੇ ਉਸ ਦੀ ਜਿਹੜਾ ਉਸ ਸਭ ਦਾ ਜਿਹੜਾ ਹਰ ਭਲਿਆਈ ਦਾ ਵਿਰੋਧੀ ਹੈ ਜੋ ''ਇਸ ਜਗਤ ਦਾ ਸਰਦਾਰ'' ਅਖਵਾਉਂਦਾ ਹੈ, ਤਾਨਾਸ਼ਾਹੀ ਹਕੂਮਤ ਦੇ ਅਧੀਨ ਆ ਗਿਆ (ਯੂਹੰਨਾ 12:31; NIV)।

ਸਡੇ ਆਦਿ ਮਾਤਾ ਪਿਤਾ ਦੀ ਇਹ ਯੁਗਾਂ ਪੁਰਾਣੀ ਕਹਾਣੀ ਸਿਰਫ਼ ਪ੍ਰਾਚੀਨ ਇਤਿਹਾਸ ਹੀ ਨਹੀਂ ਹੈ, ਨਾ ਹੀ ਇਹ ਆਪਣੇ ਮਾਪਿਆਂ ਦਾ ਹੁਕਮ ਨਾ ਮੰਨਣ ਦੇ ਖ਼ਤਰਨਾਕ ਨਤੀਜਿਆਂ ਨੂੰ ਦੱਸਣ ਵਾਲੀ ਖਿਆਲੀ ਕਹਾਣੀ ਹੈ। ਇਸ ਦੇ ਉਲਟ ਇਹ ਹਰ ਮਨੁੱਖ ਦੀ ਅੱਜ ਦੀ ਕਹਾਂਣੀ ਹੈ। ਜਵਾਨ ਹੋਣ ਜਾਂ ਬੁੱਢੇ, ਹਰ ਯੁੱਗ ਦੇ ਦੋਸ਼ ਭਰੇ ਮਨੁੱਖੀ ਮਨ ਅੱਜ ਨਹੀਂ ਤਾਂ ਕੱਲ ਉਸ ਦੀ ਅਜ਼ਾਦੀ ਨੂੰ ਰੋਕਣ ਅਤੇ ਉਸ

ਨੂੰ ਆਪਣੇ ਵੱਸ ਵਿਚ ਕਰਨ ਵਾਲੀ ਹਰ ਕੋਸ਼ਿਸ਼ ਨੂੰ ਚੁਣੌਤੀ ਦਵੇਗਾ ਹੀ। ਅਫ਼ਸੋਸ ਦੀ ਗੱਲ ਇਹ ਹੈ ਕਿ ਇਸ ਵਿਚ ਸਾਡਾ ਸਰਵ ਪਿਆਰੇ ਸਿਰਜਣਹਾਰ ਅਤੇ ਸੁਰਗੀ ਪਿਤਾ ਵੀ ਸ਼ਾਮਿਲ ਹੈ।

ਮਨੁੱਖ ਉਸ ਨੂੰ ਭੂਮਿਕਾ ਦੀ ਥਾਂ ਜਿਸ ਨੇ ਉਸ ਨੂੰ ਜ਼ਿੰਦਗੀ ਦਿੱਤੀ ਹੈ, ਆਪਣੀ ਹੀ ਸ਼ਕਲ ਬਣਾਉਣਾ ਚਾਹੁੰਦਾ ਹੈ! ਖ਼ੁਦਾ ਉਸ ਨੂੰ ਆਪਣੀਆਂ ਬਾਹਾਂ ਵਿਚ ਲੈ ਕੇ ਆਪਣੇ ਰੱਬੀ ਸੁਭਾਅ ਦੀ ਡੂੰਘੀ ਸੰਗਤੀ ਵਿਚ ਵੇਖਣਾ ਚਾਹੁੰਦਾ ਹੈ ਜਿਹਦੇ ਲਈ ਮੂਲ ਵਿਚ ਇਸ ਨੂੰ ਬਣਾਇਆ ਗਿਆ ਹੈ (2 ਪਤਰਸ 1:2–4)। ਆਪਣੇ ਹੀ ਰਾਹ ਜਾਣ ਦਾ ਮਨੁੱਖ ਦਾ ਪੱਕਾ ਇਰਾਦਾ ਉਸ ਨੂੰ ਤਕਲੀਫ਼, ਕਲੇਸ਼ ਅਤੇ ਬਰਬਾਦੀ ਹੀ ਦਿੰਦਾ ਹੈ। ਬਹੁਤ ਪਹਿਲਾਂ ਯਿਰਮਿਯਾਹ ਨੇ ਆਖਿਆ ਸੀ, ''ਹੇ ਯਹੋਵਾਹ, ਮੈਂ ਜਾਣਦਾ ਹਾਂ, ਕਿ ਆਦਮੀ ਦਾ ਰਾਹ ਉਹ ਦੇ ਵੱਸ ਵਿਚ ਨਹੀਂ ਹੈ, ਇਹ ਮਨੁੱਖ ਦੇ ਵੱਸ ਨਹੀਂ ਕਿ ਤੁਰਨ ਲਈ ਆਪਣੇ ਕਦਮਾਂ ਨੂੰ ਕਾਇਮ ਕਰੇ'' (ਯਿਰਮਿਯਾਹ 10:23; NKJV)। ਇਹ ਬਹੁਤ ਕੁਝ ਉਸ ਛੋਟੇ ਬੱਚੇ ਵਰਗਾ ਹੈ ਜਿਹੜਾ ਖ਼ੂਬਸੂਰਤੀ ਦੇ ਹੋਰ ਬੇਹਤਰ ਨਜ਼ਾਰੇ ਲਈ ਉੱਚੇ ਪਹਾੜ ਦੀ ਚੋਟੀ ਦੇ ਸਿਰੇ ਤੋਂ ਕਾਹਲੀ ਵਿਚ ਹੇਠਾਂ ਨੂੰ ਵੇਖਣ ਲਈ ਦੌੜ ਪੈਂਦਾ ਜੇ ਉਸ ਦੀ ਮਾਤਾ ਜਾਂ ਪਿਤਾ ਉਸ ਨੂੰ ਨਾ ਰੋਕਦੇ।

ਇਹ ਉਸ ਮੂਰਖ ਨਾਲੋਂ ਜਿਹੜਾ ਭਾਵੇਂ ਸਮਝਦਾਰ ਹੀ ਹੋਵੇ, ਅੱਡ ਨਹੀਂ ਹੈ ਜਿਹੜਾ ਖ਼ੁਦਾ ਨੂੰ ਨਾ ਜਾਣਦਾ ਹੋਵੇ। ਉਸ ਨੂੰ ਸੰਕਲਪ ਜਾਂ ''ਇਰਾਦਾ'' ਵਰਗੀ ਕੋਈ ਚੀਜ਼ ਦਿੱਤੀ ਗਈ ਹੈ। ਉਹ ਜਿਸ ਨੂੰ ਅਸੀਂ ''ਅਜ਼ਾਦ ਨੈਤਿਕ ਜੀਵ'' ਆਖਦੇ ਹਾਂ, ਜਿਹਦੇ ਲਈ ਆਪਣੀ ਸਮਝ ਦੇ ਮੁਤਾਬਿਕ ਜੋ ਉਹ ਨੂੰ ਸਹੀ ਲੱਗੇ ਉਹ ਫੈਸਲਾ ਲੈਣਾ ਸੁਭਾਵਕ ਹੈ। ਬਿਨਾਂ ਯੋਗ ਕੰਟ੍ਰੋਲ, ਸੰਜਮ ਅਤੇ ਰੱਬੀ ਅਗਵਾਈ ਦੇ, ਅਦਨ ਵਾਲਾ ਦੁਖਾਂਤ, ''ਸੁਭਾਵਕ ਮਨੁੱਖ'' ਨੂੰ ਨੁਕਸਾਨ ਪਹੁੰਚਾਉਂਦਾ ਹੋਇਆ ਆਪਣੇ ਆਪ ਨੂੰ ਦੁਹਰਾਉਂਦਾ ਰਹੇਗਾ। ਮਨੁੱਖ ਬਾਰ–ਬਾਰ ਉਸ ਮਨ੍ਹਾਂ ਕੀਤੇ ਹੋਏ ਫਲ ਤਕ ਪਹੁੰਚ ਜਾਂਦਾ ਹੈ ਕਿਉਂ ਜੋ ਉਹ ਹੈ ਤਾਂ ਦਿਲਕਸ਼ ਅਤੇ ਸੁਆਦਲਾ। ਜੇ ਉਹ ਸ਼ੈਤਾਨ ਦੇ ਝੂਠ ਤੇ ਵਿਸ਼ਵਾਸ ਕਰ ਲਵੇ ਤਾਂ ਇਹ ਉਸ ਨੂੰ ਵੀ ਖ਼ੁਦਾ ਦੇ ਵਰਗਾ ਬੁੱਧਵਾਨ ਬਣਾ ਦਵੇਗਾ (ਉਤਪਤ 3:5, 6; ਵੇਖੋ ਯਾਕੂਬ 1:13–15; 1 ਯੂਹੰਨਾ 2:15–17)। ਯਿਸੂ ਨੇ ਉਨ੍ਹਾਂ ਯਹੂਦੀਆਂ ਨੂੰ ਜਿਹੜੇ ਉਸ ਦਾ ਵਿਰੋਧ ਕਰ ਰਹੇ ਸਨ, ਜਵਾਬ ਦਿੱਤਾ, ''ਤੁਸੀਂ ਆਪਣੇ ਪਿਉ ਸ਼ੈਤਾਨ ਤੋਂ ਹੋ ਅਤੇ ਆਪਣੇ ਪਿਉ ਦੀਆਂ ਕਾਮਨਾਂ ਦੇ ਅਨੁਸਾਰ ਕਰਨਾ ਚਾਹੁੰਦੇ ਹੋ। ਉਹ ਤਾ ਮੁੱਢੋਂ ਮਨੁੱਖ ਘਾਤਕ ਸੀ ਅਤੇ ਸਚਿਆਈ ਉੱਤੇ ਟਿਕਿਆ ਨਾ ਰਿਹਾ ਕਿਉਂਕਿ ਉਸ ਵਿਚ ਸਚਿਆਈ ਹੈ ਨਹੀਂ ...'' (ਯੂਹੰਨਾ 8:44)।

ਸੰਜਮ ਦੀ ਘਾਟ, ਅਜ਼ਾਦੀ ਦੁਆਉਣ ਦੀ ਬਜਾਇ ਪਾਪ ਦਾ ਗੁਲਾਮ ਬਣਾ ਦਿੰਦੀ ਹੈ। ਤੌਬਾ ਕਰਕੇ ਅਤੇ ਹੁਕਮ ਮੰਨ ਕੇ ਯਿਸੂ ਵੱਲ ਨਾ ਫਿਰਨ ਵਾਲੇ ਨਿਰਬੁੱਧ, ਢੀਠ ਅਤੇ ਘੁਮੰਡੀ ਲੋਕਾਂ ਦਾ ਹਸ਼ਰ ਹਮੇਸ਼ਾ ਦੀ ਸਜ਼ਾ ਹੈ। ਆਪਣੇ ਸਮੇਂ ਦੀ ਬੁਰਿਆਈ ਦਾ ਜਵਾਬ ਦਿੰਦਿਆਂ ਪਤਰਸ ਨੇ ਇਹ ਯਕੀਨ ਦੁਆਉਣ ਵਾਲੀਆਂ ਗੱਲਾਂ ਲਿਖੀਆਂ:

> ... ਪ੍ਰਭੂ ਭਗਤਾਂ ਨੂੰ ਪਰਤਾਵੇ ਵਿੱਚੋਂ ਕੱਢਣਾ ਅਤੇ ਕੁਧਰਮੀਆਂ ਨੂੰ ਨਿਆਉਂ ਦੇ ਦਿਨ ਤੀਕ ਸਜ਼ਾ ਹੇਠ ਰੱਖਣਾ ਜਾਣਦਾ ਹੈ! ਪਰ ਬਹੁਤ ਕਰਕੇ ਉਨ੍ਹਾਂ ਨੂੰ ਜਿਹੜੇ ਸਰੀਰ ਦੇ ਅਨੁਸਾਰ ਗੰਦੀ ਕਾਮਨਾ ਵਿਚ ਚੱਲਦੇ ਹਨ ਅਤੇ ਹਕੂਮਤ ਨੂੰ ਤੁੱਛ ਜਾਣਦੇ ਹਨ (2 ਪਤਰਸ 2:9, 10ੳ)।

ਆਓ ਉਸ ਕੁਧਰਮ ਅਤੇ ਦੁਸ਼ਟਤਾ ਵੱਲ ਧਿਆਨ ਦਈਏ ਜੋ ਸਾਡੇ ਆਪਣੇ ਸਮੇਂ ਵਿਚ ਸਾਡੇ ਆਲੇ ਦੁਆਲੇ ਪਾਈ ਜਾਂਦੀ ਹੈ। ਕੁਝ ਲੋਕ ਜਿਹੜੇ ਆਪਣੀ ਅਨੈਤਿਕ ਜੀਵਨ ਸ਼ੈਲੀ ਨੂੰ ਸਹਿਨ ਕਰਨ ਦੀ ਮੰਗ ਕਰਦੇ ਹਨ। ਉਹ ਇਹ ਐਲਾਨ ਕਰਦੇ ਹਨ ਕਿ ਇਹ ਸਹਿਨ ਯੋਗ ਨਹੀਂ ਹੈ। ਸਚਮੁਚ ''ਦਿਨ ਬੁਰੇ ਹਨ'' (ਅਫ਼ਸੀਆਂ 5:16)।

ਉਨ੍ਹਾਂ ਪ੍ਰਾਣੀਆਂ ਦੇ ਰੂਪ ਵਿਚ ਜਿਹੜੇ ਸੰਸਾਰ ਵਿਚ ''ਜੀਉਂਦੇ ਅਤੇ ਤੁਰਦੇ ਫਿਰਦੇ ਅਤੇ ਮੌਜੂਦ'' ਹਨ (ਰਸੂਲਾਂ ਦੇ ਕਰਤੱਬ 17:28; NIV), ਸਾਨੂੰ ਆਮ ਤੌਰ ਤੇ ਸੰਸਾਰ ਵਾਂਗ ਨਾ ਸੋਚਣਾ ਔਖਾ

ਲਗਦਾ ਹੈ। ਦੁਆ ਕਰਦਿਆਂ ਯਿਸੂ ਨੇ ਆਪਣੇ ਚੇਲਿਆਂ ਲਈ ਕਿਹਾ ਸੀ, ''ਉਹ ਜਗਤ ਦੇ ਨਹੀਂ ਹਨ ਜਿਵੇਂ ਮੈਂ ਜਗਤ ਦਾ ਨਹੀਂ ਹਾਂ'' (ਯੂਹੰਨਾ 17:16; ਵੇਖੋ ਫ਼ਿਲਿੱਪੀਆਂ 3:20, 21)।

ਇਤਿਹਾਸ ਵਿਚ ਪਿੱਛੇ ਮੁੜ ਕੇ ਜਦ ਅਸੀਂ ਵੇਖਦੇ ਹਾਂ ਤਾਂ ਅਸੀਂ ਉਨ੍ਹਾਂ ''ਮਹਾਨ'' ਲੋਕਾਂ ਨੂੰ ਵੇਖਦੇ ਹਾਂ ਜਿਨ੍ਹਾਂ ਨੇ ਤਾਕਤ ਅਤੇ ਪੱਕੇ ਇਰਾਦੇ ਨਾਲ ਹਿੰਮਤ ਨਾਲ ਵੱਡੀਆਂ ਵੱਡੀਆਂ ਹਕੂਮਤਾਂ ਨੂੰ ਜਿੱਤ ਕੇ ਕਿਲ੍ਹਾਨੁਮਾ ਸ਼ਹਿਰਾਂ ਨੂੰ ਭਸਮ ਕਰ ਦਿੱਤਾ। ਅਸੀਂ ਸਿਕੰਦਰ ਮਹਾਨ ਬਾਰੇ ਸੋਚਦੇ ਹਾਂ ਜਿਸ ਨੇ ਆਪਣੀ ਹਕੂਮਤ ਭਾਰਤ ਦੇ ਦਰਿਆਵਾਂ ਤਕ ਪੂਰਬ ਤਕ ਫੈਲਾਅ ਦਿੱਤੀ। ਉਸ ਦੀ ਸਭ ਤੋਂ ਵੱਡੀ ਚੁਣੌਤੀ ਸ਼ਾਇਦ ਸੂਰ ਨਾਮਕ ਨਗਰ ਸੀ ਜਿਸ ਦਾ ਇਕ ਹਿੱਸਾ ਟਾਪੂ ਦੇ ਕਦੇ ਕੰਢੇ ਤੇ ਅਤੇ ਦੂਜਾ ਫੀਨੀਕੇ ਦੇ ਮੁੱਖ ਕੰਢੇ ਤੇ ਸੀ। ਸਿਕੰਦਰ ਨੇ ਮਹਾਦੀਪ ਨੂੰ ਅਸਾਨੀ ਨਾਲ ਹਰਾ ਦਿਤਾ ਸੀ। ਪਰ ਉਸ ਜਮਾਨੇ ਵਿਚ ਸਮੁੰਦਰ ਜਹਾਜ ਨਾ ਹੋਣ ਕਰਕੇ ਉਸ ਨੂੰ ਵਾਪੂ ਉੱਤੇ ਨਵੇਂ ਸ਼ਹਿਰ ਨੂੰ ਹਰਾਉਣ ਲਈ ਕੋਈ ਦੂਜਾ ਰਸਤਾ ਲੱਭਣਾ ਪੈਣਾ ਸੀ। ਅਖ਼ੀਰ ਵਿਚ ਉਸ ਨੇ ਮਹਾਦੀਪ ਤੋਂ ਟਾਪੂ ਦੇ ਕਿਲ੍ਹੇ ਤਕ ਇਕ ਪੁਲ ਬਣਾ ਕੇ ਮੁਸ਼ਕਿਲ ਹੱਲ ਕਰ ਲਈ। ਇਸ ਵੱਡੇ ਕੰਮ ਲਈ ਟਾਪੂ ਦੇ ਲੋਕਾਂ ਵੱਲੋਂ ਵੱਡਾ ਵਿਰੋਧ ਹੋਇਆ ਅਤੇ ਸਿਕੰਦਰ ਨੇ ਲਗਭਗ ਇਸ ਕੰਮ ਨੂੰ ਛੱਡ ਹੀ ਦਿੱਤਾ ਸੀ। ਅਖ਼ੀਰ ਵਿਚ ਉਸ ਦੀ ਮਦਦ ਲਈ 120 ਜਹਾਜ਼ ਆ ਗਏ ਅਤੇ ਪੁਲ ਨੂੰ ਪੂਰਾ ਕੀਤਾ, ਕਿਲ੍ਹੇ ਉੱਤੇ ਹਮਲਾ ਕਰਕੇ ਇਸ ਨੂੰ ਢਾਹ ਦਿੱਤਾ। ਇਸ ਕਾਰਨਾਮੇ ਨੂੰ ਕਰਨ ਲਈ ਉਸ ਨੂੰ ਸੱਤ ਮਹੀਨੇ ਲੱਗ ਗਏ।[149]

ਉਸ ਦੀਆਂ ਫ਼ੌਜਾਂ ਅਪਮਾਨਜਨਕ ਅਤੇ ਇਸ ਮੁਸ਼ਕਿਲ ਕੰਮ ਨੂੰ ਕਰਕੇ ਦੁਖੀ ਹੋ ਰਹੀਆਂ ਹੋਣਗੀਆਂ। ਪਰ ਸਿਕੰਦਰ ਦੇ ਕਾਰਨਾਮਿਆਂ ਨੂੰ ਜਾਣਨ ਵਾਲੇ ਸਭ ਲੋਕ ਇਸ ਨੂੰ ਵੱਡੀਆਂ ਤੋਂ ਵੱਡੀਆਂ ਫ਼ੌਜੀ ਪ੍ਰਾਪਤੀਆਂ ਵਿੱਚੋਂ ਇਕ ਮੰਨਣਗੇ। ਅਸੀਂ ਇਸ ਗੱਲ ਤੋਂ ਇਨਕਾਰ ਨਹੀਂ ਕਰਦੇ ਕਿ ਮਕਦੂਨੀਆਂ ਦਾ ਸਿਕੰਦਰ ਮਸੀਹ ਤੇ ਆਉਣ ਲਈ ਪੂਰਬ ਸਾਗਰ ਦੇ ਪੂਰਬ ਦੇ ਦੇਸ਼ਾਂ ਵਿਚ ਯੂਨਾਨੀ ਭਾਸ਼ਾ ਅਤੇ ਸੱਭਿਅਤਾ ਨੂੰ ਫੈਲਾਉਣ ਲਈ ਦੁਨੀਆਂ ਨੂੰ ਤਿਆਰ ਕਰਨ ਲਈ ਖ਼ੁਦਾ ਦਾ ਜ਼ਬਰਦਸਤ ਅਤੇ ਸ਼ਕਤੀਸ਼ਾਲੀ ਵਸੀਲਾ ਸੀ। ਇਸ ਨਾਲ ਬਹੁਭਾਸ਼ਾ ਦਾ ਉਹ ਮਾਧਿਅਮ ਮਿਲਿਆ ਜਿਸ ਵਿਚ ਪੁਰਾਣੇ ਨੇਮ ਦਾ ਅਨੁਵਾਦ ਕੀਤਾ ਜਾਣਾ (LXX)) ਅਤੇ ਨਵੇਂ ਨੇਮ ਦਾ ਲਿਖਿਆ ਜਾਣਾ ਸੀ। ਫਿਰ ਵੀ ਦੂਰ ਦੇ ਭੂਮੱਧ ਸਾਗਰ ਦੇ ਵਪਾਰਕ ਕੇਂਦਰ ਦੀ ਉਸ ਦੀ ਹਾਰ ਦੇ ਸਬੰਧ ਵਿਚ ਸੁਲੇਮਾਨ ਦੀ ਗੱਲ ਢੁਕਵੀਂ ਹੈ ਕਿ ''ਜਿਹੜਾ ਕ੍ਰੋਧ ਵਿਚ ਧੀਮਾ ਹੈ ਉਹ ਸੂਰਬੀਰ ਨਾਲੋਂ ਅਤੇ ਆਪਣੀ ਰੂਹ ਨੂੰ ਵੱਸ ਵਿਚ ਰੱਖਣ ਵਾਲਾ, ਸ਼ਹਿਰ ਦੇ ਜਿੱਤਣ ਵਾਲੇ ਨਾਲੋਂ ਚੰਗਾ ਹੈ'' (ਕਹਾਉਤਾਂ 16:32)।

ਅਸੀਂ ਦੁਨੀਆਂ ਦੇ ਸਭ ਤੋਂ ਵੱਡੇ ਫੌਜੀ ਜਰਨੈਲਾਂ ਵਿੱਚੋਂ ਇਕ ਸਿੰਕਦਰ ਦੇ ਸ਼ਾਨਦਾਰ ਕਾਰਨਾਮਿਆਂ ਤੇ ਹੈਰਾਨ ਹੋਏ ਬਗੈਰ ਨਹੀਂ ਰਹਿ ਸਕਦੇ। ਉਹ ਪ੍ਰੇਰਣਾਦਾਇਕ ਲੀਡਰਸ਼ਿਪ ਦੇ ਗੁਣਾਂ ਵਾਲਾ ਇਕ ਅਜਿਹਾ ਨਮੂਨਾ ਬਣ ਗਿਆ ਕਿ ਭਾਵੇਂ ਕੁਝ ਵੀ ਹੋ ਜਾਵੇ, ਹਜ਼ਾਰਾਂ ਲੋਕ ਉਹਦੇ ਮਗਰ ਚੱਲਣ ਲਈ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਹੋ ਜਾਣ। ਇਸੇ ਤਰ੍ਹਾਂ ਨਾਲ ਆਪਣੀ ਜ਼ਿੰਦਗੀ ਦੇ ਸਿਖ਼ਰ ਤੇ, ਸੰਜਮ ਨਾ ਹੋਣ ਕਰਕੇ ਉਹ ਅਖ਼ੀਰ ਵਿਚ ਨਾਕਾਮ ਹੋ ਗਿਆ। ਜੰਗ ਵਿਚ ਕੀਰਤੀਵਾਨ ਹੋਣ ਦੇ ਬਾਵਜੂਦ ਉਹ ਸ਼ਾਂਤੀ ਵਿਚ ਨਾਕਾਮ ਰਿਹਾ। ਬੁਰਿਆਈ, ਸ਼ਰਾਬ ਅਤੇ ਕ੍ਰੋਧ ਦੇ ਬੇਲਗਾਮ ਦੌਰਿਆਂ ਦੇ ਵੱਸ ਵਿਚ ਆਣ ਕੇ ਉਸ ਨੇ ਆਪਣੇ ਸਭ ਤੋਂ ਪਿਆਰੇ ਦੋਸਤ ਨੂੰ ਮਾਰ ਦਿੱਤਾ, ਆਪਣੀ ਖਰਾਬ ਕੀਤੀ ਸਿਹਤ ਅਤੇ ਬੱਤੀ ਸਾਲਾਂ ਦੀ ਜਵਾਨੀ ਵਿਚ ਹੀ ਮਰ ਗਿਆ। ਉਹ ''ਮਹਾਨ'' ਸੀ ਅਤੇ ਅੱਜ ਵੀ ਉਸ ਨੂੰ ਮਹਾਨ ਹੀ ਮੰਨਿਆ ਜਾਂਦਾ ਹੈ। ਜੰਗ ਵਿਚ ਆਪਣੀ ਦਲੇਰੀ ਵਾਲੀ ਖੂਬੀ ਨਾਲ ਉਸ ਨੇ ਆਪਣੀਆਂ ਫ਼ੌਜਾਂ ਨੂੰ ਆਪਣੇ ਤੋਂ ਵੱਡੀਆਂ ਫ਼ੌਜਾਂ ਉੱਤੇ ਫ਼ਤਹਿ ਦੁਆਈ। ਪਰ ਸਚਿਆਈ ਦੇ ਪਲ ਵਿਚ, ਸਿੰਕਦਰ ਆਪਣੀ ਸਭ ਤੋਂ ਨਿਰਣਾਇਕ ਤਰੀਫ਼ ਵਿਚ ਨਾਕਾਮ ਹੋ ਗਿਆ ਅਤੇ ਉਸ ਨੇ ਆਪਣੇ ਹੀ ਮਨ ਨੂੰ ਜਿੱਤਣ ਅਤੇ ਕਾਬੂ ਪਾਉਣ ਦੀ ਆਪਣੀ ਅਯੋਗਤਾ ਨੂੰ ਵਿਖਾ ਦਿੱਤਾ।

**''ਇਕ ਦੂਜੇ ਨੂੰ ਖਿਝਾਉਣਾ''** (5:26)

ਪੌਲੁਸ ਨੇ ਇਸ ਭਾਗ ਨੂੰ ਇਹ ਆਖਦਿਆਂ ਹੋਇਆਂ ਖ਼ਤਮ ਕੀਤਾ, ''ਅਸੀਂ ਫੋਕਾ ਘੁਮੰਡ ਨਾ ਕਰੀਏ ਭਈ ਇਕ ਦੂਏ ਨੂੰ ਖਿਝਾਈਏ ਅਤੇ ਇਕ ਦੂਏ ਨਾਲ ਖਾਰ ਕਰੀਏ'' (5:26)। ਮਸੀਹੀ ਆਦਮੀ ਨੂੰ ਦੂਜਿਆਂ ਨੂੰ ਚਿੜਾਉਣ ਜਾਂ ਖਿਝਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਝਗੜੇ ਜਾਂ ਵਿਵਾਦ ਹੋਣਗੇ ਹੀ ਨਹੀਂ। ਕਈ ਵਾਰ ਸਚਿਆਈ ਦੀ ਖ਼ਾਤਰ ਬਹਿਸ ਵਿਚ ਭਾਗ ਲੈਣਾ ਜ਼ਰੂਰੀ ਹੁੰਦਾ ਹੈ। ਉਦਾਹਰਣ ਲਈ, ਯਹੂਦਾ ਨੇ ਆਖਿਆ, ''ਓਸ ਨਿਹਚਾ ਦੇ ਲਈ ਜਿਹੜਾ ਇੱਕੋ ਹੀ ਵਾਰ ਸੰਤਾਂ ਨੂੰ ਸੌਂਪੀ ਗਈ ਸੀ ਜਤਨ ਕਰੋ'' (ਯਹੂਦਾਹ 3)। ''ਜਤਨ ਕਰੋ''(*epagōnizomai*, ਐਪਾਗੋਨਿਜ਼ੋਮੇ) ਸ਼ਬਦ ਵਿੱਚੋਂ ਨਿੱਕਲਿਆ ਹੈ ਜੋ ਕਿ ਖੇਡਾਂ ਵਿਚ ਵਰਤਿਆ ਜਾਣ ਵਾਲਾ ਤਿੱਖਾ ਸ਼ਬਦ ਜਿਸ ਨੂੰ ਤਾਕਤ ਨਾਲ ਮੁਕਾਬਲਾ ਕਰਨ ਦੇ ਅਰਥ ਵਿਚ ਵਰਤਿਆ ਜਾਂਦਾ ਹੈ। ਜਦ ਸਾਡੀ ਨਿਹਚਾ ਦੀ ਜਾਂ ਭਾਵੇਂ ਇੰਜੀਲ ਦੀ ਹੀ ਗੱਲ ਹੁੰਦੀ ਹੈ ਤਾਂ ਸਾਨੂੰ ਐਨੇ ਚੰਗੇ ਨਹੀਂ ਬਣ ਜਾਣਾ ਚਾਹੀਦਾ ਕਿ ਅਸੀਂ ਇਹ ਸੋਚ ਲਈਏ ਕਿ ਇਹ ਇਕ ਅਜਿਹੀ ਗੱਲ ਹੈ ਜਿਹੜੀ ਮਸੀਹੀ ਆਦਮੀ ਨੂੰ ਨਹੀਂ ਕਰਨੀ ਚਾਹੀਦੀ।[150]

ਅਸੀਂ ਇਸਤੀਫ਼ਾਨ ਦੀ ਉਦਾਹਰਣ ਤੇ ਵੀ ਵਿਚ ਕਰ ਸਕਦੇ ਹਾਂ, ਜਦ ''ਉਸ ਸਮਾਜ ਵਿੱਚੋਂ ਜੋ ਲਿਬਰਤੀਨੀਆਂ ਦੀ ਕਹਾਉਂਦੀ ਹੈ'' ਕੁਝ ਲੋਕਾਂ ਨੇ ਉਸ ਦਾ ਸਾਹਮਣਾ ਕੀਤਾ। ਉਸ ਦਾ ਸੰਦੇਸ਼ ਸੁਣ ਕੇ ਉਹ ''ਉੱਠ ਕੇ ਇਸਤੀਫਾਨ ਨਾਲ ਬਹਿਸ (*suzēteō*, ਸੁਜੇਟਿਓ) ਕਰਨ ਲੱਗਿਆ।'' ''ਪਰ ਓਹ ਉਸ ਬੁੱਧ ਅਰ ਆਤਮਾ ਦਾ ਜਿਹ ਦੇ ਨਾਲ ਉਹ ਗੱਲਾਂ ਕਰਦਾ ਸੀ ਸਾਹਮਣਾ ਨਾ ਕਰ ਸੱਕੇ'' (ਰਸੂਲਾਂ ਦੇ ਕਰਤੱਬ 6:9, 10)। ਕਿਰਿਆ ਸ਼ਬਦ *suzēteō* ਜਿਸ ਦਾ ਅਨੁਵਾਦ ''ਬਹਿਸ'' ਹੋਇਆ ਹੈ,[151] ਇਸਤੀਫ਼ਾਨ ਦੇ ਵਿਰੋਧੀਆਂ ਲਈ ਵਰਤਿਆ ਗਿਆ ਹੈ ਕਿਉਂ ਜੋ ਉਹਦੇ ਨਾਲ ਬਹਿਸ ਕਰ ਰਹੇ ਸਨ। ਬੇਸ਼ੱਕ ਉਨ੍ਹਾਂ ਦੀਆਂ ਗੱਲਾਂ ਨਫ਼ਰਤ ਅਤੇ ਫਰੇਬ ਨਾਲ ਭਰੀਆਂ ਸਨ (ਰਸੂਲਾਂ ਦੇ ਕਰਤੱਬ 6:11, 12)। ਇਸਤੀਫਾਨ ਨੇ ਖ਼ੁਦਾ ਦੇ ਵਚਨ ਦੀ ਸਚਿਆਈ ਨਾਲ ਉਨ੍ਹਾਂ ਦੇ ਹਮਲਿਆਂ ਦਾ ਜਵਾਬ ਦੇਣ ਵਿਚ ਕੋਈ ਝਿਜਕ ਨਹੀਂ ਕੀਤੀ। ਉਹ ਦਲੇਰ ਸੀ ਅਤੇ ਦੋਸ਼ੀ ਠਹਿਰਾਇਆ ਗਿਆ, ਪਰ ਉਸ ਦੀਆਂ ਗੱਲਾਂ ਉਨ੍ਹਾਂ ਗੁਅਚੀਆਂ ਹੋਈਆਂ ਰੂਹਾਂ ਲਈ ਪ੍ਰੇਮ ਨਾਲ ਭਰੀਆਂ ਸਨ। ਉਨ੍ਹਾਂ ਦੇ ਉਸ ਨੂੰ ਪਥਰਾਅ ਕਰਕੇ ਮਾਰ ਸੁੱਟਣ ਤੇ ਪਹਿਲੇ ਮਸੀਹੀ ਸ਼ਹੀਦ ਦੇ ਰਹਿਮ ਨਾਲ ਭਰੇ ਇਹ ਸ਼ਬਦ ਹਨ: ''ਹੇ ਪ੍ਰਭੂ ਇਹ ਪਾਪ ਉਨ੍ਹਾਂ ਦੇ ਜੁਮੇ ਨਾ ਲਾ!'' (ਰਸੂਲਾਂ ਦੇ ਕਰਤੱਬ 7:60ੳ)।

ਮਸੀਹੀ ਆਦਮੀ ਲਈ ਜਿਹੜਾ ਪ੍ਰਭੂ ਅਤੇ ਇੰਜੀਲ ਦੀ ਸਚਿਆਈ ਦੀ ਖਾਤਿਰ ਕਿਸੇ ਵਰੋਧੀ ਨਾਲ ਆਪਣੇ ਆਪ ਨੂੰ ਬਹਿਸ ਕਰਦਿਆਂ ਹੁੰਦਾ ਹੈ, ਬਾਈਬਲ ਵਿਚ ਸ਼ਾਇਦ ਇਸ ਨਾਲੋਂ ਅਹਿਮ ਹੋਰ ਕੋਈ ਸਬਕ ਨਹੀਂ ਹੈ। ਅਸੀਂ ਸਭ ''ਬਹਿਸ'' ਤੋਂ ਵਾਕਫ਼ ਹਾਂ ਜਿਸ ਵਿਚ ਅਸੀਂ ਸਭ ਉਨ੍ਹਾਂ ਬਹਿਸਾਂ (ਡਿਬੇਟਾਂ) ਤੋਂ ਜਾਣੂ ਹਾਂ ਜਿਸ ਵਿਚ ਇੰਜੀਲ ਦੇ ਸੰਦੇਸ਼ ਵਿਚ ਹੋਣ ਵਾਲੇ ਯੋਧਿਆਂ ਨੇ ਨਿਰਣਾਇਕ ਢੰਗ ਨਾਲ ਆਪਣੇ ਵਿਰੋਧੀਆਂ ਨੂੰ ਹਰਾਇਆ ਸੀ ਅਤੇ ਮਸੀਹ ਦੇ ਕੰਮ ਦੇ ਵੈਰੀਆਂ ਨੂੰ ਨੰਗਿਆਂ ਕੀਤਾ। ਅਸੀਂ ਉਨ੍ਹਾਂ ਬਹਿਸਾਂ (ਡਿਬੇਆਂ) ਨੂੰ ਵੀ ਜਾਣਦੇ ਹਾਂ ਜਿਹੜੀ ਅੱਜ ਵੀ ਕਿਤਾਬਾਂ ਵਿਚ ਛਪੀਆਂ ਹਨ ਜਿਨ੍ਹਾਂ ਨਾਲ ਲੱਖਾਂ ਦੀ ਗਿਣਤੀ ਵਿਚ ਲੋਕਾਂ ਨੇ ਵਿਸ਼ਵਾਸ ਕੀਤਾ, ਇਸ ਦੇ ਸੰਦੇਸ਼ ਦੀ ਪ੍ਰਭਾਵਸ਼ਾਲੀ ਪੇਸ਼ਕਸ਼ ਨਾਲ ਹੀ ਨਹੀਂ ਬਲਕਿ ਪੇਸ਼ ਕਰਨ ਵਾਲੇ ਦੇ ਸਚਿਆਈ ਅਤੇ ਪਿਆਰ ਭਰੇ ਮਨ ਨਾਲ ਪੇਸ਼ ਕਰਨ ਕਰਕੇ ਵੀ।

ਮੰਨਿਆ ਕਿ ਕਿਸੇ ਗੱਲ ਦੀ ਜੋਸ਼ੀਲੀ, ਜਨੂੰਨੀ ਚਰਚਾ ਜਿਸ ਵਿਚ ਕਿਸੇ ਦਾ ਐਨਾਂ ਯਕੀਨ ਹੋਵੇ ਕਿ ਉਹ ਉਹਦੇ ਲਈ ਮਰਨ ਵਾਸਤੇ ਤਿਆਰ ਹੋਵੇ, ਆਪਣੇ ਆਪ ਵਿਚ ਬੜੀ ਕੁੱਵਤ ਰੱਖਦਾ ਹੈ। ਇਸ ਵਿਚ ਨਾਸ ਕਰਨ ਅਤੇ ਬਚਾਉਣ ਦੋਹਾਂ ਤਰ੍ਹਾਂ ਦੀ ਕੁੱਵਤ ਹੈ। ਸਮਰਪਿਤ ਚੇਲੇ ਲਈ ਸੰਭਵ ਤੌਰ ਤੇ ਇਹ ਕੀਤੇ ਜਾਣ ਵਾਲੇ ਸਭ ਤੋਂ ਮੁਸ਼ਕਿਲ ਕੰਮਾਂ ਵਿੱਚੋਂ ਇਕ ਹੈ।

ਅਜਿਹਾ ਨਹੀਂ ਹੋ ਸਕਦਾ ਕਿ ਇੰਜੀਲ ਸੁਣਾਈ ਜਾਵੇ ਅਤੇ ਉਸ ਦਾ ਵਰੋਧ ਨਾ ਹੋਵੇ। ਇਹ ਸਿੱਧੀ ਜਿਹੀ ਗੱਲ ਹੈ ਕਿ ਬੁਰਿਆਈ ਸਚਿਆਈ ਤੋਂ ਨਫ਼ਰਤ ਕਰਦੀ ਹੈ। ਹਾਬਲ ਨੇ ਕਇਨ ਦਾ ਕਤਲ ਕਿਉਂ ਕੀਤਾ? ਖ਼ੁਦਾ ਦੇ ਧਰਤੀ ਉੱਤੇ ਵਿਚਰਣ ਲਈ ਆਪਣੇ ਸਭ ਤੋਂ ਧਰਮੀ ਅਤੇ ਪਿਆਰੇ ਵਿਅਕਤੀ, ਆਪਣੇ ਪੁੱਤਰ ਨੂੰ ਘੱਲਣ ਤੇ ਉਸ ਦੇ ਆਪਣੇ ਹੀ ਲੋਕਾਂ ਨੇ ਉਸ ਨੂੰ ਕਿਉਂ ਮਾਰ ਸੁੱਟਿਆ? ਉਨ੍ਹਾਂ ਨੇ ਉਸ ਨੂੰ ਧਰਤੀ ਉੱਤੋ ਕਿਉਂ ਮਿਟਾ ਦਿੱਤਾ। ਰਸੂਲ ਯੂਹੰਨਾ ਨੇ ਅਜਿਹੇ ਹੀ ਸਵਾਲਾਂ ਦਾ ਜਵਾਬ ਇਨ੍ਹਾਂ ਸ਼ਬਦਾਂ ਨਾਲ ਦਿੱਤਾ:

> ਅਤੇ ਦੋਸ਼ੀ ਠਹਿਰਨ ਦਾ ਇਹ ਕਾਰਣ ਹੈ ਕਿ ਚਾਨਣ ਜਗਤ ਵਿਚ ਆਇਆ ਅਤੇ ਮਨੁੱਖਾਂ ਨੇ ਏਸ ਲਈ ਭਈ ਉਨ੍ਹਾਂ ਦੇ ਕੰਮ ਭੈੜੇ ਸਨ ਅਨ੍ਹੇਰੇ ਨੂੰ ਚਾਨਣ ਨਾਲੋਂ ਵਧੀਕ ਪਿਆਰ ਕੀਤਾ। ਹਰੇਕ ਜੋ ਮੰਦੇ ਕੰਮ ਕਰਦਾ ਹੈ ਸੋ ਚਾਨਣ ਨਾਲ ਵੈਰ ਰੱਖਦਾ ਹੈ ਅਤੇ ਚਾਨਣ ਕੋਲ ਨਹੀਂ ਆਉਂਦਾ ਕਿਤੇ ਐਉਂ ਨਾ ਹੋਵੇ ਜੋ ਉਹ ਦੇ ਕੰਮ ਜ਼ਾਹਰ ਹੋਣ। ਪਰ ਜਿਹੜਾ ਸੱਚ ਕਰਦਾ ਹੈ ਉਹ ਚਾਨਣ ਕੋਲ ਆਉਂਦਾ ਹੈ ਇਸ ਲਈ ਜੋ ਉਹ ਦੇ ਕੰਮ ਪਰਗਟ ਹੋਣ ਭਈ ਓਹ ਪਰਮੇਸ਼ੁਰ ਵਿਚ ਕੀਤੇ ਹੋਏ ਹਨ (ਯੂਹੰਨਾ 3:19–21)।

---

ਟਿੱਪਣੀਆਂ

[1]ਵੇਖੋ ਮੱਤੀ 5:10–12; ਰੋਮੀਆਂ 5:3–5; 2 ਕੁਰਿੰਥੀਆਂ 1:3–7; ਇਬਰਾਨੀਆਂ 10:32–36; 12:1–11; ਯਾਕੂਬ 1:2–4; 5:10, 11. [2]ਸੀਰਾਚ (ਪ੍ਰਵਕਤਾ ਗ੍ਰੰਥ) 51:23–26 (NASB)। [3]''ਪ੍ਰਭੂ'' ਜਾਂ ''ਸੁਆਮੀ'' ਲਈ ਇਬਰਾਨੀ ਸ਼ਬਦ *rab* (ਰੱਬ) ਹੈ, ਜਦਕਿ ''ਮੇਰੇ ਪ੍ਰਭੂ'' ਜਾਂ ''ਮੇਰੇ ਸੁਆਮੀ'' ਲਈ *rabbi* (ਰੱਬੀ) ਹੈ। [4]*ਥਿਓਲੋਜਿਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ,* ਸੰਪਾ. ਗਰਹਰਡ ਕਿੱਟਲ, ਅਨੁ. ਅਤੇ ਸੰਪਾ. ਜਿਉਫਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1964), 2:900–1 ਵਿਚ ਕਾਰਲ ਹੈਨਰਿਚ ਰੈਂਗ ਕਾਨ, ''*suyos*'' ਹੈ। [5]ਇਸ ਸ਼ਬਦ ਦੇ ਕਿਰਿਆ ਰੂਪ ਦਾ ਸ਼ਾਬਦਿਕ ਅਰਥ ਹੈ ''ਆਲੇ ਦੁਆਲੇ ਤੋਂ ਕੱਟਣਾ'' (ਵਿਲੀਅਮ ਡੀ. ਮਾਉਂਸ, ਸੰਪਾ., *ਮਾਉਂਸ ਕੰਪਲੀਟ ਐਕਸਪੋਜ਼ਿਟਰੀ ਡਿਕਸ਼ਨਰੀ ਆਫ਼ ਓਲਡ ਐਂਡ ਨਿਊ ਟੈਸਟਾਮੈਂਟ ਵਰਡਸ* [ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2006], 111)। [6]ਵੇਖੋ ਲੇਵੀਆਂ ਦੀ ਪੋਥੀ 12:1–3; ਲੂਕਾ 1:59; 2:21; ਯੂਹੰਨਾ 7:22, 23; ਫ਼ਿਲਿੱਪੀਆਂ 3:4, 5. [7]2:12, ਕੁਲੁੱਸੀਆਂ 4:11, ਅਤੇ ਤੀਤੁਸ 1:10 ਵਿਚ ਯਹੂਦੀ ਮਸੀਹੀਆਂ ਨੂੰ ''ਸੁੰਨਤੀਆਂ'' ਅਤੇ ਕਰਤੱਬ 10:45 ਵਿਚ ''ਸੁੰਨਤ ਕੀਤੇ ਹੋਏ ਨਿਹਚਾਵਾਨ'' ਦੇ ਰੂਪ ਵਿਚ ਜਾਣਿਆ ਜਾਂਦਾ ਹੈ। [8]ਅਨੁਵਾਦ ਹੋਏ ਯੂਨਾਨੀ ਸ਼ਬਦ (*akrobustia*, ਅਕਰੋਬੁਸੀਟਾ) ਦਾ ਮੂਲ ਅਰਥ ਹੈ ''ਖਲੜੀ।'' ''ਸੁੰਨਤ'' (*peritomē*, ਪੈਰੀਟਿਓਮ) ਸ਼ਬਦ ਯੂਨਾਨੀ ਬਾਈਬਲ ਵਿਚ ਕਈ ਵਾਰ ਮਿਲਦਾ ਹੈ, ਇਸ ਪਰਕਿਰਿਆ ਨੂੰ ਬਦਲਣ ਲਈ ਤਕਨੀਕੀ ਸ਼ਬਦ (*epispaō*, ਐਪਿਸਪੇਓ) ''ਅਸੁੰਨਤੀ'' ਨਵੇਂ ਨੇਮ ਵਿਚ ਸਿਰਫ਼ 1 ਕੁਰਿੰਥੀਆਂ 7:18 ਵਿਚ ਮਿਲਦਾ ਹੈ। LXX ਵਿਚ ਇਹ ਇਸ ਅਰਥ ਨਾਲ ਕਿਤੇ ਨਹੀਂ ਮਿਲਦਾ। [9]ਵਾਲਟਰ ਬਾਉਰ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 3, ਸੋਧ ਅਤੇ ਸੰਪਾ. ਫ੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 525–26. [10]ਵੇਖੋ ਰਸੂਲਾਂ ਦੇ ਕਰਤੱਬ 12:7; 27:32; ਯਾਕੂਬ 1:11; 1 ਪਤਰਸ 1:24.

[11]ਬਾਉਰ, 308. [12]ਵੇਖੋ ਅਫ਼ਸੀਆਂ 2:8–10; 2 ਤਿਮੋਥਿਉਸ 1:8, 9; ਤੀਤੁਸ 3:4–7. [13]ਵੇਖੋ ਗਲਾਤੀਆਂ 3:2, 3, 5, 13, 14; 4:6, 29. [14]ਆਰ. ਐਲਨ ਕੋਲ, *ਦ ਐਪਿਸਟਲ ਆਫ਼ ਪੌਲ ਟੂ ਦ ਗਲੇਸ਼ੀਅੰਜ਼,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ.

ਈਰਡਮੈਂਸ ਪਬਲੀਸ਼ਿੰਗ ਕੰ., 1965), 142–43. [15]ਗਲਾਤੀਆਂ 2:16; 3:2, 3, 5, 10; ਵੇਖੋ 4:29. [16]ਬਾਉਰ, 484. [17]ਵੇਖੋ ਰੋਮੀਆਂ 2:28, 29; ਫ਼ਿਲਿੱਪੀਆਂ 3:2–9; ਕੁਲੁੱਸੀਆਂ 2:11, 12. [18]ਵੇਖੋ 1 ਤਿਮੋਥਿਉਸ 3:9; 6:10; 2 ਤਿਮੋਥਿਉਸ 3:8. [19]CEB ਵਿਚ ਕਿਹਾ ਗਿਆ ਹੈ ''ਉਹ ਸਾਰੇ ਚਮੜੇ ਦਾ ਕੰਮ ਕਰਦੇ ਸਨ।'' [20]ਖੇਡਾਂ ਵਿਚ ਹੇਰਾਫੇਰੀ ਨੂੰ ਬਹੁਤ ਬੁਰਾ ਮੰਨਿਆ ਜਾਂਦਾ ਸੀ। ਅਸਲ ਵਿਚ ਓਲੰਪਿਆ ਦੇ ਸਟੇਡਿਅਮ ਦੇ ਮੁੱਖ ਪਾਠਕ ਤੇ ਕਥਿਤ ''ਜ਼ੇਨਾ'' ਦੀ ਇਕ ਤੋਂ ਇਕ ਮੂਰਤੀ, ਜਿਊਸ ਦੇਵਤੇ ਦੀਆਂ ਪਿੱਤਲ ਦੀਆਂ ਮੂਰਤੀਆਂ ਲੱਗੀਆਂ ਹੁੰਦੀਆਂ ਸਨ (ਜਿਨ੍ਹਾਂ ਵਿੱਚੋਂ ''ਜ਼ੇਨ'' ਬਹੁਵਚਨ ਰੂਪ ਹੈ ਅਤੇ ਜਿਸ ਦੇ ਸਨਮਾਨ ਵਿਚ ਇਹ ਦੌੜਾਂ ਹੁੰਦੀਆਂ ਸਨ)। ਹਰ ਮੂਰਤੀ ਦੇ ਥਾਂ ਤੇ ਉਸ ਪ੍ਰਤੀਯੋਗੀ ਦਾ ਉੱਕਰਿਆ ਹੁੰਦਾ ਸੀ ਜਿਸ ਨੇ ਹੇਰਾਫ਼ੇਰੀ ਕੀਤੀ ਹੁੰਦੀ ਸੀ ਅਤੇ ਉਸ ਦਾ ਨਾਂਅ ਉਸ ਮੂਰਤੀ ਵਾਲੇ ਥਾਂ ਤੇ ਉਸ ਨੂੰ ਸ਼ਰਮਿੰਦਿਆਂ ਕਰਨ ਲਈ ਉੱਕਰਿਆ ਹੁੰਦਾ ਸੀ। ਪਿੱਤਲ ਦੇ ਜ਼ੇਨ ਭਾਵੇਂ ਬੜੀ ਦੇਰ ਤੋਂ ਗਾਇਬ ਹਨ ਪਰ ਮੂਰਤੀ ਦੀ ਥਾਂ ਅੱਜ ਵੀ ਹੈ।

[21]ਵੇਖੋ 2:2; 5:7; ਰੋਮੀਆਂ 9:16; 1 ਕੁਰਿੰਥੀਆਂ 9:24, 26; ਫ਼ਿਲਿੱਪੀਆਂ 2:16. ਹੋਰ ਥਾਂ ਤੇ ਇਹ ਦੁਆ ਕਰਨ ਲਈ ਕਿ ''ਪ੍ਰਭੂ ਦਾ ਵਚਨ ਦੌੜ ਸਕੇ *[* 'ਤੇਜ਼ੀ ਨਾਲ ਫੈਲੇ'; NASB *]* ਅਤੇ ਵਡਿਆਇਆ ਜਾਵੇ'' (ASV) ਦੀ ਸੰਖੇਪ ਬੇਨਤੀ ਵਿਚ 2 ਥੱਸਲੁਨੀਕੀਆਂ 3:1 ਵਿਚ ਮਿਲਦਾ ਹੈ। [22]ਯੂਨਾਨੀ ਲਿਖਤ ਵਿਚ ***egeneto*** (ਇਗਨੇਟੋ) ਹੈ, ਜਿਸ ਦਾ ਮੂਲ ਅਰਥ ''ਪੈਦਾ ਕਰਨਾ।'' [23]ਜੋਜ਼ਫ਼ ਹੈਨਰੀ ਥੇਅਰ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ* (ਸਿਨਸਿਨਾਟੀ: ਅਮੈਰੀਕਨ ਬੁਕ ਕੰ., 1889; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1962), 660. [24]ਵੇਖੋ ਗਲਾਤੀਆਂ 5:9; ਰੋਮੀਆਂ 11:16; 1 ਕੁਰਿੰਥੀਆਂ 5:6, 7. [25]ਬਾਈਬਲ ਵਿਚ ''ਖ਼ਮੀਰ'' ਇਕ ਵਾਰ ਸਕਾਰਾਤਮਕ ਅਰਥ ਵਿਚ ਵਰਤਿਆ ਗਿਆ ਹੈ। ਯਿਸੂ ਨੇ ਇਹ ਦ੍ਰਿਸ਼ਟਾਂਤ ਦਿੱਤਾ: ''ਸੁਰਗ ਦਾ ਰਾਜ ਖ਼ਮੀਰ ਵਰਗਾ ਹੈ ਜਿਹ ਨੂੰ ਇਕ ਤੀਵੀਂ ਨੇ ਲੈ ਕੇ ਤਿੰਨ ਸੇਰ ਆਟੇ ਵਿਚ ਮਿਲਾਇਆ ਐਥੋਂ ਤੇੜੀ ਜੋ ਸਾਰਾ ਖ਼ਮੀਰਾ ਹੋ ਗਿਆ'' (ਮੱਤੀ 13:33)। [26]ਕੈਨਥ ਐਲ. ਬੋਲਸ, *ਗਲੇਸ਼ੀਅੰਜ਼ ਐਂਡ ਇਫ਼ਿਸੀਅੰਜ਼,* ਦ ਕਾਲੇਜ ਪ੍ਰੈੱਸ NIV ਕਮੈਂਟਰੀ (ਜੌਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 1993), 131–32. [27]ਜਦ ਪਤਰਸ ਨੇ ਕੈਸਰਿਆ ਵਿਚ ਗੈਰਕੌਮਾਂ ਲਈ ਨਿਹਚਾ ਦਾ ਰਾਹ ਖੁੱਲ੍ਹ ਜਾਣ ਦੇ ਬਾਅਦ ਯਰੂਸ਼ਲਮ ਨੂੰ ਗਿਆ ਤਾਂ, ''ਸੁੰਨਤੀ ਲੋਕ ਉਹਦੇ ਨਾਲ ਝਗੜਨ ਲੱਗੇ, 'ਭਈ ਤੈਂ ਬੇਸੁੰਨਤੀਆਂ ਕੋਲ ਜਾ ਕੇ ਉਨ੍ਹਾਂ ਨਾਲ ਖਾਧਾ'' (ਕਰਤੱਬ 11:2, 3; NKJV)। ਜੇਕਰ ਪੌਲੁਸ ਸੁੰਨਤ ਦਾ ਪ੍ਰਚਾਰ ਕਰ ਰਿਹਾ ਹੁੰਦਾ, ਭਾਵ ਗੈਰਕੌਮਾਂ ਨੂੰ ਯਹੂਦੀ ਧਰਮ ਨੂੰ ਅਪਨਾਉਣ ਲਈ ਆਖ ਰਿਹਾ ਹੁੰਦਾ ਤਾਂ ਵਿਸ਼ਵਾਸੀ ਯਹੂਦੀਆਂ ਲਈ ਸ਼ਿਕਾਇਤ ਕਰਨ ਦਾ ਕੋਈ ਕਾਰਣ ਨਹੀਂ ਹੋਣਾ ਸੀ। [28]''ਜਾਂਦੀ ਰਹੀ'' ਯੂਨਾਨੀ ਸ਼ਬਦ ***katargeō*** (ਕੈਟਾਰਜਿਉ) ਤੋਂ ਲਿਆ ਗਿਆ ਹੈ (5:4 ਵਾਂਗ)। [29]''ਫੰਦਾ'' ***moqesh*** ਸਹਿਤ ਸਣੇ ਇਸ ਦਾ ਅਨੁਵਾਦ ਹੋਰ ਯੂਨਾਨੀ ਸ਼ਬਦਾਂ ਵਿਚ ਕੀਤਾ ਜਾਂਦਾ ਹੈ। [30]ਪੌਲੁਸ ਨੇ ਭਾਵੇਂ ''ਸਲੀਬ'' ਦੇ ਲਈ ਸ਼ਬਦ (***stauros***, ਸਟਾਉਰੋਸ) ਬਦਲ ਦਿੱਤਾ ਹੋਵੇ, ਪਰ ਉਸ ਨੇ LXX ਤੋਂ ''ਦਰੱਖ਼ਤ'' ਜਾਂ ''ਕਾਠ'' ਲਈ ਸ਼ਬਦਾਂ ਨੂੰ ਨਹੀਂ ਛੇੜਿਆ। ਇਸ ਤਰ੍ਹਾ ਕਰਕੇ ਯਿਸੂ ਦੇ ਸਲੀਬ ਤੇ ਚੜ੍ਹਾਏ ਜਾਣ ਅਤੇ ਸ਼ਰ੍ਹਾ ਵਿਚ ਮਿਲਣ ਵਾਲੇ ਸਰਾਪ ਦੇ ਵਿਚ ਨਜਦੀਕੀ ਸਬੰਧ ਨੂੰ ਬਰਕਰਾਰ ਰੱਖਿਆ। ESV KJV ਰਸੂਲਾਂ ਦੇ ਕਰਤੱਬ 5:30; 10:39; 13:29; 1 ਪਤਰਸ 2:24 ਵਿਚ ''ਰੁੱਖ'' ਹੈ। CJB ਵਿਚ ਇਨ੍ਹਾਂ ਆਇਤਾਂ ਵਿਚ ''ਖੂੰਡਾ'' ਹੈ।

[31]ਵੇਖੋ KJV; NRSV; GNT; NLT *[* ਵਿਵਸਥਾ ਸਾਰ 23:2 *]* NJB; NJPSV. [32]ਇਹ ਸ਼ਬਦਾਂ ਦੀ ਖੇਡ ਹੈ, ''ਪੈਰਾਮੋਸੇਸੀਆ'' ਨਾਂਅ ਦਾ ਆਮ ਰੂਪ ਹੈ ਜਿਸ ਦੀ ਪਰਿਭਾਸ਼ਾ ''ਉਸੇ ਜਾਂ ਉਸ ਦੇ ਮਿਲਦੇ ਜੁਲਦੇ ਸ਼ਬਦ'' ਦੇ ਰੂਪ ਵਿਚ ਕੀਤੀ ਜਾਂਦੀ ਹੈ (ਐਫ਼. ਬਲਾਸ ਐਂਡ ਏ. ਡੇਬਰੱਨਰ *ਏ ਗ੍ਰੀਕ ਗ੍ਰਾਮਰ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਅਨੁ. ਅਤੇ ਸੋਧ. ਰੌਬਰਟਸ ਡਬਲਯੂ. ਫ਼ੰਕ *[* ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 1961 *]*, 258 *[* ਨੰ. 488.1 *]*)। ਪੌਲੁਸ ਦੀਆਂ ਲਿਖਤਾਂ ਵਿਚ ਸ਼ਬਦਾਂ ਦੀ ਖੇਡ ਆਮ ਹੈ ਅਤੇ ਇਹ ਉਸ ਦੇ ਸੰਦੇਸ਼ ਵਿਚ ਦਿੱਤੇ ਜਾਣ ਵਾਲੇ ਜ਼ੋਰ ਨੂੰ ਖ਼ਾਸ

ਕਰਕੇ ਅਲੰਕਾਰ ਵਿਚ ਵਧਾ ਦਿੰਦਾ ਹੈ। ਫ਼ਿਲਿਪਿਆਂ 3:2, 3 ''ਧੜੇ ਬਾਜ਼ੀਆਂ'' ਦਾ ਸੰਕੇਤ ਦਿੰਦੇ ਹੋਏ ਮੂਲ ਸ਼ਬਦ *tomē* (ਟੋਮ) ਨੂੰ ਬੜੀ ਨਜ਼ਦੀਕੀ ਨਾਲ ਦੋ ਵਾਰ ਵਰਤਿਆ ਗਿਆ ਹੈ। ਇਸ ਦੇ ਦੋ ਉਪਰਗ ਹਨ (*Kata*, ''ਥੱਲੇ'' ਜਾਂ ''ਸਾਹਮਣੇ'') ਅਤੇ (*peri*, ਪੈਰੀ ''ਨੇੜੇ–ਤੇੜੇ'')। ਇਨ੍ਹਾਂ ਸ਼ਬਦਾਂ ਦੀ ਵਰਤੋਂ ਪੁਰਖ ਜਨਨ–ਇੰਦਰੀ ਦੇ ਸਬੰਧ ਵਿਚ ਕੀਤੀ ਜਾਂਦੀ ਹੈ। [33]''ਘਰ ਜੰਮੇ'' ਲਈ ਯੂਨਾਨੀ ਸ਼ਬਦ (*oikogenēs*) ਹੈ। ਇਸ ਤਰ੍ਹਾਂ ਦੇ ਗੁਲਾਮ ਦੀ ਕੀਮਤ ਘਰ ਤੋਂ ਬਾਹਰੋਂ ਮਿਲੇ ਗੁਲਾਮ ਤੋਂ ਕਿਤੇ ਵਧ ਕੇ ਹੁੰਦੀ ਹੈ। [34]ਥੌਮਸ ਵੀਡਮੈਨ, *ਗ੍ਰੀਕ ਐਂਡ ਰੋਮਨ ਸਲੇਵਰੀ* (ਵਾਲਟੀਮੋਰ: ਜੌਨ ਹੌਪਕਿੰਪ ਯੂਨੀਵਰਸਿਟੀ ਪ੍ਰੈੱਸ, 1981), 6–8. [35]ਉੱਥੇ ਹੀ, 23. [36]ਉੱਥੇ ਹੀ, 50. [37]ਉੱਥੇ ਹੀ, 46–47. [38]ਯਕੀਨਨ ਹੀ ਪੌਲੁਸ ਸਭ ਦੀ ਅਜ਼ਾਦੀ ਨੂੰ ਪ੍ਰਮੁੱਖਤਾ ਦਿੰਦਾ ਸੀ ਜਿਵੇਂ ਕਿ ਭਗੌੜੇ ਗੁਲਾਮ ਉਨੇਸਿਮੁਸ ਦੇ ਸਬੰਧ ਵਿਚ ਹੋਇਆ, ਉਹ ਨੇ ਉਸ ਵਕਤ ਦੇ ਕਾਨੂੰਨ ਨੂੰ ਧਿਆਨ ਵਿਚ ਰੱਖਦੇ ਹੋਏ ਪਿਆਰੇ ਚੇਲੇ ਨੂੰ ਉਹਦੇ ਮਾਲਕ ਨੂੰ ਮੋੜ ਦਿੱਤਾ (ਫਿਲੇਮੋਨ 10–16)। ਯਿਸੂ ਨੇ ਕਦੇ ਵੀ ਨਹੀਂ ਚਾਹਿਆ ਕਿ ਉਹਦੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਲੜਾਈ ਝਗੜੇ ਨਾਲ ਹੱਲ ਕੀਤਾ ਜਾਵੇ। ਉਹਨੇ ਪਤਰਸ ਨੂੰ ਕਿਹਾ ''ਆਪਣੀ ਤਲਵਾਰ ਮਿਆਨ ਕਰ ਕਿਉਂ ਜੋ ਸਭ ਜੋ ਤਲਵਾਰ ਖਿੱਚਦੇ ਹਨ ਤਲਵਾਰ ਨਾਲ ਮਾਰੇ ਜਾਣਗੇ'' (ਮੱਤੀ 26:52)। [39]ਵੇਖੋ ਮੱਤੀ 7:12; 22:36–40; ਰੋਮੀਆਂ 12:9, 10; ਯਾਕੂਬ 2:8. [40]ਵੇਖੋ 5:22; 1 ਕੁਰਿੰਥੀਆਂ 12:31—13:13; ਕੁਲੁੱਸੀਆਂ 3:12–14.

[41]ਉਤਪਤ 49:17; ਗਿਣਤੀ 21:6–9; ਵਿਵਸਥਾਸਾਰ 8:15; ਉਪਦੇਸ਼ਕ 10:8, 11; ਯਿਰਮਿਯਾਹ 8:17; ਆਮੋਸ 5:19; 9:3. [42]ਯਾਕੂਬ 3:9 ਵਿਚ ਯੂਨਾਨੀ ਕਿਰਿਆ ਦਾ ਪੂਰਣਕਾਲ ਵਿਚ ਵਜੂਦ ਵਿਚ ਬਣਾਈ ਰੱਖਣ ਦੇ ਨਤੀਜਿਆਂ ਦੇ ਨਾਲ ਨਾਲ ਬੀਤੇ ਸਮੇਂ ਵਿਚ ਪਰਮੇਸ਼ੁਰ ਦੇ ਸਿਰਜਣਸ਼ਾਲੀ ਕਿਰਿਆ ਦੇ ਤੱਤ ਨੂੰ ਵਿਖਾਉਂਦਾ ਹੈ। NASB ਵਿਚ ''ਹੇ ਲੋਕੋ, ਜਿਨ੍ਹਾਂ ਨੂੰ ਪਰਮੇਸ਼ੁਰ ਦੀ ਸਮਾਨਤਾ ਵਿਚ *ਬਣਾਇਆ ਗਿਆ ਹੈ''* ਅਨੁਵਾਦ ਦੇ ਨਾਲ ਕਿਰਿਆ ਦੇ ਪਿਛਲੇ ਪਹਿਲੂ ਤੇ ਜ਼ੋਰ ਦਿੰਦਾ ਹੈ। ਪਰਮੇਸ਼ੁਰ ਦੀ ਸਰਿਸ਼ਠ ਦੇ ਬਣੇ ਰਹਿਣ ਵਾਲੇ ਨਤੀਜੇ NASB ਵਿਚ ਹੋਰ ਸਪੱਸ਼ਟ ਵਿਖਾਈ ਦਿੰਦੇ ਹਨ ਜਿਨ੍ਹਾਂ ਨੂੰ ਪਰਮੇਸ਼ੁਰ ਦੀ ਸਮਾਨਤਾ ਵਿਚ *ਬਣਾਇਆ ਗਿਆ।* [43]ਬਾਊਰ, 803. [44]ਉਹੀ, 1047. [45]ਇਨ੍ਹਾਂ ਸਮੂਹਾਂ ਦਾ ਸੰਕੇਤ ਕੁਝ ਅਨੁਵਾਦਾਂ ਵਿਚ ਵਿਰਾਮ ਚਿੰਨ੍ਹਾਂ ਤੋਂ ਮਿਲਦਾ ਹੈ (NIV; NEB; REB)। [46]KJV ਵਿਚ ''ਵਿਭਚਾਰ'' ਨਾਲ ਸ਼ੁਰੂ ਹੁੰਦਾ ਹੈ ਅਤੇ ''ਖਾਰ'' ਦੇ ਬਾਅਦ ''ਕਤਲ'' ਹੈ। ਇਨ੍ਹਾਂ ਨੂੰ ਸੂਚੀ ਵਿਚ ਸ਼ਾਮਿਲ ਨਹੀਂ ਕੀਤਾ ਜਾਣਾ ਚਾਹੀਦਾ ਕਿਉਂਕਿ ਉਹ ਬਾਅਦ ਦੀਆਂ ਕੁਝ ਕੁ ਹੱਥਲਿਖਤਾਂ ਵਿਚ ਵੀ ਮਿਲਦੇ ਹਨ। (ਈ. ਐਚ. ਪੈਰੋਨ, *ਐਪਿਸਟਲ ਟੂ ਦ ਗਲੇਸ਼ੀਅੰਜ਼,* ਦ ਕੈਂਬ੍ਰਿਜ ਬਾਈਬਲ ਫ਼ਾਰ ਸਕੂਲਜ਼ ਐਂਡ ਕਾਲੇਜਜ਼ [ਕੈਂਬ੍ਰਿਜ਼: ਯੂਨੀਵਰਸਿਟੀ ਪ੍ਰੈੱਸ, 1900], 67.) [47]ਵੇਖੋ ਉਤਪਤ 1:27, 28; 2:18–24; ਮੱਤੀ 19:3–9; ਰੋਮੀਆਂ 7:2, 3; 1 ਕੁਰਿੰਥੀਆਂ 7:1–5; ਇਬਰਾਨੀਆਂ 13:4. [48]*Koite* (ਕੋਇਟੀ) ਦਾ ਤਕਨੀਕੀ ਰੂਪ ਵਿਚ ਅਰਥ ''ਵਿਛਾਉਣਾ'' ਹੈ (ਇਬਰਾਨੀਆਂ 13:4), ਪਰ ਇਹਦੀ ਵਰਤੋਂ ਵਿਛਾਉਣੇ ਨਾਲ ਜੁੜੀ ਸੈਕਸੁਅਲ ਗਤੀਵਿਧੀਆਂ ਦੇ ਕੋਮਲ ਭਾਸ਼ਾ ਲਈ ਵੀ ਕੀਤੀ ਜਾਂਦੀ ਹੈ। [49]ਵੇਖੋ ਮਰਕੁਸ 7:22; ਰੋਮੀਆਂ 13:13; 2 ਕੁਰਿੰਥੀਆਂ 12:21; ਅਫ਼ਸੀਆਂ 4:19; 1 ਪਤਰਸ 4:3; 2 ਪਤਰਸ 2:7, 18; ਯਹੂਦਾਹ 4. [50] ਬਹੁਤ ਨਾਸਤਿਕ ਵੀ ਜੇਕਰ ਉਹ ਇਮਾਨਦਾਰ ਹੈ ਤਾਂ ਘਟਨਾਵਾਂ ਦੇ ਬਾਹਰੀ ਸਬੂਤਾਂ ਤੋਂ ਇਨਕਾਰ ਨਹੀਂ ਕਰ ਸਕਦਾ ਕਿਉਂਕਿ ਪੂਰੇ ਸੰਸਾਰ ਵਿਚ ਮਨੁੱਖੀ ਇਤਿਹਾਸ ਦੇ ਨੇੜੇ ਤੇੜੇ ਇਨ੍ਹਾਂ ਤੱਥਾਂ ਨੂੰ ਵੇਖਿਆ ਜਾ ਸਕਦਾ ਹੈ।

[51]ਅਗਸਟਿਨ *ਕਨਫ਼ੈਸ਼ਨ* 1.1. [52]ਇੱਥੇ ਜਿਨ੍ਹਾਂ ਕਵੀਆਂ ਦਾ ਹਵਾਲਾ ਦਿੱਤਾ ਗਿਆ ਹੈ ਉਹ ਹਨ ਹਨ ਆਪਣੀ ਕਿਤਾਬ *ਕ੍ਰੇਟਨ ਐਪਿਮਿਨਾਈਡਸ* (ਲਗਭਗ 600 ਈ. ਪੂ.); ਪੌਲੁਸ ਦੇ ਆਪਣੇ ਇਲਾਕੇ ਦੇ *ਅਰਸਤੂ ਆਫ਼ ਸੋਲੀ* (315–240 ਈ. ਪੂ.) ਦੀ ਕਿਤਾਬ ਫੇਨੋਮੇਨਾ ਵਿਚ; ਚਲੈਂਥਸ ਦੀ ਉਪਦੇਸ਼ਾਤਮਕ ਕਿਤਾਬ *ਹਿਮਚ ਟੂ ਜਯੂਸ* ਵਿਚ (331–233 ਈ. ਪੂ.)। [53]ਲੂਸੀਅਨ, *ਅ ਡ੍ਰੀਮ* (*ਆਰ ਦ ਕਾਕ*) 24. [54]ਵੇਖੋ ਵਿਵਸਥਾ ਸਾਰ 4:15–19, 23–28; 6:4, 13–15; 7:3–6, 25, 26. [55]ਉਦਾਹਰਣ ਲਈ ਫਿਨੀਕੇ ਵਿਚ ਲੋਕਾਂ ਨੂੰ ਲਗਾ ਸੀ ਕਿ ਬਆਲ ਅਤੇ ਅਸਤਾਰਤੇ ਕੋਲ ਧਰਤੀ ਦੀ ਉਪਜਾਊਪਣ ਦੀ ਸ਼ਕਤੀ

ਹੈ। ਅਫ਼ਸੀਆਂ ਦੀ ਮਾਤਾ ਦੇਵੀ ਸਿਬੇਲ, ਜਾਂ ਫ਼ਿਲਿੱਪੀਆਂ ਦੀ ਅਰਿਤਿਮਸ ਨੂੰ ਜੰਮਣ ਦੀ ਸ਼ਕਤੀ ਦੇਣ ਵਾਲੀ ਮੰਨਿਆ ਜਾਂਦਾ ਸੀ। ਪੋਥੇਡੋਨ ਨੂੰ ਸਮੁੰਦਰ (ਅਤੇ ਇਸ ਲਈ ਸਮੁੰਦਰੀ ਲੋਕਾਂ ਦਾ ਦੇਵਤਾ) ਅਤੇ ਭੂਚਾਲ ਦਾ ਦੇਵਤਾ ਮੰਨਿਆ ਜਾਂਦਾ ਸੀ। ਡਾਇਓਨਿਸਸ ਸ਼ਰਾਬ ਦਾ ਅਤੇ ਸ਼ਾਇਰੀ ਦੇ ਪ੍ਰੇਰਣਾ ਦਾ ਦੇਵਤਾ ਸੀ। ਏਰਿਸ ਯੁੱਧ ਦਾ ਦੇਵਤਾ ਸੀ। ਅਪੋਲੋ ਯੂਨਾਨ ਵਿਚ ਡੈਲਫ਼ੀ ਵਿਚ ਅਤੇ ਇਟਲੀ ਵਿਚ ਕਯੂਮੇ ਦੇ ਮੰਦਰ ਵਿਚ ਦੇਵਬਾਣੀ ਕਰਦਾ ਸੀ। ਅਥੇਨਾ ਕਲਾ ਦੀ ਅਤੇ ਗਿਆਨ ਦੀ ਦੇਵੀ ਸੀ ਅਤੇ ਨਾ ਸਿਰਫ਼ ਅਥੇਨੇ ਦੇ ਸਗੋਂ ਹੋਰ ਨਗਰਾਂ ਦੀ ਅੰਨ ਦੀ ਦੇਵੀ ਸੀ। ਸਭ ਤੋਂ ਵਧ ਕੇ ਦੇਵਤਾ ਪਿਤਾ ਅਤੇ ਸ਼ਕਤੀਸ਼ਾਲੀ ਜ਼ਿਊਸ, ਆਕਾਸ਼ ਅਤੇ ਮੌਸਮ ਦਾ ਦੇਵਤਾ ਸੀ। ਅਨਾਥ ਪਰਦੇਸ਼ੀਆਂ ਅਤੇ ਵਿਧਵਾਵਾਂ ਦਾ ਉਪਕਾਰ ਕਰਨ ਵਾਲਾ ਰੱਖਿਅਕ ਮੰਨਿਆ ਜਾਂਦਾ ਸੀ। ਹਰਮੇਸ ਨੂੰ ਜ਼ਿਊਸ ਦੇ ਦੂਤ ਪੁੱਤਰ ਵਜੋਂ ਮੰਨਿਆ ਜਾਂਦਾ ਸੀ (ਵੇਖੋ ਰਸੂਲਾਂ ਦੇ ਕਰਤੱਬ 14:12)। [56]ਹੈਨਰੀ ਜੌਰਜ ਲਿੱਡਲ ਐਂਡ ਰੌਬਰਟ ਸਕਾਟ, *ਏ ਗ੍ਰੀਕ–ਇੰਗਲੀਸ਼ ਲੈਕਸਿਕਨ,* 9ਵਾਂ ਸੰਪਾ ਅਤੇ ਸੋਧ ਅਤੇ ਪੇਜਾ ਨਾਲ ਵਿਸਤਾਰ, ਅਨੁਵਾਦ ਹੈਨਰੀ ਸਟੁਅਰਟ ਜੌਨਸ ਐਂਡ ਰੋਡਰਿਕ ਮੈਕੇਂਜੀ (ਅਕਸਫ਼ੋਰਡ: ਕਲੇਰੰਡਨ ਪ੍ਰੈੱਸ, 1968), 1917. [57]ਬਾਰਕਲੇ ਐਮ. ਨਿਊਮੈਨ, *ਏ ਕੰਨਸਾਈਸ ਗ੍ਰੀਕ–ਇੰਗਲੀਸ਼ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ* (ਲੰਦਨ: ਯੂਨਾਇਟੇਡ ਬਾਈਬਲ ਸੋਸਾਇਟੀਜ਼, 1971), 192. [58]ਲਿਓਨ ਮੌਰਿਸ, *ਗਲੇਸ਼ੀਅੰਜ਼: ਪੌਲਸ ਚਾਰਟਰ ਆਫ਼ ਕ੍ਰਿਸਚੀਅਨ ਫ੍ਰੀਡਮ* (ਡਾਊਨਰਜ਼ ਗ੍ਰੋਵ, ਇਲਿਨੋਇ: ਇੰਟਰਵਰਸਟੀ ਪ੍ਰੈੱਸ, 1996), 171. [59]''ਵੈਰ'' ਲਈ ਯੂਨਾਨੀ ਸ਼ਬਦ ਵਿਚ ਇਹ ਸ਼ਬਦ ਬਹੁਵਚਨ ਰੂਪ ਵਿਚ ਮਿਲਦੇ ਹਨ: ''ਕ੍ਰੋਧ ਦਾ ਪਰਕੋਪ,'' ''ਝਗੜੇ,'' ''ਲੜਾਈਆਂ,'' ''ਗੁਟਬੰਦੀਆਂ,'' ''ਜਲਨਾ,'' ''ਮਤਵਾਲਾਪਨ,'' ਅਤੇ ''ਸ਼ਰਾਬ ਦਾ ਦੌਰ ਚਲਾਉਣਾ।'' [60]ਜੇ. ਬੀ. ਲਾਈਟਫ਼ੁਟ, *ਦ ਐਪਿਸਟਲ ਆਫ਼ ਸੇਂਟ ਪੌਲ ਟੂ ਦ ਗਲੇਸ਼ੀਅੰਜ਼,* ਕਲਾਸਿਕ ਕਮੈਂਟਰੀ ਲਾਈਬ੍ਰੇਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੋਂਡਰਵਨ ਪਬਲੀਸ਼ਿੰਗ ਹਾਊਸ, 1957), 211.

[61]ਬਰੂਚ ਐਮ. ਮੈਜ਼ਗਰ, *ਏ ਟੈਕਸਚੁਅਲ ਕਮੈਂਟਰੀ ਆਨ ਦ ਗ੍ਰੀਕ ਨਿਊ ਟੈਸਟਾਮੈਂਟ,* 2ਜਾ ਸੰਪਾ. (ਸਟੱਟਗਰਟ: ਜਰਮਨ ਬਾਈਬਲ ਸੋਸਾਇਟੀ, 1994), 529. [62]ਬਾਓਰ, 392. [63]ਐਫ਼. ਐਫ਼. ਬਰੂਸ, *ਦ ਐਪਿਸਟਲ ਟੂ ਦ ਗਲੇਸ਼ੀਅੰਜ਼,* ਦ ਨਿਊ ਇੰਟਰਨੈਸ਼ਨਲ ਗ੍ਰੀਕ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1982), 248. [64]ਬਾਓਰ, 427. [65]ਵੇਖੋ ਰਸੂਲਾਂ ਦੇ ਕਰਤੱਬ 5:17, 18; 13:45; ਰੋਮੀਆਂ 13:13; 1 ਕੁਰਿੰਥੀਆਂ 3:3; 2 ਕੁਰਿੰਥੀਆਂ 12:20; ਯਾਕੂਬ 3:14, 16. [66]ਰਿਚਰਡ ਚੇਨਵਿਕਸ ਟ੍ਰੈਂਚ, *ਸਿਨੋਨਿਮਸ ਆਫ਼ ਦ ਨਿਊ ਟੈਸਟਾਮੈਂਟ* (ਮਾਰਸ਼ਲਟਨ, ਡੇਲਵੇਰ: ਦ ਨੈਸ਼ਨਲ ਫਾਉਂਡੇਸ਼ਨ ਫ਼ਾਰ ਕ੍ਰਿਸਚੀਅਨ ਐਜੁਕੇਸ਼ਨ, ਮਿਤੀ ਰਹਿਤ), 123–24. [67]*ਥਿਓਲੋਜਿਕਲ ਡਿਕਸ਼ਨਰੀ ਆਫ਼ ਅ ਨਿਊ ਟੈਸਟਾਮੈਂਟ,* ਸੰਪਾ. ਗਰਹਰਡ ਕਿੱਟਲ, ਅਨੁਵਾਦ ਅਤੇ ਸੰਪਾ. ਜਿਓਫਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1964), 2:660–61 ਵਿਚ ਫ੍ਰੈਡਰਿਚ ਬੁਸ਼ੇਲ ''ἐριθέα'' [68]ਬਾਓਰ, 392; ਅਰਿਸਟੋਟਲ *ਪੌਲਿਟਿਕਸ* 5.3. [69]ਕਿਰਿਆ ਸ਼ਬਦ ''ਬਚਣਾ'' ***ekklinō*** ਦੇ ਵਰਤਮਾਨ ਆਗਿਆਸੂਚਕ ਦੇ ਰੂਪ ਲਿਆ ਗਿਆ ਹੈ, ਜਿਹੜਾ ਲਗਾਤਾਰ ਬਾਰ ਬਾਰ ਹੋਣ ਵਾਲੇ ਆਗਿਆਸੂਚਕ ਦਾ ਸੰਕੇਤ ਦਿੰਦਾ ਹੈ। ਇਸ ਦਾ ਅਰਥ ਹੈ ''ਤੋਂ ਦੂਰ ਰਹੋ,'' ''ਕੰਨੀ ਵਢਦੇ ਰਹੋ,'' ਯਕੀਨਨ ਤਦ ਤਕ ਜਦ ਤਕ ਦੋਸ਼ੀ ਇਹੋ ਜਿਹਾ ਦੁਸ਼ਟ ਵਿਹਾਰ ਕਰਨਾ ਬੰਦ ਨਹੀਂ ਕਰ ਦਿੰਦਾ। [70] ਉਦਾਹਰਣ ਲਈ ਸੈਕੁਲਰ ਯੂਨਾਨੀ ਵਿਚ ***hairesis*** ਦੀ ਵਰਤੋਂ ਵੱਖ ਵੱਖ ਫਿਲਾਸਫ਼ਰ ਸਕੂਲਾਂ ਲਈ ਕੀਤਾ ਜਾਂਦਾ ਹੈ, ਜਿਸ ਦੇ ਲਈ ਕੋਈ ਕਿਸੇ ਦੀ ਕੋਈ ਸਰਵਸਮਤੀ ਦੀ ਉਮੀਦ ਨਾ ਹੋਵੇ। ਹੋਰ ਸੰਭਾਵਿਤ ਅਨੁਵਾਦਾਂ ਵਿਚ ''ਧਰਮਿਕ ਸਿਧਾਂਤ,'' ''ਸੋਚਣ ਦਾ ਢੰਗ,'' ਅਤੇ ''ਨਿਮਰਤਾ'' (ਬਾਓਰ, 28)।

[71]5:26 ਵਿਚ ਪੌਲੁਸ ਨੇ ''ਖਾਰ'' ਸ਼ਬਦ ਦੀ ਵਰਤੋਂ ਕਿਰਿਆ ਸ਼ਬਦ (***phthoneō***) ਤੋਂ ਕੀਤਾ। [72]ਉਸ ਜਮਾਨੇ ਵਿਚ ਪਾਣੀ ਨੂੰ ਸੋਧਣ ਦਾ ਢੰਗ ਐਨਾਂ ਵਧੀਆ ਨਹੀਂ ਸੀ। ਅਫ਼ਸੁਸ ਵਿਚ ਯਕੀਨਨ ਪਾਣੀ ਤੋਂ ਤਿਮੋਥਿਉਸ ਨੂੰ ਬਦਹਜ਼ਮੀ ਹੋ ਗਈ ਸੀ। ਥੋੜੀ ਜਿਹੀ ਦਾਖਰਸ ਨਾਲ ਉਹਦਾ ਢਿੱਡ ਠੀਕ ਹੋ ਜਾਣਾ ਸੀ (ਜੇਮਸ ਈ. ਸਮਿਥ, *ਐਕਸਹੋਰਟੇਸ਼ਨ ਐਪਿਸਟਲ,* ਟੀਚਰਸ ਕਮੈਂਟਰੀ [ਪੰਨਾ ਰਹਿਤ: ਲੇਖਕ ਵੱਲੋਂ, 2011],

116–17)। [73]ਵੇਖੋ ਗਿਣਤੀ 6: 1–4; ਨਿਆਈਆਂ 13:2–5; ਮੱਤੀ 11:18; ਲੂਕਾ 1:15; 7:33. [74]ਬਾਉਰ, 580. [75]ਟ੍ਰੈਂਚ, 212. [76]ਵਿਲੀਅਮ ਐਮ. ਰਾਮਸੇ, *ਏ ਹਿਸਟੌਰੀਕਲ ਕਮੈਂਟਰੀ ਆਨ ਸੇਂਟ ਪੌਲ'ਸ ਐਪਿਸਟਲ ਟੂ ਦ ਗਲੇਸ਼ੀਅੰਜ਼,* ਲਿਮਿਟੇਡ ਕਲਾਸਿਕਲ ਰੀਪ੍ਰਿੰਟ ਲਾਇਬ੍ਰੇਰੀ (ਪੰਨਾ ਰਹਿਤ: ਜੀ. ਪੀ. ਪੁਟਨਾਮਸ ਸੰਸ, 1900; ਰੀਪ੍ਰਿੰਟ, ਮਿਨਿਆਪੁਲਿਸ: ਕਲਾਕ ਐਂਡ ਕਲਾਕ ਕ੍ਰਿਸਚਿਅਨ ਪਬਲੀਸ਼ਰਜ਼, 1978), 453. [77]ਵੇਖੋ ਰੋਮੀਆਂ 1:29–31; 13:13; 1 ਕੁਰਿੰਥੀਆਂ 5:10, 11; 6:9, 10; 2 ਕੁਰਿੰਥੀਆਂ 12:20; ਅਫ਼ਸੀਆਂ 4:31; 5:3–5; ਕੁਲੁੱਸੀਆਂ 3:5–8; 1 ਤਿਮੋਥਿਉਸ 1:9, 10; 6:4, 5; 2 ਤਿਮੋਥਿਉਸ 3:2–4; ਤੀਤੁਸ 1:7; 3:3. [78]ਵੇਖੋ ਮੱਤੀ 15:19; ਮਰਕੁਸ 7:21, 22; 1 ਪਤਰਸ 2:1; 4:3, 15; ਪ੍ਰਕਾਸ਼ ਦੀ ਪੋਥੀ 9:21; 21:8; 22:15. [79]ਕੋਲ, 160–61; ਜੇਮਸ ਡੀ. ਵੀ. ਡਨ, *ਦ ਥਿਓਲੋਜੀ ਆਫ਼ ਪੌਲ ਦ ਅਪੋਸਟਲ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1998), 662–65। [80]ਵੇਖੋ ਮੱਤੀ 3:7–10; 7:15–20; ਅਫ਼ਸੀਆਂ 5:6–12; ਫ਼ਿਲਿੱਪੀਆਂ 1:9–11; ਇਬਰਾਨੀਆਂ 12:11; ਯਾਕੂਬ 3:17, 18.

[81]ਵੇਖੋ ਯੂਹੰਨਾ 4:24; ਰੋਮੀਆਂ 8:20–23; 1 ਕੁਰਿੰਥੀਆਂ 15:42–53; 2 ਕੁਰਿੰਥੀਆਂ 5:1–5; ਫ਼ਿਲਿੱਪੀਆਂ 3:20, 21. [82]ਵੇਖੋ ਮੱਤੀ 26:28; ਰਸੂਲਾਂ ਦੇ ਕਰਤੱਬ 8:38, 39; 22:16; ਰੋਮੀਆਂ 6:4, 5; ਕੁਲੁੱਸੀਆਂ 2:12; ਪ੍ਰਕਾਸ਼ ਦੀ ਪੋਥੀ 1:5. [83]ਵੇਖੋ ਰੋਮੀਆਂ 8:9–11; 1 ਕੁਰਿੰਥੀਆਂ 3:16; 6:19; 2 ਕੁਰਿੰਥੀਆਂ 6:16, 17; ਅਫ਼ਸੀਆਂ 2:11–18. [84]ਹੋਰ ਜਾਣਕਾਰੀ ਲਈ, ਵੇਖੋ *ਪ੍ਰਾਸੰਗਿਕਤ: ਚਾਰ ਪ੍ਰੇਮ,* ਸਫ਼ੇ 85–87. [85]ਬਾਉਰ, 613. [86]ਉੱਥੇ ਹੀ, 461. [87]ਉੱਥੇ ਹੀ, 612. [88]ਵੇਖੋ 2 ਕੁਰਿੰਥੀਆਂ 6:6; 2 ਤਿਮੋਥਿਉਸ 3:10; 4:2; ਇਬਰਾਨੀਆਂ 6:12; ਯਾਕੂਬ 5:10. [89]ਵੇਖੋ ਰੋਮੀਆਂ 2:4; 9:22; 1 ਤਿਮੋਥਿਉਸ 1:16; 1 ਪਤਰਸ 3:20; 2 ਪਤਰਸ 3:9, 15. [90]ਵੇਖੋ ਮੱਤੀ 17:17; ਮਰਕੁਸ 9:19; ਲੂਕਾ 9:41; ਰਸੂਲਾਂ ਦੇ ਕਰਤੱਬ 18:14; 1 ਕੁਰਿੰਥੀਆਂ 4:12; 2 ਕੁਰਿੰਥੀਆਂ 11:1, 4, 19, 20; ਅਫ਼ਸੀਆਂ 4:2; ਕੁਲੁੱਸੀਆਂ 3:13; 2 ਥੱਸਲੁਨੀਕੀਆਂ 1:4; 2 ਤਿਮੋਥਿਉਸ 4:3; ਇਬਰਾਨੀਆਂ 13:22.

[91]ਬਾਉਰ, 1039. [92]ਉੱਥੇ ਹੀ, 1090. [93]ਵੇਖੋ ਰੋਮੀਆਂ 2:4; 11:22; ਅਫ਼ਸੀਆਂ 2:7; ਤੀਤੁਸ 3:4. [94]ਵੇਖੋ ਗਲਾਤੀਆਂ 5:22; ਰੋਮੀਆਂ 3:12; 2 ਕੁਰਿੰਥੀਆਂ 6:6; ਕੁਲੁੱਸੀਆਂ 3:12. [95]ਸੇਸਲਸ ਸਪਿਕ, *ਥਿਓਲੋਜੀਕਲ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ,* ਅਨੁ. ਅਤੇ ਸੰਪਾ. ਜੇਮਸ ਡੀ. ਅਰਨੇਸਟ (ਪੀਬੌਡੀ, ਮੈਸਾਚੁਸੇਟਸ: ਹੈਂਡਰਿਕਸਨ ਪਬਲੀਸ਼ਰਜ਼, 1994), 3:515. [96]ਟਰੈਂਚ, 217. [97]ਲੁਡਵਿਗ ਕੋਹਲਰ ਐਂਡ ਵਾਲਟਰ ਬਾਉਗਰਟਨਰ, *ਦ ਹਿਬਰੂ ਐਂਡ ਅਮੈਰਿਕਨ ਲੈਕਸਿਕਨ ਆਫ਼ ਦ ਓਲਡ ਟੈਸਟਾਮੈਂਟ,* ਸਟੱਡੀ ਐਡਿਸ਼ਨ ਸੰਪਾ. ਐਮ. ਈ. ਜੇ. ਰਿਚਰਡਸਨ (ਬੋਸਟਨ: ਬ੍ਰਿੱਲ, 2001), 1:370. [98]ਲਾਈਟਫ਼ੁਟ, 213. [99]ਟਰੈਂਚ, 219. [100]ਉੱਥੇ ਹੀ, 220.

[101]ਵੇਖੋ ਅਫ਼ਸੀਆਂ 6:23; 1 ਤਿਮੋਥਿਉਸ 2:15; 4:12; 6:11; 2 ਤਿਮੋਥਿਉਸ 2:22; 3:10; ਤੀਤੁਸ 2:2. [102]ਬਾਉਰ, 820. (ਵੇਖੋ 1 ਥੱਸਲੁਨੀਕੀਆਂ 3:6; 5:8; 1 ਤਿਮੋਥਿਉਸ 1:14; 2 ਤਿਮੋਥਿਉਸ 1:13; ਫਿਲੇਮੋਨ 5.) [103]ਵੇਖੋ ਮੱਤੀ 10:38; 16:24; ਰੋਮੀਆਂ 8:12, 13; ਗਲਾਤੀਆਂ 2:20; 5:24; 6:14. [104]ਯਕੀਨੀ ਤੌਰ ਤੇ NASB ਵਿਚ ਸੜਨਾ ਅਨੁਵਾਦਕਾਂ ਨੇ ''ਕਾਮੁਕਤਾ ਦੇ ਨਾਲ'' ਸ਼ਬਦ ਦਿੱਤੇ। ਕੁਝ ਵਿਆਖਿਆ ਕਰਨ ਵਾਲਿਆਂ ਨੇ ਇਹ ਵਿਚਾਰ ਦਿੱਤਾ ਹੈ ਕਿ ''ਕਾਮ ਲਈ (NASB ਵਿਚ ਜਲਨਾ''– ਅਨੁਵਾਦਕ)'' ਸ਼ਬਦ ਨਰਕ ਦੀਆਂ ਲਪਟਾਂ ਲਈ ਸਦੀਵੀ ਸਜ਼ਾ ਲਈ ਹੈ। ਪਰ ਇਹ ਵਿਆਖਿਆ ਪੂਰੇ ਸੰਦਰਭ ਦੇ ਕਾਮੁਕ ਹੋਣ ਨੂੰ ਨਕਾਰ ਦਿੰਦਾ ਹੈ। ਪੌਲੁਸ ਨੇ ਵਿਆਹ ਨੂੰ ਗਲਤ ਨਹੀਂ ਕਿਹਾ। ਇਸ ਦੇ ਉਲਟ ਉਹ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਸੀ ਕਿ ਆਮ ਤੌਰ ਤੇ ਜ਼ਿਆਦਾਤਰ ਲੋਕਾਂ ਲਈ ਵਿਹਾਰ ਕਰ ਲੈਣਾਂ ਚੰਗਾ ਹੁੰਦਾ ਹੈ (1 ਕੁਰਿੰਥੀਆਂ 7:1, 2)। [105]2 ਤਿਮੋਥਿਉਸ 3:3 ਵਿਚ ਖ਼ਾਸ ਸ਼ਬਦ (***akrates***) ਦੇ ਨਾਲ ਨਾਲ ਮੱਤੀ 23:25 ਅਤੇ 1 ਕੁਰਿੰਥੀਆਂ 7:5 ਵਿਚ ਸੰਗਿਆ ਸ਼ਬਦ (***akrasia***) ਨਾਲ ਨਵੇਂ ਨੇਮ

ਦੇ ਇਸਦੇ ਸਬੰਧਿਤ ਸ਼ਬਦ ਹੀ ਮਿਲਦੇ ਹਨ। ਇਹ ਸ਼ਬਦ ''ਆਤਮ ਸੰਤੁਸ਼ਟੀ,'' ''ਅਨੁਸ਼ਾਸਨ ਦੀ ਕਮੀ,'' ਅਤੇ ''ਸੰਜਮ ਦੀ ਘਾਟ'' ਦੀਆਂ ਧਾਰਣਾਵਾਂ ਨੂੰ ਦਰਸਾਉਂਦਾ ਹੈ। [106]ਬਾਉਰ, 274. [107]ਬਰੂਸ, 255. [108]ਐਸ. ਐੱਚ. ਹੁਕ, *ਦ ਸੇਜ ਪੈਰਿਲਸ* (ਲੰਦਨ: ਐਸ. ਸੀ. ਐਮ., ਪ੍ਰੈੱਸ 1956), 264. (ਵੇਖੋ ਯੂਹੰਨਾ 15:1–5; 2 ਪਤਰਸ 1:2–4.) [109]ਆਤਮਿਕ ਫਲ ਮਸੀਹੀ ਮਨੁੱਖ ਦੀ ਜ਼ਿੰਦਗੀ ਵਿਚ ਆਤਮਾ ਦੇ ਕੰਮ ਦਾ ਨਤੀਜਾ ਹੈ। ਇਸ ਤਰ੍ਹਾਂ ਇਹ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਪਵਿੱਤਰ ਆਤਮਾ ਦਾ ਫਲ ਸਾਰਿਆਂ ਗੁਣਾਂ ਦੀ ਆਗਿਆ ਦਿੱਤੀ ਗਈ ਹੈ। [110]ਕੋਲ, 167.

[111]ਉੱਥੇ ਹੀ। [112]ਵੇਖੋ ਮੱਤੀ 7:22, 23; 1 ਕੁਰਿੰਥੀਆਂ 13:1–3; ਗਲਾਤੀਆਂ 3:5. [113]ਵੱਖ ਵੱਖ ਸੰਦਰਭਾਂ ਵਿਚ ***sarx*** (ਸਾਰਕਸ) ਕਿਸੇ ਸਰੀਰਕ ਦੇਹ ਜਾਂ ਵਿਖਾਵੇ, ਵੰਸ਼ ਜਾਂ ਜਾਤੀ, ਤੰਦਰੁਸਤੀ ਆਦਿ ਦਾ ਸੰਕੇਤ ਹੋ ਸਕਦਾ ਹੈ। ਆਮ ਤੌਰ ਤੇ ਇਹ ਮਨੁੱਖ ਦੀ ਸੰਸਾਰਿਕ ਜਿੰਦਗੀ ਦੇ ਕਿਸੇ ਵੀ ਪਹਿਲੂ ਦੀ ਜਥਾਰਥਤਾ ਦੀ ਗੱਲ ਹੋ ਸਕਦੀ ਹੈ। ਇਹ ਜ਼ੋਰ ਦਿੱਤਾ ਜਾਣਾ ਕਿ ***sarx*** (ਸਾਰਕਸ) ਹਮੇਸ਼ਾ ਬੁਰਾ ਨਹੀਂ ਹੁੰਦਾ। ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਵਿਚ ਸ਼ੁਰੂ ਵਿਚ ਇਹ ਕਿਆ ਗਿਆ ਹੈ ਕਿ ''ਸ਼ਬਦ ਦੇਹ ਧਾਰੀ ਹੋਇਆ *[sarx]* ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿਚ ਵਾਸ ਕੀਤਾ'' (ਯੂਹੰਨਾ 1:14ੳ)। NLT ਵਿਚ ''ਦੇਹ'' ਦੀ ਥਾਂ ''ਮਨੁੱਖ'' ਹੈ (ਵੇਖੋ ਇਬਰਾਨੀਆਂ 2:14; 1 ਯੂਹੰਨਾ 4:2, 3)। [114]ਅਸੀਂ ਜਾਣਦੇ ਹਾਂ ਕਿ ਕਿਸੇ ਵੀ ਵਿਅਕਤੀ ਦੇ ਲਈ ਪਰਮੇਸ਼ੁਰ ਦੀ ਇਹ ਇੱਛਾ ਨਹੀਂ ਹੈ ਕਿ ਉਹਦਾ ਨਾਸ ਹੋਵੇ (1 ਤਿਮੋਥਿਉਸ 2:4; 2 ਪਤਰਸ 3:9), ਇਸ ਲਈ ਇਹ ਲਗਦਾ ਹੈ ਕਿ ਸਾਰਿਆਂ ਲੋਕਾਂ ਨੂੰ ਸਰਿਸ਼ਟ ਦੇ ਉਨ੍ਹਾਂ ਕੰਮਾਂ ਲਈ ਪਰਮੇਸ਼ੁਰ ਦੀ ਗਵਾਹੀ ਨੂੰ ਵੇਖਣ ਅਤੇ ਲੱਭਣ ਦੀ ਬੁਨਿਆਦੀ ਜ਼ਿੰਮੇਵਾਰੀ ਦਿੱਤੀ ਗਈ ਸੀ (ਵੇਖੋ ਰੋਮੀਆਂ 1:18–21; 2:14, 15)। ਬੇਸ਼ੱਕ ਇਹ ਕਿਹਾ ਗਿਆ ਹੈ ਕਿ ਖ਼ੁਦਾ ਨੇ ਪਿਛਲੀਆਂ ਪੀੜ੍ਹੀਆਂ ਨੂੰ ਆਪਣੇ ਰਾਹ ਉੱਤੇ ਚੱਲਣ ਦੀ ਆਗਿਆ ਦੇ ਦਿੱਤੀ ਹੈ (ਰਸੂਲਾਂ ਦੇ ਕਰਤੱਬ 14:16), ਪਰ ਇੰਜੀਲ ਦੇ ਆਉਣ ਨਾਲ ਇਕ ਨਵੀਂ ਸਵੇਰ ਹੋਈ। ਅਥੇਨ ਵਿਚ ''ਅਰਿਯੁਪਗੁਸ'' ਵਿਚ ਖੜੇ ਹੋ ਕੇ ਕਿਹਾ, ''ਸਾਨੂੰ ਜੋਗ ਨਹੀਂ ਜੋ ਇਹ ਸਮਝੀਏ ਕਿ ਪਰਮੇਸ਼ੁਰ ਸੋਨੇ ਚਾਂਦੀ ਯਾ ਪੱਥਰ ਵਰਗਾ ਹੈ ਜਿਹ ਨੂੰ ਮਨੁੱਖ ਦੀ ਹਥੌਟੀ ਅਤੇ ਮਨ ਨੇ ਘੜਿਆ ਹੈ। ਪਰਮੇਸ਼ੁਰ ਨੇ ਅਣਜਾਣਪੁਣੇ ਦੇ ਸਮਿਆਂ ਵੱਲੋਂ ਅੱਖੀਆਂ ਫੇਰ ਲਈਆਂ ਸਨ ਪਰ ਹੁਣ ਮਨੁੱਖਾਂ ਨੂੰ ਹੁਕਮ ਦਿੰਦਾ ਹੈ ਜੋ ਓਹ ਸਭ ਹਰੇਕ ਥਾਂ ਤੌਬਾ ਕਰਨ। ਕਉਂ ਜੋ ਉਸ ਨੇ ਇਕ ਦਿਨ ਠਹਿਰਾ ਛੱਡਿਆ ਹੈ ਜਿਹ ਦੇ ਵਿਚ ਉਹ ਸਚਿਆਈ ਨਾਲ ਸੰਸਾਰ ਦਾ ਨਿਆਉਂ ਕਰੇਗਾ ਓਸ ਮਨੁੱਖ ਦੇ ਰਾਹੀਂ ਜਿਹ ਨੂੰ ਉਸ ਨੇ ਠਹਿਰਾਇਆ ਅਤੇ ਉਹ ਨੂੰ ਮੁਦਿਆਂ ਵਿੱਚੋਂ ਜਿਵਾਲ ਕੇ ਇਹ ਗੱਲ ਸਭਨਾਂ ਉੱਤੇ ਸਾਬਤ ਕਰ ਦਿੱਤੀ ਹੈ'' (ਰਸੂਲਾਂ ਦੇ ਕਰਤੱਬ 17:22, 29–31)। [115]ਵੇਖੋ ਰੋਮੀਆਂ 8:12, 13; 12:1, 2; ਗਲਾਤੀਆਂ 2:20. [116]ਯੂਨਾਨੀ ਭਾਸ਼ਾ ਵਿਚ ਨੇਮਬੱਧ ਵਾਕਖੰਡਾਂ ਦੇ ਚਾਰ ਵਰਗ ਹਨ। ਇਨ੍ਹਾਂ ਵਿੱਚੋਂ ਪਹਿਲਾਂ ਵਰਗ ਆਮ ਤੌਰ ਤੇ ਨਿਰਦੇਸ਼ਾਤਮਿਕ ਭਾਵ ਵਿਚ ਕਿਰਿਆ ਦੇ ਨਾਲ ਆਮ ਤੌਰ ਤੇ ***ei*** ਦੇ ਨਾਲ ਹੁੰਦਾ ਹੈ, ਜਿਸ ਵਿਚ ''ਬੁਲਾਰਾ ਇਹ ਮੰਨ ਲੈਂਦਾ ਹੈ ਕਿ ਪਹਿਲਾ ਭਾਗ (ਜੇਕਰ ਵਾਲੇ ਵਾਕ) ਵਿਚ ਦੱਸੀਆਂ ਗਈਆਂ ਸ਼ਰਤਾਂ ਸਹੀ ਹਨ'' (ਜੇਮਸ ਏ. ਬਰੂਸ ਐਂਡ ਕਾਰਲਟਨ ਐਲ. ਵਿਨਬਰੇ, *ਸਿਨਟੈਕਸ ਆਫ਼ ਨਿਊ ਟੈਸਟਾਮੈਂਟ ਗ੍ਰੀਕ,* ਟਾਈਪਸੇਟ ਸੰਸਕ. *[*ਲੈਨਹਮ, ਮੈਰੀਲੈਂਡ: ਯੂਨੀਵਰਸਟੀ ਪ੍ਰੈੱਸ ਆਫ਼ ਅਮੇਰਿਕਾ, 1988*]*, 182)। [117]5:26 ਵਿਚ ਅਸੀਂ ਜਿਸਦੀ ਗੱਲ ਕਰ ਰਹੇ ਸਾਂ ਉਹ ਇਕ ਨਕਾਰਾਤਮਕ ਆਗਿਆ ਜਾਂ ਮਨਾਹੀ ਹੈ। ਮੱਤੀ 6:19 ਵਿਚ ਵਿਲੀਅਮ ਡਗਲਸ ਚੈਂਬਰਲੇਨ ਨੂੰ ਇਹ ਦਾ ਇਕ ਵਧੀਆ ਉਦਾਹਰਣ ਮਿਲੀ ਹੈ ਜਿੱਥੇ ਯਿਸੂ ਨੇ ਕਿਹਾ, ''ਆਪਣੇ ਲਈ ਧਰਤੀ ਉੱਤੇ ਧਨ ਨਾ ਜੋੜੋ *[**Mē thēsaurizete*** ਮੇ ਥੇਸਾਉਰਿਜ਼ੇਟ*]*।'' ਚੈਂਬਰਲੇਨ ਨੇ ਇਸ ਖ਼ਾਸ ਆਗਿਆ ਦਾ ਅਨੁਵਾਦ ''ਧਨ ਇਕੱਠਾ ਕਰਨਾ ਛੱਡ ਦਿਓ'' ਦੇ ਰੂਪ ਵਿਚ ਕੀਤਾ ਅਤੇ ਫਿਰ ਲਿਖਿਆ ''ਯਿਸੂ ਦੀ ਆਗਿਆ ਦਾ ਮਤਲਬ ਇਹ ਹੈ ਕਿ ਲੋਕ ਸੁਰਗ ਵਿਚ ਧਨ ਇਕੱਠਾ ਕਰਨ ਦੀ ਬਜਾਇ ਪਹਿਲਾਂ ਧਰਤੀ ਉੱਤੇ ਧਨ ਜੋੜ ਰਹੇ ਹਨ ਅਤੇ ਉਹ ਚਾਹੁੰਦਾ ਹੈ ਕਿ ਉਹ ਜੋੜਨਾ ਛੱਡ ਦੇਣ। ਅੰਗ੍ਰੇਜ਼ੀ ਸੰਸਕਰਣਾਂ ਵਿਚ ਇਹ ਫ਼ਰਕ ਨਹੀਂ ਮਿਲਦਾ'' (ਵਿਲੀਅਮ ਡਗਲਸ ਚੈਂਬਰਲੇਨ, *ਐਨ ਐਕਸੇਜੇਕਟਿਕਲ ਗ੍ਰਾਮਰ ਆਫ਼ ਦ ਗ੍ਰੀਕ ਨਿਊ ਟੈਸਟਾਮੈਂਟ*

[ਗ੍ਰੈਂਡ ਰੈਪਿਡਸ, ਬੇਕਰ ਬੁਕ ਹਾਊਸ, ਮਿਸ਼ਿਗਨ:, 1941], 86)। [118]ਬਾਉਰ, 871. [119]ਰੌਬਰਟ ਐਲ. ਜੌਨਸਨ, *ਦ ਲੈਟਰ ਆਫ਼ ਪੌਲ ਟੂ ਦ ਗਲੇਸ਼ੀਅੰਸ*, ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸ: ਆਰ. ਬੀ. ਸਵੀਟ ਕੰ., 1969), 163. [120]ਵਾਰੇਨ ਡਬਲਯੂ. ਵਿਅਰਸਬੇ, *ਦ ਬਾਈਬਲ ਐਕਸਪੋਜ਼ਿਸ਼ਨ ਕਮੈਂਟਰੀ: ਨਿਊ ਟੈਸਟਾਮੈਂਟ,* ਜਿਲਦ 1 (ਕੋਲੋਰਾਡੋ, ਸਪ੍ਰਿੰਗਸ, ਕੋਲੋਰਾਡੋ: ਵਿਕਟਰ, 2001), 720.

[121]ਕੋਲ, 170. [122]ਬਰੂਸ, 257. [123]ਵਾਲਟਰ ਸ਼ਮਿਥਲਸ,, *ਪੌਲ ਐਂਡ ਦ ਨੌਸਟਿਕਸ,* ਅਨੁਵਾਦ ਜੌਨ ਈ. ਸਟੀਲੀ (ਨੈਸ਼ਵਿੱਲ: ਅਬਿੰਗਡਨ ਪ੍ਰੈੱਸ, 1972), 49. [124]ਬਰੂਸ, 258. [125]*ਦ ਨਿਊ ਇੰਟਰਨੈਸ਼ਨਲ ਡਿਕਸ਼ਨਰੀ ਆਫ਼ ਦ ਬਾਈਬਲ) ਪਿਕਟੋਰੀਅਲ* ਸੰਸਕ., ਸੰਪਾ. ਜੇ. ਡੀ. ਡਗਲਸ ਐਂਡ ਮੈਰਿਲ ਸੀ. ਟੈਨੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1987), 393 ਵਿਚ ਪੀਟਰ ਟੂਨ ''ਨੌਸਟਿਸਜ਼ਮ।'' [126]ਵੇਖੋ ਯੂਹੰਨਾ 14:15, 21; 15:10; 1 ਯੂਹੰਨਾ 2:3–6; 3:16–24; 5:2, 3; 2 ਯੂਹੰਨਾ 6. [127]ਐਵਰੇਟ ਫਰਗਯੁਸਨ, *ਦ ਚਰਚ ਆਫ਼ ਕ੍ਰਾਈਸਟ: ਏ ਬਿਬਲਿਕਲ ਐਕਲੇਸਿਓਲੋਜੀ ਫਾਰ ਟੁਡੇ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ.,1996), 390. [128]ਵੇਖੋ 4:8–11; ਮਰਕੁਸ 7:18, 19; 2 ਕੁਰਿੰਥੀਆਂ 8:7–9; ਕੁਲੁੱਸੀਆਂ 2:16, 17; 1 ਤਿਮੋਥਿਉਸ 4:1–5; ਇਬਰਾਨੀਆਂ 9:8–14. [129]ਵੇਖੋ ਮੱਤੀ 28:18–20; ਮਰਕੁਸ 16:15, 16; ਲੂਕਾ 24:45–47; ਕੁਲੁੱਸੀਆਂ 1:21–23. [130]ਵੇਖੋ ਇਬਰਾਨੀਆਂ 10:4–14; 13:20; ਯਹੂਦਾਰ 3; ਪ੍ਰਕਾਸ਼ ਦੀ ਪੋਥੀ 14:6.

[131]ਵੇਖੋ ਯਸਾਯਾਹ 44:1–3; ਹਿਜ਼ਕੀਏਲ 39:29; ਯੋਏਲ 2:28, 29; ਜ਼ਕਰਯਾਹ 12:10. [132]ਵੇਖੋ ਰਸੂਲਾਂ ਦੇ ਕਰਤੱਬ 2:16–39; 5:32; 11:15–18; 1 ਕੁਰਿੰਥੀਆਂ 3:16; 6:19; ਗਲਾਤੀਆਂ 3:2, 3; 4:6; ਤੀਤੁਸ 3:4–7. [133]ਇਸ ਬਚਨ ਦੇ ਸਬੰਧ ਵਿਚ ਕੁਝ ਮਹੱਤਵਪੂਰਣ ਕਥਨ ਦਿੱਤੇ ਜਾਣੇ ਚਾਹੀਦੇ ਹਨ: (1) ''ਗੱਲ'' ਸ਼ਬਦ ਨੂੰ ਮੂਲ ਲਿਖਤ ਦੇ ਅਰਥ ਨੂੰ ਸਹੀ ਸਹੀ ਦੱਸਣ ਲਈ ਅਨੁਵਾਦਕਾਂ ਵੱਲੋਂ ਠੀਕ ਜੋੜਿਆ ਗਿਆ ਹੈ। (2) ਕਿਰਿਆ ਸ਼ਬਦ ''ਹੋਇਆ'' ਪੱਕੇ ਸਬੂਤਾਂ ਦਾ ਸੰਕੇਤ ਦਿੰਦਾ ਹੈ। (3) ''ਸਭਨਾਂ'' ਇਸ ਅਰਥ ਨੂੰ ਵਿਖਾਉਂਦਾ ਹੈ ਕਿ ਸਿਰਫ਼ ਇਕ ਅਪਰਾਧ ਨੂੰ ਦੋਸ਼ੀ ਵੀ ਪੂਰੀ ਸ਼ਰ੍ਹਾ ਨੂੰ ਤੋੜਨ ਦਾ ਦੋਸ਼ੀ ਬਣ ਗਿਆ। [134]ਨਿਹਚਾ ਪਰਮੇਸ਼ੁਰ ਦੇ ਪੁਰਾਣੇ ਨੇਮ ਦੇ ਲੋਕਾਂ ਨੂੰ ਧਰਮੀ ਠਹਿਰਾਉਣ ਦੇ ਰਾਹ ਦਾ ਕੰਮ ਕਰਦਾ ਹੈ, ਜਿਵੇਂ ਕਿ ਇਬਰਾਨੀਆਂ 11 ਸਾਫ਼ ਦੱਸਦਾ ਹੈ (ਵੇਖੋ ਰੋਮੀਆਂ 3:21–26)। [135]''ਪੋਰਨੋਗ੍ਰਾਫ਼ੀ'' ਦੋ ਯੂਨਾਨੀ ਸ਼ਬਦਾਂ ***pornē*** (ਪੋਰਨ) ਅਤੇ ***graphē*** (ਗ੍ਰਾਫ਼ੇ) ਤੋਂ ਨਿੱਕਲਿਆ ਹੈ। ***pornē*** ਸ਼ਬਦਾਂ ਦੀ ਵਰਤੋਂ ''ਵੇਸਵਾ'' ਲਈ ਹੁੰਦੀ ਹੈ। ਜਦਕਿ ਬਾਈਬਲ ਵਿਚ ***graphē*** ਸ਼ਬਦ ਦਾ ਅਰਥ ਆਮ ਤੌਰ ਤੇ ''ਲਿਖਤ'' ਜਾਂ ''ਲੇਖ'' ਹੋਇਆ ਹੈ, ਪਰ ਬਾਈਬਲ ਤੋਂ ਬਾਹਰ ਇਹ ''ਪੇਟਿੰਗ ਜਾਂ ਡ੍ਰਾਇੰਗ'' ਦਾ ਵੀ ਸੰਕੇਤ ਦਿੰਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਤਸਵੀਰਾਂ ਦੇ ਰਾਹੀਂ ਭਾਵੇਂ ਲਿਖਤ ਰੂਪ ਵਿਚ, ''*pornography*'' ਕਾਮੁਕ ਤਸਵੀਰਾਂ ਨੂੰ ਵਿਖਾਉਣਾ ਹੈ ਜੋ ਕਿ ਵਿਭਚਾਰ ਨਾਲ ਸਬੰਧਿਤ ਹੈ। [136]1 ਤਿਮੋਥਿਉਸ 3:1 ਵਿਖ ''ਨਿਗਾਹਬਾਨ'' (***episkopos***, ਏਪਿਸਕੋਪੋਸ) ਦੱਸਦਾ ਹੈ ਕਿ ਬਜ਼ੁਰਗਾਂ ਨੂੰ ਇਖ਼ਤਿਆਰ ਹਨ, ਜਿਵੇਂ ਕਿ ਇਬਰਾਨੀਆਂ 13:17 ਵਿਚ ਆਗਿਆ ਹੈ। ਇਸ ਤੋਂ ਇਲਾਵਾ ''ਅਧਕਾਰੀ'' ਲਈ ਇਕ ਹੋਰ ਯੂਨਾਨੀ ਸ਼ਬਦ (***epitagē,*** ਏਪਿਟੇਜ*, **literally***) ਮੂਲ ਵਿਚ ''ਇਖ਼ਤਿਆਰ'' ਇੰਜੀਲ ਦੇ ਪ੍ਰਚਾਰਕਾਂ ਦੇ ਸਬੰਧ ਵਿਚ ਤੀਤੁਸ 2:15 ਵਿਚ ਮਿਲਦਾ ਹੈ। [137]ਵੇਖੋ ਮੱਤੀ 28:18–20; ਯੂਹੰਨਾ 16:12, 13; ਰਸੂਲਾਂ ਦੇ ਕਰਤੱਬ 1:8; ਇਬਰਾਨੀਆਂ 2:3, 4. [138]ਕਈ ਆਇਤਾਂ ਪਰਮੇਸ਼ੁਰ ਦੇ ਸੰਸਾਰ ਦਾ ਨਿਆਂ ਕਰਨ ਦੀ ਗੱਲ ਕਰਦੇ ਹਨ (ਰੋਮੀਆਂ 2:2, 5; 3:6; 1 ਕੁਰਿੰਥੀਆਂ 5:13; 1 ਪਤਰਸ 1:17), ਜਦਕਿ ਹੋਰ ਬਚਨ ਖ਼ਾਸ ਕਰਕੇ ਇਸ ਭੂਮਿਕਾ ਨੂੰ ਯਿਸੂ ਨੂੰ ਵਿਖਾਉਂਦਾ ਹੈ (ਮੱਤੀ 25:31–46; 2 ਕੁਰਿੰਥੀਆਂ 5:10; 2 ਤਿਮੋਥਿਉਸ 4:1)। ਕੁਝ ਲੋਕਾਂ ਨੂੰ ਇਹ ਵਿਰੋਧਾਭਾਸ ਵਿਖਾਈ ਦਿੰਦਾ ਹੈ ਪਰ ਇਸ ਦਾ ਹਲ ਰੋਮੀਆਂ 2:16 ਵਰਗੀਆਂ ਆਇਤਾਂ ਵਿਚ ਮਿਲਦਾ ਹੈ ''ਪਰਮੇਸ਼ੁਰ ਮੇਰੀ ਖੁਸ਼ਖ਼ਬਰੀ ਦੇ ਅਨੁਸਾਰ ਯਿਸੂ ਮਸੀਹ ਦੇ ਰਾਹੀਂ ਮਨੁੱਖਾਂ ਦੀਆਂ

ਗੁਪਤ ਗੱਲਾਂ ਦਾ ਨਿਆਉਂ ਕਰੇਗਾ'' (ਵੇਖੋ ਰਸੂਲਾਂ ਦੇ ਕਰਤੱਬ 17:31)। [139]ਜ਼ਬੂਰਾਂ 95 ਵਿਚ ਪਰਮੇਸ਼ੁਰ ਨੇ ਦਾਊਦ ਰਾਹੀਂ ਇਕ ਹੋਰ ਅਰਾਮ ਦਾ ਸੰਕੇਤ ਦਿੱਤਾ। [140]ਪਰ ਨਵੇਂ ਨੇਮ ਵਿਚ ਅਨੁਵਾਦ ਹੋਏ ਤਿੰਨ ਮੁੱਖ ਸ਼ਬਦ ਜਿਨ੍ਹਾਂ ਦਾ ਅਨੁਵਾਦ ''ਪ੍ਰੇਮ'' ਹੋਇਆ ਹੈ, ਪ੍ਰੇਮ ਦੀ ਧਾਰਣਾ ਨੂੰ ਦੱਸਣ ਵਾਲੇ ਇਹੋ ਸ਼ਬਦ ਨਹੀਂ ਹਨ। ***epipotheō*** (ਏਪਿਪੋਥਿਓ) ਅਤੇ ਇਸ ਦੇ ਨਾਲ ਦੇ ਸ਼ਬਦ ਕੋਮਲਤਾ ਅਤੇ ਡੂੰਘੇ ਲਗਾਅ ਨੂੰ ਦੱਸਦਾ ਹੈ (ਫ਼ਿਲਿੱਪੀਆਂ 1:8; 4:1; 2 ਤਿਮੋਥਿਉਸ 1:4)।

[141]ਵੇਖੋ ਯਿਰਮਿਯਾਹ 4:30; 22:20, 22; ਵਿਰਲਾਪ 1:19; ਹਿਜ਼ਕੀਏਲ 16:33, 36, 37; 23:5, 9, 22; ਹੋਸ਼ੇਆ 2:5, 7, 10, 12, 13. [142]ਜੀ. ਐਬਟ ਸਮਿਥ, *ਏ ਮੈਨੁਏਲ ਗ੍ਰੀਕ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ,* ਜਿਲਦ 3 (ਐਡਿਨਬਰਗ: ਟੀ. ਐਂਡ ਟੀ. ਕਲਾਰਕ, 1937), 65. [143]ਪ੍ਰੇਮ ਦੇ ਸਬੰਧ ਵਿਚ ਇਕ ਹੋਰ ਸ਼ਬਦ ***philostorgos*** (ਫ਼ਿਲੋਸਟੋਰਗੋਸ), ***philia*** ਅਤੇ ***storgē*** ਨੂੰ ਮਿਲਾਉਂਦਾ ਹੋਇਆ ਇਕ ਮਿਸ਼ਰਤ ਸ਼ਬਦ ਹੈ। ਨਵੇਂ ਨੇਮ ਵਿਚ ਇਹ ਸ਼ਬਦ ਇਕ ਵਾਰ ਰੋਮੀਆਂ 12:10 ਜਿੱਥੇ NKJV ਵਿਚ ਇਸ ਦਾ ਅਨੁਵਾਦ ''ਦਿਆਲਤਾ ਨਾਲ ਸਨੇਹੀ'' ਹੋਇਆ ਹੈ। LXX ਵਿਚ ਇਸ ਸ਼ਬਦ ਦੇ ਕਈ ਰੂਪ ਮਿਲਦੇ ਹਨ। [144]ਨਿਗੇਲ ਟਰਨਰ, *ਕ੍ਰਿਸਚਿਅਨ ਵਡਰਸ* (ਨੈਸ਼ਵਿੱਲ: ਥੌਮਸ ਪਬਲੀਸ਼ਰਜ਼, 1981), 261. [145]ਡੇਵਿਡ ਸਟਿਵਰਟ, *ਏ ਕਮੈਂਟਰੀ ਆਨ ਫ਼ਿਲਿੱਪੀਅੰਸ* (ਸਰਸੀ, ਆਰਕੈਂਸਾ: ਸਵੀਟ ਪਬਲਿਕੇਸ਼ਨਸ, 2006), 535–36. [146]''ਵਾਯਾ ਕੋਲੋਰੋਸਾ'' (''ਦੁੱਖਾਂ ਦਾ ਮਾਰਗ'') ਦਾ ਸਹੀ ਰਾਹ ਦਾ ਪਤਾ ਨਹੀਂ ਹੈ। ਰਵਾਇਤੀ ਰਾਹ ਜਿਸ ਤੇ ਯਾਤਰੀ ਅੰਟੋਨੀਆ ਦੇ ਕਿਲ੍ਹੇ ਤੋਂ ਹੋਲੀ ਸਪਲਕਰ ਚਰਚ ਦੇ ਥਾਂ ਤਕ ਜਾਂਦੇ ਹਨ, ਸੰਦੇਹਪੂਰਣ ਹੈ, ਅੰਟੋਨੀਆ ਦੇ ਬਜਾਇ ਇਹ ਸੰਭਾਵਨਾ ਹੈ ਕਿ ਪਿਲਾਤੁਸ ਯਰੂਸ਼ਲਮ ਆਉਣ ਵੇਲੇ ਹੇਰੋਦੇਸ ਮਹਾਨ ਦੇ ਮਹਿਲ ਵਿਚ ਰੁਕਦਾ ਹੋਵੇ ਅਤੇ ਪ੍ਰੀਟੋਰੀਅਮ (ਮੱਤੀ 27:27; ਮਰਕੁਸ 15:16; ਯੂਹੰਨਾ 18:28, 33; 19:9) ਸ਼ਹਿਰ ਦੇ ਪੱਛਮ ਵਿਚ ਉਸ ਖੇਤਰ ਵਿਚ ਹੋਵੇਗਾ। [147]ਦਾਊਦ ਦੇ ਇਰਾਦੇ ਦੀ ਪਰਮੇਸ਼ੁਰ ਨੇ ਸਰਾਹਨਾ ਕੀਤੀ ਅਤੇ ਪ੍ਰਵਾਨਗੀ ਦਿੱਤੀ ਸੀ। ਪਹਿਲੀ ਵਾਰ ਯਹੂਦਾਹ ਵਿਚ ਅਤੇ ਬਾਅਦ ਵਿਚ ਇਸਰਾਈਲ ਵਿਚ ਕੌਮ ਨੂੰ ਸਥਾਪਿਤ ਕਰਨ ਲਈ ਯਹੋਵਾਹ ਸਾਰਿਆਂ ਯੁੱਧਾਂ ਵਿਚ ਉਸ ਦੇ ਨਾਲ ਰਿਹਾ। ਪਰ ਇਹ ਹੈਕਲ ''ਪਰਮੇਸ਼ੁਰ ਦਾ ਘਰ'' ਸੀ ਅਤੇ ''ਪ੍ਰਾਰਥਨਾ ਦਾ ਘਰ'' ਹੋਣਾ ਸੀ (ਯਸਾਯਾਹ 56:7; ਮੱਤੀ 21:13); ਅਤੇ ਇਹ ਪਰਮੇਸ਼ੁਰ ਵੱਲੋਂ ਠਹਿਰਾਇਆ ਗਿਆ ਸੀ ਕਿ ''ਸ਼ਾਂਤੀ ਦੇ ਰਾਜਕੁਮਾਰ'' ਦੀ ਖੁਸ਼ਖਬਰੀ ਨੂੰ ਸਾਰੀਆਂ ਕੌਮਾਂ ਵਿਚ ਸ਼ਾਂਤੀ ਲਿਆਉਣ ਲਈ ਯਰੂਸ਼ਲਮ ਤੋਂ ਨਿੱਕਲੇ (ਯਸਾਯਾਹ 2:1–4; ਲੂਕਾ 24:46, 47; ਰਸੂਲਾਂ ਦੇ ਕਰਤੱਬ 1:4–8 )। ਦਾਊਦ ਅਤੇ ਉਸ ਦੇ ਸਦੀਵੀ ਸਿੰਘਾਸਣ ਬਾਰੇ ਦਾਊਦ ਦੇ ਲੇਖਾਂ ਵਿਚ ਅਤੇ ਨਬੂਵਤਾਂ ਵਿਚ ਕਈ ਨਬੂਵਤਾਂ ਸਿਰਫ਼ ਯਿਸੂ ਵਿਚ ਹੀ ਪੂਰੀਆਂ ਹੋ ਸਕਦੀਆਂ ਸਨ (ਵੇਖੋ ਯਸਾਯਾਹ 9:6, 7; ਯਿਰਮਿਯਾਹ 23:5, 6; 30:9; 33:14–16; ਹਿਜ਼ਕੀਏਲ 34:23, 24; 37:24, 25; ਹੋਸ਼ੇਆ 3:5; ਮੀਕਾਹ 5:2; ਮੱਤੀ 1:1; 2:1–6; ਲੂਕਾ 1:30–33; ਰਸੂਲਾਂ ਦੇ ਕਰਤੱਬ 2:25–36.) [148]ਜੌਨ ਬਾਰਟਲੇਟ, *ਫੈਮਲੀਅਰ ਕੋਟੇਸ਼ਨਜ਼,* ਜਿਲਦ 16, ਸੰਪਾ., ਜਸਟਿਨ ਕੈਪਲਨ (ਬੋਸਟਨ: ਲਿਟਲ, ਬ੍ਰਾਉਨ ਐਂਡ ਕੰ., 1992), 521 ਵਿਚ ਜੌਨ ਦੁਹਰਇਆ ਗਿਆ ਐਮਰਿਕ ਐਡਵਰਡ ਡੈਲਬਰਗ–ਐਕਟਨ। [149]ਕਯੁੰਟਸ ਕਟ੍ਰਿਯੁਸ, *ਹਿਸਟਰੀ ਆਫ਼ ਐਲੇਗਜ਼ੈਂਡਰ* 4.2.1–4.4.21; ਜੋਸੇਫ਼ਸ *ਐਂਟੀਕਿਊਟੀਜ਼* 11.8.3–4. [150]2:1–5 ਵਿਚ ਪੌਲੁਸ ਦੀ ਉਦਾਹਰਣ ਤਿਮੋਥਿਉਸ ਦੀ ਸੁੰਨਤ ਨਾਲ ਸਬੰਧਿਤ ਸੀ, ਉਸ ਨੇ ਇਸ ਗੈਰਕੌਮ ਦੀ ਸੁੰਨਤ ਦਾ ਪੂਰੀ ਤਰ੍ਹਾਂ ਨਾਲ ਵਿਰੋਧ ਕੀਤਾ, ਤਾਂ ਜੋ ਗਲਾਤੀਆਂ ਵਿਚ ''ਖੁਸ਼ਖ਼ਬਰੀ ਦੀ ਸਚਿਆਈ ਤੁਹਾਡੇ ਕੋਲ ਬਣੀ ਰਹੇ'' (2:5)।

[151]***Suzēteō*** (ਸੁਜ਼ੇਟਿਓ) ਦਾ ਅਨੁਵਾਦ ''ਬਹਿਸ'' ਵੀ ਹੋ ਸਕਦਾ ਹੈ। ਇਸ ਤਰ੍ਹਾਂ ਲਗਦਾ ਹੈ ਕਿ ਅਨੁਵਾਦ ਉਨ੍ਹਾਂ ਸੰਦਰਭਾਂ ਵਿਚ ਜਿੱਥੇ ਸੱਭਿਅਤਾ ਵਿਚ ਘਾਟ ਪਾਈ ਜਾਂਦੀ ਸੀ, ਆਮ ਤੌਰ ਤੇ ''ਬਹਿਸ'' ਦੇ ਬਜਾਇ ''ਵਾਦ ਵਿਵਾਦ'' ਨੂੰ ਪਹਿਲ ਦਿੰਦੇ ਸਨ।